ਬੀ.ਏ. ਭਾਗ ਦੂਜਾ
(ਸਮੈਸਟਰ ਤੀਜਾ)

ਰਾਜਨੀਤੀ ਵਿਗਿਆਨ

ਭਾਰਤੀ ਰਾਜਨੀਤਿਕ ਪ੍ਰਣਾਲੀ

ਯੂਨਿਟ ਨੰ. 1

ਪਾਠ ਨੰ :

1.1 : ਸੰਵਿਧਾਨਿਕ ਅਸੈਂਬਲੀ ਅਤੇ ਭਾਰਤੀ ਸੰਵਿਧਾਨ ਦਾ ਨਿਰਮਾਣ

1.2 : ਭਾਰਤੀ ਸੰਵਿਧਾਨ – ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

1.3 : ਪ੍ਰਸਤਾਵਨਾ ਅਤੇ ਇਸਦੀ ਮਹੱਤਤਾ

1.4 : ਭਾਰਤ ਵਿੱਚ ਸੰਘ ਅਤੇ ਰਾਜਾਂ ਦੇ ਆਪਸੀ ਸੰਬੰਧ

1.5 : ਭਾਰਤੀ ਸੰਘਾਤਮਕ ਪ੍ਰਣਾਲੀ ਦਾ ਸਰੂਪ

1.6 : ਮੌਲਿਕ ਅਧਿਕਾਰ

1.7 : ਮੌਲਿਕ ਕਰਤੱਵ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ. 1.1

ਸੰਵਿਧਾਨ ਅਸੈਂਬਲੀ ਅਤੇ ਭਾਰਤੀ ਸੰਵਿਧਾਨ ਦਾ ਨਿਰਮਾਣ

ਪਾਠ ਦੀ ਰੂਪ ਰੇਖਾ

1.1.1 ਪਾਠ ਦਾ ਉਦੇਸ਼
1.1.2 ਸੰਵਿਧਾਨ ਸਭਾ ਦੀ ਸਥਾਪਨਾ
1.1.3 ਸੰਵਿਧਾਨ ਦੀ ਕੁੱਝ ਪ੍ਰੁੱਮੁਖ ਵਿਸ਼ੇਸ਼ਤਾਵਾਂ
1.1.3.1 ਧਰਮ ਨਿਰਪੱਖ ਰਾਜ ਦੀ ਚੋਣ
1.1.3.2 ਸੰਯੁਕਤ ਚੋਣ ਖੇਤਰ ਦੀ ਵਿਵਸਥਾ
1.1.3.3 ਬਾਲਗ ਮਤ ਅਧਿਕਾਰ
1.1.3.4 ਸੰਸਦੀ ਪ੍ਰਣਾਲੀ ਦੀ ਹੋਂਦ
1.1.3.5 ਸੰਘਾਤਮਕ ਪ੍ਰਣਾਲੀ ਦੀ ਸਥਾਪਨਾ
1.1.3.6 ਸ਼ਕਤੀਸ਼ਾਲੀ ਕੇਂਦਰ
1.1.3.7 ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਸੁਵਿਧਾਵਾਂ
1.1.3.8 ਮੌਲਿਕ ਅਧਿਕਾਰਾਂ ਦੀ ਵਿਵਸਥਾ
1.1.3.9 ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਤਾਂ ਦੀ ਵਿਵਸਥਾ
1.1.4.4 ਭਾਰਤੀ ਸੰਵਿਧਾਨ ਉੱਤੇ ਬਰਤਾਨਵੀ ਪ੍ਰਭਾਵ
1.1.5 ਸੰਵਿਧਾਨ ਬਣਾਉਣਾ ਇਕ ਮਹਾਨ ਕੰਮ
1.1.6 ਸੰਵਿਧਾਨ ਸਭਾ ਦੀ ਪਾਰਟੀ ਅਨੁਸਾਰ ਬਣਤਰ
1.1.7 ਸੰਵਿਧਾਨ ਸਭਾ ਦੇ ਉਪਬੰਧ (ਕੈਬਨਿਟ ਮਿਸ਼ਨ ਪਲਾਨ ਅਧੀਨ)
1.1.8 ਕੈਬਨਿਟ ਮਿਸ਼ਨ ਪਲਾਨ ਦੇ ਦੋਸ਼
1.1.8.1 ਪ੍ਰਾਂਤੀ ਗਰੁੱਪਾਂ ਦਾ ਬਣਾਉਣਾ ਹਾਨੀਕਾਰਕ
1.1.8.2 ਪਾਕਿਸਤਾਨ ਦੀ ਮੰਗ ਨੂੰ ਪੂਰੀ ਤਰ੍ਹਾਂ ਰੱਦ ਨਾ ਕਰਨਾ
1.1.8.3 ਸੰਵਿਧਾਨਕ ਅਸੈਂਬਲੀ ਪੂਰਨ ਪ੍ਰਤਿਨਿਧੀ ਨਹੀਂ
1.1.8.4 ਪ੍ਰਾਂਤਕ ਸਵਾਧੀਨਤਾ ਦੇ ਸਿਧਾਂਤ ਨੂੰ ਧੱਕਾ
1.1.8.5 ਸਿੱਖਾਂ ਨਾਲ ਅਨਿਆਏ
1.1.8.6 ਨਿਰਬਲ ਕੇਂਦਰ
1.1.8.7 ਰਿਆਸਤਾਂ ਸੰਬੰਧੀ ਉਪਬੰਧ ਖਤਰਨਾਕ
1.1.8.8 ਤਿੰਨ ਸਤਹੀ ਸਕੀਮ ਅਮਲ ਯੋਗ ਨਹੀਂ
1.1.8.9 ਰਾਜਨੀਤਿਕ ਪਾਰਟੀਆਂ ਰਾਹੀਂ ਯੋਜਨਾ ਦੀ ਮੰਜ਼ੂਰੀ
1.1.9 ਸੰਵਿਧਾਨਕ ਅਸੈਂਬਲੀ ਦੀ ਚੋਣ
1.1.10 ਮੁਸਲਿਮ ਲੀਗ ਦਾ ਮਨਜ਼ੂਰੀ ਵਾਪਿਸ ਲੈਣਾ
1.1.11 ਸਵੈ ਪਰਖ ਅਭਿਆਸ

1.1.1 ਪਾਠ ਦਾ ਉਦੇਸ਼ :-

ਇਸ ਪਾਠ ਦਾ ਉਦੇਸ਼ ਹੈ ਕਿ ਇਕ ਤਾਂ ਤੁਸੀਂ ਇਹ ਜਾਣ ਸਕੋ ਕਿ ਸਾਡੇ ਸੁਤੰਤਰ ਭਾਰਤ ਦੇ ਸੰਵਿਧਾਨ ਦੀਆਂ ਕਿਹੜੀਆਂ ਵਿਸ਼ੇਸ਼ ਗੱਲਾਂ ਹਨ ਅਤੇ ਦੂਜੇ ਉਹ ਕਿਉਂ ਹਨ। ਭਾਵ ਸਾਡੀ ਇਤਿਹਾਸਕ ਪਿਛੋਕੜ ਦਾ

ਕਿੰਨਾ ਕੁ ਪ੍ਰਭਾਵ ਉਹਨਾਂ ਉੱਤੇ ਹੈ। ਦੂਜੇ ਇਸ ਪਾਠ ਨੂੰ ਪੜ੍ਹਨ ਤੋਂ ਬਾਦ ਤੁਹਾਨੂੰ ਪੂਰੇ ਵਿਸਥਾਰ ਨਾਲ ਇਹ ਪਤਾ ਲੱਗੇਗਾ ਕੀ ਕੈਬਨਿਟ ਮਿਸ਼ਨ ਯੋਜਨਾ ਕੀ ਸੀ, ਕਿਵੇਂ ਸੰਵਿਧਾਨ ਸਭਾ ਬਣੀ ਅਤੇ ਕਿਵੇਂ ਅਜ਼ਾਦੀ ਤੋਂ ਬਾਅਦ ਉਸ ਦਾ ਸਰੂਪ ਬਦਲਿਆ। ਸੰਵਿਧਾਨ ਸਭਾ ਵਿਚ ਕਾਂਗਰਸ ਦੁਆਰਾ ਨਿਭਾਈ ਗਈ ਪ੍ਰਮੁੱਖ ਭੂਮਿਕਾ ਤੋਂ ਵੀ ਤੁਸੀਂ ਜਾਣੂ ਹੋਣਗੇ।

1.1.2 ਸੰਵਿਧਾਨ ਸਭਾ ਦੀ ਸਥਾਪਨਾ (Establishment of Constituent Assembly)

ਭਾਵੇਂ ਸੁਤੰਤਰਤਾ ਅੰਦੋਲਨ ਦੀ ਅਗਵਾਈ ਭਾਰਤੀ ਰਾਸ਼ਟਰੀ ਕਾਂਗਰਸ ਨੇ ਕੀਤੀ ਸੀ ਪ੍ਰੰਤੂ ਭਾਰਤ ਲਈ ਇਕ ਸੰਵਿਧਾਨ ਸਭਾ ਦੀ ਮੰਗ ਲਈ ਪਹਿਲ ਕਰਨ ਦਾ ਸਿਹਰਾ ਸਵਰਾਜ ਪਾਰਟੀ ਨੂੰ ਜਾਂਦਾ ਹੈ। ਇਸ ਪਾਰਟੀ ਨੇ ਮਈ 1934 ਦੇ ਇਕ ਪ੍ਰਸਤਾਵ ਦੁਆਰਾ ਸੰਵਿਧਾਨ ਸਭਾ ਦੀ ਮੰਗ ਕਰਦੇ ਹੋਏ ਕਿਹਾ ਸੀ ਕਿ ਇਹ ਸੰਮੇਲਨ ਦੂਜੇ ਰਾਸ਼ਟਰਾਂ ਦੀ ਤਰ੍ਹਾਂ ਭਾਰਤ ਲਈ ਆਤਮ ਨਿਰਣੇ ਦੇ ਅਧਿਕਾਰ ਦੀ ਮੰਗ ਕਰਦਾ ਹੈ। ਇਸ ਸੰਮੇਲਨ ਦਾ ਵਿਚਾਰ ਹੈ ਕਿ ਇਸ ਸਿਧਾਂਤ ਨੂੰ ਲਾਗੂ ਕਰਨ ਦਾ ਇਕੋ ਹੀ ਤਰੀਕਾ ਹੈ ਕਿ ਭਾਰਤੀ ਲੋਕਾਂ ਦੀ ਸਭ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਇਕੋ ਅਜਿਹੀ ਸੰਵਿਧਾਨਕ ਸਭਾ ਦੀ ਸਥਾਪਨਾ ਕੀਤੀ ਜਾਵੇ ਜੋ ਇਕ ਅਜਿਹਾ ਸੰਵਿਧਾਨ ਤਿਆਰ ਕਰ ਸਕੇ ਜੋ ਸਭ ਭਾਰਤੀਆਂ ਨੂੰ ਪ੍ਰਵਾਨ ਹੋਵੇ। ਕੁਝ ਹੀ ਦਿਨਾਂ ਤੋਂ ਬਾਅਦ ਸਰਬ-ਭਾਰਤੀ ਕਾਂਗਰਸ ਕਮੇਟੀ ਨੇ ਆਪਣੇ ਪਟਨਾ ਸੰਮੇਲਨ ਵਿਚ ਸਵਰਾਜ ਪਾਰਟੀ ਦੀ ਸੰਵਿਧਾਨ ਸਭਾ ਦੀ ਮੰਗ ਨੂੰ ਪ੍ਰਵਾਨ ਕਰ ਲਿਆ ਅਤੇ ਨਾਲ ਹੀ ਸੰਵਿਧਾਨ ਸਭਾ ਦੀ ਮੰਗ ਕੀਤੀ ਇਸ ਤੋਂ ਪਿੱਛੋਂ ਕਾਂਗਰਸੀ ਨੇਤਾ ਇਹ ਮੰਗ ਲਗਾਤਾਰ ਦੁਹਰਾਉਂਦੇ ਰਹੇ।

ਅੰਤ ਵਿਚ ਬਰਤਾਨਵੀ ਸਰਕਾਰ ਨੂੰ ਭਾਰਤੀਆਂ ਦੀ ਇਸ ਮੰਗ ਅੱਗੇ ਝੁਕਣਾ ਪਿਆ ਅਤੇ ਉਸ ਨੇ 1946 ਵਿਚ ਮੰਤਰੀ ਮੰਡਲ ਯੋਜਨਾ ਅਧੀਨ ਸੰਵਿਧਾਨ ਸਭਾ ਦੀ ਪੇਸ਼ਕਾਰੀ ਕੀਤੀ ਜੋ ਕਿ ਸਾਰੇ ਭਾਰਤੀ ਰਾਜਨੀਤਿਕ ਦਲਾਂ ਨੇ ਪ੍ਰਵਾਨ ਕਰ ਲਈ। ਇਸ ਸੰਵਿਧਾਨ ਸਭਾ ਦੀ ਪੇਸ਼ਕਾਰੀ ਕੀਤੀ ਜੋ ਕਿ ਸਾਰੇ ਭਾਰਤੀ ਰਾਜਨੀਤਿਕ ਦਲਾਂ ਨੇ ਪ੍ਰਵਾਨ ਕਰ ਲਈ। ਇਸ ਸੰਵਿਧਾਨ ਸਭਾ ਦੀਆਂ ਚੋਣਾਂ ਜੁਲਾਈ 1946 ਵਿਚ ਹੋਈਆਂ। ਕਾਂਗਰਸ ਅਤੇ ਕਾਂਗਰਸ ਪੱਖੀ ਦਲਾਂ ਨੂੰ ਬਰਤਾਨਵੀ ਭਾਰਤ ਵਿਚ ਸੰਵਿਧਾਨ ਦੀਆਂ ਕੁਲ 296 ਸੀਟਾਂ ਵਿਚੋਂ 212 ਅਤੇ ਮੁਸਲਿਮ ਲੀਗ ਨੂੰ 78 ਰਾਖਵੀਆਂ ਮੁਸਲਿਮ ਸੀਟਾਂ ਵਿਚੋ ਂ73 ਸੀਟਾਂ ਪ੍ਰਾਪਤ ਹੋਈਆਂ। 9 ਦਸੰਬਰ 1946 ਨੂੰ ਜਦੋਂ ਸੰਵਿਧਾਨ ਸਭਾ ਦਾ ਪਹਿਲਾ ਸਮਾਗਮ ਹੋਇਆ ਤਾਂ ਮੁਸਲਿਮ ਲੀਗ ਦੇ ਪ੍ਰਤੀਨਿਧੀ ਇਸ ਵਿਚ ਸ਼ਾਮਿਲ ਨਾ ਹੋਏ। ਉਨ੍ਹਾਂ ਦੇ ਇਸ ਕਦਮ ਨੇ ਦੇਸ਼ ਦੀ ਵੰਡ ਤੋਂ ਇਲਾਵਾ ਹੋਰ ਕੋਈ ਰਾਹ ਨਾ ਛੱਡਿਆ। ਭਾਵੇਂ ਕਾਂਗਰਸ ਸਦਾ ਦੇਸ਼ ਦੀ ਅਖੰਡਤਾ ਲਈ ਲੜਦੀ ਰਹੀ ਸੀ ਪਰ ਹਾਲਾਤ ਨੂੰ ਦੇਖ ਕੇ ਮਜ਼ਬੂਰਨ ਉਸ ਨੂੰ ਭਾਰਤ ਦੀ ਵੰਡ ਨੂੰ ਸਵੀਕਾਰ ਕਰਨਾ ਪਿਆ ਜਿਸ ਦੇ ਫਲਸਰੂਪ 15 ਅਗਸਤ 1947 ਨੂੰ ਪਾਕਿਸਤਾਨ ਹੋਂਦ ਵਿਚ ਆਇਆ।

ਪਾਕਿਸਤਾਨ ਦੀ ਸਥਾਪਨਾ ਤੋਂ ਬਾਅਦ ਇਹ ਸੰਵਿਧਾਨ ਸਭਾ ਕਾਂਗਰਸ ਪਾਰਟੀ ਦਾ ਹੀ ਇਕ ਪਰਛਾਵਾਂ ਬਣ ਗਈ। ਇਸ ਵਿਚ ਬਹੁਤ ਮੈਂਬਰ ਕਾਂਗਰਸੀ ਹੀ ਸਨ। ਪਰ ਇੱਥੇ ਇਹ ਗੱਲ ਵਰਣਨਯੋਗ ਹੈ ਕਿ ਇਸ ਸੰਵਿਧਾਨ ਸਭਾ ਵਿਚ ਤਕਰੀਬਨ ਸਾਰੇ ਨੇਤਾ ਉਹੀ ਸਨ ਜਿਨ੍ਹਾਂ ਨੇ ਸੁਤੰਤਰਤਾ ਅੰਦੋਲਨ ਵਿਚ ਵੱਡਮੁੱਲੀ ਭੂਮਿਕਾ ਨਿਭਾਈ ਸੀ। ਸੰਵਿਧਾਨ ਸਭਾ ਵਿਚ ਇਨ੍ਹਾਂ ਸੰਗਰਾਮੀਆਂ ਦੀ ਹੋਂਦ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਰਤੀ ਸੰਵਿਧਾਨ ਦਾ ਨਿਰਮਾਣ ਸੁਤੰਤਰਤਾ ਅੰਦੋਲਨ ਤੋਂ ਪ੍ਰਭਾਵਿਤ ਹੋਇਆ ਹੈ।

1.1.3.1 ਧਰਮ ਨਿਰਪੱਖ ਰਾਜ ਦੀ ਚੋਣ (Selection of Secular State)

ਸੁਤੰਤਰਤਾ ਅੰਦੋਲਨ ਸਮੇਂ ਹੀ ਭਾਰਤੀ ਨੇਤਾਵਾਂ ਨੂੰ ਇਹ ਵਿਸ਼ਵਾਸ ਹੋ ਚੁੱਕਾ ਸੀ ਕਿ ਸੁਤੰਤਰ ਭਾਰਤ ਵਿਚ ਕਿਸੇ ਧਰਮ ਨੂੰ ਰਾਜ ਧਰਮ ਬਣਾਉਣਾ ਜਾਂ ਕਿਸੇ ਧਰਮ ਨੂੰ ਸਰਕਾਰ ਸਰਪਰਸਤੀ ਦੇਣਾ ਦੇਸ਼ ਲਈ ਘਾਤਕ ਸਿੱਧ ਹੋ ਸਕਦਾ ਹੈ। ਇਸ ਸੰਬੰਧ ਵਿਚ ਐਚ.ਵੀ. ਕਾਮਥ ਨੇ ਕਿਹਾ ਸੀ ਕਿ ਇਹ ਮੇਰਾ ਨਿੱਜੀ ਵਿਸ਼ਵਾਸ ਹੈ ਕਿ ਅਸ਼ੋਕ ਨੇ ਬੁੱਧ ਧਰਮ ਨੂੰ ਰਾਜ ਦੇ ਰੂਪ ਵਿਚ ਗ੍ਰਹਿਣ ਕੀਤਾ ਸੀ ਇਸੇ ਕਾਰਣ ਹਿੰਦੂਆਂ ਅਤੇ ਬੋਧੀਆਂ ਵਿਚ ਵਿਨਾਸ਼ਕਾਰੀ ਝਗੜੇ ਉਤਪੰਨ ਹੋਏ ਸਨ ਅਤੇ ਜਿਨ੍ਹਾਂ ਦਾ ਨਤੀਜਾ ਭਾਰਤ ਵਿਚੋਂ ਬੁੱਧ ਮਤ ਦਾ ਦੇਸ਼ ਨਿਕਾਲਾ ਸੀ। ਮੈਨੂੰ ਇਹ ਗੱਲ ਸਪੱਸ਼ਟ ਹੈ ਕਿ ਜੇਕਰ ਕੋਈ ਰਾਜ ਆਪਣੇ ਆਪ ਨੂੰ ਕਿਸੇ ਵਿਸ਼ੇਸ਼ ਧਰਮ ਨਾਲ ਜੋੜ ਲੈਂਦਾ ਹੈ ਤਾਂ ਉਸ ਰਾਜ ਵਿਚ ਅੰਦਰੂਨੀ ਫੁੱਟ ਜ਼ਰੂਰ ਪੈ ਜਾਵੇਗੀ ਕਿਉਂਕਿ ਰਾਜ ਆਪਣੇ ਖੇਤਰ ਵਿਚ ਵਸਦੇ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਇਸ ਸੱਚਾਈ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਸੰਵਿਧਾਨਕਾਰਾਂ ਨੇ ਭਾਰਤ ਨੂੰ ਧਰਮ ਨਿਰਪੱਖ ਰਾਜ ਬਣਾਉਣ ਦਾ ਫੈਸਲਾ ਕੀਤਾ ਅਤੇ ਕਿਸੇ ਵੀ ਧਰਮ ਨੂੰ ਰਾਜ ਧਰਮ ਨਾ ਬਣਾਇਆ ਅਤੇ ਨਾਲ ਹੀ ਸੰਵਿਧਾਨ ਵਿਚ ਅਜਿਹੀਆਂ ਵਿਵਸਥਾਵਾਂ ਵੀ ਕੀਤੀਆਂ ਜੋ ਭਾਰਤ ਨੂੰ ਸਪਸ਼ਟ ਰੂਪ ਵਿਚ ਧਰਮ ਨਿਰਪੱਖ ਰਾਜ ਬਣਾਉਂਦੀਆਂ ਹਨ।

1.1.3.2 ਸੰਯੁਕਤ ਚੋਣ ਖੇਤਰ ਦੀ ਵਿਵਸਥਾ (Provision of Joint Electroates)

ਭਾਰਤੀ ਰਾਸ਼ਟਰੀ ਕਾਂਗਰਸ ਜੋ ਕਿ ਸੁਤੰਤਰਤਾ ਦੀ ਮੋਢੀ ਸੀ, ਸ਼ੁਰੂ ਤੋਂ ਹੀ ਬਰਤਾਨਵੀ ਸ਼ਾਸਕਾਂ ਦੀ ਵੱਖਰੇ ਚੋਣ ਖੇਤਰਾਂ ਦੀ ਨੀਤੀ ਦੇ ਵਿਰੁੱਧ ਸੀ ਪਾਰਟੀ ਚਾਹੁੰਦੀ ਸੀ ਕਿ ਭਾਰਤ ਵਿਚ ਸੰਪਰਦਾਇਕ ਅਧਾਰਾਂ ਤੇ ਵੱਖਰੇ ਚੋਣ ਖੇਤਰਾਂ ਦੀ ਬਜਾਏ ਸੰਯੁਕਤ ਚੋਣ ਖੇਤਰ ਹੋਣ। ਪ੍ਰਸਿੱਧ ਕਾਂਗਰਸੀ ਨੇਤਾ ਸ੍ਰੀ. ਐਸ. ਸਤਿਆਮੂਰਤੀ ਨੇ 17 ਸਤੰਬਰ 1927 ਨੂੰ ਭਾਰਤੀ ਵਿਧਾਨ ਸਭਾ ਵਿਚ ਬੋਲਦਿਆਂ ਕਿਹਾ, ''ਸਾਡਾ ਵਿਸ਼ਵਾਸ ਹੈ ਕਿ ਵੱਖਰੇ ਚੋਣ ਖੇ ਤਰ ਲੋਕਤੰਤਰੀ ਸਰਕਾਰ ਦੇ ਵਿਚਾਰ ਦੇ ਬਿਲਕੁਲ ਅਨੁਕੂਲ ਨਹੀਂ ਹਨ। ਅਸੀਂ ਚਾਹੁੰਦੇ ਹਾਂ ਕਿ ਆਧੁਨਿਕ ਧਰਮ ਨਿਰਪੱਖ ਰਾਜ ਵਿਚ ਨਾਗਰਿਕ ਜਾਤੀ ਜਾਂ ਧਰਮ ਨਾਲ ਕੋਈ ਸੰਬੰਧ ਨਹੀਂ ਹੋਣਾ ਚਾਹੀਦਾ ਅਤੇ ਵਿਧਾਨ ਮੰਡਲ ਵਿਚ ਲੋਕਾਂ ਦੇ ਪ੍ਰਤੀਨਿਧ ਹੋਣੇ ਚਾਹੀਦੇ ਹਨ। 1928 ਵਿਚ ਭਾਰਤ ਦੇ ਸਾਰੇ ਰਾਜਨੀਤਿਕ ਦਲਾਂ ਵੱਲ ਸਥਾਪਿਤ ਨਹਿਰੂ ਕਮੇਟੀ ਨੇ ਵੀ ਵੱਖਰੇ ਚੋਣ ਦੀ ਥਾਂ ਸੰਯੁਕਤ ਚੋਣ ਖੇਤਰਾਂ ਦੀ ਸਿਫਾਰਸ਼ ਕੀਤੀ ਸੀ। ਇਸ ਲਈ ਇਹ ਸੁਭਾਵਿਕ ਹੀ ਸੀ ਕਿ ਸੰਵਿਧਾਨ ਸਭਾ ਦੇ ਮੈਂਬਰ ਜੋ ਕਿ ਵੱਖਰੇ ਚੋਣ ਖੇਤਰਾਂ ਦੇ ਭਿਆਨਕ ਸਿੱਟਿਆਂ ਤੋਂ ਭਲੀ ਭਾਂਤ ਜਾਣੂ ਸਨ ਸੁਤੰਤਰ ਭਾਰਤ ਲਈ ਸੰਵਿਧਾਨ ਬਣਾਉਂਦੇ ਸਮੇਂ ਇਸ ਤੱਥ ਨੂੰ ਅੱਖੋਂ ਉਹਲੇ ਨਹੀਂ ਸਨ ਕਰ ਸਕਦੇ। ਸੋ ਉਨ੍ਹਾਂ ਨੇ ਭਾਰਤੀ ਸੰਵਿਧਾਨ ਬਣਾਉਂਦੇ ਸਮੇਂ ਵੱਖਰੇ ਚੋਣ ਖੇਤਰਾਂ ਦੀ ਪ੍ਰਣਾਲੀ ਨੂੰ ਰੱਦ ਕਰਕੇ ਉਸ ਦੀ ਥਾਂ ਸੰਯੁਕਤ ਚੋਣ ਖੇਤਰ ਪ੍ਰਣਾਲੀ ਅਪਣਾਈ।

1.1.3.3 ਬਾਲਗ ਮਤ ਅਧਿਕਾਰ (Adult Franchise)

ਬਰਤਾਨਵੀ ਸ਼ਾਸਨ ਸਮੇਂ ਵਿਧਾਨ ਮੰਡਲਾਂ ਦੇ ਮੈਬਰਾਂ ਦੀ ਚੋਣ ਵਿਚ ਵੋਟਾਂ ਦੇਣ ਦਾ ਅਧਿਕਾਰ ਕੁਝ ਵਿਸ਼ੇਸ਼ ਯੋਗਤਾਵਾਂ ਰੱਖਣ ਵਾਲੇ ਥੋੜ੍ਹੇ ਜਿਹੇ ਵਿਅਕਤੀਆਂ ਨੂੰ ਪ੍ਰਾਪਤ ਸੀ। 1919 ਅਤੇ 1935 ਦੇ ਐਕਟਾਂ ਅਨੁਸਾਰ ਇਹ ਅਧਿਕਾਰ ਭਾਰਤ ਦੀ ਕੁਲ ਵੱਸੋਂ ਦੇ ਕੇਵਲ ਕ੍ਰਮਵਾਰ 2.8 ਅਤੇ 14 ਪ੍ਰਤੀਸ਼ਤ ਲੋਕਾਂ ਨੂੰ ਪ੍ਰਾਪਤ ਸੀ। ਕਰਾਂ ਦੀ ਅਦਾਇਗੀ, ਸੰਪਤੀ ਜਾਂ ਕੁਝ ਵਿਸ਼ੇਸ਼ ਖਿਤਾਬਾਂ ਦੀ ਹੋਂਦ ਆਦਿ ਕੁਝ ਅਜਿਹੀਆਂ ਯੋਗਤਾਵਾਂ ਸਨ ਜਿਨ੍ਹਾਂ ਦੇ ਆਧਾਰ ਤੇ ਇਹ ਅਧਿਕਰ ਦਿੱਤਾ ਜਾਂਦਾ ਸੀ। ਕਾਂਗਰਸ ਪਾਰਟੀ ਇਸ ਤਰ੍ਹਾਂ ਦੀ ਚੋਣ ਪ੍ਰਣਾਲੀ ਦੇ ਵਿਰੁੱਧ ਸੀ ਅਤੇ ਸਾਰੇ ਭਾਰਤੀਆਂ ਲਈ ਬਿਨਾ ਕਿਸੇ ਭੇਦ-ਭਾਵ ਦੇ ਵੋਟ ਦਾ ਅਧਿਕਾਰ ਚਾਹੁੰਦੀ ਸੀ। 1928 ਵਿਚ ਨਹਿਰੂ ਕਮੇਟੀ ਨੇ ਆਪਣੀ ਰਿਪੋਰਟ ਵਿਚ ਬਾਲਗ ਮੱਤ ਅਧਿਕਾਰ ਪ੍ਰਣਾਲੀ ਦੀ ਕੇਂਦਰੀ ਅਤੇ ਰਾਜ ਵਿਧਾਨ ਮੰਡਲਾਂ ਦੇ ਮੈਂਬਰਾਂ ਦੀ ਚੋਣ ਲਈ ਸਿਫਾਰਸ਼ ਕੀਤੀ ਸੀ। ਇਸ ਲਈ ਇਹ ਸੁਭਾਵਿਕ ਹੀ ਸੀ ਕਿ ਸੁਤੰਤਰ ਭਾਰਤ ਦੇ ਸੰਵਿਧਾਨ ਵਿਚ ਬਾਲਗ ਮੱਤ ਅਧਿਕਾਰ ਦਾ ਸਿਧਾਂਤ ਲਾਗੂ ਕੀਤਾ ਜਾਂਦਾ। ਇਸ ਲਈ ਸੰਵਿਧਾਨ ਸਭਾ ਨੇ ਸਾਰੇ ਭਾਰਤੀ ਬਾਲਗਾਂ ਲਈ ਬਿਨਾਂ ਕਿਸੇ ਭੇਦ ਭਾਵ ਦੇ ਵੋਟ ਦੇਣ ਦਾ ਅਧਿਕਾਰ ਸੰਵਿਧਾਨ ਵਿਚ 21 ਸਾਲ ਜਾਂ ਇਸ ਤੋਂ ਵੱਧ ਹੋਵੇ, ਵੋਟਾਂ ਦੇਣ ਦਾ ਅਧਿਕਾਰ ਬਣ ਗਿਆ। ਹੁਣ ਸੰਵਿਧਾਨ ਵਿਚ ਸੋਧ ਕਰਕੇ ਇਹ ਉਮਰ ਘਟਾ ਕੇ 18 ਸਾਲ ਕਰ ਦਿੱਤੀ ਗਈ ਹੈ।

1.1.3.4 ਸੰਸਦੀ ਪ੍ਰਣਾਲੀ ਦੀ ਹੋਂਦ (Provision of Parliamentary System)

ਬਰਤਾਨਵੀ ਸ਼ਾਸਨ ਦੋਰਾਨ ਭਾਰਤ ਵਿਚ ਸੰਸਦੀ ਸ਼ਾਸਨ ਪ੍ਰਣਾਲੀ ਦੇ ਕਈ ਸਿਧਾਂਤਾਂ ਨੂੰ ਵੱਖ-ਵੱਖ ਸਮੇਂ ਤੇ ਲਾਗੂ ਕੀਤਾ ਗਿਆ ਸੀ। ਸਭ ਤੋਂ ਪਹਿਲਾਂ 1919 ਦੇ ਭਾਰਤ ਸਰਕਾਰ ਐਕਟ ਅਧੀਨ ਪ੍ਰਾਂਤਾਂ ਵਿਚ ਉਤਰਦਾਇਕ ਸਰਕਾਰਾਂ ਸਥਾਪਤ ਕਰਨ ਦਾ ਯਤਨ ਕੀਤਾ ਗਿਆ। ਇਸ ਤੋਂ ਪਿੱਛੋਂ 1935 ਦੇ ਭਾਰਤ ਸਰਕਾਰ ਕਾਨੂੰਨ ਅਧੀਨ ਪ੍ਰਾਂਤਾਂ ਵਿਚ ਪੂਰੇ ਤੌਰ ਤੇ ਅਤੇ ਕੇਂਦਰ ਵਿਚ ਕੁਝ ਹੱਦ ਤੱਕ ਉਤਰਦਾਇਕ ਸਰਕਾਰਾਂ ਦੀ ਵਿਵਸਥਾ ਕੀਤੀ ਗਈ ਸੀ। ਕਿਉਂਕਿ ਬਰਤਾਨਵੀ ਸ਼ਾਸਨ ਦੌਰਾਨ ਇਸ ਪ੍ਰਣਾਲੀ ਦੀ ਕਿਸੇ ਨਾ ਕਿਸੇ ਰੂਪ ਵਿਚ ਵਿਵਸਥਾ ਕੀਤੀ ਰਹੀ ਸੀ। ਇਸ ਲਈ ਸੁਤੰਤਰ ਅੰਦੋਲਨਕਾਰੀ ਇਸ ਪ੍ਰਣਾਲੀ ਤੋਂ ਭਲੀ ਭਾਂਤ ਜਾਣੂ ਹੋ ਗਏ ਸਨ। ਇਸ ਲਈ ਸੁਤੰਤਰ ਭਾਰਤ ਲਈ ਸੰਵਿਧਾਨ ਬਣਾਉਂਦੇ ਸਮੇਂ ਉਨ੍ਹਾਂ ਨੇ ਇਸ ਪ੍ਰਣਾਲੀ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਅਸੀਂ

ਕਹਿ ਸਕਦੇ ਹਾਂ ਕਿ ਭਾਰਤ ਵਿਚ ਇਸ ਪ੍ਰਣਾਲੀ ਦੀ ਵਿਵਸਥਾ ਸੁਤੰਤਰਤਾ ਅੰਦੋਲਨ ਤੋਂ ਪ੍ਰਭਾਵਿਤ ਹੋਈ ਹੈ।

1.1.3.5 ਸੰਘਾਤਮਕ ਪ੍ਰਣਾਲੀ ਦੀ ਸਥਾਪਨਾ (Establishment of a Federal System)

ਸੰਵਿਧਾਨ ਵਿਚ ਭਾਰਤ ਲਈ ਸੰਘਾਤਮਕ ਪ੍ਰਣਾਲੀ ਦੀ ਵਿਵਸਥਾ ਵੀ ਸੁਤੰਤਰਤਾ ਅੰਦੋਲਨ ਦੇ ਪ੍ਰਭਾਵਾਂ ਤੋਂ ਮੁਕਤ ਨਹੀਂ ਹੈ। ਭਾਰਤੀ ਰਾਸ਼ਟਰੀ ਕਾਂਗਰਸ ਮੁੱਢ ਤੋਂ ਹੀ ਦੇਸ਼ ਸੰਘਾਤਮਕ ਪ੍ਰਣਾਲੀ ਲਾਗੂ ਕਰਨ ਦੇ ਪੱਖ ਵਿੱਚ ਸੀ। 1928 ਵਿੱਚ ਨਹਿਰੂ ਕਮੇਟੀ ਨੇ ਵੀ ਆਪਣੀ ਰਿਪੋਰਟ ਵਿੱਚ ਭਾਰਤ ਵਿੱਚ ਸੰਘਾਤਮਕ ਪ੍ਰਣਾਲੀ ਲਾਗੂ ਕਰਨ ਦੀ ਸਿਫਾਰਸ਼ ਕੀਤੀ ਸੀ। ਸੁਤੰਤਰਤਾ ਸੰਗਰਾਮੀਆਂ ਦੀ ਇਸ ਇੱਛਾਂ ਨੂੰ ਸਾਹਮਣੇ ਰੱਖਦੇ ਹੋਏ ਹੀ ਬਰਤਾਨਵੀ ਸਰਕਾਰ ਦੇ 1935 ਦੇ ਐਕਟ ਅਧੀਨ ਭਾਰਤ ਲਈ ਸੰਘਾਤਮਕ ਪ੍ਰਣਾਲੀ ਦੀ ਵਿਵਸਥਾ ਕੀਤੀ ਸੀ। ਇਸ ਤਰ੍ਹਾਂ ਦੀ ਇਤਿਹਾਸਕ ਪਿਛੋਕੜ ਅਤੇ ਦੇਸ਼ ਦੀ ਵਿਸ਼ਾਲਤਾ ਅਤੇ ਵਿਭਿੰਨਤਾਵਾਂ ਨੂੰ ਮੁੱਖ ਰੱਖਦੇ ਸੰਵਿਧਾਨਕਾਰਾਂ ਨੇ ਭਾਰਤ ਲਈ ਸੰਘੀ ਪ੍ਰਣਾਲੀ ਦੀ ਵਿਵਸਥਾ ਕੀਤੀ।

ਭਾਰਤੀ ਸੰਵਿਧਾਨਕਾਰ ਇਸ ਗੱਲੋਂ ਬੜੇ ਸੁਚੇਤ ਸਨ ਕਿ ਦੇਸ਼ ਵਿਚ ਅਜਿਹਾ ਸੰਘ ਸਥਾਪਤ ਕੀਤਾ ਜਾਵੇ ਜਿਸ ਵਿਚੋਂ ਕਿਸੇ ਰਾਜ ਨੂੰ ਬਾਹਰ ਜਾਣ ਦਾ ਅਧਿਕਾਰ ਨਾ ਹੋਵੇ। ਕਾਂਗਰਸ ਪਾਰਟੀ ਨੇ ਦੇਸ਼ ਦੀ ਅਖੰਡਤਾ ਲਈ ਸੁਤੰਤਰਤਾ ਅੰਦੋਲਨ ਦੌਰਾਨ ਹਰ ਸੰਭਵ ਯਤਨ ਕੀਤਾ ਸੀ ਪਰ ਹਾਲਾਤ ਦੀਆਂ ਮਜਬੂਰੀਆਂ ਕਾਰਨ ਉਹ ਦੇਸ਼ ਦੀ ਵੰਡ ਨੂੰ ਰੋਕ ਨਾ ਸਕੇ, ਪਰ ਹੁਣ ਉਹ ਸੰਵਿਧਾਨ ਵਿਚ ਅਜਿਹੀ ਵਿਵਸਥਾ ਕਰਨਾ ਚਾਹੁੰਦੇ ਸਨ ਜਿਸ ਨਾਲ ਦੇਸ਼ ਦੀ ਅਖੰਡਤਾ ਨੂੰ ਯਕੀਨੀ ਬਣਾ ਸਕਣ। ਇਸ ਲਈ ਉਨ੍ਹਾਂ ਨੇ ਸੰਵਿਧਾਨ ਵਿਚ 'ਸੰਘ' ਦੀ ਥਾਂ 'ਯੂਨੀਅਨ' ਸ਼ਬਦ ਦੀ ਵਰਤੋਂ ਕੀਤੀ।

ਉੱਪਰ ਦਿੱਤੇ ਵਰਣਨ ਤੋਂ ਸਪਸ਼ਟ ਹੈ ਕਿ ਭਾਰਤੀ ਸਰਕਾਰ ਦਾ ਸੰਘਾਤਮਕ ਆਧਾਰ ਤੇ ਸੰਗਠਨ ਅਤੇ ਸੰਵਿਧਾਨ ਵਿਚ ਸੰਘ ਸ਼ਬਦ ਦੀ ਥਾਂ 'ਯੂਨੀਅਨ' ਸ਼ਬਦ ਦੀ ਵਰਤੋਂ ਸੁਤੰਰਤਾ ਅੰਦੋਲਨ ਦੇ ਪ੍ਰਭਾਵ ਦਾ ਹੀ ਸਿੱਟਾ ਹੈ।

1.1.3.6 ਸ਼ਕਤੀਸ਼ਾਲੀ ਕੇਂਦਰ (Strong Centre)

ਭਾਰਤੀ ਸੰਵਿਧਾਨ ਵਿਚ ਇਕ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਵੀ ਭਾਰਤੀ ਸੁਤੰਤਰਤਾ ਅੰਦੋਲਨ ਦੇ ਉਦੇਸ਼ਾਂ ਅਤੇ ਭਾਰਤ ਦੀਆਂ ਵਿਸ਼ੇਸ਼ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਸੁਤੰਤਰਤਾ ਅੰਦੋਲਨ ਦੇ ਮੁੱਖ ਤੋਂ ਹੀ ਕਾਂਗਰਸ ਭਾਰਤ ਦਾ ਅਖੰਡਤਾ ਅਤੇ ਏਕਤਾ ਨੂੰ ਕਾਇਮ ਰੱਖਣ ਲਈ ਇਕ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਅਨੁਭਵ ਕਰਦੀ ਸੀ। ਜਿਹੜੀ ਸੰਘਾਤਮਕ ਪ੍ਰਣਾਲੀ 1946 ਵਿਚ ਮੰਤਰੀ ਮੰਡਲ ਮਿਸ਼ਨ ਯੋਜਨਾ ਅਧੀਨ ਪ੍ਰਸਤਾਵਿਤ ਕੀਤੀ ਗਈ ਸੀ ਉਸ ਵਿਚ ਇਕ ਕਮਜ਼ੋਰ ਕੇਂਦਰ ਦੀ ਵਿਵਸਥਾ ਕੀਤੀ ਸੀ। ਕਾਂਗਰਸ ਨੇ ਉਸ ਯੋਜਨਾ ਨੂੰ ਇਸ ਲਈ ਪ੍ਰਵਾਨ ਕੀਤਾ ਸੀ ਕਿਉਂਕਿ ਉਸ ਯੋਜਨਾ ਨੇ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਦਿਆਂ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਰੱਦ ਕਰ ਦਿੱਤਾ ਸੀ। ਇਸੇ ਕਾਰਨ ਪੰ. ਜਵਾਹਰ ਲਾਲ ਨਹਿਰੂ ਨੇ ਉਦੇਸ਼ਾਂ ਸੰਬੰਧੀ ਜਿਹੜਾ ਪ੍ਰਸਤਾਵ (Objective Resolution) ਸੰਵਿਧਾਨ ਸਭਾ ਵਿਚ ਪੇਸ਼ ਕੀਤਾ ਸੀ ਉਹ ਇਕ ਕਮਜ਼ੋਰ ਕੇਂਦਰ ਦੀ ਵਿਵਸਥਾ ਕਰਦਾ ਸੀ। ਪਰ ਜਦੋਂ ਦੇਸ਼ ਦੀ ਅਖੰਡਤਾ ਕਾਇਮ ਨਾ ਰਹਿ ਸਕੀ ਅਤੇ ਦੇਸ਼ ਦੀ ਵੰਡ ਕਰਕੇ 1947 ਵਿਚ ਪਾਕਿਸਤਾਨ ਦੀ ਸਥਾਪਨਾ ਕਰ ਦਿੱਤੀ ਗਈ ਤਾਂ ਸੰਵਿਧਾਨ ਸਭਾ ਨੇ ਇਕ ਕਮਜ਼ੋਰ ਕੇਂਦਰ ਦੀ ਯੋਜਨਾ ਨੂੰ ਤਿਆਗ ਕੇ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਕੀਤੀ। ਕੇਂਦਰ ਸਰਕਾਰ ਨੂੰ ਰਾਜਾਂ ਨਾਲੋਂ ਵਧੇਰੇ ਸ਼ਕਤੀਆਂ ਭਾਰਤ ਵਿਚ ਮਜਬੂਤ ਕੇਂਦਰ ਦਾ ਪ੍ਰਤੀਕ ਹਨ।

1.1.3.7 ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਵਿਵਸਥਾਵਾਂ(Special Provisions for Scheduled Castes)

ਗਾਂਧੀ ਜੀ ਲੰਮੇ ਸਮੇਂ ਤੱਕ ਭਾਰਤੀ ਸੁਤੰਤਰਤਾ ਅੰਦੋਲਨ ਦੇ ਮੋਢੀ ਰਹੇ। ਉਹਨਾਂ ਨੇ ਸੁਤੰਤਰਤਾ ਅੰਦੋਲਨ ਨੂੰ ਇਕ ਨਵਾਂ ਮੋੜ ਦਿੱਤਾ। ਉਹ ਭਾਵੇਂ ਸੰਵਿਧਾਨ ਸਭਾ ਦੇ ਮੈਂਬਰ ਨਹੀਂ ਸਨ ਪ੍ਰੰਤੂ ਸਾਡੇ ਸੰਵਿਧਾਨ ਦੇ ਨਿਰਮਾਣ ਵਿਚ ਉਹਨਾਂ ਦੇ ਵਿਚਾਰਾਂ ਦਾ ਪ੍ਰਭਾਵ ਸਪਸ਼ਟ ਹੈ। ਉਹ ਅਨੁਸੂਚਿਤ ਜਾਤੀਆਂ ਦੇ ਅਸਲੀ ਹਮਦਰਦ ਸਨ। ਉਹਨਾਂ ਦਾ ਕਹਿਣਾ ਸੀ ਕਿ, ''ਛੂਤ ਛਾਤ ਪ੍ਰਮਾਤਮਾ ਅਤੇ ਮਨੁੱਖਤਾ ਦੇ ਵਿਰੁੱਧ ਇੱਕ ਅਪਰਾਧ ਹੈ'' (Untouchability is Crime against God & Humanity) । ਉਨ੍ਹਾਂ ਦਾ ਵਿਸ਼ਵਾਸ ਸੀ ਕਿ ਭਾਰਤੀ ਸਮਾਜ

ਵਿਚ ਇਨ੍ਹਾਂ ਸ਼੍ਰੇਣੀਆਂ ਦਾ ਸਮਾਜਿਕ ਪੱਧਰ ਉਦੋਂ ਤੱਕ ਉਚਾ ਨਹੀਂ ਹੋ ਸਕਦਾ ਜਦੋਂ ਤੱਕ ਉਨ੍ਹਾਂ ਲਈ ਸੰਵਿਧਾਨ ਵਿਚ ਕੁਝ ਵਿਸ਼ੇਸ਼ ਵਿਵਸਥਾਵਾਂ ਨਾ ਕੀਤੀਆਂ ਜਾਣ। ਇਸ ਲਈ ਸੁਤੰਤਰ ਭਾਰਤ ਦਾ ਸੰਵਿਧਾਨ ਬਣਾਉਂਦੇ ਸਮੇ ਇਸ ਗੱਲ ਨੂੰ ਅੱਖੋਂ ਉਹਲੇ ਨਹੀਂ ਕੀਤਾ ਗਿਆ ਅਤੇ ਸੰਵਿਧਾਨ ਵਿਚ ਪਛੜੀਆਂ ਸ੍ਰੇਣੀਆਂ ਲਈ ਕੁਝ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ। ਇਸ ਨੂੰ ਅਸੀਂ ਸੁਤੰਤਰਤਾ ਅੰਦੋਲਨ ਦਾ ਹੀ ਪ੍ਰਭਾਵ ਕਹਿ ਸਕਦੇ ਹਾਂ।

1.1.3.8 ਮੌਲਿਕ ਅਧਿਕਾਰਾਂ ਦੀ ਵਿਵਸਥਾ (Provision for Fundamental Rights)

ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੀ ਵਿਵਸਥਾ ਸੰਬੰਧੀ ਸ੍ਰੀ ਬੀ. ਸ਼ਿਵਾ ਰਾਉ ਦਾ ਕਹਿਣਾ ਹੈ ਕਿ, ''ਭਾਰਤ ਦੇ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੀ ਇਕ ਸੂਚੀ ਅੰਕਿਤ ਹੋਣੀ ਉਨ੍ਹਾਂ ਸ਼ਕਤੀਆਂ ਦੇ ਫਲਸਰੂਪ ਹੈ ਜੋ ਬਰਤਾਨਵੀ ਸ਼ਾਸਨ ਦੌਰਾਨ ਰਾਸ਼ਟਰੀ ਅੰਦੋਲਨ ਵਿਚ ਸੰਚਲਿਤ ਸਨ। ਬਰਤਾਨਵੀ ਕਾਰਜਪਾਲਿਕਾ ਦੁਆਰਾ ਬਿਨਾਂ ਕਿਸੇ ਮੁਕੱਦਮਾ ਚਲਾਏ ਨਜਰਬੰਦ ਕਰਨ, ਦੇਸ਼ ਨਿਕਾਲਾ ਆਦਿ ਦੇ ਕਾਰਜਾਂ ਅਤੇ ਇਸ ਸਦੀ ਦੇ ਪਹਿਲੇ ਦਹਾਕਿਆਂ ਵਿਚ ਪ੍ਰੈਸ ਦੀ ਸੁਤੰਤਰਤਾ ਉੱਤੇ ਪਾਬੰਦੀਆਂ ਲਗਾਉਣ ਦੇ ਕਾਰਣ ਮੌਲਿਕ ਅਧਿਕਾਰਾਂ ਦੇ ਸੰਵਿਧਾਨ ਵਿਚ ਸ਼ਾਮਿਲ ਕੀਤਾ ਜਾਣਾ ਸੁਤੰਤਰਤਾ ਅੰਦੋਲਨ ਦੇ ਨੇਤਾਵਾਂ ਦਾ ਈਮਾਨ ਜਾਂ ਆਕੀਦਾ ਬਣ ਗਿਆ ਸੀ।''
ਭਾਰਤੀ ਰਾਸ਼ਟਰੀ ਕਾਂਗਰਸ ਭਾਰਤੀਆਂ ਲਈ ਮੁੱਢ ਤੋਂ ਹੀ ਬਰਤਾਨਵੀਂ ਸਰਕਾਰ ਪਾਸੋਂ ਮੌਲਿਕ ਅਧਿਕਾਰਾਂ ਦੀ ਮੰਗ ਕਰ ਰਹੀ ਸੀ। ਅਗਸਤ 1918 ਵਿਚ ਬੰਬਈ ਵਿਖੇ ਕਾਂਗਰਸ ਦੇ ਵਿਸ਼ੇਸ਼ ਸਮਾਗਮ ਵਿਚ ਬਰਤਾਨਵੀ ਸੰਸਦ ਦੁਆਰਾ ਭਾਰਤੀਆਂ ਲਈ ਮੌਲਿਕ ਅਧਿਕਾਰਾਂ ਸੰਬੰਧੀ ਘੋਸ਼ਣਾ ਕਰਨ ਦੀ ਮੰਗ ਕੀਤੀ। ਉਸੇ ਸਾਲ ਦਿੱਲੀ ਵਿਚ ਹੋਏ ਸਮਾਗਮ ਵਿਚ ਕਾਂਗਰਸ ਨੇ ਪ੍ਰਸਤਾਵ ਦੁਆਰਾ ਇਹ ਮੰਗ ਕੀਤੀ ਕਿ ਉਹਨਾਂ ਸਾਰੀਆਂ ਪਾਬੰਦੀਆਂ ਨੂੰ ਖਤਮ ਕੀਤਾ ਜਾਵੇ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ। 1927 ਵਿਚ ਮਦਰਾਸ ਵਿਖੇ ਕਾਂਗਰਸ ਨੇ ਆਪਣੇ ਵਾਰਸ਼ਿਕ ਸਮਾਗਮ ਵਿਚ ਫਿਰ ਮੰਗ ਕੀਤੀ ਕਿ ਭਾਰਤ ਦੇ ਲਈ ਬਣਾਏ ਜਾਣ ਵਾਲੇ ਸੰਵਿਧਾਨ ਵਿਚ ਭਾਰਤੀਆਂ ਦੇ ਮੌਲਿਕ ਅਧਿਕਾਰ ਸ਼ਾਮਿਲ ਕੀਤੇ ਜਾਣ। 1928 ਵਿਚ ਨਹਿਰੂ ਕਮੇਟੀ ਨੇ ਵੀ ਇਹ ਸਿਫਾਰਸ਼ ਕੀਤੀ ਕਿ ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰ ਜ਼ਰੂਰ ਸ਼ਾਮਿਲ ਕੀਤੇ ਜਾਣ।
ਪਰ ਕਾਂਗਰਸ ਦੀ ਲਗਾਤਾਰ ਮੰਗ ਦੇ ਬਾਵਜੂਦ ਵੀ ਸਾਈਮਨ ਕਮਿਸ਼ਨ ਨੇ ਆਪਣੀ ਰਿਪੋਰਟ (1930) ਵਿਚ ਮੌਲਿਕ ਅਧਿਕਾਰਾਂ ਨੂੰ ਭਵਿੱਖ ਦੇ ਸੰਵਿਧਾਨ ਵਿਚ ਸ਼ਾਮਿਲ ਕਰਨ ਦੀ ਸਿਫਾਰਸ਼ ਨਾ ਕੀਤੀ। ਇਸ ਤੇ ਕਾਂਗਰਸ ਨੇ ਫਿਰ ਮਾਰਚ 1931 ਵਿਚ ਕਰਾਚੀ ਵਿਖੇ ਹੋਏ ਆਪਣੇ ਸਮਾਗਮ ਵਿਚ ਇਸ ਮੰਗ ਨੂੰ ਦੁਹਰਾਇਆ। 1930–32 ਵਿਚ ਲੰਡਨ ਵਿਖੇ ਹੋਏ ਗੋਲਮੇਜ਼ ਸੰਮੇਲਨਾਂ (Round Table Conferences) ਵਿਚ ਵੀ ਭਾਰਤੀ ਨੇਤਾਵਾਂ ਨੇ ਇਸ ਮੰਗ ਦੇ ਹੱਕ ਵਿਚ ਆਵਾਜ਼ ਉਠਾਈ।
ਅੰਤ ਵਿਚ ਸੁਤੰਤਰਤਾ ਅੰਦੋਲਨਕਾਰੀਆਂ ਦੀ ਇਸ ਮੰਗ ਸਾਹਮਣੇ ਬਰਤਾਨਵੀ ਸ਼ਾਸਕਾਂ ਨੂੰ ਝੁਕਣਾ ਪਿਆ ਅਤੇ 1935 ਦੇ ਐਕਟ ਵਿਚ ਸੰਪੱਤੀ ਦੇ ਕੁਝ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਇਹ ਅਧਿਕਾਰ ਨਾ ਨਿਆਂ ਯੋਗ ਸਨ ਤੇ ਨਾ ਹੀ ਇਨ੍ਹਾਂ ਅਧਿਕਾਰਾਂ ਨੂੰ ਅਧਿਕਾਰ ਪੱਤਰ ਦੇ ਰੂਪ ਵਿਚ ਅੰਕਿਤ ਕੀਤਾ ਗਿਆ ਸੀ।
ਇਸ ਤੋਂ ਪਿੱਛੋਂ 1946 ਵਿਚ ਮੰਤਰੀ ਮੰਡਲ ਮਿਸ਼ਨ ਨੇ ਜਿਹੜੀ ਸੰਵਿਧਾਨ ਸਭਾ ਸਥਾਪਿਤ ਕੀਤੀ ਉਸ ਨੇ ਮੌਲਿਕ ਅਧਿਕਾਰਾਂ ਸੰਬੰਧੀ ਇਕ ਕਮੇਟੀ ਨਿਯੁਕਤ ਕੀਤੀ ਤੇ ਇਸ ਦੀ ਰਿਪੋਰਟ ਨੇ ਭਾਰਤੀ ਸੰਵਿਧਾਨ ਸਭਾ ਨੇ 1947 ਵਿਚ ਵਿਚਾਰ ਕਰਕੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿਚ ਅੰਕਿਤ ਕੀਤਾ।

1.1.3.9 ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੀ ਵਿਵਸਥਾ (Provision for Directive Principles of State Policy)

ਸੁਤੰਤਰਤਾ ਅੰਦੋਲਨ ਦੇ ਨੇਤਾ ਇਸ ਗੱਲ ਦੇ ਚਾਹਵਾਨ ਸਨ ਕਿ ਸਰਕਾਰ ਭਾਰਤੀਆਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਯੋਗ ਪ੍ਰਬੰਧ ਕਰੇ ਅਤੇ ਇਨ੍ਹਾਂ ਖੇਤਰਾਂ ਵਿਚ ਭਾਰਤੀਆਂ ਦੇ ਵਿਕਾਸ ਨੂੰ ਸੰਭਵ ਬਣਾਉਣ ਲਈ ਲੋੜੀਂਦੀਆਂ ਵਿਵਸਥਾਵਾਂ ਕਰੇ। 1928 ਵਿਚ ਨਹਿਰੂ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕੁਝ ਅਜਿਹੇ ਅਧਿਕਾਰ ਸ਼ਾਮਿਲ ਕੀਤੇ ਸਨ ਜਿਨ੍ਹਾਂ ਦਾ ਉਦੇਸ਼ ਭਾਰਤੀ ਲੋਕਾਂ ਦਾ ਸਮਾਜਿਕ ਅਤੇ ਆਰਥਿਕ ਵਿਕਾਸ ਸੀ। 1931 ਵਿਚ ਕਾਂਗਰਸ ਦੁਆਰਾ ਗ੍ਰਹਿਣ ਕੀਤੀ ਮੌਲਿਕ ਅਧਿਕਾਰਾਂ ਦੀ ਯੋਜਨਾ ਵਿਚ ਵੀ ਇਹੋ ਜਿਹੀਆਂ

ਵਿਵਸਥਾਵਾਂ ਕੀਤੀਆਂ ਗਈਆਂ। ਉਸ ਯੋਜਨਾ ਵਿਚ ਇਹ ਵੀ ਕਿਹਾ ਗਿਆ ਸੀ ਕਿ ਸਾਧਾਰਨ ਲੋਕਾਂ ਦੀ ਲੁੱਟ-ਖਸੁੱਟ ਨੂੰ ਸਮਾਪਤ ਕਰਨ ਲਈ ਰਾਜਨੀਤਿਕ ਸੁਤੰਤਰਤਾ ਦੇ ਨਾਲ ਅਸਲੀ ਆਰਥਿਕ ਸੁਤੰਤਰਤਾ ਵੀ ਹੋਣੀ ਚਾਹੀਦੀ ਹੈ ਅਤੇ ਦੇਸ਼ ਦਾ ਆਰਥਿਕ ਜੀਵਨ ਨਿਆ ਦੇ ਸਿਧਾਂਤ ਦੇ ਅਨੁਕੂਲ ਹੋਣਾ ਚਾਹੀਦਾ ਹੈ।

ਪ੍ਰੰਤੂ ਜਦੋਂ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਸੀ ਤਾਂ ਇਹ ਅਨੁਭਵ ਕੀਤਾ ਗਿਆ ਕਿ ਦੇਸ਼ ਦੀ ਮਾੜੀ ਅਰਥ-ਵਿਵਸਥਾ ਕਾਰਣ ਸਮਾਜਿਕ ਅਤੇ ਆਰਥਿਕ ਨਿਆਂ ਦੀ ਪ੍ਰਾਪਤੀ ਲਈ ਲੋੜੀਂਦੇ ਆਰਥਿਕ ਅਧਿਕਾਰਾਂ ਦਾ ਮੌਲਿਕ ਅਧਿਕਾਰਾਂ ਦੀ ਸੂਚੀ ਵਿਚ ਸ਼ਾਮਿਲ ਕੀਤੇ ਜਾਣਾ ਸੰਭਵ ਨਹੀਂ ਹੈ। ਪਰ ਇਸ ਦੇ ਨਾਲ ਹੀ ਸੰਵਿਧਾਨਕਾਰ ਇਸ ਗੱਲ ਤੋਂ ਸੁਚੇਤ ਸਨ ਕਿ ਸੁਤੰਤਰਤਾ ਅੰਦੋਲਨ ਦੌਰਾਨ ਉਨ੍ਹਾਂ ਦੁਆਰਾ ਹੀ ਬਰਤਾਨਵੀ ਸਰਕਾਰ ਵੱਲੋਂ ਆਰਥਿਕ ਅਧਿਕਾਰਾਂ ਦੀ ਮੰਗ ਕੀਤੀ ਜਾਂਦੀ ਰਹੀ ਹੈ ਅਤੇ ਨਾ ਕੇਵਲ ਨਹਿਰੂ ਰਿਪੋਰਟ ਵਿਚ ਹੀ ਸਗੋਂ 1931 ਵਿਚ ਕਾਂਗਰਸ ਦੁਆਰਾ ਜਾਰੀ ਕੀਤੀ ਘੋਸ਼ਣਾ ਵਿਚ ਵੀ ਮਹੱਤਵਪੂਰਣ ਸਮਾਜਿਕ ਅਤੇ ਆਰਥਿਕ ਅਧਿਕਾਰਾਂ ਸ਼ਾਮਿਲ ਕੀਤੇ ਗਏ ਸਨ। ਇਸ ਲਈ ਉਹ ਭਾਵੇਂ ਇਨ੍ਹਾਂ ਨੂੰ ਮੌਲਿਕ ਅਧਿਕਾਰਾਂ ਦੀ ਸੂਚੀ ਵਿਚ ਕੁਝ ਮਜਬੂਰੀਆਂ ਕਾਰਨ ਸ਼ਾਮਿਲ ਨਾ ਕਰ ਸਕੇ ਪ੍ਰੰਤੂ ਉਨ੍ਹਾਂ ਨੇ ਇਨ੍ਹਾਂ ਨੂੰ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਅੰਕਿਤ ਕਰ ਦਿੱਤਾ।

ਉੱਪਰ ਦਿੱਤੇ ਵਰਣਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਸੰਵਿਧਾਨ ਦਾ ਨਿਰਮਾਣ ਸੁਤੰਤਰਤਾ ਅੰਦੋਲਨ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸੰਵਿਧਾਨ ਦੁਆਰਾ ਧਰਮ-ਨਿਰਪੱਖ ਰਾਜ, ਲੋਕਤੰਤਰੀ ਸੰਸਦੀ ਪ੍ਰਣਾਲੀ ਅਤੇ ਸੰਘਾਤਮਕ ਪ੍ਰਣਾਲੀ ਦੀ ਵਿਵਸਥਾ, ਸੰਵਿਧਾਨ ਵਿਚ ਸੰਯੁਕਤ ਚੋਣ ਪ੍ਰਣਾਲੀ ਅਤੇ ਬਾਲਗ ਮੱਤ ਅਧਿਕਾਰ ਦਾ ਅਪਣਾਇਆ ਜਾਣਾ, ਸੰਵਿਧਾਨਕਾਰਾਂ ਵੱਲੋਂ ਪੱਛੜੀਆਂ ਸ਼੍ਰੇਣੀਆਂ ਲਈ ਵਿਸ਼ੇਸ਼ ਉਪਬੰਧਾਂ, ਮੌਲਿਕ ਅਧਿਕਾਰਾਂ ਅਤੇ ਰਾਜ ਦੀ ਨਿਰਦੇਸ਼ਕ ਨੀਤੀ ਦੇ ਸਿਧਾਂਤਾਂ ਦਾ ਸੰਵਿਧਾਨ ਵਿਚ ਸ਼ਾਮਿਲ ਕੀਤੇ ਜਾਣਾ ਸਭ ਸੁਤੰਤਰਤਾ ਅੰਦੋਲਨ ਦਾ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਪ੍ਰਭਾਵ ਹਨ।

1.1.4 ਬਰਤਾਨਵੀ ਪ੍ਰਭਾਵ

ਇਹ ਇਕ ਇਤਿਹਾਸਕ ਸੱਚਾਈ ਹੈ ਕਿ ਅੰਗਰੇਜ਼ ਭਾਰਤ ਵਿਚ ਵਪਾਰੀ ਬਣ ਕੇ ਆਏ ਪਰ ਇੱਥੇ ਰਾਜ ਕਰਨ ਲੱਗੇ। ਈਸਟ ਇੰਡੀਆ ਕੰਪਨੀ ਨੇ ਆਪਣੀ ਪ੍ਰਮੁੱਖਤਾ ਸਥਾਪਿਤ ਕਰਨ ਲਈ ਦੂਸਰੀਆਂ ਯੂਰਪੀ ਤਾਕਤਾਂ ਦਾ ਅਸਰ ਖਤਮ ਕਰ ਦਿੱਤਾ। ਕੰਪਨੀ ਨੇ ਭਾਰਤ ਦੀ ਰਾਜਨੀਤਿਕ ਸਥਿਤੀ ਤੋਂ ਲਾਭ ਉਠਾਇਆ ਅਤੇ ਉਸ ਨੇ ਮੁਗਲ ਸ਼ਹਿਨਸ਼ਾਹਾਂ ਕੋਲੋਂ ਬਹੁਤ ਸਾਰੀਆਂ ਵਪਾਰਕ ਸਹੂਲਤਾਂ, ਇਲਾਕਾਈ ਅਤੇ ਮੌਲਿਕ ਅਧਿਕਾਰ ਮੰਗੇ। ਅੰਤ ਵਿਚ ਉਸ ਨੇ ਆਪਣਾ ਪ੍ਰਾਦੇਸ਼ਿਕਾ ਖੇਤਰ ਵਧਾ ਲਿਆ। ਅਜਿਹਾ ਉਸ ਨੇ ਇਲਾਕਾਈ ਸ਼ਾਸਕਾਂ ਦੀ ਤਾਕਤ ਤੋੜ ਕੇ ਜਿਵੇਂ ਕਿ ਪੱਛਮੀ ਭਾਰਤ ਵਿਚ ਪੇਸ਼ਵਾਂ ਅਤੇ ਮਰਾਠਾ, ਮੈਸੂਰ ਦਾ ਆਜ਼ਾਦ ਸੁਲਤਾਨ ਦੱਖਣ ਵਿਚ ਹੈਦਾਰਾਬਾਦ ਦਾ ਨਿਜ਼ਾਮ ਅਤੇ ਉੱਤਰ ਵਿਚ ਸਿੱਖ। ਅਜਿਹਾ ਜਾਂ ਤਾਂ ਸਿੱਧੀ ਲੜਾਈ ਨਾਲ ਜਾਂ ਸੰਧੀਆਂ ਦੇ ਦੁਆਰਾ ਕੀਤਾ ਗਿਆ। 1857 ਦੇ ਵਿਦਰੋਹ ਪਿੱਛੋਂ ਈਸਟ ਇੰਡੀਆ ਕੰਪਨੀ ਦਾ ਭੈੜਾ ਸ਼ਾਸਨ ਖਤਮ ਹੋ ਗਿਆ। 1858 ਤੋਂ ਭਾਰਤ ਬਰਤਾਨਵੀ ਰਾਜੇ ਦੇ ਸਿੱਧੇ ਸ਼ਾਸਨ ਥੱਲੇ ਆ ਗਿਆ ਅਤੇ ਇਹ 15 ਅਗਸਤ 1947 ਤੱਕ ਅੰਗਰੇਜ਼ਾਂ ਦੇ ਚਲੇ ਜਾਣ ਤੱਕ ਰਿਹਾ।

ਭਾਰਤ ਦੇ ਮਹਾਨ ਆਗੂਆਂ, ਆਰ.ਸੀ. ਦੱਤ, ਦਾਦਾ ਭਾਈ ਨਾਰੋਜੀ, ਐਮ.ਜੀ., ਰਾਨਾਦੇ ਅਤੇ ਗੋਪਾਲ ਕ੍ਰਿਸ਼ਨ ਗੋਖਲੇ ਨੇ ਭਾਰਤੀਆਂ ਨੂੰ ਦੱਸਿਆ ਕਿ ਅੰਗਰੇਜ਼ਾਂ ਦੁਆਰਾ ਭਾਰਤ ਵਿਚੋਂ ਕੱਚੇ ਪਦਾਰਥ ਲਿਜਾ ਕੇ ਅਤੇ ਬਰਤਾਨੀਆ ਵਿਚ ਉਹਨਾਂ ਤੋਂ ਵਸਤਾਂ ਬਣਾ ਕੇ ਭਾਰਤੀ ਦੀ ਸੰਪੱਤੀ ਲੁੱਟੀ ਜਾ ਰਹੀ ਸੀ। ਇਹ ਵਸਤਾਂ ਭਾਰਤ ਵਿਚ ਵਾਪਸ ਲਿਆ ਕੇ ਉੱਚੇ ਭਾਵਾਂ ਤੇ ਵੇਚੀਆਂ ਜਾਂਦੀਆਂ ਸਨ। ਬਰਤਾਨੀਆਂ ਦੀ ਅਵਧ ਨੀਤੀ ਭਾਰਤ ਦੀ ਆਰਥਿਕ ਲੁੱਟ ਵੱਲ ਲੈ ਗਈ। ਸਾਡੇ ਦੇਸ਼ ਦੇ ਉਦਯੋਗਿਕ ਆਧਾਰ ਨੂੰ ਬੰਨ੍ਹਣ ਦੀ ਕੋਸ਼ਿਸ਼ ਨਾ ਕੀਤੀ ਗਈ। ਲੋਕ ਗਰੀਬ ਹੋ ਗਏ ਜਿਸ ਨਾਲ ਭਾਰਤੀਆਂ ਵਿਚ ਵਿਦਰੋਹ ਦੀ ਭਾਵਨਾ ਪੈਦਾ ਹੋਈ।

1857 ਦੇ ਵਿਦਰੋਹ ਨੇ ਅੰਗਰੇਜ਼ਾ ਦੀਆਂ ਅੱਖਾਂ ਖੋਲੀਆਂ। ਉਹ ਆਪਣੀਆਂ ਗਲਤ ਨੀਤੀਆਂ ਬਾਰੇ ਸਾਵਧਾਨ ਹੋ ਗਏ ਅਤੇ ਉਹਨਾਂ ਨੇ ਭਾਰਤੀ ਸਮਾਜ ਦੇ ਅਸੰਤੁਸਟ ਵਰਗਾਂ ਨੂੰ ਪੁਚਕਾਰਨ ਦੀ ਲੋੜ ਮਹਿਸੂਸ ਕੀਤੀ। ਰਜਨੀ ਕੁਠਾਰੀ ਦੇ ਸ਼ਬਦਾਂ ਵਿਚ, ''ਸਚਮੁੱਚ ਹੀ ਬਰਤਾਨਵੀ ਪ੍ਰਭਾਵ ਕ੍ਰਾਂਤੀਕਾਰੀ ਸੀ। ਉਹ ਪ੍ਰਦੇਸੀ ਹੋਣ ਕਰਕੇ

ਲੋਕਾਂ ਵਿਚ ਘਰ ਨਹੀਂ ਕਰ ਸਕਿਆ, ਪਰ ਇਹ ਵੱਡਾ ਸੀ, ਪ੍ਰਬਲ ਅਤੇ ਸਥਾਈ ਸੀ।'' ਬਰਤਾਨਵੀ ਕਾਲ ਦੇ ਵਿਰਸ਼ੇ ਨੂੰ ਹੇਠਾਂ ਸੰਖਿਪਤ ਕੀਤਾ ਜਾ ਸਕਦਾ ਹੈ :

(1) ਮਜ਼ਬੂਤ ਕੇਂਦਰ ਹਕੂਮਤ ਦੀ ਸਥਾਪਨਾ : ਪਹਿਲੀ ਵਾਰ ਅੰਗਰੇਜ਼ਾਂ ਨੇ ਸਾਰੇ ਉਪ ਮਹਾਂਦੀਪ ਨੂੰ ਇਕ ਸਾਮਰਾਜੀ ਸ਼ਾਸਨ ਅਧੀਨ ਲਿਆਂਦਾ ਅਤੇ ਉਸ ਨੂੰ ਅੰਦਰਲੇ ਜਾਂ ਬਾਹਰਲੇ ਹਮਲੇ ਤੋਂ ਸੁਰੱਖਿਅਤ ਰੱਖਿਆ। ਭਾਵੇਂ ਇਕ ਤਿਹਾਈ ਇਲਾਕਾ ਦੇਸ਼ੀ ਰਾਜਿਆਂ ਕੋਲ ਸੀ ਪਰ ਤਾਂ ਵੀ ਬਰਤਾਨਵੀ ਸਰਵ ਸ੍ਰੇਸ਼ਠਤਾ ਨੂੰ ਉਹਨਾਂ ਇਲਾਕਿਆਂ ਵਿਚ ਵੀ ਮੰਨਿਆ ਜਾਂਦਾ ਸੀ। ਇਸ ਨੂੰ ਬਰਤਾਨਵੀ ਰਾਜ ਦੀਆਂ ਪ੍ਰਮੁੱਖ ਪ੍ਰਾਪਤੀਆਂ ਵਿਚੋਂ ਗਿਣਿਆ ਜਾਂਦਾ ਹੈ। ਬਾਅਦ ਵਿਚ ਇਹ ਇਕ ਇਲਾਕਾਈ ਆਧਾਰ ਬਣਿਆ ਜਿਸ ਉੱਪਰ ਰਾਸ਼ਟਰੀ ਏਕਤਾ ਨੂੰ ਸਥਾਪਿਤ ਕੀਤਾ ਜਾ ਸਕਦਾ ਸੀ।

(2) ਕਾਨੂੰਨ ਅਤੇ ਵਿਵਸਥਾ : ਬਰਤਾਨਵੀ ਰਾਜ ਦਾ ਸਭ ਤੋਂ ਵਧੀਆ ਪ੍ਰਭਾਵ ਅਮਨ ਕਾਨੂੰਨ ਕਾਇਮ ਰੱਖਣਾ ਸੀ। ਭਾਰਤੀਆਂ ਨੇ ਮੁਸਲਿਮ ਜਿੱਤਾਂ ਕਾਰਨ ਆਈਆਂ ਅਸ਼ਾਂਤ ਹਾਲਾਤਾਂ ਵੇਖੀਆ ਹੋਈਆਂ ਸਨ। ਦੇਸ਼ ਵਿਚ ਅਸੁਰੱਖਿਅਤਾ ਦੇ ਕਾਰਣ ਬਹੁਤ ਹਾਨੀ ਅਤੇ ਮਨੁੱਖੀ ਕਸ਼ਟ ਪੈਦਾ ਹੋਏ ਸਨ। ਬਰਤਾਨਵੀ ਰਾਜ ਅਸ਼ਾਂਤੀ ਦੇ ਇਕ ਲੰਬੇ ਕਾਲ ਤੋਂ ਬਾਅਦ ਆਇਆ ਅਤੇ ਇਹ ਅਮਨ ਅਤੇ ਸਥਿਰਤਾ ਦਾ ਇਕ ਲੰਬਾ ਕਾਲ ਲੈ ਕੇ ਆਇਆ।

ਸੰਵਿਧਾਨ ਬਣਾਉਣਾ ਇਕ ਮਹਾਨ ਕੰਮ

29 ਅਗਸਤ, 1946 ਨੂੰ ਸੰਵਿਧਾਨ ਸਭਾ ਨੇ ਇਕ ਸੱਤ ਮੈਂਬਰੀ ਖਰੜਾ ਬਣਾਉਣ ਵਾਲੀ ਕਮੇਟੀ (Drafting Committee) ਬਣਾਈ ਜਿਸ ਦੇ ਸਭਾਪਤੀ ਡਾ. ਬੀ.ਆਰ. ਅੰਬੇਦਕਰ ਬਣੇ। ਕਮੇਟੀ ਦੇ ਦੂਜੇ ਮੈਂਬਰ ਸਨ :

1. ਜੀ. ਗੋਪਾਲਾ ਸਵਾਮੀ ਆਇੰਗਰ
2. ਸਰ ਅਲਾਦੀ ਕਰਿਸ਼ਨਾ ਸਵਾਮੀ ਆਈਅਰ
3. ਸ੍ਰੀ ਕੇ.ਐਮ. ਮੁਨਸ਼ੀ
4. ਸ੍ਰੀ ਸਯਦ ਮੁਹੰਮਦ ਸਦਾਉਲਾ
5. ਸ੍ਰੀ ਐਨ. ਮਾਧਵਾ ਰਾਉ
6. ਸ੍ਰੀ ਡੀ.ਪੀ. ਖੇਤਾਨ, ਜਿਨ੍ਹਾਂ ਦੀ 1947 ਵਿਚ ਮ੍ਰਿਤੂ ਹੋ ਗਈ ਅਤੇ ਉਹਨਾਂ ਦੀ ਥਾਂ ਟੀ.ਟੀ. ਕਰਿਸ਼ਮਨਚਾਰੀ ਨੂੰ ਲੈ ਲਿਆ ਗਿਆ।

22 ਜਨਵਰੀ, 1947 ਨੂੰ ਸੰਵਿਧਾਨਕ ਸਭਾ ਨੇ ਕਈ ਉਪ ਕਮੇਟੀਆਂ ਵੀ ਬਣਾਈਆਂ ਜਿਨ੍ਹਾਂ ਨੇ ਆਪਣੀਆਂ ਸਿਫਾਰਸ਼ਾਂ ਨਵੇਂ ਸੰਵਿਧਾਨ ਦੇ ਪੱਖ ਬਾਰੇ ਦੇਣੀਆਂ ਸਨ। ਇਸ ਆਸ਼ੇ ਲਈ ਕਈ ਕਮੇਟੀਆਂ ਮਹੱਤਵਪੂਰਨ ਸਨ। ਕੇਂਦਰੀ ਤਾਕਤਾਂ ਬਾਰੇ ਕਮੇਟੀ, ਕੇਂਦਰੀ ਸੰਵਿਧਾਨ ਕਮੇਟੀ, ਸੂਬਾਈ ਸੰਵਿਧਾਨਕ ਕਮੇਟੀ, ਘੱਟ ਗਿਣਤੀਆਂ ਬਾਰੇ ਸਲਾਹ ਲਈ ਕਮੇਟੀ, ਮੂਲ ਅਧਿਕਾਰਾਂ ਲਈ ਕਮੇਟੀ ਅਤੇ ਰਾਜਿਆਂ ਨਾਲ ਗੱਲਬਾਤ ਕਰਨ ਲਈ ਕਮੇਟੀ। ਇਹਨਾਂ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਅਸੈਂਬਲੀ ਵਿਚਾਰਦੀ ਅਤੇ ਉਹਨਾਂ ਦੀਆਂ ਸਿਫਾਰਸ਼ਾਂ ਨੂੰ ਸੋਧ ਤੋਂ ਬਾਅਦ ਪ੍ਰਵਾਨ ਕੀਤਾ ਜਾਂਦਾ ਜਦੋਂ ਇਸ ਵਿਚ 397 ਧਾਰਾਵਾਂ ਅਤੇ 8 ਅਨੁਸੂਚੀਆਂ ਸਨ। ਲੋਕ ਰਾਏ ਲੈਣ ਲਈ ਇਸ ਖਰੜੇ ਨੂੰ 21 ਫਰਵਰੀ, 1948 ਨੂੰ ਪ੍ਰਕਾਸ਼ਿਤ ਕੀਤਾ ਗਿਆ। ਤੀਜੀ ਪੜ੍ਹਤ ਤੋਂ ਪਿੱਛੋਂ ਇਸ ਨੂੰ 26 ਜਨਵਰੀ, 1949 ਨੂੰ ਅੰਤਿਮ ਤੌਰ ਤੇ ਅਪਣਾ ਲਿਆ ਗਿਆ। ਇਸ ਦੀਆਂ ਕੁਝ ਧਾਰਾਵਾਂ ਤਾਂ ਇਕ ਦਮ ਲਾਗੂ ਕੀਤੀਆਂ ਗਈਆਂ। ਪਰ ਭਾਰਤ ਦਾ ਨਵਾਂ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਹੋਇਆ। ਉਸੇ ਦਿਨ ਹੀ ਡਾ. ਰਾਜਿੰਦਰ ਪ੍ਰਸਾਦ ਨੇ ਭਾਰਤ ਦੇ ਰਾਸ਼ਟਰਪਤੀ ਦਾ ਪਦ ਸੰਭਾਲ ਲਿਆ। ਇਸੇ ਦਿਨ ਤੋਂ ਸੰਵਿਧਾਨਿਕ ਸਭਾ ਨੇ ਵੀ ਭਾਰਤ ਦੀ ਆਰਜ਼ੀ ਸੰਸਦ ਦਾ ਪਦ ਸੰਭਾਲ ਲਿਆ।

ਇਹ ਨੋਟ ਕਰਨ ਦੀ ਲੋੜ ਹੈ ਕਿ ਸੰਵਿਧਾਨ ਬਣਾਉਣ ਦਾ ਕੰਮ ਬਹੁਤ ਔਖਾ ਸੀ ਅਤੇ ਸਭਾ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਭਾਰਤ ਦੀ ਵੰਡ ਤੋਂ ਬਾਅਦ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਤਕੜੇ ਕਰਨਾ ਇੱਕ ਬੜਾ ਕਠਿਨ ਕੰਮ ਸੀ। ਦੇਸ਼ ਦੀ ਏਕਤਾ ਦੇ ਟਾਕਰੇ ਵਿਚ ਪ੍ਰਾਦੇਸ਼ਿਕ ਆਜ਼ਾਦੀ ਦੀ ਮੰਗ ਬਾਰੇ ਸਮਝੌਤਾ ਕਰਾਉਣ ਲਈ ਇਸ ਨੂੰ ਬਹੁਤ ਔਕੜਾਂ ਦਾ ਟਾਕਰਾ ਕਰਨਾ ਪਿਆ। ਇਸੇ ਕਾਰਣ ਹੀ ਉਹ ਇਕ ਸ਼ਕਤੀਸ਼ਾਲੀ ਕੇਂਦਰ ਬਣਾਉਣ ਦੀ ਮੰਗ ਦੀ ਅਣਗਿਹਲੀ ਨਾ ਕਰ ਸਕੇ। ਨਾਲੇ ਇਹ ਵੀ ਸਭਾ ਤੇ ਛੱਡ ਦਿੱਤਾ ਗਿਆ ਕਿ ਉਹ ਅਜਿਹਾ ਸੰਵਿਧਾਨ ਬਣਾਏ ਜਿਸ ਨਾਲ 562 ਦੇਸੀ ਰਿਆਸਤਾਂ ਵੀ ਲੋਕਤਾਂਤਰਿਕ ਪ੍ਰਾਂਤਾਂ ਵਰਗੀਆਂ

ਹੋ ਜਾਣ। ਸਭਾ ਨੇ ਪਛੜੀਆਂ ਸ੍ਰੇਣੀਆਂ ਲਈ ਖਾਸ ਰਿਆਇਤਾਂ ਨੂੰ ਅਪਣਾ ਲਿਆ ਤਾਂ ਕਿ ਦੇਸ਼ ਵਿਚ ਬਰਾਬਰੀ ਦੀ ਭਾਵਨਾ ਵਿਚਰੇ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਫੈਸਲਾ ਕਰਨ ਦੀ ਕਾਰਵਾਈ ਸਭ ਪੜਾਵਾਂ ਤੇ ਲੋਕਰਾਜੀ ਸੀ। ਸਭ ਦੇ ਸਭ ਵਰਗਾਂ ਨੂੰ ਲੋੜੀਂਦੀ ਮੌਕਾ ਦਿੱਤਾ ਜਾਂਦਾ ਤਾਂ ਕਿ ਉਹ ਬਿਨਾਂ ਰੋਕ ਟੋਕ ਦੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰ ਸਕਣ। ਫੈਸਲੇ ਸਾਂਝੀ ਰਾਏ ਨਾਲ ਲਏ ਜਾਂਦੇ। ਇਹ ਸਾਂਝੀ ਰਾਏ ਸੰਵਿਧਾਨ ਦੀਆਂ ਆਰਥਿਕ ਮੂਲ ਸ਼ਰਤਾਂ ਜਿਵੇਂ ਕਿ ਸੰਘਵਾਦ, ਧਰਮ ਨਿਰਪੱਖਤਾ, ਲੋਕਤੰਤਰੀ ਸਮਾਜਵਾਦ, ਪਾਰਲੀਮਾਨੀ ਸਰਕਾਰ ਅਤੇ ਅਦਾਲਤੀ ਸਮੀਖਿਆ ਆਦਿ ਬਾਰੇ ਲਈ ਗਈ।

ਸੰਵਿਧਾਨ ਸਭਾ ਦੀ ਪਾਰਟੀ ਅਨੁਸਾਰ ਬਣਤਰ ਅਤੇ ਵਿਰੋਧੀ ਦਲ ਦੀ ਭੂਮਿਕਾ

ਇਹ ਸੱਚ ਹੈ ਕਿ ਸੰਵਿਧਾਨ ਵਿਚ ਕਾਂਗਰਸ ਭਾਰਤੀ ਬਹੁਗਿਣਤੀ ਵਿਚ ਸੀ ਅਤੇ ਇਸ ਕਰਕੇ ਮਹੱਤਵਪੂਰਣ ਫੈਸਲੇ ਕਰਨ ਵਿਚ ਉਸ ਦੀ ਬਹੁਤ ਚਲਦੀ ਸੀ। 1946 ਨੂੰ ਸੰਵਿਧਨਿਕ ਸਭਾ ਵਿਚ ਵੱਖ ਵੱਖ ਪਾਰਟੀਆਂ ਦੀ ਪ੍ਰਤੀਨਿਧਤਾ ਹੇਠ ਲਿਖੇ ਅਨੁਸਾਰ ਹੈ:

ਕਾਂਗਰਸ	208
ਮੁਸਲਮ ਲੀਗ	73
ਅਕਾਲੀ ਦਲ	1
ਯੂਨੀਅਨਨਿਸਟ ਪਾਰਟੀ	1
ਯੂਨੀਅਨਨਿਸਟ ਮੁਸਲਿਮ	1
ਯੂਨੀਅਨਨਿਸਟ ਅਨੁਸੂਚਿਤ ਜਾਤੀਆ	1
ਕ੍ਰਿਸ਼ੀਕ ਪ੍ਰਜਾਂ ਪਾਰਟੀ	1
ਅਨੁਸੂਚਿਤ ਜਾਤੀਆਂ ਫੈਡਰੇਸ਼ਨ	1
ਕੁਮਿਉਨਿਸਟ ਪਾਰਟੀ	1
ਆਜ਼ਾਦ	8
ਕੁੱਲ	296

ਅਸਲ ਵਿਚ ਸੰਵਿਧਾਨ ਸਭਾ ਦੇ ਮੈਂਬਰ ਦੇਸ਼ ਦੀ ਵੰਡ ਤੋ ਬਾਅਦ ਚਾਰ ਭਾਗਾਂ ਵਿਚ ਵੰਡੇ ਹੋਏ ਸਨ :

(1) ਕਾਂਗਰਸ ਟਿਕਟ ਦੇ ਪ੍ਰਤੀਨਿਧੀ

(2) ਕਾਂਗਰਸ ਟਿਕਟ ਦੇ ਚੁਣੇ ਕੁਝ ਆਜ਼ਾਦ ਵਿਅਕਤੀ

(3) ਉਹ ਆਜ਼ਾਦ ਜਿਹੜੇ ਨਾਨ-ਕਾਂਗਰਸ ਦੇ ਪ੍ਰਾਂਤਕ ਵਿਧਾਨਕਾਰਾਂ ਦੀ ਪ੍ਰਤੀਨਿਧਤਾ ਕਰਦੇ ਸਨ ਜਿਹਨਾਂ ਵਿਚ ਛੋਟੀਆਂ ਪਾਰਟੀਆਂ ਦੇ ਪ੍ਰਤੀਨਿਧੀ ਵੀ ਸਨ।

(4) ਉਹ ਮੁਸਲਮਾਨ ਲੀਗ ਦੇ ਮੈਂਬਰ ਜੋ ਭਾਰਤ ਵਿਚ ਰਹੇ ਸਨ।

ਇਹ ਨੋਟ ਕਰਨਾ ਮਹੱਤਵਪੂਰਣ ਹੈ ਕਿ ਸੰਵਿਧਾਨ ਸਭਾ ਵਿਚ ਵਿਰੋਧੀ ਦਲ ਦੀ ਪ੍ਰਤੀਨਿਧਤਾ ਤੁੱਛ ਸੀ। ਚੌਥੇ ਦੇ ਸ਼ਬਦਾਂ ਵਿਚ, ''ਵਿਰੋਧੀ ਦਲ ਉੱਥੇ ਬੋਲਦਾ ਤਾਂ ਸੀ ਪਰ ਬੇਅਸਰ ਸੀ। ਉਹਨਾਂ ਦੀ ਪ੍ਰਭਾਵਹੀਣਤਾ ਦਾ ਸਭ ਤੋਂ ਵੱਡਾ ਕਾਰਣ ਸੀ ਇਕ ਸਾਂਝੇ ਸੰਘਰਸ਼ ਦੀ ਅਣਹੋਂਦ'' ਵਿਰੋਧੀ ਦਲ ਵਿਚ ਸਨ ਮੁਸਲਿਮ ਲੀਗ, ਅਕਾਲੀ, ਦੋ-ਤਿੰਨ ਕਾਂਗਰਸ ਸੋਸ਼ਲਿਸਟ ਅਤੇ ਫਾਰਵਰਡ ਬਲਾਕ ਦੇ ਮੈਂਬਰ।

ਪ੍ਰਾਂਤਿਕ ਆਜ਼ਾਦੀ ਅਤੇ ਘੱਟ ਗਿਣਤੀ ਦੇ ਅਧਿਕਾਰਾਂ ਦੀ ਮੰਗ ਬਹੁਤਾ ਕਰਕੇ ਨਾਨ-ਕਾਂਗਰਸ ਵਿਰੋਧੀ ਦਲ ਵੱਲੋਂ ਉਠਾਈ ਜਾਂਦੀ ਸੀ ਜਿਵੇ ਕਿ ਮੁਸਲਿਮ ਲੀਗ ਅਤੇ ਅਕਾਲੀ ਦਲ। ਸੰਵਿਧਾਨ ਦੇ ਮਹਾਨ ਸਮਾਜਵਾਦੀ ਆਧਾਰ ਦੀ ਮੰਗ ਬਹੁਤਾ ਕਰਕੇ ਕਾਂਗਰਸ ਵਿਰੋਧੀ ਦਲਾਂ ਵੱਲੋਂ ਉਠਾਈ ਗਈ। ਵਿਰੋਧੀ ਦਲਾਂ ਦੇ ਮੈਂਬਰਾਂ ਦੀ ਹਾਜ਼ਰੀ ਤੋਂ ਬਿਨਾਂ ਸਾਰਾ ਕੰਮਕਾਜ ਬੜਾ ਰੁੱਖਾ ਹੋਣਾ ਸੀ। ਐਚ.ਵੀ. ਕਾਮਥ, ਪੀ.ਐਸ. ਦੇਸ਼ਮੁੱਖ, ਆਰ.ਕੇ. ਸਿਧਵਾ, ਪ੍ਰਫੈਸਰ ਬਿਨਾਂ ਸਾਰਾ ਕੰਮਕਾਜ ਬੜਾ ਰੁੱਖਾ ਹੋਣਾ ਸੀ। ਐਚ.ਵੀ. ਕਾਮਥ, ਪੀ.ਐਸ. ਦੇਸ਼ਮੁਖ, ਆਰ.ਕੇ. ਸਿਧਵਾ, ਪ੍ਰਫੈਸਰ ਸ਼ਿਬਨ ਲਾਲ

ਸਕਸੈਨਾ, ਪੰਡਤ ਠਾਕੁਰ ਦਾਸ ਅਤੇ ਪੰਡਤ ਐਚ.ਐਨੀ ਕੂੰਜਰੂ ਜਿਹੇ ਮੈਂਬਰਾਂ ਦੀ ਹਾਜ਼ਰੀ ਨੇ ਕੇਵਲ ਸਭਾ ਦੀ ਕਾਰਵਾਈ ਵਿਚ ਜਾਨ ਹੀ ਨਹੀਂ ਪਾਈ, ਸਗੋਂ ਇਹਨਾਂ ਲੋਕਾਂ ਨੇ ਆਪਣੀਆਂ ਕੀਮਤੀ ਰਾਵਾਂ ਦੇ ਕੇ ਸੰਵਿਧਾਨ ਬਣਾਉਣ ਵਿਚ ਮਦਦ ਕੀਤੀ। ਤਾਂ ਵੀ ਵਿਰੋਧੀ ਦਲਾਂ ਦੇ ਮੈਂਬਰਾਂ ਵਿਚ ਅਨੁਸ਼ਾਸਿਤ ਸੰਗਠਨ ਨਹੀਂ ਸੀ। ਸੰਵਿਧਾਨਕ ਸਭਾ ਵਿਚ ਵਿਰੋਧੀ ਪਾਰਟੀ ਵਰਗੀ ਕੋਈ ਚੀਜ਼ ਨਹੀਂ ਸੀ, ਸਿਰਫ ਧੜੇ ਹੀ ਸਨ। ਵੱਧ ਤੋਂ ਵੱਧ ਉਹ ਆਪਣੀ ਰਾਏ ਦੱਸ ਸਕਦੇ ਸਨ, ਪਰ ਉਹਨਾਂ ਦੀ ਗਿਣਤੀ ਵਿਚ ਮਾੜੀ ਸਥਿਤੀ ਕਾਰਣ ਉਹਨਾਂ ਨੂੰ ਕਾਂਗਰਸ ਦੇ ਨਿਯੰਤਰਣ ਵਾਲੀ ਬਹੁ-ਗਿਣਤੀ ਦਾ ਦ੍ਰਿਸ਼ਟੀਕੋਣ ਮੰਨਣਾ ਪੈਂਦਾ।

ਸੰਵਿਧਾਨ ਸਭਾ ਵਿਚ ਕਾਂਗਰਸ ਦੀ ਪ੍ਰਬਲਤਾ ਅਤੇ ਇਸ ਦਾ ਸ੍ਰੇਣੀ-ਸੁਭਾਅ

ਇਹ ਮਹੱਤਵਪੂਰਣ ਗੱਲ ਹੈ ਕਿ ਕਾਂਗਰਸ ਨੇ ਰਾਸ਼ਟਰੀ ਰਾਜਨੀਤਿਕ ਸੰਗਠਨ ਹੋਣ ਕਰਕੇ ਸੰਵਿਧਾਨਕ ਸਭਾ ਵਿਚ ਬਹੁ-ਗਿਣਤੀ ਸੀਟਾਂ ਹੀ ਨਹੀਂ ਜਿੱਤੀਆਂ ਸਗੋਂ ਇਸ ਨੇ ਸੰਸਦ ਅਤੇ ਅੰਤਰਿਮ ਸਰਕਾਰ ਦਾ ਕੰਮ ਵੀ ਕੀਤਾ। ਅਸਲ ਵਿਚ ਕਾਂਗਰਸ ਤਾਂ ਸਭ ਕੁਝ ਸੀ-ਪਾਰਟੀ, ਸਰਕਾਰ, ਸੰਵਿਧਾਨਕ ਸਭਾ ਵਿਚ ਕਾਂਗਰਸ ਦੀ 69 ਪ੍ਰਤੀਨਿਧਤਾ ਸੀ ਅਤੇ ਭਾਰਤ ਦੀ ਵੰਡ ਤੋਂ ਬਾਅਦ ਇਸ ਦੀ ਗਿਣਤੀ 80 ਹੋ ਗਈ। ਆਸਟਿਨੀ ਦੇ ਸ਼ਬਦਾਂ ਵਿਚ, ਸੰਵਿਧਾਨਕ ਸਭਾ ਇਕ ਪਾਰਟੀ ਦੀ ਸਭਾ ਸੀ ਇਕ ਪਾਰਟੀ ਦੇ ਦੇਸ਼ ਵਿਚ ਸਭਾ ਕਾਂਗਰਸ ਸੀ ਅਤੇ ਕਾਂਗਰਸ ਭਾਰਤ ਸੀ। ਕਾਂਗਰਸ ਦੀ ਪ੍ਰਬਲਤਾ ਦੇ ਕਾਰਣ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਰਤ ਦਾ ਸੰਵਿਧਾਨ ਤਾਂ ਕਾਂਗਰਸ ਦੀ ਦੇਣ ਹੈ। ਸਗੋਂ ਗੱਲ ਤਾਂ ਇਉਂ ਹੈ ਕਿ ਇਹ ਤਾਂ ਇਕ ਚੋਟੀ ਦੇ ਆਗੂਆਂ ਦਾ ਛੋਟਾ ਜਿਹਾ ਭਾਗ ਸੀ ਜਿਸ ਨੇ ਸੰਵਿਧਾਨ ਦੀ ਬਣਤਰ ਵਿਚ ਮਹੱਤਵਪੂਣ ਭੂਮਿਕਾ ਨਿਭਾਈ ਸੀ। ਆਸਟਿਨ ਅਨੁਸਾਰ ਚੋਟੀ ਦੇ ਲੀਡਰ : ਨਹਿਰੂ, ਪਟੇਲ, ਪ੍ਰਸ਼ਾਦ ਅਤੇ ਆਜ਼ਾਦ ਹੀ ਆਮ ਤੌਰ ਤੇ ਮਹੱਤਵਪੂਰਣ ਨਿਰਣੇ ਲੈਂਦੇ ਸਨ ਅਤੇ ਫਿਰ ਡਰਾਫਟਿੰਗ ਕਮੇਟੀ ਨੂੰ ਉਹਨਾਂ ਅਨੁਸਾਰ ਬੋਲੀ ਘੜਨ ਲਈ ਪ੍ਰੇਰਿਤ ਕਰਦੇ ਸਨ। ਉਸ ਸਮੇਂ ਚੋਟੀ ਦੇ ਲੀਡਰ ਸਭਾ ਦੀਆਂ ਡੀਬੇਟਾਂ ਵਿਚ ਵੀ ਏਨਾ ਹੀ ਪ੍ਰਭਾਵਸ਼ਾਲੀ ਹਿੱਸਾ ਪਾਉਂਦੇ ਸਨ। ਨਤੀਜੇ ਵੱਜੋਂ ਜਾਂ ਤਾਂ ਸਭਾ ਇਹਨਾਂ ਲੀਡਰਾਂ ਦੇ ਪ੍ਰਭਾਵ ਹੇਠ ਆ ਜਾਂਦੀ ਜਾਂ ਕਈ ਵਾਰ ਸੁਭਾਵਿਕ ਵਿਰੋਧੀਆਂ ਨੂੰ ਨਿਯੰਤਰਣ ਹੇਠ ਰੱਖਣ ਲਈ ਇਕ ਸੁਚੇਤਕ ਲਾਗੂ ਕੀਤਾ ਜਾਂਦਾ ਸੀ। ਕਾਂਗਰਸ ਵਿਚ ਮੁੱਖ ਤੌਰ ਤੇ ਦੋ ਗਰੁੱਪ ਕਾਰਜ ਕਰ ਰਹੇ ਸਨ। ਉਦਾਰਤਾਵਾਦੀ-ਆਰਦਸ਼ਵਾਦੀ ਲੀਡਰਾਂ ਦਾ ਮੋਹਰੀ ਜਵਾਹਰ ਲਾਲ ਨਹਿਰੂ ਸੀ। ਅਨਉਦਾਰ ਦਲ ਦਾ ਆਗੂ ਸੀ ਸਰਦਾਰ ਵੱਲਭ ਭਾਈ ਪਟੇਲ। ਸੰਗਠਨ ਦੀ ਵਿਸ਼ੇਸ਼ਤਾ ਕਰਕੇ ਸੰਵਿਧਾਨ ਲਿਖਣ ਵਿਚ ਕਾਂਗਰਸ ਇਕ ਸਹਿਮਤੀ ਵਾਲਾ ਰਵੱਈਆ ਨਾ ਅਪਣਾ ਸਕੀ। ਆਸਟਿਨ ਅਨੁਸਾਰ ਸਭਾ ਵਿਚ ਬਹੁਤੀ ਵਾਰ ਬਾਦ ਦੁਪਹਿਰ ਚਰਚਾਵਾਂ ਭਰਪੂਰ, ਖੁੱਲ੍ਹੀਆਂ ਹੁੰਦੀਆਂ ਅਤੇ ਕਦੀ ਇਹ ਬਹਿਸਾਂ ਜ਼ਿਆਦਾ ਗਰਮ ਅਤੇ ਕੋੜੀਆਂ ਵੀ ਹੋ ਜਾਂਦੀਆਂ। ਕਈਆ ਮਾਮਲਿਆਂ, ਜਿਵੇਂ ਕਿ ਪਬਲਿਕ ਨੌਕਰੀਆਂ, ਸੰਪੱਤੀ ਅਤੇ ਨਿੱਜੀ ਆਜ਼ਾਦੀ ਸੰਬੰਧੀ ਨਿਯਮ ਸੰਘੀ ਧਾਰਾਵਾਂ ਅਤੇ ਬੋਲ, ਬਾਰੇ ਕਾਂਗਰਸ ਵਿਚ ਵਿਚਾਰਾਂ ਦੀ ਭਿੰਨਤਾ ਸਾਫ ਨਜ਼ਰ ਆਉਂਦੀ ਸੀ।ਤਾਂ ਵੀ ਇਹ ਮਹੱਤਵਪੂਰਣ ਗੱਲ ਹੈ ਕਿ ਆਜ਼ਾਦੀ ਦੀ ਲਹਿਰ ਦੇ ਚਾਰ ਪ੍ਰਮੁੱਖ ਨਾਇਕਾਂ (ਨਹਿਰੂ, ਪਟੇਲ, ਪ੍ਰਸਾਦ ਅਤੇ ਆਜ਼ਾਦ) ਦਾ ਸੰਵਿਧਾਨ ਬਣਨ ਸਮੇਂ ਦਬਦਬਾ ਚਲਦਾ ਰਿਹਾ ਜਿਵੇਂ ਇਹ ਆਜ਼ਾਦੀ ਤੋਂ ਪਹਿਲਾਂ ਚਲਦਾ ਸੀ। ਆਸਟਿਨ ਅਨੁਸਾਰ ਵੀਹ ਵਿਅਕਤੀ ਸਨ (ਇਹਨਾਂ ਚਾਰਾਂ ਦੇ ਸਮੇਤ) ਜੋ ਵੱਖਰੇ ਵੱਖਰੇ ਪਿਛੋਕੜਾਂ, ਵਿਅਕਤਿਤਵਾਂ ਅਤੇ ਯੋਗਤਾਵਾਂ ਵਾਲੇ ਸਨ ਜਿਹੜੇ ਸੰਵਿਧਾਨ ਦੇ ਬਣਾਉਣ ਵਿਚ ਪ੍ਰਬਲ ਰਹੇ। ਸਭ ਯੂਨੀਵਰਸਿਟੀਆਂ ਦੇ ਗਰੈਜੂਏਟ ਸਨ। ਦੋਹਾਂ ਕੋਲ ਯੂਨੀਵਰਸਿਟੀ ਪੱਧਰ ਜਾਂ ਇਸ ਦੇ ਬਰਾਬਰ ਦੀ ਵਿਦੇਸ਼ ਤੋਂ ਸਿੱਖਿਆ ਲਈ ਹੋਈ ਸੀ। ਇਹ ਸਨ ਨਹਿਰੂ, ਪਟੇਲ, ਅੰਬੇਦਕਰ ਅਤੇ ਆਜ਼ਾਦ। ਬਾਰਾਂ ਵਕੀਲ ਸਨ ਜਾਂ ਉਹਨਾਂ ਕੋਲ ਕਾਨੂੰਨ ਦੀਆਂ ਡਿਗਰੀਆਂ ਸਨ, ਇਕ ਡਾਕਟਰ ਸੀ, ਦੋ ਪਹਿਲਾਂ ਅਧਿਆਪਕ ਰਹੇ ਸਨ, ਤਿੰਨ ਸਿਵਲ ਸਰਕਾਰ ਵਿਚ ਬਹੁਤ ਵੱਡੇ ਪੱਧਰ ਦੇ ਅਫਸਰ ਰਹੇ ਸਨ, ਇਕ ਵਪਾਰੀ ਸੀ, ਦੋ ਮੁਸਲਮਾਨ ਸਨ, ਇਕ ਇਸਾਈ ਅਤੇ ਬਾਕੀ ਹਿੰਦੂ ਸਨ। ਹਿੰਦੂਆਂ ਵਿਚੋਂ ਅੰਬੇਦਕਰ ਅਨੁਸੂਚਿਤ ਜਾਤੀਆਂ ਚੋ ਸੀ, ਤਿੰਨ ਬ੍ਰਾਹਮਣ ਸਨ, ਦੂਜੇ ਸੱਤ ਉਚ ਜਾਤੀ ਦੇ ਨਹੀਂ ਸਨ। ਵੀਹਾਂ ਵਿਚੋਂ ਪੰਜ ਕਦੀ ਵੀ ਕਾਂਗਰਸ ਦੇ ਮੈਂਬਰ ਨਹੀਂ ਰਹੇ ਸਨ। ਇਹ ਵੀ ਨੋਟ ਕਰਨਾ ਜ਼ਰੂਰੀ ਹੈ ਕਿ ਮਹੱਤਵਪੂਰਣ ਗਰੁੱਪ ਵਕੀਲਾਂ ਦਾ ਸੀ ਜਿਸ ਨੇ ਭਾਰਤੀ ਸੰਵਿਧਾਨ ਬਣਾਉਣ ਵਿਚ ਉੱਘਾ ਹਿੱਸਾ ਪਾਇਆ। ਨਹਿਰੂ, ਪਟੇਲ, ਰਜਿੰਦਰ ਪ੍ਰਸਾਦ, ਕੇ.ਐਮ. ਮੁਨਸ਼ੀ, ਜੀ. ਆਇੰਗਰ,

ਬੀ.ਆਰ. ਅੰਬੇਦਕਰ ਅਤੇ ਬੀ.ਐਲ. ਮਿੱਤਲ ਸਭ ਵਕੀਲ ਸਨ ਅਤੇ ਇਹਨਾਂ ਸਭਨਾ ਨੇ ਨਹਿਰੂ ਅਤੇ ਪਟੇਲ ਦੇ ਗਰੁੱਪਾਂ ਨੂੰ ਪ੍ਰਵਾਣਿਤ ਫਾਰਮੂਲੇ ਲੱਭਣ ਵਿਚ ਬੜੀ ਜ਼ਰੂਰੀ ਭੂਮਿਕਾ ਨਿਭਾਈ।

ਅਸਲ ਵਿਚ ਭਾਰਤੀ ਸੰਵਿਧਾਨਕ ਸਭਾ ਵਿਚ ਕਾਂਗਰਸ ਦੇ ਉਹਨਾਂ ਲੀਡਰਾਂ ਦੀ ਪ੍ਰਬਲਤਾ ਸੀ ਜਿਹੜੇ ਸਮਾਜ ਦੇ ਉਪਰਲੇ ਵਰਗ ਵਿਚੋਂ ਸਨ। ਭਾਵੇਂ ਸੰਵਿਧਾਨਕ ਸਭਾ ਵਿਚ ਹਿੰਦੂਆਂ ਦੀ ਪ੍ਰਬਲਤਾ ਸੀ, ਤਾਂ ਵੀ ਭਾਰਤ ਦੇ ਹੋਰ ਸਾਰੇ ਫਿਰਕਿਆਂ ਦੀ ਕਾਫੀ ਪ੍ਰਤੀਨਿਧਤਾ ਸੀ। 1946 ਨੂੰ ਸੰਵਿਧਾਨਕ ਸਭਾ ਦੇ ਮੈਂਬਰਾਂ ਦੀ ਫਿਰਕਿਆਂ ਦੇ ਆਧਾਰ ਤੇ ਗਿਣਤੀ ਨਿਮਨ ਲਿਖਤ ਸੀ :

ਹਿੰਦੂ	163
ਸ਼ੈਡੂਲਡ ਕਾਸਟ ਫੈਡਰੇਸ਼ਨ	31
ਸਿੱਖ	4
ਭਾਰਤੀ ਈਸਾਈ	6
ਪਿਛੜੇ ਕਬੀਲੇ	6
ਐਂਗਲੋਂ ਇੰਡੀਅਨ	3
ਪਾਰਸੀ	3
ਮੁਸਲਮਾਨ	80
ਜੋੜ	296

ਇਸ ਲਈ ਨੋਟ ਕਰਨਾ ਚਾਹੀਦਾ ਹੈ ਕਿ ਹਰ ਭਾਰਤੀ ਫਿਰਕੇ, (ਭਾਵੇਂ ਉਸ ਫਿਰਕੇ ਦੇ ਪ੍ਰਤੀਨਿਧਾਂ ਦੀ ਕਿਸੇ ਵੀ ਪਾਰਟੀ ਨਾਲ ਸੰਪਰਕ ਕਿਉਂ ਨਾ ਹੋਏ) ਦੀ ਅਸੈਂਬਲੀ ਵਿਚ ਪ੍ਰਤੀਨਿਧਤਾ ਸੀ। ਇਸ ਲਈ ਇਹ ਕਹਿਣਾ ਕਿ ਅਸੈਂਬਲੀ ਵਿਚ ਕੇਵਲ ਭਾਰਤ ਦੇ ਇਕ ਹੀ ਫਿਰਕੇ ਦੀ ਪ੍ਰਤੀਨਿਧਤਾ ਸੀ ਜਾਂ ਇਹ ਹਿੰਦੂਆਂ ਦੀ ਸਭਾ ਸੀ, ਇਹ ਤੱਥਾਂ ਦੇ ਬਿਲਕੁਲ ਉਲਟ ਹੈ। ਇਸ ਲਈ ਅਸੈਂਬਲੀ ਦੇ ਮੈਂਬਰ ਵੱਸੋਂ ਦੇ ਹਰ ਪੱਖ ਦੀ ਪ੍ਰਤੀਨਿਧਤਾ ਕਰਦੇ ਸਨ। ਵਾਸਤਵ ਵਿਚ ਘੱਟ ਗਿਣਤੀਆਂ ਦੇ 88 ਮੈਂਬਰ ਸਨ ਜੋ ਸੰਵਿਧਾਨਕ ਸਭਾ ਦੇ ਮੈਂਬਰਾਂ ਦਾ 37% ਬਣਦਾ ਹੈ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਪ੍ਰਤੀਨਿਧ ਕਾਂਗਰਸ ਟਿਕਟਾਂ ਤੇ ਚੁਣੇ ਗਏ ਸਨ ਅਤੇ ਇਸ ਲਈ ਇਸ ਪਾਰਟੀ ਨਿਯੰਤਰਣ ਅਧੀਨ ਸਨ। ਉਹ ਅਜਿਹਾ ਪੱਖ ਨਹੀਂ ਲੈ ਸਕਦੇ ਸਨ ਜਿਹੜਾ ਕਾਂਗਰਸ ਪਾਰਟੀ ਦੇ ਖੁਲ੍ਹੇ ਆਦਰਸ਼ਾਂ ਵਿਰੁੱਧ ਹੋਵੇ।

ਮੁਲਾਂਕਣ

ਨਿਰਸੰਦੇਹ ਸੰਵਿਧਾਨਕ ਸਭਾ ਨੇ ਸ਼ਲਾਘਾਯੋਗ ਕੰਮ ਕੀਤਾ ਅਤੇ ਇਕ ਅਜਿਹਾ ਸੰਵਿਧਾਨ ਤਿਆਰ ਕੀਤਾ ਜਿਸ ਨੇ ਭਾਰਤੀ ਸਮਾਜ ਨੂੰ ਬਹੁਤ ਹੱਦ ਤੱਕ ਸੰਗਠਿਤ ਕੀਤਾ। ਅਸੈਂਬਲੀ ਉਹਨਾਂ ਬਹਾਦਰ ਆਜ਼ਾਦੀ ਦੇ ਪ੍ਰਵਾਨਿਆਂ ਦੀ ਬਣੀ ਹੋਈ ਸੀ ਜਿਨ੍ਹਾਂ ਨੇ ਸਾਡੇ ਦੇਸ਼ ਦੀ ਆਜ਼ਾਦੀ ਲਈ ਸ਼ਾਨਦਾਰ ਭੂਮਿਕਾ ਨਿਭਾਈ ਸੀ। ਕੋਈ ਵੀ ਵਿਅਕਤੀ ਉਹਨਾਂ ਦੀ ਨੇਕ ਨੀਤੀ ਤੇ ਮਿਹਨਤ ਤੇ ਸ਼ੱਕ ਨਹੀਂ ਕਰ ਸਕਦਾ, ਜਿਸ ਕਾਰਣ ਉਹਨਾਂ ਨੇ ਇਕ ਇਤਿਹਾਸਕ ਲਿਖਤ ਤਿਆਰ ਕੀਤੀ ਜਿਸ ਨਾਲ ਭਾਰਤੀ ਲੋਕਾਂ ਲਈ ਇਕ ਨਵਾਂ ਯੁੱਧ ਸ਼ੁਰੂ ਹੋਇਆ ਜਿਸ ਨਾਲ ਉਹ ਇਕ ਆਜ਼ਾਦ ਸਮਾਜ ਦੇ ਆਦਰਸ਼ ਪੂਰੇ ਕਰ ਸਕਦੇ ਸਨ।

ਤਾਂ ਵੀ ਆਲੋਚਕਾਂ ਨੇ ਸੰਵਿਧਾਨਕ ਸਭਾ ਦੀ ਬਣਤਰ ਬਾਰੇ ਆਪਣੇ ਆਪਣੇ ਸ਼ੱਕ ਜ਼ਾਹਿਰ ਕੀਤੇ ਹਨ। ਕਿਉਂਕਿ ਕਾਂਗਰਸ ਪਾਰਟੀ ਦੀ ਪ੍ਰਬਲ ਬਹੁ-ਗਿਣਤੀ ਸੀ, ਇਸ ਲਈ ਸੰਵਿਧਾਨ ਨੂੰ ਇਕ ਕਾਂਗਰਸੀ ਲਿਖ਼ਤ ਕਿਹਾ ਗਿਆ। ਵਾਸਤਵ ਵਿਚ ਕਾਂਗਰਸ ਦਾ ਛੋਟਾ ਜਿਹਾ ਅਲਪਤੰਤਰ ਗਰੁੱਪ ਮੀਟਿੰਗ ਕਰਦਾ ਸੀ ਅਤੇ ਇਸ ਦੇ ਫੈਸਲਿਆਂ ਨੂੰ ਸੁਚੇਤਕ ਦੇ ਡਰ ਹੇਠ ਪੱਕਾ ਕਰ ਦਿੱਤਾ ਜਾਂਦਾ।

ਨਿਰਸੰਦੇਹ ਸਮਾਜ ਦੇ ਦੂਜੇ ਭਾਗਾਂ ਦੀ ਪ੍ਰਤੀਨਿਧਤਾ ਸੀ ਪਰ ਇਹ ਇੰਨੀ ਥੋੜ੍ਹੀ ਸੀ ਕਿ ਉਹਨਾਂ ਦੇ ਵਿਚਾਰਾਂ ਦਾ ਅਸਰ ਘੱਟ ਹੀ ਹੁੰਦਾ ਸੀ। ਦੂਜੇ ਸ਼ਬਦਾਂ ਵਿਚ, ਅਸੀਂ ਦੇਖ ਸਕਦੇ ਹਾਂ ਕਿ ਅਸੈਂਬਲੀ ਵਿਚ ਅਸਰਦਾਰ ਵਿਰੋਧੀ ਦਲ ਨਹੀਂ ਸੀ, ਜਿਸ ਕਰਕੇ ਕਾਂਗਰਸ ਨੂੰ ਸੰਵਿਧਾਨ ਵਿਚ ਆਪਸੀ ਇੱਛਾ ਦੀਆਂ ਗੱਲਾਂ ਪਾਉਣ ਵਿਚ ਕੋਈ ਔਕੜ ਨਾ ਹੋਈ। ਏਥੇ ਯਾਦ ਰੱਖਣ ਦੀ ਲੋੜ ਹੈ ਕਿ ਸੰਵਿਧਾਨਕ ਸਭਾ ਵਿਚ ਕਮਿਊਨਿਸਟ ਪਾਰਟੀ,

ਸੋਸ਼ਲਿਸਟ ਪਾਰਟੀ ਅਤੇ ਹਿੰਦੂ ਮਹਾਂਸਭਾ ਦੇ ਕੋਈ ਵੀ ਪ੍ਰਤੀਨਿਧੀ ਨਹੀਂ ਸੀ।

ਇਕ ਹੋਰ ਗੰਭੀਰ ਦੋਸ਼ ਸੰਵਿਧਾਨਕ ਸਭਾ ਦੇ ਪ੍ਰਤੀਨਿਧ ਲੱਛਣ ਵਿੱਚ ਸੀ। ਸਭਾ ਦੇ ਮੈਂਬਰ ਪ੍ਰਾਂਤਕ ਵਿਧਾਨ ਸਭਾਵਾਂ ਦੇ ਮੈਬਰਾਂ ਦੁਆਰਾ ਅਸਿੱਧੇ ਰੂਪ ਵਿਚ ਚੁਣੇ ਗਏ ਸਨ। ਇਸ ਦਾ ਸਾਫ ਅਰਥ ਇਹ ਬਣਿਆ ਕਿ ਅਜਿਹੀ ਸਭਾ, ਜਿਸ ਨੂੰ ਇਕ ਛੋਟੀ ਗਿਣਤੀ ਦੇ ਚੁਣੇ ਹੋਏ ਮੈਂਬਰਾਂ ਨੇ ਚੁਣਿਆ ਹੋਵੇ, ਨੂੰ ਲੋਕਾਂ ਦੀ ਪ੍ਰਤੀਨਿਧ ਨਹੀਂ ਕਿਹਾ ਜਾ ਸਕਦਾ। ਇਸ ਦਾ ਅਰਥ ਹੋਇਆ ਕਿ ਸੰਵਿਧਾਨਕ ਸਭਾ ਨੂੰ ਲੋਕਾਂ ਵੱਲੋਂ ਕੋਈ ਅਧਿਕਾਰ ਨਹੀਂ ਦਿੱਤਾ ਗਿਆ। ਇਕ ਲੋਕਤੰਤਰ ਵਿਚ ਸੰਵਿਧਾਨਕ ਸਭਾ ਸਰਵਜਨਕ ਬਾਲਗ ਵੋਟਾਂ ਨਾਲ ਚੁਣੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਲੋਕਾਂ ਦੀਆਂ ਆਸ਼ਾਵਾਂ ਦੀ ਪ੍ਰਤੀਨਿਧਤਾ ਕਰ ਸਕੇ। ਜਿੱਥੋਂ ਤੱਕ ਸਾਡੀ ਭਾਰਤੀ ਸੰਵਿਧਾਨਕ ਸਭਾ ਦਾ ਸੰਬੰਧ ਹੈ, ਇਹ ਨਹੀਂ ਸੀ।

ਦੂਜਾ ਦੇਸੀ ਰਿਆਸਤਾਂ ਦੀ ਪ੍ਰਤੀਨਿਧਤਾ ਕਰਨ ਦੇ ਤਰੀਕੇ ਦੋਸ਼ ਪੂਰਣ ਸਨ ਕਿਉਂਕਿ ਦੇਸੀ ਰਿਆਸਤਾਂ ਵਿਚ ਭਾਰਤ ਦੀ ਕੁਲ ਵਸੋਂ ਦੇ 40% ਲੋਕਾਂ ਨੂੰ ਸੰਵਿਧਾਨਕ ਸਭਾ ਵਿਚ ਕੋਈ ਪ੍ਰਤੀਨਿਧਤਾ ਨਾ ਦਿੱਤੀ ਗਈ। ਵਾਸਤਵ ਵਿਚ ਦੇਸੀ ਰਿਆਸਤਾਂ ਨੂੰ ਅਲਾਟ ਕੀਤੀਆਂ ਸੀਟਾਂ ਨੂੰ ਰਾਜਿਆਂ ਦੀ ਨਾਮਜ਼ਦਰਗੀ ਦੁਆਰਾ ਭਰਿਆ ਗਿਆ ਸੀ। ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਭਾਰਤੀ ਸਮਾਜ ਦੇ ਗਰੀਬ ਵਰਗਾਂ ਦੇ ਕੋਈ ਪ੍ਰਤੀਨਿਧ ਨਹੀਂ ਸਨ ਅਤੇ ਇਹ ਸ਼ਾਨਦਾਰ ਸਭਾ ਵਕੀਲ ਰਾਜਨੀਤਕਾਂ ਨਾਲ ਭਰੀ ਹੋਈ ਸੀ। ਇਹਨਾਂ ਲੋਕਾਂ ਨੂੰ ਭਾਰਤ ਦੀ ਬਹੁਤ ਵੱਡੀ ਗਿਣਤੀ ਦੇ ਲੋਕਾਂ ਦੀ ਬੇਹਤਰੀ ਬਾਰੇ ਕੋਈ ਸਾਫ ਦੂਰਦ੍ਰਿਸ਼ਟੀ ਨਹੀਂ ਸੀ। ਜਿਸ ਕਰਕੇ ਸੰਵਿਧਾਨ ਸਾਡੇ ਦੇਸ਼ ਵਿਚ ਇਕ ਸਮਾਜਿਕ-ਆਰਥਿਕ ਕ੍ਰਾਂਤੀ ਲਿਆਉਣ ਵਿਚ ਅਸਮਰਥ ਰਿਹਾ।

ਇਹਨਾਂ ਤਰੁੱਟੀਆਂ ਦੇ ਬਾਵਜੂਦ ਅਸੀਂ ਇਸ ਸੱਚਾਈ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੇ ਕਿ ਭਾਰਤ ਉਦੋਂ ਗੰਭੀਰ ਸਮੇਂ ਵਿਚੋਂ ਲੰਘ ਰਿਹਾ ਸੀ। ਵੰਡ ਦੇ ਜਖਮ ਅਜੇ ਅੱਲੇ ਸਨ। ਪਾਕਿਸਤਾਨੀ ਧਾੜਵੀਆਂ ਨੇ ਕਸ਼ਮੀਰ ਤੇ ਤਾਕਤ ਨਾਲ ਕਬਜ਼ਾ ਕਰਨ ਲਈ ਹੱਲਾਲ ਕੀਤਾ ਸੀ। 562 ਦੇਸੀ ਰਿਆਸਤਾਂ ਦਾ ਗੰਭੀਰ ਮਸਲਾ ਦੇਸ਼ ਦੀ ਏਕਤਾ ਲਈ ਵੱਡਾ ਖਤਰਾ ਬਣਿਆ ਹੋਇਆ ਸੀ। ਇਹਨਾਂ ਵੰਗਾਰ ਰਹੀਆਂ ਸਥਿਤੀਆਂ ਨੂੰ ਸਾਹਮਣੇ ਰੱਖ ਕੇ ਇਹ ਉਚਿਤ ਸਮਝਿਆ ਗਿਆ ਕਿ ਜਲਦੀ ਤੋਂ ਜਲਦੀ ਸੰਵਿਧਾਨ ਤਿਆਰ ਕੀਤਾ ਜਾਵੇ ਤਾਂ ਕਿ ਨਵੇਂ ਰਾਸ਼ਟਰ ਦੇ ਜਨਮ ਦੀ ਘੋਸ਼ਣਾ ਕੀਤੀ ਜਾਵੇ। ਭਾਰਤ ਦਾ ਸੰਵਿਧਾਨ ਯੋਗ ਸੋਚ ਵਿਚਾਰ ਅਤੇ ਲੋਕਤੰਤਰੀ ਤਰੀਕੇ ਨਾਲ ਬਣਾਇਆ ਗਿਆ ਹੈ। ਭਾਰਤੀ ਸੰਵਿਧਾਨ ਦੇ ਜਨਮ ਨਿਰਮਾਤਾਵਾਂ ਨੇ ਆਪਣੀਆਂ ਉਚਤਮ ਸੇਵਾਵਾਂ ਲਾ ਕੇ ਲਿਖਤ ਤਿਆਰ ਕੀਤੀ ਜਿਹੜੀ ਗੰਭੀਰਤਾ ਨਾਲ ਭਾਰਤੀ ਲੋਕਾਂ ਨੂੰ ਸੌਂਪੀ ਗਈ ਹੈ। ਹੁਣ ਇਹ ਭਾਰਤੀ ਲੋਕਾਂ ਦੇ ਵਸ ਹੈ ਕਿ ਉਹ ਇਸ ਨੂੰ ਆਪਣੇ ਸੁਪਨਿਆਂ ਦੀ ਪੂਰਤੀ ਲਈ ਇਕ ਵਸੀਲਾ ਬਣਾ ਕੇ ਵਰਤਣ।

1.1.7 ਸੰਵਿਧਾਨ ਅਸੈਂਬਲੀ ਦੇ ਉਪਬੰਧ (ਕੈਬਨਿਟ ਮਿਸ਼ਨ ਪਲਾਨ ਅਧੀਨ)

ਕੈਬਨਿਟ ਮਿਸ਼ਨ ਯੋਜਨਾ ਦੇ ਦੂਜੇ ਭਾਗ ਵਿਚ ਇਹ ਕੋਸ਼ਿਸ਼ ਕੀਤੀ ਗਈ ਸੀ ਕਿ ਸੰਵਿਧਾਨ ਅਸੈਂਬਲੀ ਦੀ ਭਾਰਤੀ ਮੰਗ ਨੂੰ ਪੂਰਾ ਕੀਤਾ ਜਾਵੇ। ਜੇਕਰ ਯੋਜਨਾ ਦੇ ਕੁਝ ਆਲੋਚਕਾਂ ਨੇ ਬਰਤਾਨਵੀ ਪ੍ਰਯੋਜਿਤ ਅਸੈਂਬਲੀ ਦੀ ਮਨਜ਼ੂਰੀ ਦਾ ਵਿਰੋਧ ਕੀਤਾ ਸੀ ਤਾਂ ਵੀ ਕਾਂਗਰਸੀ ਨੇਤਾਵਾਂ ਨੇ ਇਸ ਦੇ ਨਾਲ ਸੰਤੋਸ਼ ਜ਼ਾਹਿਰ ਕੀਤਾ। ਵਾਸਤਵ ਵਿਚ ਉਨ੍ਹਾਂ ਨੇ ਇਸ ਨੂੰ ਇੱਕ ਵੱਡੀ ਰਿਆਇਤ ਮੰਨਿਆ। ਕਿਉਂਕਿ ਇਸ ਵਿਚ ਕੁਝ ਪ੍ਰਸੰਸ਼ਾ ਯੋਗ ਵਿਸ਼ੇਸ਼ਤਾਵਾਂ ਸਨ। ਤਜਵੀਜ਼ ਕੀਤੀ ਸੰਵਿਧਾਨਿਕ ਅਸੈਂਬਲੀ ਦਾ ਨਿਰਮਾਣ ਲੋਕਤੰਤਰੀ ਆਧਾਰ ਤੇ ਹੋਣਾ ਸੀ ਜਿੱਥੋਂ ਤੱਕ ਹਰ ਪ੍ਰਾਂਤ ਨੂੰ ਉਸ ਦੀ ਆਬਾਦੀ ਦੇ ਅਨੁਸਾਰ ਸੀਟਾਂ ਮਿਲਣੀਆਂ ਸਨ, ਅਲਪ ਵਰਗ ਨੂੰ ਵਜਨ ਦੇਣ ਦੇ ਸਿਧਾਂਤ ਨੂੰ ਰੱਦ ਕਰ ਦਿੱਤਾ ਗਿਆ ਸੀ। ਸੰਵਿਧਾਨਿਕ ਪ੍ਰਤੀਨਿਧਤਾ ਐਂਗਲੋਂ-ਇੰਡੀਅਨ, ਭਾਰਤੀ ਈਸਾਈ ਅਤੇ ਹੋਰ ਬਹੁਤ ਸਾਰੇ ਹਿੱਤਾਂ ਨੂੰ ਦਿੱਤਾ ਗਿਆ ਸੀ ਜਿਹੜੇ 1935 ਦੇ ਐਕਟ ਵਿਚ ਸਰਕਾਰ ਨੇ ਸਵੀਕਾਰ ਕੀਤੇ ਸਨ। ਇਸ ਦੇ ਇਲਾਵਾ ਸੰਵਿਧਾਨਕ ਅਸੈਂਬਲੀ ਦੇ ਸਾਰੇ ਮੈਂਬਰ ਭਾਰਤੀ ਹੋਣੇ ਸਨ। ਇਸ ਵਿਚ ਕੇਵਲ ਇਕ ਗੈਰ-ਭਾਰਤੀ ਸ਼ਾਮਿਲ ਹੋਣਾ ਸੀ। ਸੰਵਿਧਾਨਕ ਅਸੈਂਬਲੀ ਦੀ ਕਾਰਵਾਈ ਵਿਚ ਬਰਤਾਨਵੀ ਸਰਕਾਰ ਜਾਂ ਉਸ ਦੇ ਅਧਿਕਾਰੀ ਸਨ। ਤਜਵੀਜ਼ ਕੀਤੀ ਗਈ ਸੰਵਿਧਾਨਕ ਅਸੈਂਬਲੀ ਦੇ ਇਨ੍ਹਾਂ ਗੁਣਾਂ ਨਾਲ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਬੜੇ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ 7 ਜੁਲਾਈ, 1946 ਦੇ ਭਾਸ਼ਣ ਵਿਚ ਇਹ ਕਿਹਾ, ''ਮੈਂ ਉਨ੍ਹਾਂ ਲੋਕਾਂ ਨਾਲ ਸਹਿਮਤ ਨਹੀਂ ਹਾਂ ਜਿਹੜੇ ਇਹ ਕਹਿੰਦੇ ਹਨ ਕਿ ਸੰਵਿਧਾਨਕ ਅਸੈਂਬਲੀ ਵਿਚ ਜਾਲ ਹੈ। ਅਸੀਂ ਇਸ ਨੂੰ ਆਪਣੇ ਸੰਘਰਸ਼ ਦੇ ਨਤੀਜੇ ਦੇ ਤੌਰ ਤੇ ਪ੍ਰਾਪਤ ਕੀਤਾ ਹੈ ਅਤੇ ਇਹ ਇਕ ਵੱਡੀ ਪ੍ਰਾਪਤੀ ਹੈ ਇਸ ਰਾਹੀਂ ਅਸੀਂ ਆਪਣੀਆਂ ਬਹੁਤ ਪੁਰਾਣੀਆਂ ਇੱਛਾਵਾਂ

ਪ੍ਰਾਪਤ ਕਰ ਸਕਦੇ ਹਾਂ। ਸੰਵਿਧਾਨ ਅਸੈਂਬਲੀ ਦੇ ਦਰਵਾਜ਼ੇ ਸਾਡੇ ਲਈ ਖੁੱਲ੍ਹੇ ਹਨ ਜਿਸ ਨਾਲ ਅਸੀਂ ਆਪਣਾ ਸੰਵਿਧਾਨ ਤਿਆਰ ਕਰ ਸਕਦੇ ਹਾਂ, ਮਿਹਰਬਾਨੀ ਕਰਕੇ ਇਸ ਵਿਚ ਪ੍ਰਵੇਸ਼ ਕਰੋ ਅਤੇ ਸੰਵਿਧਾਨ ਤਿਆਰ ਕਰਨ ਦਾ ਕੰਮ ਪੂਰਨ ਕਰੋ। ਮਹਾਤਮਾ ਗਾਂਧੀ, ਸਰਦਾਰ ਪਟੇਲ ਅਤੇ ਜਵਾਹਰ ਲਾਲ ਨਹਿਰੂ ਦੇ ਵੀ ਇਹੋ ਹੀ ਵਿਚਾਰ ਸਨ। ਮਹਾਤਮਾ ਗਾਂਧੀ ਨੇ ਇਹ ਗੱਲ ਨੋਟ ਕੀਤੀ, ਮੈਂ ਜਾਣਦਾ ਹਾਂ ਕਿ ਇਸ ਨੂੰ ਸੁਆਰਨਾ ਸਾਡੀ ਸ਼ਕਤੀ ਵਿਚ ਹੈ। ਇਸ ਦੇ ਇਲਾਵਾ ਬਰਤਾਨੀਆ ਨੇ ਇਸ ਯੋਜਨਾ ਨੂੰ ਖੁਲ੍ਹੇ ਦਿਮਾਗ ਅਤੇ ਬਿਨਾਂ ਕਿਸੇ ਪੱਖ ਦੇ ਤਿਆਰ ਕੀਤਾ ਹੈ।''

ਦੇਸੀ ਰਿਆਸਤਾਂ ਦੇ ਲੋਕਾਂ ਦੇ ਹੱਕਾਂ ਨੂੰ ਮਨਜ਼ੂਰ ਕਰਨਾ

1942 ਦੀ ਕਰਿਪਸ ਯੋਜਨਾ ਦੇ ਦੇਸੀ ਰਿਆਸਤਾਂ ਦੇ ਸ਼ਾਸਕਾਂ ਨੂੰ ਇਹ ਅਧਿਕਾਰ ਦੇ ਦਿੱਤਾ ਸੀ ਕਿ ਉਹ ਆਪਣੀਆਂ ਰਿਆਸਤਾਂ ਦੇ ਪ੍ਰਤੀਨਿਧੀਆਂ ਨੂੰ ਸੰਵਿਧਾਨਕ ਅਸੈਂਬਲੀ ਵਿਚ ਭੇਜ ਸਕਦੇ ਸਨ ਪਰ ਕੈਬਨਿਟ ਮਿਸ਼ਨ ਯੋਜਨਾ ਵਿਚ ਇਹ ਅਧਿਕਾਰ ਦੇਸੀ ਰਿਆਸਤ ਦੇ ਲੋਕਾਂ ਨੂੰ ਦੇ ਦਿੱਤਾ ਗਿਆ।

ਗੱਲਬਾਤ ਕਰਨ ਦੇ ਕਮੇਟੀ ਦੇ ਸੰਦਰਭ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿਉਂਕਿ ਉਸ ਨੇ ਰਿਆਸਤਾਂ ਦੇ ਪ੍ਰਤੀਨਿਧੀਆਂ ਦੀ ਚੋਣ ਦਾ ਫੈਸਲਾ ਕਰਨਾ ਸੀ। ਲੋਕਤੰਤਰੀ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਬਿਨਾਂ ਸ਼ੱਕ ਇਕ ਵੱਡੀ ਰਿਆਇਤ ਸੀ।

ਅੰਤਰਿਮ ਸਰਕਾਰ ਦੇ ਉਪਬੰਧ ਦੇ ਆਕਰਸ਼ਨ

ਅੰਤਰਿਮ ਸਰਕਾਰ ਬਾਰੇ ਮਸੌਦਿਆਂ ਨੂੰ ਸਮਝਾਉਂਦੇ ਹੋਏ ਕੈਬਨਿਟ ਮਿਸ਼ਨ ਨੇ ਇਸ ਨਵੇਂ ਪ੍ਰਬੰਧ ਦੇ ਤਿੰਨ ਗੁਣਾਂ ਵੱਲ ਸੰਕੇਤ ਕੀਤਾ–ਪਹਿਲੀ ਗੱਲ ਇਹ ਸੀ ਕਿ ਇਹ ਵਿਭਾਗ ਲੋਕਾਂ ਦੇ ਵਿਸ਼ਵਾਸਪਾਤਰ ਭਾਰਤੀ ਨੇਤਾਵਾਂ ਨੂੰ ਦੇ ਦਿੱਤੇ ਜਾਣਗੇ। ਦੂਜੀ ਗੱਲ ਇਹ ਹੈ ਕਿ ਸਰਕਾਰ ਨੂੰ ਪ੍ਰਤੀਨਿਧ ਦੇ ਕੰਮ ਵਿਚ ਬਹੁਤ ਆਜ਼ਾਦੀ ਹੋਵੇਗੀ। ਤੀਜੀ ਗੱਲ ਇਹ ਹੈ ਕਿ ਬਰਤਾਨਵੀ ਸਰਕਾਰ ਭਾਰਤੀ ਸਰਕਾਰ ਨੂੰ ਲੋੜੀਂਦਾ ਸਹਿਯੋਗ ਦੇਵੇਗੀ। ਜਿਸ ਨਾਲ ਸ਼ਕਤੀ ਦੇ ਸਥਾਨ ਬਦਲੀ ਬੇਰੋਕ ਹੋ ਸਕੇਗੀ। ਇਹ ਗੱਲ ਠੀਕ ਹੈ ਕਿ ਮਿਸ਼ਨ ਨੇ ਕਾਂਗਰਸ ਦੀ ਇਸ ਮੰਗ ਨੂੰ ਮੰਨਜ਼ੂਰ ਨਹੀਂ ਕੀਤਾ ਕਿ ਗਵਰਨਰ ਜਨਰਲ ਅੰਤਰਿਮ ਸਰਕਾਰ ਦਾ ਇਕ ਸੰਵਿਧਾਨਕ ਮੁਖੀ ਹੋਏ। ਇਸ ਗੱਲ ਨੂੰ ਵੀ ਮੰਨਿਆ ਕਿ ਕੈਬਨਿਟ ਕੇਂਦਰੀ ਅਸੈਂਬਲੀ ਦੇ ਵੱਲ ਜ਼ਿੰਮੇਵਾਰ ਹੋਵੇ। ਇਨ੍ਹਾਂ ਸਭ ਦੇ ਹੁੰਦੇ ਹੋਏ ਵੀ ਭਾਰਤੀ ਨੇਤਾਵਾਂ ਵਿਚ ਇਹ ਭਾਵਨਾ ਸੀ ਕਿ ਇਹ ਯੋਜਨਾ ਅੰਤਰਿਮ ਪ੍ਰਬੰਧ ਵਿਚ ਇਕ ਕੀਮਤੀ ਚੀਜ਼ ਦੀ ਪੇਸ਼ਕਸ਼ ਕਰ ਰਹੀ ਹੈ।

ਫਰੈਂਕ ਮੋਰੇਸ ਦੇ ਅਨੁਸਾਰ ਭਾਰਤ ਦੇ ਇਸ ਕੈਂਬਨਿਟ ਮਿਸ਼ਨ ਦਾ ਆਉਂਣਾ ਦੂਜੇ ਢੰਗ ਨਾਲ ਵੀ ਮਹੱਤਵਪੂਰਨ ਸੀ। ਇਨ੍ਹਾਂ ਤਿੰਨ ਬੁੱਧੀਮਾਨ ਲੋਕਾਂ ਨੇ ਬਰਤਾਨੀਆਂ ਦੇ ਵਿਰੁੱਧ ਡੂੰਘੇ ਅਤੇ ਵਿਸਤ੍ਰਿਤ ਭਾਵਨਾ ਦੀ ਖੋਜ ਕਰ ਲਈ ਸੀ। ਉਹ ਲੋਕ ਸਥਿਤੀ ਦੀ ਵਿਸਫੋਟਕ ਸੰਭਾਵਨਾ ਨਾਲ ਪ੍ਰਭਾਵਿਤ ਸਨ। ਇੰਗਲੈਂਡ ਪਰਤ ਕੇ ਉਨ੍ਹਾਂ ਨੇ ਆਪਣੀ ਰਿਪੋਰਟ ਪੇਸ਼ ਕੀਤੀ ਜਿਸ ਨੇ ਭਾਰਤ ਨੂੰ ਆਜ਼ਾਦ ਕਰਨ ਲਈ ਸਰਕਾਰੀ ਫੈਸਲੇ ਵਿਚ ਤੀਬਰਤਾ ਪੈਦਾ ਕੀਤੀ।

1.1.8 ਕੈਬਨਿਟ ਮਿਸ਼ਨ ਯੋਜਨਾ ਦੇ ਦੋਸ਼

ਬਰਤਾਨਵੀ ਸਰਕਾਰ ਰਾਹੀਂ ਇਸ ਯੋਜਨਾ ਦੀ ਬਹੁਤ ਪ੍ਰਸੰਸਾ ਕੀਤੇ ਜਾਣ ਦੇ ਬਾਵਜੂਦ ਕੈਬਨਿਟ ਮਿਸ਼ਨ ਸਕੀਮ ਵਿਚ ਕੁਝ ਗੰਭੀਰ ਦੋਸ਼ ਸਨ। ਕਾਂਗਰਸੀ ਲੀਡਰਾਂ ਨੇ ਆਪਣੀ ਚਰਚਾ ਵਿਚ ਇਨ੍ਹਾਂ ਦੋਸ਼ਾਂ ਵੱਲ ਸੰਕੇਤ ਕੀਤਾ ਸੀ ਆਪਣੇ ਡਰ ਨੂੰ ਵੀ ਪ੍ਰਗਟ ਕੀਤਾ ਸੀ। ਯੋਜਨਾ ਦੇ ਦੋਸ਼ਾਂ ਨੂੰ ਹੇਠ ਲਿਖੇ ਢੰਗ ਨਾਲ ਵਰਣਨ ਕੀਤਾ ਜਾ ਸਕਦਾ ਹੈ :–

1.1.8.1 ਪ੍ਰਾਂਤ ਗਰੁੱਪਾਂ ਦਾ ਬਣਾਉਣਾ ਹਾਨੀਕਾਰਕ

ਕੈਬਨਿਟ ਮਿਸ਼ਨ ਦਾ ਸਭ ਤੋਂ ਵਿਰੋਧ ਪੂਰਨ ਵਿਸ਼ੇਸ਼ਤਾ ਪ੍ਰਾਂਤਾਂ ਦੀ ਜ਼ਰੂਰੀ ਗਰੁੱਪਿੰਗ ਸੀ। ਇਹ ਗਰੁੱਪ ਸਿਸਟਮ ਕਿਸੇ ਚੰਗੀ ਜਾਂ ਅਮਲਯੋਗ ਸਿਧਾਂਤ ਤੇ ਆਧਾਰਿਤ ਨਹੀਂ ਸੀ। ਇਸ ਵਿਚ ਛੋਟੇ ਪ੍ਰਾਂਤਾਂ ਨੂੰ ਅਯੋਗ ਨਿਆ ਦਿੱਤਾ ਗਿਆ ਸੀ ਕਿਉਂਕਿ ਇਨ੍ਹਾਂ ਤੇ ਸ਼ਕਤੀਸ਼ਾਲੀ ਹਿੱਸੇਦਾਰ ਦੀ ਪ੍ਰਚੱਲਤਾ ਰਹੇਗੀ।

ਆਸਾਮ ਅਤੇ ਬੰਗਾਲ ਦੇ ਹਿੰਦੂ ਬਹੁਮਤ ਦੇ ਪ੍ਰਾਂਤਾਂ ਨੂੰ ਇਕ ਗਰੁੱਪ ਵਿਚ ਰੱਖਣਾ ਨਿਆਂਪੂਰਣ ਨਹੀਂ ਸੀ ਇਹ

ਕਿਹਾ ਗਿਆ ਕਿ ਇਹ ਪ੍ਰਾਂਤ ਮੁਸਲਿਮ ਲੀਗ ਨੂੰ ਖੁਸ਼ ਕਰਨ ਲਈ ਦਿੱਤਾ ਗਿਆ ਸੀ। ਜਿਸ ਨਾਲ ਜਿਨਾਹ ਸੰਘ ਵਿਚ ਬਣਿਆ ਰਹੇ। ਇਹ ਵੀ ਵਿਚਾਰ ਸੀ ਬੰਗਾਲ ਆਸਾਮ ਬਰਤਾਨਵੀ ਵਪਾਰਿਕ ਹਿੱਤਾਂ ਨੂੰ ਸੁਰੱਖਿਆ ਦੇਣ ਲਈ ਬਣਾਇਆ ਗਿਆ ਸੀ ਕਿਉਂਕਿ ਇਹ ਖੇਤਰ ਭਾਰਤ ਦੇ ਜੂਟ ਉਦਯੋਗ ਅਤੇ ਚਾਹ ਦੇ ਬਾਗਾਨ ਦਾ ਕੇਂਦਰ ਸਥਿਤ ਸੀ। ਉਸ ਸਮੇ ਉਦਯੋਗ ਬਰਤਾਨਵੀ ਹੱਥਾਂ ਵਿਚ ਸਨ। ਗਾਂਧੀ ਜੀ ਇਕ ਸਮੇਂ ਇਸ ਪ੍ਰਬੰਧ ਦੇ ਇੰਨੇ ਵਿਰੁੱਧ ਸਨ ਕਿ ਜੇਕਰ ਆਸਾਮ ਦੇ ਕਾਂਗਰਸੀ ਇਕ ਅੰਦੋਲਨ ਆਰੰਭ ਕਰਦੀ ਤਾਂ ਉਹ ਉਸ ਵਿਚ ਸ਼ਾਮਿਲ ਹੋ ਜਾਂਦੇ।

ਪੰਜਾਬ ਦਾ ਉੱਤਰ ਪੱਛਮੀ ਸਰਹੱਦੀ ਪ੍ਰਾਂਤ ਅਤੇ ਸਿੰਧ ਨਾਲ ਸ਼ਾਮਿਲ ਕਰਨਾ ਆਰਥਿਕ ਦ੍ਰਿਸ਼ਟੀ ਤੋਂ ਲੋੜੀਂਦਾ ਨਹੀਂ ਸੀ। ਪੰਡਿਤ ਜਵਾਹਰ ਲਾਲ ਨਹਿਰੂ ਦੇ ਅਨੁਸਾਰ ਸਿੰਧ ਵਿਚ ਮੁਸਲਿਮ ਲੀਗ ਵੀ ਇਸ ਨੂੰ ਪਸੰਦ ਨਹੀਂ ਕਰਦਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਸ ਵਰਗ ਦਾ ਪੰਜਾਬ ਵਿਚ ਪ੍ਰਬਲ ਪ੍ਰਾਂਤ ਸੀ ਅਤੇ ਆਪਣੇ ਸਿੰਧੀ ਸਾਥੀ ਨਾਲੋਂ ਅਧਿਕ ਉੱਨਤਸ਼ੀਲ ਅਤੇ ਤੀਬਰ ਸੀ ਜਿਸ ਨਾਲ ਉਹ ਸਿੰਧ ਤੋਂ ਪ੍ਰਬਲ ਹੋ ਜਾਵੇਗਾ। ਸਰਹੱਦੀ ਪ੍ਰਾਂਤ ਦੇ ਲੋਕ ਵੀ ਇਸ ਨਾਲ ਤੁਰਦੇ ਸਨ ਕਿ ਪੰਜਾਬ ਉਨ੍ਹਾਂ ਤੋਂ ਪ੍ਰਬਲ ਰਹੇਗਾ। ਇਸ ਤਜਵੀਜ਼ ਕੀਤੇ ਗਏ ਗਰੁੱਪ ਵਿਚ ਇਕ ਹੋਰ ਦਿਲ ਘਟਾਉਣ ਵਾਲੀ ਵਿਸ਼ੇਸ਼ਤਾ ਇਹ ਸੀ ਕਿ ਪੰਜਾਬ ਸਿੰਧ ਜਾਂ ਉੱਤਰ ਪੱਛਮੀ ਸਰਹੱਦੀ ਪ੍ਰਾਂਤ ਦੀ ਮਰਜ਼ੀ ਦੇ ਵਿਰੁੱਧ ਇਕ ਗਰੁੱਪ ਸੰਵਿਧਾਨ ਬਣਾ ਸਕਦੀ ਸੀ। ਇਹ ਅਜਿਹੇ ਕਾਨੂੰਨ ਬਣਾ ਲਵੇ ਜਿਹੜੇ ਕਿਸੇ ਗਰੁੱਪ ਤੋਂ ਪ੍ਰਾਂਤ ਦੇ ਛੱਡਣ ਦੇ ਅਧਿਕਾਰ ਨੂੰ ਰੱਦ ਕਰ ਦੇਵੇ।

1.1.8.2 ਪਾਕਿਸਤਾਨ ਦੀ ਮੰਗ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਗਿਆ

ਇਹ ਗੱਲ ਠੀਕ ਹੈ ਕਿ ਮਿਸ਼ਨ ਨੇ ਬਰਤਾਨਵੀ ਭਾਰਤ ਦੀ ਵੰਡ ਨੂੰ ਪੂਰੀ ਤਰ੍ਹਾਂ ਰੱਦ ਨਹੀ ਕੀਤਾ। ਇਹ ਗੱਲ ਸਹੀ ਹੈ ਕਿ ਉਨ੍ਹਾਂ ਨੇ ਸੱਚੇ ਯਤਨ ਕੀਤੇ ਜਿਸ ਨਾਲ ਸੰਯੁਕਤ ਭਾਰਤ ਵਿਚ ਪਾਕਿਸਤਾਨ ਦੀ ਵਾਸਤਵਿਕਤਾ ਪੇਸ਼ ਕਰਕੇ ਭਾਰਤੀ ਮੁਸਲਮਾਨਾਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ਪਰ ਇਹ ਸਭ ਹੋਣ ਦੇ ਬਾਵਜੂਦ ਉਨ੍ਹਾਂ ਦੀ ਯੋਜਨਾ ਵਿਚ ਪੂਰਨ ਖੁਦਮੁਖਤਿਆਰ ਪਾਕਿਸਤਾਨ ਦੇ ਅੰਤ ਵਿਚ ਸਥਾਪਿਤ ਹੋਣ ਦੀ ਸੰਭਾਵਨਾ ਨੂੰ ਦੂਰ ਨਹੀਂ ਕੀਤਾ ਗਿਆ। 6 ਜੂਨ, 1946 ਦੇ ਮਤੇ ਵਿਚ ਲੀਗ ਦੀ ਕੌਂਸਿਲ ਨੇ ਕਿਹਾ, '' ਇਸ ਮਿਸ਼ਨ ਯੋਜਨਾ ਵਿਚ ਪਾਕਿਸਤਾਨ ਦੀ ਨੀਂਹ ਦਾ ਆਧਾਰ ਮੌਜੂਦ ਹੈ ਕਿਉਂਕਿ ਬੀ ਅਤੇ ਸੀ ਸੈਕਸ਼ਨ ਵਿਚ 6 ਮੁਸਲਿਮ ਪ੍ਰਾਂਤਾਂ ਦੀ ਜ਼ਰੂਰੀ ਗਰੁਪਿੰਗ ਕੀਤੀ ਗਈ। ਮੁਸਲਿਮ ਲੀਗ ਸੰਵਿਧਾਨਕ ਅਸੈਂਬਲੀ ਨਾਲ ਇਸ ਆਸ ਵਿਚ ਸਹਿਯੋਗ ਕਰੇਗੀ ਕਿ ਅੰਤ ਵਿਚ ਇਕ ਪੂਰਣ ਖੁਦਮੁਖਤਿਆਰ ਪਾਕਿਸਤਾਨ ਦੀ ਸਥਾਪਨਾ ਹੋ ਸਕੇ।'' ਮੁਹੰਮਦ ਅਲੀ ਜਿਨਹਾ ਨੇ ਕਿਹਾ ਕਿ ਮਿਸ਼ਨ ਦੇ ਬਿਆਨ ਵਿਚ ਪਾਕਿਸਤਾਨ ਦਾ ਆਧਾਰ ਅਤੇ ਨੀਂਹ ਮੌਜੂਦ ਹਨ। ਮੁਸਲਿਮ ਲੀਗ ਭਾਰਤ ਵਿੱਚ ਉਸ ਸਮੇ ' ਤੱਕ ਚੈਨ ਨਹੀਂ ਪ੍ਰਾਪਤ ਕਰੇਗਾ ਜਦੋਂ ਤੱਕ ਪੂਰਨ ਅਤੇ ਖੁਦਮੁਖਤਿਆਰ ਪਾਕਿਸਤਾਨ ਦੀ ਸਥਾਪਨਾ ਹੋ ਸਕੇ'' ਮੁਹੰਮਦ ਅਲੀ ਜਿਨਹਾ ਨੇ ਕਿਹਾ ਕਿ ਮਿਸ਼ਨ ਦੇ ਬਿਆਨ ਵਿਚ ਪਾਕਿਸਤਾਨ ਦਾ ਆਧਾਰ ਅਤੇ ਨੀਂਹ ਮੌਜੂਦ ਹਨ। ਮੁਸਲਿਮ ਭਾਰਤ ਉਸ ਸਮੇਂ ਤੱਕ ਚੈਨ ਨਹੀਂ ਪ੍ਰਾਪਤ ਕਰੇਗਾ ਜਦੋਂ ਤੱਕ ਪੂਰਨ ਅਤੇ ਖੁਦਮੁਖਤਿਆਰ ਪਾਕਿਸਤਾਨ ਦੀ ਸਥਾਪਨਾ ਨਹੀਂ ਹੁੰਦੀ। ਇਸ ਪ੍ਰਕਾਰ ਕੈਬਨਿਟ ਮਿਸ਼ਨ ਦੀ ਯੋਜਨਾ ਨੇ ਗਰੁੱਪ ਸਿਸਟਮ ਨਾਲ ਮੁਸਲਮਾਨਾਂ ਨੂੰ ਸੰਤੁਸਟ ਕਰਨ ਦੀ ਥਾਂ ਉਨ੍ਹਾਂ ਨੂੰ ਪਾਕਿਸਤਾਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਇਕ ਖੁੱਲ੍ਹਾ ਉਤਸ਼ਾਹ ਦਿੱਤਾ।

1.1.8.3 ਸੰਵਿਧਾਨਕ ਅਸੈਂਬਲੀ ਪੂਰਨ ਪ੍ਰਤੀਨਿਧੀ ਨਹੀਂ ਸੀ

ਤਜਵੀਜ਼ ਕੀਤੀ ਹੋਈ ਸੰਵਿਧਾਨਿਕ ਅਸੈਂਬਲੀ ਦੋਸ਼ਾਂ ਤੋਂ ਆਜ਼ਾਦ ਨਹੀ ਸੀ, ਭਾਵੇਂ ਉਸ ਨਾਲ ਭਾਰਤੀਆਂ ਨੂੰ ਕਾਫੀ ਰਿਆਇਤਾਂ ਮਿਲੀਆਂ ਸਨ। ਵਾਸਤਵ ਵਿਚ ਇਹ ਭਾਰਤੀਆਂ ਦੀ ਪ੍ਰਤੀਨਿਧੀ ਸੰਸਥਾ ਸੀ। ਇਸ ਦੇ ਇਲਾਵਾ ਉਹ ਆਗਿਆ ਜਿਸ ਵਿਚ ਸੰਘੀ ਅਤੇ ਵਰਗੀ ਅਸੈਂਬਲੀਆਂ ਨੇ ਮਿਲਣਾ ਸੀ, ਚਰਚਾ ਕਰਨੀ ਸੀ ਅਤੇ ਸੰਵਿਧਾਨ ਨੂੰ ਲਿਖਣਾ ਸੀ, ਉਹ ਦਾ ਕੋਈ ਕਾਨੂੰਨੀ ਆਧਾਰ ਨਹੀਂ ਸੀ ਜਿਸ ਤੇ ਸੰਘ ਦਾ ਸੰਵਿਧਾਨ ਤਿਆਰ ਹੋ ਜਾਵੇ। ਪਰ ਇਹ ਉਸ ਸਮੇ ਹੋਣਾ ਸੀ ਜਦੋਂ ਗਰੁੱਪ ਦਾ ਸੰਵਿਧਾਨ ਲਾਗੂ ਹੋ ਜਾਵੇ। ਵਾਸਤਵ ਵਿਚ ਇਹ ਉਲਟਾ ਕੰਮ ਸੀ। ਉਹ ਉਪਬੰਧ ਜਿਸ ਰਾਹੀਂ ਏਕਤਾ ਸੰਵਿਧਾਨ ਦੀਆਂ ਸ਼ਰਤਾਂ ਦਾ ਮੁੜ ਅਧਿਐਨ ਕਰਨ ਲਈ ਕਿਹਾ ਜਾ ਸਕਦਾ ਸੀ, ਉਹ ਦਸ ਸਾਲ ਬਾਅਦ ਸੀ। ਇਸ ਰਾਹੀਂ ਅਨਿਸ਼ਚਿਤਤਾ ਬਹੁਤ ਵਧ ਜਾਂਦੀ ਸੀ। ਸੰਵਿਧਾਨਿਕ ਅਸੈਂਬਲੀ ਦੀਆਂ ਸ਼ਕਤੀਆਂ ਵੀ ਕਾਫੀ ਸੀਮਿਤ ਸਨ। ਜੈ ਪ੍ਰਕਾਸ਼ ਨਰਾਇਣ ਨੇ ਇਸ ਤਜਵੀਜ਼ ਕੀਤੇ ਗਏ

ਸੰਵਿਧਾਨ ਬਣਾਉਣ ਵਾਲੀ ਮਸ਼ੀਨਰੀ ਤੇ ਆਪਣਾ ਅਸੰਤੋਸ਼ ਜ਼ਾਹਿਰ ਕੀਤਾ, ਕਰੜੇ ਸ਼ਬਦਾਂ ਵਿਚ ਇਸ ਨੂੰ ਮੰਨਣ ਦਾ ਵਿਰੋਧ ਕੀਤਾ, ਉਨ੍ਹਾਂ ਨੇ ਕਿਹਾ, ''ਅਸੀਂ ਸੀਮਿਤ ਸੰਵਿਧਾਨਿਕ ਅਸੈਂਬਲੀ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ। ਇਹ ਸਾਡੇ ਮੌਲਿਕ ਵਿਚਾਰ ਤੋਂ ਬਹੁਤ ਦੂਰ ਹੈ ਜਿਹੜਾ ਸਾਡੇ ਰਾਸ਼ਟਰਪਤੀ ਨੇ ਸਾਨੂੰ ਦਿੱਤਾ ਸੀ।'' ਪੰਡਿਤ ਨਹਿਰੂ ਨੇ ਕਿਹਾ, ਇਹ ਸੰਵਿਧਾਨਿਕ ਅਸੈਂਬਲੀ ਬਰਤਾਨੀਆ ਨੇ ਬਣਾਈ ਹੈ ਅਤੇ ਅਸੀਂ ਆਜ਼ਾਦੀ ਲਈ ਲੜ ਰਹੇ ਹਾਂ, ਉਹ ਇਸ ਰਾਹੀਂ ਸਾਨੂੰ ਨਹੀਂ ਮਿਲ ਸਕਦੀ। ਇਸ ਦੇ ਉਲਟ ਜੇਕਰ ਸੰਵਿਧਾਨਕ ਅਸੈਂਬਲੀ ਲੋਕਾਂ ਦੀ ਸ਼ਕਤੀ ਦੇ ਨਾਲ ਬਣੀ ਹੋਵੇ ਤਾਂ ਅਸੀ ਲੋਕਾਂ ਨੂੰ ਅਪੀਲ ਕਰਕੇ ਆਪਣੀਆਂ ਸਾਰੀਆਂ ਮੁਸ਼ਕਿਲਾਂ ਹੱਲ ਕਰ ਸਕਦੇ ਹਾਂ।

1.1.8.4 ਪ੍ਰਾਂਤੀ ਸਵਾਧੀਨਤਾ ਦੇ ਸਿਧਾਂਤ ਨੂੰ ਧੱਕਾ

ਯੋਜਨਾ ਦੇ ਮੂਲ ਉਪਬੰਦਾਂ ਵਿਚ ਹਰ ਪ੍ਰਾਂਤ ਨੇ ਪੂਰੀ ਸਵੈਸ਼ਾਸਨ ਚਲਾਉਣ ਦੀ ਪੂਰੀ ਸ਼ਕਤੀ ਦੇ ਦਿੱਤੀ ਸੀ। ਕਿਉਂਕਿ ਪ੍ਰਾਂਤਾ ਨੂੰ ਆਜ਼ਾਦੀ ਸੀ ਕਿ ਉਹ ਆਪਣੇ ਅਧਿਕਾਰੀਆਂ ਅਤੇ ਵਿਧਾਨ ਬਣਾਉਣ ਵਾਲਿਆਂ ਦੇ ਨਾਲ ਗਰੁੱਪ ਬਣਾ ਸਕਦੇ ਸਨ ਅਤੇ ਹਰ ਗਰੁੱਪ ਇਹ ਨਿਸ਼ਚੇ ਕਰ ਸਕਦਾ ਸੀ ਕਿ ਕਿਹੜੇ ਪ੍ਰਾਂਤੀ ਵਿਸ਼ੇ ਸਾਂਝੇ ਕੀਤੇ ਜਾ ਸਕਦੇ ਹਨ। ਪਰ ਨਾਲੋਂ ਨਾਲ ਇਸ ਵਿਚ ਮਜ਼ਬੂਰੀ ਵੀ ਸੀ। ਸੰਵਿਧਾਨਿਕ ਅਸੈਂਬਲੀ ਵਿਚ ਪ੍ਰਾਂਤੀ ਪ੍ਰਤੀਨਿਧੀਆਂ ਨੇ ਤਿੰਨ ਵਰਗਾਂ ਵਿਚ ਵੰਡਣਾ ਸੀ ਜਿਸ ਨਾਲ ਸਪਸ਼ਟ ਹੈ ਕਿ ਪ੍ਰਾਂਤਾਂ ਦੀ ਸੁਆਧੀਨਤਾ ਵਿਚ ਰੁਕਾਵਟ ਪੈਂਦੀ ਸੀ। 25 ਮਈ, 1949 ਦੇ ਦਿਨ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਨੇ ਵਾਇਸਰਾਏ ਨੂੰ ਇਕ ਪੱਤਰ ਲਿਖਿਆ ਅਤੇ ਉਸ ਦਾ ਧਿਆਨ ਸੰਵਿਧਾਨ ਦੀ ਇਸ ਉੱਘੀ ਅਸੰਗਤੀ ਵੱਲ ਖਿੱਚਿਆ। ਉਸ ਨੇ ਲਿਖਿਆ ਕਿ ਇਸ ਯੋਜਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਉੱਤਰ ਪੱਛਮੀ ਸਰਹੱਦੀ ਪ੍ਰਾਂਤ ਅਤੇ ਆਸਾਮ ਜਿਨ੍ਹਾਂ ਵਿਚ ਕਾਂਗਰਸੀ ਬਹੁਮਤ ਵਿਚ ਸਨ, ਆਪਣੀਆਂ ਇੱਛਾਵਾਂ ਅਨੁਸਾਰ ਸੰਵਿਧਾਨ ਬਣਾਉਣ ਦੀ ਸਥਿਤੀ ਵਿਚ ਨਹੀਂ ਹੋ ਸਕਣਗੇ।

ਉਨ੍ਹਾਂ ਦੇ ਪ੍ਰਤੀਨਿਧੀਆਂ ਨੂੰ ਗਰੁੱਪ ਦੇ ਆਗੂ ਦੇ ਸਾਹਮਣੇ, ਝੁਕਣਾ ਪਵੇਗਾ। ਇਹ ਪ੍ਰਾਂਤੀ ਸੁਆਧੀਨਤਾ ਦੇ ਸਿਧਾਂਤ ਦੇ ਵਿਰੁੱਧ ਹੈ। ਇਸ ਦੇ ਇਲਾਵਾ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਕੋਈ ਪ੍ਰਾਂਤ ਜਾਂ ਉਸ ਦੇ ਪ੍ਰਤੀਨਿਧੀਆਂ ਨੂੰ ਕਿਸੇ ਅਜਿਹੇ ਕੰਮ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ ਜਿਹੜਾ ਉਹ ਨਹੀਂ ਕਰਨਾ ਚਾਹੁੰਦੇ।

1.1.8.5 ਸਿੱਖਾਂ ਨਾਲ ਅਨਿਆਏ

ਸਰਦਾਰ ਵੱਲਭ ਭਾਈ ਪਟੇਲ ਦਾ ਇਹ ਵਿਚਾਰ ਸੀ ਕਿ ਕੈਬਨਿਟ ਮਿਸ਼ਨ ਦੀ ਯੋਜਨਾ ਵਿਚ ਸਿੱਖ ਸੰਪਰਦਾਇ ਨਾਲ ਬਹੁਤ ਅਨਿਆਏ ਹੋਇਆ ਹੈ, ਉਨ੍ਹਾਂ ਨਾਲ ਕੋਈ ਗੱਲਬਾਤ ਵੀ ਨਹੀਂ ਹੋਈ ਅਤੇ ਉਨ੍ਹਾਂ ਨੂੰ 'ਈ' ਗਰੁੱਪ ਵਿਚ ਹੱਥ ਪੈਰ ਬੰਨ੍ਹ ਕੇ ਸੁੱਟ ਦਿੱਤਾ ਗਿਆ ਹੈ। ਇਹ ਉਨ੍ਹਾਂ ਦੀਆਂ ਇੱਛਾਵਾਂ ਦੇ ਬੀ ਗਰੁੱਪ ਵਿਚ ਨਾ ਰੱਖਣ ਨਾਲ ਉਨ੍ਹਾਂ ਨੂੰ ਬੜੀ ਹਾਨੀਕਾਰਕ ਸਥਿਤੀ ਵਿਚ ਪਹੁੰਚਾ ਦਿੱਤਾ ਗਿਆ ਸੀ। ਸੰਵਿਧਾਨਿਕ ਅਸੈਂਬਲੀ ਦੇ ਸੈਕਸ਼ਨ ਦੀ ਜਿਸ ਵਿਚ ਪੰਜਾਬ ਨੂੰ ਰੱਖਿਆ ਗਿਆ ਸੀ, ਉਸ ਵਿਚ ਸਿੱਖਾਂ ਨੂੰ ਚਾਰ ਸੀਟਾਂ, ਹਿੰਦੂਆਂ ਨੂੰ 8 ਅਤੇ ਮੁਸਲਮਾਨਾਂ ਨੂੰ 23 ਸੀਟਾਂ ਦਿੱਤੀਆਂ ਗਈਆਂ ਸਨ।

ਮੁਸਲਮਾਨ ਜਿਨ੍ਹਾਂ ਦੀ ਸੰਖਿਆ ਹਿੰਦੂ ਅਤੇ ਸਿੱਖਾਂ ਨੂੰ ਮਿਲਾ ਕੇ ਅਧਿਕ ਸੀ, ਇਸ ਖੇਤਰ ਵਿਚ ਖੁਲ੍ਹੇ ਸੰਪਰਦਾਇਕ ਅਧਿਕਾਰ ਨੂੰ ਸਥਾਪਿਤ ਕਰ ਸਕਦੇ ਹਨ। ਸਿੱਖਾਂ ਨੂੰ ਅਜਿਹੀ ਸੰਵਿਧਾਨਿਕ ਅਸੈਂਬਲੀ ਤੋਂ ਕਿਸੇ ਲਿਹਾਜ ਦੀ ਆਸ਼ਾ ਨਹੀਂ ਸੀ। ਇਕ ਹੋਰ ਦੁੱਖ ਦੀ ਗੱਲ ਇਹ ਸੀ ਕਿ ਇਸ ਯੋਜਨਾ ਵਿਚ ਸਿੱਖਾਂ ਨੂੰ ਉਹ ਬਚਾਅ ਅਤੇ ਸੰਪਰਦਾਇਕ ਰੱਖਿਆ ਨਹੀਂ ਦਿੱਤੀ ਗਈ ਜਿਹੜੀ ਮੁਸਲਮਾਨਾਂ ਨੂੰ ਦਿੱਤੀ ਗਈ ਸੀ। 25 ਮਈ, 1946 ਦੇ ਪੱਤਰ ਵਿਚ ਮਾਸਟਰ ਤਾਰਾ ਸਿੰਘ ਨੇ ਲਾਰਡ ਪੈਥਿਕ ਲਾਰਨੈਸ ਨੈ ਸ਼ਿਕਾਇਤ ਕੀਤੀ, ''ਅਜਿਹਾ ਜਾਪਦਾ ਹੈ ਕਿ ਸਿੱਖਾਂ ਨੂੰ ਪ੍ਰਾਂਤੀ ਗਰੁੱਪ ਵਿਚ ਕਿਸੇ ਵੀ ਪ੍ਰਭਾਵਕਾਰੀ ਅਸਰ ਤੋਂ ਜਾਣ ਕੇ ਦੂਰ ਰਖਿਆ ਗਿਆ'' ਇਹ ਵਿਚਾਰ ਪੱਕਾ ਹੋ ਰਿਹਾ ਸੀ ਕਿ ਪੰਜਾਬ ਦੇ ਗੈਰ ਮੁਸਲਮਾਨਾਂ ਨੇ ਹਮੇਸ਼ਾਂ ਲਈ ਮੁਲਸਮਾਨਾਂ ਦੀ ਪ੍ਰਬਲਤਾ ਦੇ ਹੇਠ ਰਖਿਆ ਗਿਆ ਸੀ ਅਤੇ ਕੈਬਨਿਟ ਮਿਸ਼ਨ ਨੇ ਲੀਗ ਨੂੰ ਖਸ਼ ਕਰਨ ਲਈ ਆਪਣੀ ਸੀਮਾ ਤੋਂ ਅਧਿਕ ਯਤਨ ਕੀਤਾ ਸੀ।

1.1.8.6 ਕਮਜ਼ੋਰ ਕੇਂਦਰ

ਕੈਬਨਿਟ ਮਿਸ਼ਨ ਯੋਜਨਾ ਵਿਚ ਕੇਂਦਰ ਤੇ ਇਕ ਕਮਜ਼ੋਰ ਸਰਕਾਰ ਬਣਾਉਣ ਦਾ ਵਿਚਾਰ ਸੋਚਿਆ ਗਿਆ ਸੀ

ਕੇਂਦਰੀ ਸਰਕਾਰ ਕੇਵਲ ਵਿਦੇਸ਼ੀ ਮਾਮਲੇ, ਬਚਾਉ ਅਤੇ ਪਰਿਵਰਤਨ ਦੇ ਵਿਭਾਗਾਂ ਵਿਚ ਹੀ ਕਾਰਵਾਈ ਕਰ ਸਕਦੀ ਸੀ। ਉਸ ਦੀਆਂ ਵਿੱਤੀ ਸ਼ਕਤੀਆਂ ਬਹੁਤ ਸੀਮਿਤ ਸਨ। ਰਾਸ਼ਟਰਵਾਦੀ ਨੇਤਾਵਾਂ ਨੂੰ ਯੋਜਨਾ ਦੇ ਇਸ ਦੋਸ਼ ਦਾ ਪੂਰਾ ਪਤਾ ਸੀ ਪਰ ਉਹ ਆਸ਼ਾ ਕਰਦੇ ਸਨ ਕਿ ਸੰਘੀ ਸਰਕਾਰ ਦੀ ਸ਼ਕਤੀ ਵਿਚ ਵਾਧਾ ਹੋ ਜਾਵੇ ਗਾ। ਕਿਉਂਕਿ ਇਹ ਵਿਚਾਰ ਸੀ ਕਿ ਇਸ ਦਾ ਖੇਤਰ ਇਸ ਸਥਾਈ ਅਤੇ ਮਜ਼ਬੂਤ ਬਣਾਉਣ ਲਈ ਵਧਾਇਆ ਜਾਵੇਗਾ। ਆਲ ਇੰਡੀਆ ਕਾਂਗਰਸ ਕਮੇਟੀ ਦੀ ਮੀਟਿੰਗ ਵਿਚ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ, ''ਜੇਕਰ ਲੋਕ ਸੰਘੀ ਸਰਕਾਰ ਦੇ ਖੇਤਰ ਵਿਚ ਵਾਧਾ ਕਰਨ ਦੇ ਵਿਰੁੱਧ ਹੋਣਗੇ ਤਾਂ ਸੰਵਿਧਾਨਿਕ ਅਸੈਂਬਲੀ ਨੂੰ ਇਸ ਦਿਸ਼ਾ ਵਿਚ ਕੁਝ ਠੋਸ ਸਰਕਾਰ ਕਦਮ ਚੁੱਕਣੇ ਪੈਣਗੇ।''

1.1.8.7 ਰਿਆਸਤਾਂ ਸੰਬੰਧੀ ਉਪਬੰਧ ਬੜੇ ਖਤਰਨਾਕ ਸਨ

ਦੇਸੀ ਰਿਆਸਤਾਂ ਸੰਬੰਧੀ ਉਪਬੰਧ ਸ਼ਰਾਰਤਪੂਰਨ ਸਨ। ਇਸ ਯੋਜਨਾ ਦੇ ਅਨੁਸਾਰ ਸਰਵਉੱਚਤਾ ਬਰਤਾਨਵੀ ਭਾਰਤ ਦੇ ਆਜ਼ਾਦ ਹੋਣ ਨਾਲ ਸਮਾਪਤ ਹੋ ਜਾਵੇਗੀ ਪਰ ਜੇਕਰ ਸਟੇਟਾਂ ਚਾਹਣਗੀਆਂ ਤਾਂ ਉਹ ਸਰਵ ਭਾਰਤੀ ਸੰਘ ਤੋਂ ਬਾਹਰ ਜਾ ਸਕਦੀਆਂ ਸਨ। ਇਸ ਦਾ ਆਧਾਰ ਇਹ ਸੀ ਕਿ ਭਾਰਤ ਦੇ ਪੂਰਨ ਟੋਟੇ ਹੋ ਜਾਣਗੇ ।

1.1.8.7 ਤਿੰਨ ਸਤਹੀ ਸਕੀਮ ਅਮਲ ਯੋਗ ਨਹੀਂ ਸੀ

ਮਾਇਕਲ ਬਰੈਕਰ ਦੇ ਅਨੁਸਾਰ ਇਸ ਯੋਜਨਾ ਦੇ ਮੂਲ ਦੋਸ਼ ਇਸ ਦੇ ਗੁੰਝਲਦਾਰ ਅਤੇ ਭਾਰੀ ਕਾਰਜ ਵਿਧੀ ਸੀ। ਕਰੀਪਸ ਨੇ ਸੰਵਿਧਾਨਿਕ ਫੈਸਲੇ ਦੇ ਗਰਮ ਸਮੱਸਿਆ ਵੱਲ ਇਸ ਤਰ੍ਹਾਂ ਕਦਮ ਚੁੱਕੇ ਕਿ ਜਿਸ ਤਰ੍ਹਾਂ ਇਹ ਕੋਈ ਬੋਧਿਕ ਅਭਿਆਸ ਹੋਵੇ। ਤਿੰਨ ਸਤਹੀ ਸਕੀਮ (ਕੇਂਦਰੀ ਗਰੁੱਪ ਅਤੇ ਪ੍ਰਾਂਤ) ਇਕ ਬੋਧਿਕ ਅਭਿਆਸ ਸੀ ਪਰ ਸ਼ਕਤੀ ਪ੍ਰਾਪਤ ਕਰਨ ਦੇ ਖਤਰਨਾਕ ਸੰਘਰਸ਼ ਦੇ ਵਾਤਾਵਰਣ ਵਿਚ ਇਹ ਗੈਰ ਅਮਲੀ ਸੀ। ਇਸ ਨਾਲ ਕੇਂਦਰੀ ਗਰੁੱਪ ਅਤੇ ਪ੍ਰਾਂਤਾਂ, ਕਾਂਗਰਸ ਅਤੇ ਲੀਗ ਵਿਚ ਅੰਤਹੀਨ ਝਗੜਾ ਰਹੇਗਾ।

1.1.8.9 ਰਾਜਨੀਤਿਕ ਪਾਰਟੀਆਂ ਰਾਹੀਂ ਯੋਜਨਾ ਦੀ ਮਨਜ਼ੂਰੀ

ਕੈਬਨਿਟ ਮਿਸ਼ਨ ਦੇ ਦੋਸ਼ਾਂ ਉੱਤੇ ਸਭ ਦੇ ਜ਼ੋਰ ਦੇਣ ਦੇ ਬਾਵਜੂਦ ਵੀ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਇਸ ਨੂੰ ਮਨਜ਼ੂਰ ਕਰ ਲਿਆ ਕਿਉਂਕਿ ਹਰ ਪਾਰਟੀ ਆਪਣੇ ਮਤਲਬ ਲਈ ਇਸ ਦੀ ਵਰਤੋਂ ਕਰਨਾ ਚਾਹੁੰਦੀ ਸੀ। ਮੁਸਲਿਮ ਲੀਗ ਨੇ ਜਿਨਹਾ ਦੀ ਸਲਾਹ ਮੰਨ ਕੇ ਇਸ ਯੋਜਨਾ ਨੂੰ ਮਨਜ਼ੂਰ ਕਰ ਲਿਆ ਕਿਉਂਕਿ ਇਸ ਵਿਚ ਪਾਕਿਸਤਾਨ ਦੀ ਨੀਂਹ ਅਤੇ ਆਧਾਰ ਸ਼ਾਮਿਲ ਸਨ। ਇਸ ਦਾ ਸਬੂਤ ਇਹ ਸੀ ਕਿ ਸੈਕਸ਼ਨ ਬੀ ਅਤੇ ਸੀ ਵਿਚ 6 ਮੁਸਲਮਾਨੀ ਪ੍ਰਾਂਤਾਂ ਨੂੰ ਜਬਰਦਸਤੀ ਇਕ ਗਰੁੱਪ ਵਿਚ ਰੱਖ ਦਿੱਤਾ ਗਿਆ ਸੀ। 26 ਜੂਨ 1946 ਦੇ ਦਿਨ ਕਾਂਗਰਸ ਵਰਕਿੰਗ ਕਮੇਟੀ ਨੇ ਫੈਸਲਾ ਕੀਤਾ ਕਿ ਉਹ ਸੰਵਿਧਾਨਿਕ ਅਸੈਂਬਲੀ ਵਿਚ ਇਸ ਲਈ ਸ਼ਾਮਿਲ ਹੋਵੇ ਗੀ ਕਿਉਂਕਿ ਉਹ ਇਕ ਆਜ਼ਾਦ ਸੰਯੁਕਤ ਅਤੇ ਲੋਕਤੰਤਰੀ ਭਾਰਤ ਦੇ ਸੰਵਿਧਾਨ ਨੂੰ ਬਣਾ ਸਕੇ। ਸਿੱਖਾਂ ਨੇ ਪਹਿਲਾਂ ਤਾਂ ਆਪਣੇ ਪ੍ਰਤੀਨਿਧ ਭੇਜਣ ਤੋਂ ਅਸਵੀਕਾਰ ਕਰ ਦਿੱਤਾ। ਪਰ ਭਾਰਤ ਦੇ ਸੈਕਰਟਰੀ ਆਫ ਸਟੇਟ ਨੇ ਕਾਂਗਰਸ ਵਰਕਿੰਗ ਕਮੇਟੀ ਦੇ ਵਾਇਦੇ ਦੇ ਕਾਰਨ, ਆਪਣਾ ਦ੍ਰਿਸ਼ਟੀਕੋਣ ਬਦਲ ਲਿਆ। ਇਸ ਪ੍ਰਕਾਰ ਤਿੰਨ ਮੁੱਖ ਸੰਪਰਦਾਵਾਂ ਨੇ ਜਿਨ੍ਹਾਂ ਨੂੰ ਕੈਬਨਿਟ ਮਿਸ਼ਨ ਮੰਨਦਾ ਸੀ, ਯੋਜਨਾ ਤੇ ਅਮਲ ਕਰਨ ਦਾ ਫੈਸਲਾ ਕੀਤਾ।

ਮੌਲਾਨਾ ਆਜ਼ਾਦ ਨੇ ਲਿਖਿਆ, ''ਕਾਂਗਰਸ ਅਤੇ ਲੀਗ ਰਾਹੀਂ ਕੈਬਨਿਟ ਮਿਸ਼ਨ ਦੀ ਯੋਜਨਾ ਨੂੰ ਮਨਜ਼ੂਰ ਕਰਨਾ ਭਾਰਤ ਵਿਚ ਆਜ਼ਾਦੀ ਦੇ ਅੰਦੋਲਨ ਦੇ ਇਤਿਹਾਸ ਵਿਚ ਸ਼ਾਨਦਾਰ ਕਾਰਜ ਕਰਨਾ ਸੀ। ਇਸ ਦਾ ਅਰਥ ਇਹ ਸੀ ਕਿ ਭਾਰਤੀ ਆਜ਼ਾਦੀ ਦੇ ਮੁਸ਼ਕਿਲ ਪ੍ਰਸ਼ਨ ਨੂੰ ਗੱਲਬਾਤ ਅਤੇ ਰਾਜੀਨਾਮੇ ਰਾਹੀਂ ਨਿਬੇੜਿਆ ਗਿਆ ਹੈ ਅਤੇ ਇਸ ਵਿਚ ਕਿਸੇ ਝਗੜੇ ਅਤੇ ਹਿੰਸਾ ਦੇ ਤਰੀਕਿਆਂ ਦੀ ਵਰਤੋਂ ਨਹੀਂ ਕੀਤੀ ਗਈ।''

ਅਜਿਹਾ ਜਾਪਦਾ ਹੈ ਕਿ ਸੰਪਰਦਾਇਕ ਮੁਸ਼ਕਿਲਾਂ ਹੁਣ ਪਿੱਛੇ ਰਹਿ ਗਈਆਂ ਸਨ। ਸਾਰੇ ਦੇਸ਼ ਵਿਚ ਖੁਸ਼ੀ ਫੈਲ ਗਈ ਸੀ ਅਤੇ ਸਾਰੇ ਲੋਕ ਆਜ਼ਾਦੀ ਦੀ ਮੰਗ ਲਈ ਇਕ ਸਨ। ਅਸੀਂ ਬੜੇ ਖੁਸ਼ ਹੋਏ ਪਰ ਸਾਨੂੰ ਇਹ ਪਤਾ ਨਹੀਂ ਸੀ ਕਿ ਸਾਡੀ ਖੁਸ਼ੀ ਸਮੇਂ ਤੋਂ ਪਹਿਲਾਂ ਸੀ ਅਤੇ ਕੋਰੀ ਨਿਰਾਸ਼ਤਾ ਸਾਡਾ ਮਾਰਗ ਉਡੀਕ ਰਹੀ ਸੀ।

1.1.9 ਸੰਵਿਧਾਨਕ ਅਸੈਂਬਲੀ ਦੀ ਚੋਣ

ਮਿਸ਼ਨ ਯੋਜਨਾ ਦੇ ਅਨੁਸਾਰ ਸੰਵਿਧਾਨਿਕ ਅਸੈਂਬਲੀ ਦੀ ਚੋਣ ਜੁਲਾਈ 1946 ਵਿਚ ਹੋਈ। 210 ਆਮ ਸੀਟਾਂ ਵਿਚ ਕਾਂਗਰਸ ਨੂੰ 164, ਪੰਜਾਬ ਦੀ ਯੂਨੀਅਨਿਸਟ ਪਾਰਟੀ ਨੂੰ 29, ਕੌਮਨਿਸ਼ਟ ਪਾਰਟੀ ਨੂੰ 1, ਅਨੁਸੂਚਿਤ ਜਾਤੀਆਂ ਦੀ ਕਾਂਗਰਸ ਵਿਰੋਧੀ ਫੈਡਰੇਸ਼ਨ ਨੂੰ 2 ਅਤੇ ਆਜ਼ਾਦ ਉਮੀਦਵਾਰਾਂ ਨੂੰ 9 ਸੀਟਾਂ ਪ੍ਰਾਪਤ ਹੋਈਆਂ।

ਇਸ ਚੋਣ ਦਾ ਮੁੱਖ ਨਤੀਜਾ ਇਹ ਸੀ ਕਿ 296 ਮੈਂਬਰਾਂ ਦੇ ਇਸ ਹਾਊਸ ਵਿਚ ਕਾਂਗਰਸ 212 ਮੈਬਰਾਂ ਦਾ ਸਮਰਥਨ ਪ੍ਰਾਪਤ ਕਰ ਸਕਦੀ ਸੀ ਤੇ ਲੀਗ ਨੂੰ 73 ਸੀਟਾਂ ਦਾ ਸਮਰਥਨ ਪ੍ਰਾਪਤ ਸੀ। ਬਾਕੀ ਬਚੇ 11 ਮੈਂਬਰ ਵਿਚੋਂ 7 ਮੈਂਬਰ ਕਾਂਗਰਸ ਦੇ ਪੱਖ ਵਿਚ ਜਾ ਸਕਦੇ ਸਨ।

1.1.10 ਮੁਸਲਿਮ ਲੀਗ ਨੇ ਆਪਣੀ ਮਨਜ਼ੂਰੀ ਵਾਪਸ ਲੈ ਲਈ

ਸੰਵਿਧਾਨ ਅਸੈਂਬਲੀ ਵਿਚ ਕਾਂਗਰਸ ਦੀ ਪ੍ਰਬਲ ਸਥਿਤੀ ਦੇ ਕਾਰਨ ਜਿਨਹਾ ਨੂੰ ਅਸੈਂਬਲੀ ਵਿਚ ਆਪਣੀ ਸਫਲਤਾ ਵਿਚ ਸ਼ੱਕ ਪੈਦਾ ਹੋ ਗਿਆ। ਉਸ ਨੂੰ ਇਸ ਤੇ ਬਹੁਤ ਗੁੱਸਾ ਆਇਆ ਕਿ ਕਾਂਗਰਸ ਵੱਲੋਂ ਛੋਟੇ ਦਰਮਿਆਨ ਦੀ ਯੋਜਨਾ ਨੂੰ ਨਾ ਮਨਜ਼ੂਰ ਕਰਨ ਦੇ ਬਾਅਦ ਲਾਰਡ ਵੇਵਲ ਕੇਵਲ ਲੀਗ ਦੇ ਸਹਿਯੋਗ ਨਾਲ ਇਸ ਅਸਥਾਈ ਕੈਬਨਿਟ ਸਰਕਾਰ ਬਣਾਉਣ ਲਈ ਰਾਜ਼ੀ ਨਹੀਂ ਸੀ। ਉਸ ਦਾ ਗੁੱਸਾ ਕਰਿਪਸ ਅਤੇ ਪੈਥਿਕ ਲਾਰੈਂਸ ਦੇ ਇਸ ਬਿਆਨ ਨਾਲ ਹੋਰ ਵੱਧ ਗਿਆ ਕਿ ਜਿਨਹਾ ਨੂੰ ਮੁਸਲਿਮ ਨਿਯੁਕਤੀ ਤੇ ਕੋਈ ਇਜ਼ਾਰਾ ਨਹੀਂ ਸੀ। ਇਸ ਲਈ 29 ਜੁਲਾਈ ਦੇ ਦਿਨ ਮੁਸਲਿਮ ਲੀਗ ਨੇ ਕੈਬਨਿਟ ਦੀ ਮਿਸ਼ਨ ਯੋਜਨਾ ਨੂੰ ਦਿੱਤੀ ਮਨਜ਼ੂਰੀ ਨੂੰ ਵਾਪਸ ਲੈ ਲਿਆ।

ਇੱਥੇ ਅਸੀਂ ਮੁਸਲਿਮ ਲੀਗ ਰਾਹੀਂ ਯੋਜਨਾ ਦੀ ਨਾ ਮਨਜ਼ੂਰੀ ਦੇ ਕਾਰਨਾਂ ਦਾ ਅਧਿਐਨ ਕਰ ਸਕਦੇ ਹਾਂ। ਪਾਕਿਸਤਾਨ ਦੇ ਮ੍ਰਿਗ-ਜਾਲ ਨੇ ਮੁਸਲਿਮ ਲੀਗ ਅਤੇ ਲੀਡਰਾਂ ਉੱਤੇ ਇੰਨਾਂ ਜਾਦੂ ਕਰ ਦਿੱਤਾ ਸੀ ਕਿ ਉਹ ਇਸ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕਰ ਸਕਦੇ ਸਨ। ਉਨ੍ਹਾਂ ਲਈ ਇਹ ਅਸੰਭਵ ਸੀ ਕਿ ਉਹ ਪਾਕਿਸਤਾਨ ਦੇ ਇਲਾਵਾਂ ਕਿਸੇ ਹੋਰ ਯੋਜਨਾ ਵੱਲ ਗੰਭੀਰ ਧਿਆਨ ਦੇ ਸਕਣ ਜਾਂ ਆਪਣੇ ਦੇਸ਼ ਤੋਂ ਹੱਟ ਕੇ ਕਿਸੇ ਹੋਰ ਗੱਲ ਬਾਰੇ ਸੋਚ ਸਕਣ ਭਾਵੇਂ ਉਨ੍ਹਾਂ ਨੇ ਮਈ 16, ਜਾਂ ਜੂਨ 16 ਦੇ ਬਿਆਨ ਨੂੰ ਬੜੀ ਹਿਚਕਚਾਹਟ ਨਾਲ ਸਵੀਕਾਰ ਕੀਤਾ ਸੀ ਤਾਂ ਉਸ ਦਾ ਕਾਰਨ ਇਹ ਸੀ ਕਿ ਉਹ ਸਰਕਾਰ ਦਾ ਵਿਰੋਧ ਨਹੀਂ ਕਰਨਾ ਚਾਹੁੰਦੇ ਸਨ। ਦੂਜੀ ਗੱਲ ਇਹ ਹੈ ਕਿ ਜਿਨਹਾ ਨੂੰ ਮੁਸਲਮਾਨਾਂ ਦੀ ਏਕਤਾ ਬਾਰੇ ਨਿਸ਼ਚੇ ਨਹੀਂ ਸੀ ਕਿਉਂਕਿ 1946 ਦੀ ਸਫਲਤਾ ਦੇ ਬਾਅਦ ਵੀ ਮੁਸਲਿਮ ਬਹੁਮਤ ਵਾਲੇ ਪ੍ਰਾਂਤਾਂ ਵਿਚ ਸਥਿਤੀ ਚਿੰਤਾਪੂਰਨ ਸੀ।

ਨਤੀਜੇ ਦੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਕੈਬਨਿਟ ਮਿਸ਼ਨ ਦੀ ਯੋਜਨਾ ਹਿੰਦੂ ਅਤੇ ਮੁਸਲਿਮ ਹਿੱਤਾਂ ਨੂੰ ਸੰਤੁਲਿਤ ਕਰਨ ਦਾ ਇਕ ਸੱਚਾ ਯਤਨ ਸੀ। ਉਨ੍ਹਾਂ ਨੇ ਭਾਰਤ ਦੀ ਏਕਤਾ ਅਤੇ ਇਸ ਦੀ ਵੰਡ ਵਿਚ ਸਮਝੌਤਾ ਕਰਨ ਦਾ ਯਤਨ ਕੀਤਾ ਸੀ ਜੇਕਰ ਡੇਲੀਗੇਸ਼ਨ ਨੇ ਇਕ ਵੱਖ ਸੰਵਿਧਾਨਿਕ ਅਸੈਂਬਲੀ ਅਤੇ ਵੱਖ ਰਾਜ ਨਹੀਂ ਮੰਨਿਆ ਸੀ ਪਰ ਉਨ੍ਹਾਂ ਨੇ ਲੀਗ ਦੇ ਦੋ ਰਾਸ਼ਟਰੀ ਸਿਧਾਂਤ ਨੂੰ ਸੰਪਰਦਾਇਕ ਮਾਰਗ ਤੇ ਚਲਦੇ ਹੋਏ ਪ੍ਰਾਂਤਾਂ ਦਾ ਇਕੱਠ ਕੀਤਾ ਸੀ। ਕੇਂਦਰ ਦੇ ਕੋਲ ਥੋੜ੍ਹੀਆਂ ਗਿਣੀਆਂ ਚੁਣੀਆਂ ਸ਼ਕਤੀਆਂ ਸਨ। ਇਹ ਮੁਸਲਿਮ ਸੰਪਰਦਾਇ ਲਈ ਇਕ ਬਚਾਉ ਦਾ ਸਾਧਨ ਸੀ। ਯੋਜਨਾ ਇਸ ਸਮੱਸਿਆ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕਰ ਸਕੀ ਅਤੇ ਇਸ ਦੇ ਬਾਅਦ ਘਟਨਾਵਾਂ ਵੱਡੀ ਤੀਬਰਤਾ ਨਾਲ ਅੱਗੇ ਵਧੀਆਂ।

1.1.11 ਸਵੈਂ ਪਰਖ ਅਭਿਆਸ

ਪ੍ਰਸ਼ਨ 1. ਸੰਵਿਧਾਨ ਅਸੈਂਬਲੀ ਦੀ ਨਿਯੁਕਤੀ ਕਿਸ ਯੋਜਨਾ ਅਧੀਨ ਹੋਈ ਅਤੇ ਉਸਦੇ ਕੀ ਉਪਬੰਧ ਸੀ ?

ਪ੍ਰਸ਼ਨ 2.ਸੰਵਿਧਾਨਕ ਸਭਾ ਵਿਚ ਕਾਂਗਰਸ ਦੀ ਭੂਮਿਕਾ ਕੀ ਸੀ ?

ਪ੍ਰਸ਼ਨ 3 ਮੁਸਲਿਮ ਲੀਗ ਦਾ ਸੰਵਿਧਾਨ ਸਭਾ ਪ੍ਰਤੀ ਕੀ ਰਵੱਇਆ ਸੀ।

ਪ੍ਰਸ਼ਨ 4 ਭਾਰਤ ਵਿਚ ਸੰਸਦੀ ਪ੍ਰਣਾਲੀ ਕਿਸ ਦੇਸ਼ ਦੇ ਪ੍ਰਭਾਵ ਅਧੀਨ ਸਥਾਪਿਤ ਹੋਈ ਅਤੇ ਕਿਉਂ ?

ਪ੍ਰਸ਼ਨ 5 ਭਾਰਤੀ ਸੰਵਿਧਾਨ ਵਿਚ ਸੰਯੁਕਤ ਚੋਣ ਖੇਤਰ ਅਤੇ ਰਾਖਵੇਂਕਰਣ ਦਾ ਸਿਧਾਂਤ ਕੀ ਹੈ ?

ਪਾਠ ਨੰ: 1.2

ਭਾਰਤੀ ਸੰਵਿਧਾਨ - ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

(Constitution of India : Its Main Characterstics)

ਪਾਠ ਦੀ ਰੂਪ ਰੇਖਾ

1.2.1 ਪਾਠ ਦਾ ਉਦੇਸ਼
1.2.2 ਜਾਣ ਪਛਾਣ
1.2.3 ਵੱਖ ਵੱਖ ਸੋਮਿਆਂ ਤੋਂ ਲਿਆ ਸੰਵਿਧਾਨ
1.2.4 ਲਿਖਤੀ ਅਤੇ ਲੰਬਾ ਸੰਵਿਧਾਨ
1.2.5 ਸੰਸਦੀ ਪ੍ਰਣਾਲੀ ਦੀ ਵਿਵਸਥਾ
1.2.6 ਧਰਮ ਨਿਰਪੇਖਤਾ
1.2.7 ਸੰਘਵਾਦ
1.2.8 ਕਠੋਰਤਾ ਅਤੇ ਲਚਕੀਲਾਪਨ
1.2.9 ਮੌਲਿਕ ਅਧਿਕਾਰ ਅਤੇ ਕਰਤੱਵ
1.2.10 ਰਾਜ ਦੀ ਨੀਤੀ ਦੇ ਨਿਰਦੇਸ਼ਕ ਤੱਤ
1.2.11 ਸੁਤੰਤਰ ਨਿਆਂਪਾਲਿਕਾ
1.2.12 ਭਾਰਤੀ ਸੰਸਦ ਦਾ ਸਰੂਪ
1.2.13 ਸੰਸਦ ਅਤੇ ਕਾਰਜਪਾਲਿਕਾ ਵਿੱਚ ਸੰਬੰਧ
1.2.14 ਦਲ-ਪ੍ਰਣਾਲੀ
1.2.15 ਪ੍ਰਸਤਾਵਨਾ
1.2.16 ਸੁਝਾਈਆਂ ਗਈਆਂ ਪੁਸਤਕਾਂ

1.2.1 ਪਾਠ ਦਾ ਉਦੇਸ਼

ਪਿਆਰੇ ਵਿਦਿਆਰੀਥੀਓ, ਇਸ ਪਾਠ ਦਾ ਮੰਤਵ ਤੁਹਾਨੂੰ ਆਪਣੇ ਦੇਸ਼ ਦੇ ਸੰਵਿਧਾਨ ਦੇ ਬਾਰੇ ਵਿੱਚ ਜਾਣਕਾਰੀ ਦੇਣਾ ਹੈ। ਨ ਸਿਰਫ਼ ਰਾਜਨੀਤੀ ਵਿਗਿਆਨ ਦੇ ਵਿਦਿਆਰਥੀ ਹੋਣ ਦੇ ਨਾਤੇ ਬਲਕਿ ਇਕ ਭਾਰਤੀ ਨਾਗਰਿਕ ਹੋਣ ਦੇ ਨਾਤੇ ਇਹ ਅਤਿ ਜ਼ਰੂਰੀ ਹੈ ਕਿ ਅਸੀਂ ਆਪਣੇ ਸੰਵਿਧਾਨ ਦੇ ਬਾਰੇ ਵਿੱਚ ਜਾਣਦੇ ਹੋਈਏ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਹ ਪਤਾ ਲਗੇਗਾ ਕਿ ਸਾਡਾ ਸੰਵਿਧਾਨ ਕਿਹੋ ਜਿਹਾ ਹੈ ਇਸ ਵਿੱਚ ਨਾਗਰਿਕਾਂ ਨੂੰ ਕੀ ਅਧਿਕਾਰ ਹਨ, ਸਰਕਾਰ ਦਾ ਸਰੂਪ ਕਿਹੋ ਜਿਹਾ ਹੈ ਅਤੇ ਸੰਵਿਧਾਨ ਨਿਰਮਾਤਾਵਾਂ ਨੇ ਕਿਹੜੇ ਉਦੇਸ਼ ਪੂਰੇ ਕਰਨ ਲਈ ਇਹ ਸੰਵਿਧਾਨ ਬਣਾਇਆ।

1.2.2 ਜਾਣ-ਪਛਾਣ

ਭਾਰਤੀ ਸੰਵਿਧਾਨ ਇਕ ਬੇਮਿਸਾਲ ਦਸਤਾਵੇਜ਼ ਹੈ ਜਿਸ ਦੀਆਂ ਵਿਚਿਤ੍ਰ ਵਿਸ਼ੇਸ਼ਤਾਈਆਂ ਇਸ ਨੂੰ ਦੂਜੇ ਸੰਵਿਧਾਨਾਂ ਤੋਂ ਨਿਖੇੜਦੀਆਂ ਹਨ। ਸੰਵਿਧਾਨ ਇਕ ਕਾਨੂੰਨੀ ਦਸਤਾਵੇਜ਼ ਮੰਨਿਆ ਜਾਂਦਾ ਹੈ ਜੋ ਲੋਕਾਂ ਦੀਆਂ ਜ਼ਰੂਰਤਾਂ ਤੇ ਅਭਿਲਾਸ਼ਾਵਾਂ ਨੂੰ ਪੂਰਾ ਕਰਦਾ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤੀ ਲੋਕਾਂ ਜੋ ਬਸਤੀਵਾਦੀ ਹਾਕਮਾਂ ਦੇ ਨਿਰਮਾਣ ਕਰਨ ਦੀ ਇੱਛਾ ਪ੍ਰਗਟਾਈ ਤਾਂ ਜੋ ਇਹ ਲੋਕਾਂ ਦੀਆਂ ਵੱਧ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇ। ਇਸ ਦੀਆਂ ਮੁੱਖ ਵਿਸ਼ੇਸ਼ਤਾਈਆਂ ਹਨ :-

1.2.3 ਵੱਖ-ਵੱਖ ਸੋਮਿਆਂ ਤੋਂ ਲਿਆ ਸੰਵਿਧਾਨ (Drawn from Different Sources)

ਅਕਸਰ ਇਹ ਕਿਹਾ ਜਾਂਦਾ ਹੈ ਕਿ ਸਾਡੇ ਸੰਵਿਧਾਨ ਵਿਚ ਮੌਲਿਕਤਾ ਨਹੀਂ ਅਤੇ ''ਵਿਸ਼ਵ ਦੇ ਸਾਰੇ ਸੰਵਿਧਾਨਾਂ ਨੂੰ ਚੰਗੀ ਤਰ੍ਹਾਂ ਘੋਖਣ'' ਉਪਰੰਤ ਇਸ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਹੈ। ਇੱਥੋਂ ਤੱਕ ਕਿ ਆਲੋਚਕਾਂ ਨੇ ਵੀ ਇਸ ਨੂੰ ''ਉਧਾਰਾ ਲਏ ਸਿਧਾਂਤਾਂ ਦਾ ਸਮੂਹ'' ਦੱਸਿਆ ਹੈ। ਪ੍ਰੋ. ਐਮ. ਪੀ. ਸ਼ਰਮਾ ਨੇ ਠੀਕ ਹੀ ਕਿਹਾ ਹੈ ਕਿ ਸੰਵਿਧਾਨ ਦੇ ਨਿਰਮਾਤਿਆਂ ਦਾ ਉਦੇਸ਼ ਇੱਕ ਮੌਲਿਕ ਸੰਵਿਧਾਨ ਦਾ ਨਿਰਮਾਣ ਨਹੀਂ ਸੀ। ਉਹ ਇਕ ਚੰਗਾ ਤੇ ਅਮਲ ਵਿਚ ਲਿਆਂਦਾ ਜਾਣ ਵਾਲਾ ਸੰਵਿਧਾਨ ਚਾਹੁੰਦੇ ਸਨ। ਡਾ. ਅੰਬੇਦਕਰ ਨੇ ਸੰਵਿਧਾਨਾਂ ਨਿਰਮਾਤਿਆਂ ਪ੍ਰਤੀ ਕ੍ਰਿਤਿਗਤਾ ਅਤੇ ਭਰੋਸੇ ਨੂੰ ਠੀਕ ਢੰਗ ਨਾਲ ਦਰਸਾਇਆ-ਜਿਨ੍ਹਾਂ ਦੇ ਮੌਜੂਦਾ ਸੰਵਿਧਾਨਾਂ ਦੀਆਂ ਵਧੀਆਂ ਵਿਸ਼ੇਸ਼ਤਾਈਆਂ ਨੂੰ ਇਕੱਤਰ ਕੀਤਾ। ਉਨ੍ਹਾਂ ਦੀਆਂ ਤਰੁਟੀਆਂ ਤੋਂ ਬਚਣ ਲਈ ਉਨ੍ਹਾਂ ਦੀ ਸੁਧਾਈ ਕੀਤੀ ਅਤੇ ਦੇਸ਼ ਦੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਮੌਜੂਦਾ ਪ੍ਰਸਥਿਤੀਆਂ ਅਨੁਸਾਰ ਉਨ੍ਹਾਂ ਨੂੰ ਢਾਲਿਆ ਇੰਜ ਇਹ ਵੱਖ-ਵੱਖ ਸੋਮਿਆਂ ਤੋਂ ਤਿਆਰ ਕੀਤਾ ਗਿਆ ਵਧੀਆਂ ਦਸਤਾਵੇਜ਼ ਹੈ। ਇਸ ਲਈ ਸਾਡੇ ਸੰਵਿਧਾਨ ਦੇ ਨਿਰਮਾਤਿਆਂ ਨੇ ਦੂਜਿਆਂ ਦੇ ਤਜ਼ਰਬਿਆਂ ਤੋਂ ਲਾਭ ਉਠਾਣ ਵਿਚ ਜ਼ਰਾ ਵੀ ਸੰਕੋਚ ਨਾ ਕੀਤਾ ਅਤੇ ਅਜਿਹੇ ਸੰਵਿਧਾਨ ਦਾ ਨਿਰਮਾਣ ਕੀਤਾ ਜੋ ਅਨੇਕ ਧਰਮਾਂ, ਭਾਸ਼ਾਵਾਂ ਤੇ ਨਸਲਾਂ ਵਾਲੇ ਸਮਾਜ ਦੇ ਅਨੁਕੂਲ ਸੀ।

ਬਰਤਾਨੀਆਂ ਨਾਲ ਸਾਡੇ ਲੰਬੇ ਸੰਪਰਕ ਨੇ ਸਾਡੇ ਲਈ ਇਹ ਸੁਭਾਵਿਕ ਬਣਾ ਦਿੱਤਾ ਕਿ ਅਸੀਂ ਉਨ੍ਹਾਂ ਦੀਆਂ ਰਾਜਨੀਤਕ ਸੰਸਥਾਵਾਂ ਨੂੰ ਹੀ ਅਪਣਾ ਲਈਏ। ਸਾਡੀ ਰਾਜਨੀਤਿਕ ਪ੍ਰਣਾਲੀ ਦੇ ਦੋ ਮੁੱਖ ਥੰਮ੍ਹ ਭਾਵ ਸੰਸਦੀ ਪ੍ਰਣਾਲੀ ਅਤੇ ਕਾਨੂੰਨ ਦਾ ਸ਼ਾਸਨ ਸਪਸ਼ਟ ਤੌਰ ਤੇ ਬਰਤਾਨਵੀ ਦੇਣਾ ਹਨ। ਮੌਲਿਕ ਅਧਿਕਾਰ ਅਤੇ ਨਿਆਂਇਕ ਪ੍ਰਣਾਲੀ ਦੀ ਸਥਾਪਨਾ ਵਿਚ ਅਮਰੀਕਾ ਦੇ ਸੰਵਿਧਾਨ ਦਾ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ। ਸਾਡੀ ਸੰਘ ਪ੍ਰਣਾਲੀ ਉੱਪਰ ਕਨੇਡਾ, ਆਸਟ੍ਰੇਲੀਆ ਅਤੇ ਦੱਖਣ ਅਫਰੀਕਾ ਦੀਆਂ ਸੰਘੀ ਪ੍ਰਣਾਲੀਆਂ ਦੀ ਛਾਪ ਸਾਫ਼ ਦਿਖਾਈ ਦਿੰਦੀ ਹੈ। ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਉੱਪਰ ਆਇਰਲੈਂਡ ਦੇ ਸੰਵਿਧਾਨ ਦਾ ਪ੍ਰਭਾਵ ਹੈ। ਸਾਡੇ ਸੰਵਿਧਾਨ ਦੀ ਸੋਧ ਵਿਧੀ ਇਸ ਦੀ ਇਕ ਬੇਮਿਸਾਲ ਵਿਸ਼ੇਸ਼ਤਾ ਹੈ ਜੋ ਬਰਤਾਨੀਆਂ, ਅਮਰੀਕਾ ਅਤੇ ਦੱਖਣੀ ਅਫਰੀਕਾ ਦੇ ਸੰਵਿਧਾਨਾਂ ਦੀਆਂ ਸੋਧ ਵਿਧੀਆਂ ਦਾ ਮਿਸ਼ਰਣ ਹੈ। ਨਿਰਸੰਦੇਹ ਸਾਡੇ ਸੰਵਿਧਾਨ ਦਾ ਸਭ ਤੋਂ ਵੱਡਾ ਸੋਮਾ 1935 ਦਾ ਭਾਰਤ ਸਰਕਾਰ ਕਾਨੂੰਨ ਸੀ। ਜੈਨਿੰਗਜ਼ ਦੇ ਸ਼ਬਦਾਂ ਵਿਚ ''ਭਾਰਤੀ, ਸੰਵਿਧਾਨ ਪ੍ਰਤੱਖ ਤੌਰ ਤੇ 1935 ਦੇ ਭਾਰਤ ਸਰਕਾਰ ਕਾਨੂੰਨ ਤੋਂ ਲਿਆ ਗਿਆ ਅਤੇ ਇਸ ਦੀਆਂ ਬਹੁਤ ਸਾਰੀਆਂ ਧਾਰਾਵਾਂ ਹੂ-ਬ-ਹੂ ਉਸੀ ਤਰ੍ਹਾਂ ਹਨ।''

ਕੁੱਝ ਆਲੋਚਕਾਂ ਨੇ ਸਾਡੇ ਸੰਵਿਧਾਨ ਨੂੰ ''ਗੁਲਾਮੀ ਵਾਲੀ ਨਕਲ'' ਜਾਂ ਲੋਕਾਂ ਦੀ ਪ੍ਰਤਿਭਾ ਦੇ ਅਨੁਕੂਲ ਨਾ ਹੋਣਾ ਕਹਿ ਕੇ ਨਿੰਦਿਆ ਹੈ ਪ੍ਰੰਤੂ ਇਤਿਹਾਸ ਨੇ ਇਸ ਆਲੋਚਨਾ ਦੇ ਵਿਪਰੀਤ ਇਹ ਸਿੱਧ ਕਰ ਦਿੱਤਾ ਹੈ ਕਿ ਸਾਡਾ ਸੰਵਿਧਾਨ ਸਮੇਂ ਦੀ ਚਾਲ ਨਾਲ ਜੀਵਿਤ ਰਿਹਾ ਹੈ ਜਦ ਕਿ ਸਾਡੇ ਆਲੇ ਦੁਆਲੇ ਦੇ ਦੇਸ਼ਾਂ ਦੇ ਸੰਵਿਧਾਨ ਨਸ਼ਟ ਹੋ ਗਏ ਹਨ।

1.2.4 ਲਿਖਤੀ ਅਤੇ ਲੰਬਾ ਸੰਵਿਧਾਨ (Written and the Longest Constitution)

ਪ੍ਰੋ: ਜੈਨਿੰਗਜ਼ ਦੇ ਸ਼ਬਦਾਂ ਵਿਚ ਭਾਰਤੀ ਸੰਵਿਧਾਨ ਸੰਸਾਰ ਦੇ ਸਾਰੇ ਸੰਵਿਧਾਨਾਂ ਵਿਚੋਂ ਲੰਬਾ ਅਤੇ ਵਿਸਤ੍ਰਿਤ ਸੰਵਿਧਾਨ ਹੈ। ਮੂਲ ਸੰਵਿਧਾਨ, ਜਿਸ ਨੂੰ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ, ਇਸ ਵਿਚ 395 ਅਨੁਛੇਦ 8 ਅਨੁਸੂਚੀਆਂ ਸਨ। ਜ਼ਮੀਨਦਾਰੀ ਦੀ ਸਮਾਪਤੀ ਨੂੰ ਪ੍ਰਮਾਣਿਤ ਕਰਨ ਲਈ 1951 ਵਿਚ ਕੀਤੀ ਗਈ ਪਹਿਲੀ ਸੰਵਿਧਾਨਕ ਸੋਧ ਰਾਹੀ ਨੌਵੀਂ ਅਨੁਸੂਚੀ ਅਤੇ ਸੰਵਿਧਾਨ ਦੇ 1985 ਦੇ 52ਵੀਂ ਸੋਧ ਦੁਆਰਾ ਦਸਵੀਂ ਅਨੁਸੂਚੀ ਜਾਂ ਡਿਫੈਕਸ਼ਨ ਵਿਰੋਧੀ ਵਿਸ਼ੇ ਨਾਲ ਸੰਬੰਧਿਤ ਹੈ, ਅਪਨਾਈ ਗਈ। 73ਵੀਂ ਅਤੇ 74ਵੀਂ ਸੋਧ ਰਾਹੀ 11ਵੀਂ ਅਤੇ 12ਵੀਂ ਅਨੁਸੂਚੀ ਸ਼ਾਮਿਲ ਹੋਈ। ਇਸ ਤਰਾਂ ਹੁਣ ਸੰਵਿਧਾਨ ਵਿਚ 12 ਅਨੁਸੂਚੀਆਂ ਹਨ। ਸੰਵਿਧਾਨ ਵਿਚ 98 ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਕਈ ਅਨੁਛੇਦਾਂ ਦੇ ਖਾਰਜ ਕਰਨ ਤੇ ਅੰਕਿਤ ਕਰਨ ਦੇ ਬਾਵਜੂਦ ਵੀ ਸੰਵਿਧਾਨ ਵਿੱਚ 395 ਅਨੁਛੇਦ ਹੀ ਹਨ। ਪਰੰਤੂ ਭਾਰਤ ਦਾ ਸੰਵਿਧਾਨ ਵਿਸ਼ਵ ਦਾ ਸਭ ਤੋਂ

ਲੰਬਾ ਸੰਵਿਧਾਨ ਹੈ। ਇਸਦੇ ਵਿਸਤ੍ਰਿਤ ਹੋਣ ਦੇ ਕਈ ਕਾਰਨ ਹਨ।

ੳ) ਯੂ. ਐਸ. ਏ. ਸੰਵਿਧਾਨ ਦੇ ਉਲਟ ਸਾਡਾ ਸੰਵਿਧਾਨ ਸੰਘੀ ਪ੍ਰਣਾਲੀ ਸੰਬੰਧੀ ਵਿਵਸਥਾਵਾਂ ਦਾ ਹੀ ਵਿਸਥਾਰ ਪੂਰਵਕ ਵਰਣਨ ਨਹੀਂ ਕਰਦਾ ਸਗੋਂ ਰਾਜ ਦੀਆਂ ਸਰਕਾਰਾਂ ਦੇ ਢਾਂਚੇ ਅਤੇ ਕੰਮ ਕਾਜ ਦੀ ਵਿਧੀ ਦਾ ਵੀ ਵਿਸਥਾਰ ਪੂਰਵਕ ਵਰਣਨ ਕਰਦਾ ਹੈ। ਸੰਘੀ ਸ਼ਾਸਨ-ਪ੍ਰਣਾਲੀ ਵਿਚ (ਜਿਵੇਂ ਕਿ ਅਮਰੀਕਾ) ਰਾਜਾਂ ਨੂੰ ਆਪਣੇ ਸੰਵਿਧਾਨ ਦੇ ਨਿਰਮਾਣ ਕਰਨ ਦੀ ਸੁਤੰਤਰਤਾ ਪ੍ਰਾਪਤ ਹੈ ਪ੍ਰੰਤੂ ਸਾਡੇ ਸੰਵਿਧਾਨ ਵਿਚ ਇਸ ਨੂੰ ਅਸਵੀਕਾਰ ਕੀਤਾ ਗਿਆ ਹੈ।

ਅ) ਇਸ ਤੋਂ ਇਲਾਵਾ, ਪ੍ਰਸ਼ਾਸਨ ਅਤੇ ਦੂਜੀਆਂ ਕਾਰਵਾਈਆਂ ਦੇ ਪੱਖੋਂ ਸੰਘ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਅਤੇ ਕਾਰਜ ਦੀ ਵੰਡ ਸੰਬੰਧੀ ਵਿਸਥਾਰ ਪੂਰਵਕ ਵਿਵਸਥਾ ਕੀਤੀ ਗਈ ਹੈ। ਅੰਤਰਰਾਜੀ ਸੰਬੰਧਾਂ, ਰਾਜਾਂ ਵਿਚਕਾਰ ਤਾਲ ਮੇਲ ਅਤੇ ਝਗੜਿਆਂ ਪ੍ਰਤਿ ਨਿਰਣਿਆਂ ਸਬੰਧੀ ਵੀ ਸੰਵਿਧਾਨ ਵਿਚ ਵਿਵਸਥਾ ਕੀਤੀ ਗਈ ਹੈ।

ੲ) ਭਾਰਤੀ ਸੰਵਿਧਾਨ ਵਿਚ ਅਧਿਕਾਰਾਂ ਦਾ ਵਿਸਥਾਰ ਪੂਰਵਕ ਵਰਨਣ ਹੈ ਜਿਹਨਾਂ ਰਾਹੀਂ ਲੋਕਾਂ ਦੀਆਂ ਸੁਤੰਤਰਤਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਵਿਚ ਉਨ੍ਹਾਂ ਸੀਮਾਵਾਂ ਤੇ ਪਾਬੰਦੀਆਂ ਦਾ ਵਰਨਣ ਵੀ ਹੈ ਜੋ ਮੌਲਿਕ ਅਧਿਕਾਰਾਂ ਤੇ ਲਾਈਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸੰਵਿਧਾਨ ਦੇ ਅਧਿਆਇ VI ਵਿਚ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਣਨ ਹੈ ਜਿਹਨਾਂ ਨੂੰ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਮੌਲਿਕ ਕਿਹਾ ਗਿਆ ਹੈ ਤਾਂ ਕਿ ਸਮਾਜਿਕ ਇਨਕਲਾਬ ਦਾ ਉਦੇਸ਼ ਪ੍ਰਾਪਤ ਕੀਤਾ ਜਾ ਸਕੇ।

ਸ) ਸੰਵਿਧਾਨ ਦੇ ਨਿਰਮਾਤਿਆਂ ਨੇ ਸਰਵ-ਉੱਚ ਅਦਾਲਤਾਂ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਸੰਗਠਨ, ਢਾਂਚੇ ਅਤੇ ਕਾਰਜਾਂ ਸੰਬੰਧੀ ਵਿਸਥਾਰ ਪੂਰਵਕ ਵਿਵਸਥਾ ਦੇ ਨਾਲ ਨਾਲ ਜੱਜਾਂ ਦੀਆਂ ਤਨਖ਼ਾਹਾਂ, ਭੱਤਿਆਂ, ਆਦਿ ਦੀ ਵੀ ਵਿਵਸਥਾ ਕੀਤੀ ਹੈ।

ਹ) ਭਾਰਤੀ ਲੋਕਾਂ ਦੀਆਂ ਅਨੋਖੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ, ਭਾਸ਼ਾ ਸੰਬੰਧੀ ਉੱਚਿਤ ਵਿਵਸਥਾ, ਘੱਟ ਗਿਣਤੀਆਂ ਜਿਵੇਂ ਐਂਗਲੋ ਭਾਰਤੀ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਆਦਿ ਦੇ ਲਈ ਸੁਰੱਖਿਆਵਾਂ ਨੂੰ ਭਾਰਤੀ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ ਹੈ।

ਕ) ਸੰਘੀ ਲੋਕ ਸੇਵਾ ਕਮਿਸ਼ਨ ਅਤੇ ਚੋਣ ਕਮਿਸ਼ਨ ਦੇ ਸੁਤੰਤਰ ਅਤੇ ਨਿਰਪੱਖ ਕੰਮ ਕਾਜ ਨੂੰ ਯਕੀਨੀ ਬਣਾਉਣ ਲਈ ਸੰਵਿਧਾਨ ਵਿਚ ਕਾਰਗਰ ਵਿਵਸਥਾ ਕੀਤੀ ਗਈ ਹੈ।

ਖ) ਭਾਰਤ ਦੇ ਲੋਕਰਾਜ ਨੂੰ ਬਚਾਉਣ ਲਈ ਜੋ ਦੇਸ਼ ਦੇ ਬਟਵਾਰੇ ਕਾਰਨ ਖਤਰਨਾਕ ਸਮੇਂ ਵਿਚੋਂ ਲੰਘ ਰਿਹਾ ਸੀ, ਸੰਵਿਧਾਨ ਦੇ ਭਾਗ XVIII ਵਿੱਚ ਸੰਕਟਕਾਲੀ ਵਿਵਸਥਾ ਦਾ ਵਰਣਨ ਕਰਨਾ ਜ਼ਰੂਰੀ ਸੀ।

ਇਸ ਲਈ ਉਨ੍ਹਾਂ ਪ੍ਰਸਥਿਤੀਆਂ ਅਤੇ ਕਾਰਨਾਂ ਜਿਨ੍ਹਾਂ ਨੇ ਸੰਵਿਧਾਨ ਦੇ ਨਿਰਮਾਤਿਆਂ ਨੂੰ ਸਾਡੇ ਸੰਵਿਧਾਨ ਵਿਚ ਬਹੁਤ ਸਾਰੀਆਂ ਅਜਿਹੀਆਂ ਵਿਵਸਥਾਵਾਂ ਸ਼ਾਮਿਲ ਕਰਨ ਲਈ ਮਜ਼ਬੂਰ ਕੀਤਾ, ਨੂੰ ਜਾਣਨਾ ਔਖਾ ਨਹੀਂ ਸੰਵਿਧਾਨ ਦੇ ਨਿਰਮਾਤੇ ਇਕ ਆਦਰਸ਼ ਸੰਵਿਧਾਨ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਤਾਂ ਜੋ ਇਹ ਭਾਰਤ ਦੇ ਲੋਕਾਂ ਦੀਆਂ ਵੱਧ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇ। ਉਨ੍ਹਾਂ ਨੇ ਇਸ ਗੱਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਕਿ ਉਹਨਾਂ ਉਣਤਾਈਆਂ ਤੇ ਤਰੁੱਟੀਆਂ, ਜੋ ਸੰਸਾਰ ਦੇ ਪ੍ਰਸਿੱਧ ਸੰਵਿਧਾਨਾਂ ਦੇ ਅਮਲ ਵਿਚ ਲਿਆਉਣ ਨਾਲ ਸਾਹਮਣੇ ਆਈਆਂ ਤੋਂ ਬਚਿਆ ਜਾ ਸਕੇ।

1.2.5 ਸੰਸਦੀ ਪ੍ਰਣਾਲੀ ਦੀ ਵਿਵਸਥਾ (Parliamentary Form of Government)

ਭਾਰਤੀ ਸੰਵਿਧਾਨ ਬਰਤਾਨੀਆਂ ਮਾਡਲ ਅਨੁਸਾਰ ਕੇਂਦਰ ਅਤੇ ਰਾਜਾਂ ਦੋਹਾਂ ਵਿਚ ਸੰਸਦੀ ਢੰਗ ਦੀ ਸਰਕਾਰ ਦੀ ਸਥਾਪਨਾ ਕਰਦਾ ਹੈ। ਸੰਸਦੀ ਢੰਗ ਦੀ ਸਰਕਾਰ ਦਾ ਸਾਰ ਕਾਰਜਪਾਲਿਕਾ ਦਾ ਵਿਧਾਨ ਪਾਲਿਕਾ

(ਲੋਕ ਸਭਾ) ਪ੍ਰਤੀ ਜਵਾਬ ਦੇਹੀ ਤੇ ਜ਼ਿੰਮੇਵਾਰੀ ਹੈ। ਰਾਸ਼ਟਰਪਤੀ ਰਾਜ ਦਾ ਨਾ ਮਾਤਰ ਦਾ ਮੁੱਖੀ ਹੈ। ਅਸਲੀ ਕਾਰਜ ਪਾਲਿਕਾ ਦੀਆਂ ਸ਼ਕਤੀਆਂ ਮੰਤਰੀ ਪ੍ਰੀਸ਼ਦ ਕੋਲ ਹਨ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੁੰਦਾ ਹੈ। ਮੰਤਰੀ ਪ੍ਰੀਸ਼ਦ ਸਮੂਹਿਕ ਤੌਰ ਤੇ ਹੇਠਲੇ ਸਦਨ ਭਾਵ ਲੋਕ ਸਭਾ ਵੱਲ ਉੱਤਰਾਈ ਹੈ। ਇਸ ਦੀ ਚੋਣ ਬਾਲਗ ਮਤ ਦੇ ਆਧਾਰ ਤੇ ਪੰਜ ਸਾਲਾਂ ਲਈ ਪ੍ਰਤੱਖ ਢੰਗ ਨਾਲ ਕੀਤੀ ਜਾਂਦੀ ਹੈ। ਰਾਜਾਂ ਵਿੱਚ ਵੀ ਇਹੀ ਸਥਿਤੀ ਹੈ ਇਸੇ ਲਈ ਅਜਿਹੀ ਸਰਕਾਰ ਨੂੰ ਜ਼ਿੰਮੇਵਾਰ ਸਰਕਾਰ ਕਿਹਾ ਜਾਂਦਾ ਹੈ। ਇਸ ਤੋਂ ਬਿਲਕੁਲ ਉਲਟ ਪ੍ਰਕਾਰ ਦੀ ਸਰਕਾਰ ਪ੍ਰਧਾਨਾਤਮਕ ਪ੍ਰਣਾਲੀ ਹੈ ਜੋ ਸ਼ਕਤੀਆਂ ਦੀ ਅਲਹਿਦਗੀ ਦੇ ਸਿਧਾਂਤ ਉੱਪਰ ਆਧਾਰਿਤ ਹੈ। ਅਮਰੀਕਾ ਦਾ ਸੰਵਿਧਾਨ ਇਸ ਦੀ ਵਧੀਆ ਉਦਾਹਰਣ ਹੈ ਜਿੱਥੇ ਰਾਸ਼ਟਰਪਤੀ ਅਸਲੀ ਕਾਰਜ ਪਾਲਿਕਾ ਦਾ ਮੁੱਖੀ ਹੁੰਦਾ ਹੈ, ਜਿਸ ਨੂੰ ਪ੍ਰਤੱਖ ਢੰਗ ਨਾਲ 4 ਸਾਲਾਂ ਲਈ ਚੁਣਿਆ ਜਾਂਦਾ ਹੈ। ਸਾਰੀਆਂ ਕਾਰਜਕਾਰੀ ਸ਼ਕਤੀਆਂ ਉਸ ਨੂੰ ਸੌਂਪੀਆਂ ਗਈਆਂ ਹਨ। ਉਹ ਕਾਂਗਰਸ ਦੇ ਹੇਠਲੇ ਸਦਨ ਭਾਵ ਪ੍ਰਤਿਨਿਧ ਸਦਨ ਵਲ ਉਤਰਦਾਈ ਨਹੀਂ। ਉਸ ਦੀ ਕੈਬਨਿਟ ਦੇ ਮੈਂਬਰ ਵੀ ਵਿਧਾਨ ਪਾਲਿਕਾ ਦੇ ਮੈਂਬਰ ਨਹੀਂ ਹੁੰਦੇ ਅਤੇ ਨਾ ਹੀ ਵਿਧਾਨ ਮੰਡਲ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਉਹ ਰਾਸ਼ਟਰਪਤੀ ਪ੍ਰਤੀ ਉਤਰਦਾਈ ਹੁੰਦੇ ਹਨ।

ਭਾਰਤੀ ਸੰਵਿਧਾਨ, ਰਾਸ਼ਟਰਪਤੀ ਦੀ ਸਹਾਇਤਾ ਅਤੇ ਸਲਾਹ ਲਈ ਮੰਤਰੀ ਪ੍ਰੀਸ਼ਦ ਵਿਵਸਥਾ ਕਰਦਾ ਹੈ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੁੰਦਾ ਹੈ। ਅਨੁਛੇਦ 75(1) ਅਨੁਸਾਰ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਵੇਗੀ ਅਤੇ ਦੂਜੇ ਮੰਤਰੀ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੇ ਨਿਯੁਕਤ ਕੀਤੇ ਜਾਣਗੇ। ਹਰੇਕ ਮੰਤਰੀ ਲਈ ਸੰਸਦ ਦੇ ਕਿਸੇ ਇਕ ਸਦਨ ਦਾ ਮੈਂਬਰ ਹੋਣਾ ਜ਼ਰੂਰੀ ਹੈ। ਇੰਗਲੈਂਡ ਵਿਚ ਮੰਤਰੀ ਦਾ ਸੰਸਦ ਦਾ ਮੈਂਬਰ ਹੋਣਾ ਕਾਨੂੰਨੀ ਪੱਖ ਤੋਂ ਜ਼ਰੂਰੀ ਨਹੀਂ। ਭਾਰਤੀ ਸੰਵਿਧਾਨ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ ਪ੍ਰੰਤੂ ਉਸ ਨੂੰ ਛੇ ਮਹੀਨੇ ਦੇ ਅੰਦਰ ਸੰਸਦ ਦੀ ਸਦੱਸਤਾ ਪ੍ਰਾਪਤ ਕਰਨੀ ਪੈਂਦੀ ਹੈ। ਜੇ ਉਹ ਇਸ ਸਮੇਂ ਅੰਤਰ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਨਾ ਬਣ ਸਕੇ ਤਾਂ ਉਸ ਨੂੰ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਪੈਂਦਾ ਹੈ। ਮੰਤਰੀ ਨੂੰ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਰਾਸ਼ਟਰਪਤੀ ਦੁਆਰਾ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ ਜਾਂਦੀ ਹੈ। ਮੰਤਰੀ ਰਾਸ਼ਟਰਪਤੀ ਦੀ ਖੁਸ਼ੀ ਤੱਕ ਆਪਣੇ ਪਦ ਤੇ ਰਹਿੰਦਾ ਹੈ।

ਪ੍ਰਧਾਨ ਮੰਤਰੀ, ਮੰਤਰੀ ਪ੍ਰੀਸ਼ਦ ਦਾ ਮੁੱਖੀ ਹੁੰਦਾ ਹੈ ਅਤੇ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਪ੍ਰੰਤੂ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ। ਕਿਉਂਕਿ ਅਸੀਂ ਬਰਤਾਨੀਆਂ ਦੀ ਕੈਬਨਿਟ ਪ੍ਰਣਾਲੀ ਨੂੰ ਅਪਣਾਇਆ ਹੈ ਜੋ ਚੰਗੀ ਤਰ੍ਹਾਂ ਸਥਾਪਤ ਪ੍ਰੰਪਰਾਵਾਂ ਅਨੁਸਾਰ ਕੰਮ ਕਰਦੀ ਹੈ। ਬਰਤਾਨੀਆਂ ਵਿਚ ਇੱਕ ਸਥਾਪਤ ਪਰੰਪਰਾ ਇਹ ਹੈ ਕਿ ਹੇਠਲੇ ਸਦਨ ਵਿਚ ਬਹੁਦਲ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਪ੍ਰੀਸ਼ਦ ਨਾਲ ਸੰਬੰਧਿਤ ਭਾਰਤੀ ਸੰਵਿਧਾਨ ਦੇ ਇਸ ਅਨੁਛੇਦ ਦੀ ਵਿਆਖਿਆ ਬਰਤਾਨੀਆਂ ਦੇ ਤਜਰਬੇ ਦੀ ਲੋਅ ਵਿਚ ਕੀਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਦੀ ਚੋਣ ਸੰਬੰਧੀ ਰਾਸ਼ਟਰਪਤੀ ਦੀ ਇੱਛਾ ਲੋਕ ਸਭਾ ਵਿਚ ਬਹੁਦਲ ਦੇ ਨੇਤਾ ਜਾਂ ਉਹ ਵਿਅਕਤੀ ਦੀ ਬਹੁਗਿਣਤੀ ਸਭਾ ਵਿਚ ਬਹੁਗਿਣਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦਾ ਇਕ ਪ੍ਰਵਾਨਤ ਨੇਤਾ ਵੀ ਹੁੰਦਾ ਹੈ ਤਾਂ ਪ੍ਰਧਾਨ ਮੰਤਰੀ ਦੀ ਚੋਣ ਵਿਚ ਰਾਸ਼ਟਰਪਤੀ ਦੀ ਪਸੰਦਗੀ ਇਕ ਰਸਮ ਹੀ ਹੁੰਦੀ ਹੈ।

ਬਹੁਦਲ ਪ੍ਰਣਾਲੀ ਦੀ ਸਥਿਤੀ ਵਿਚ ਜੇ ਕਿਸੇ ਦਲ ਨੂੰ ਸਪਸ਼ਟ ਬਹੁਮਤ ਨਾਂ ਹੋਵੇ ਅਤੇ ਮਿਲੀ ਜੁਲੀ ਸਰਕਾਰ ਬਣਾਉਣੀ ਹੋਵੇ ਤਾਂ ਰਾਸ਼ਟਰਪਤੀ ਨੇਤਾ ਦੀ ਚੋਣ ਵਿਚ ਆਪਣੀ ਥੋੜ੍ਹੀ ਜਿਹੀ ਮਰਜ਼ੀ ਵਰਤ ਸਕਦਾ ਹੈ ਉਦਾਹਰਣ ਵਜੋਂ 1996 ਵਿਚ ਹੋਈਆਂ ਚੋਣਾਂ ਵਿਚ ਜਦੋਂ ਕਿਸੇ ਵੀ ਦਲ ਨੂੰ ਲੋਕ ਸਭਾ ਵਿਚ ਸਪਸ਼ਟ ਬਹੁਮੱਤ ਪ੍ਰਾਪਤ ਨਾ ਹੋਇਆ ਤਾਂ ਰਾਸ਼ਟਰਪਤੀ ਐਸ. ਡੀ. ਸ਼ਰਮਾ ਨੇ ਨੈਸ਼ਨਲ ਫਰੰਟ (ਜੋ ਕਿ 13 ਪਾਰਟੀਆਂ ਦਾ ਗਠਜੋੜ ਸੀ ਤੇ ਜਿਸਨੂੰ ਕਾਂਗਰਸ ਪਾਰਟੀ ਦਾ ਬਾਹਰੋਂ ਸਮਰਥਨ ਸੀ) ਦੇ ਮੁਕਾਬਲੇ ਵਿੱਚ ਸਭ ਤੋਂ ਵੱਡੀ ਪਾਰਟੀ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਤੇ ਭਾਜਪਾ ਦੇ ਵਿਰੁੱਧ ਅਵਿਸ਼ਵਾਸ ਦਾ ਮੱਤਾ ਪਾਸ

ਹੋਣ ਤੋਂ ਬਾਅਦ ਹੀ ਯੂਨਾਇਟਡ ਫਰੰਟ ਨੂੰ ਸਰਕਾਰ ਬਣਾਉਣ ਦਾ ਅਵਸਰ ਦਿੱਤਾ। ਇਹ ਕਾਰਵਾਈ ਪਰੰਪਰਾਵਾਦ ਦੇ ਅਨੁਕੂਲ ਸੀ ਕਿਉਂਕਿ ਸਰਕਾਰ ਬਣਾਉਣ ਦਾ ਪਹਿਲਾ ਹੱਕ ਸੰਸਦ ਵਿੱਚ ਸਭ ਤੋਂ ਵੱਡੀ ਪਾਰਟੀ ਦਾ ਹੀ ਹੈ 1979 ਵਿੱਚ ਜਦੋਂ ਮੁਰਾਰਜੀ ਦੇਸਾਈ ਦੀ ਸਰਕਾਰ ਟੁੱਟੀ ਤਾਂ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਲੋਕ ਦਲ ਦੇ ਨੇਤਾ, ਚੌਧਰੀ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ ਸੀ ਅਤੇ ਉਨ੍ਹਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਆਪਣਾ ਬਹੁਮਤ ਸਿੱਧ ਕਰਨ ਲਈ ਕਿਹਾ। 1989 ਵਿਚ ਵੀ.ਪੀ. ਸਿੰਘ ਸਰਕਾਰ ਦੇ ਵਿਰੁੱਧ ਅਵਿਸ਼ਵਾਸ ਮਤਾ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਵੈਂਕੇਟਰਮਨ ਨੇ ਚੰਦਰ ਸ਼ੇਖਰ (ਜਿਸ ਨਾਲ ਜਨਤਾ ਦਲ ਤੋਂ ਵੱਖ ਹੋ ਕੇ ਬਣੇ ਜਨਤਾ ਦਲ 'ਸਮਾਜਵਾਦੀ' ਦੇ ਕੁੱਲ 57 ਮੈਂਬਰ ਸਨ) ਨੂੰ ਕਾਂਗਰਸ ਆਈ. ਦੇ ਸਮਰਥਨ ਨਾਲ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਅਤੇ ਇੱਕ ਮਹੀਨੇ ਦੇ ਅੰਦਰ ਬਹੁਮਤ ਸਿੱਧ ਕਰਨ ਲਈ ਕਿਹਾ। ਦੂਜੇ ਮੰਤਰੀ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਚੁਣੇ ਜਾਂਦੇ ਹਨ ਇਸ ਸਬੰਧ ਵਿਚ ਪ੍ਰਧਾਨ ਮੰਤਰੀ ਦੀ ਚੋਣ ਅੰਤਿਮ ਹੁੰਦੀ ਹੈ। ਸਮੂਹਿਕ ਜ਼ਿੰਮੇਵਾਰੀ ਸੰਸਦੀ ਢੰਗ ਦੀ ਸਰਕਾਰ ਦਾ ਸਾਰ ਹੈ ਇੰਗਲੈਂਡ ਵਿਚ ਇਹ ਪ੍ਰਚਲਿਤ ਰਵਾਇਤਾਂ ਅਨੁਸਾਰ ਅਮਲ ਵਿਚ ਲਿਆਇਆ ਜਾਂਦਾ ਹੈ। ਪ੍ਰੰਤੂ ਭਾਰਤ ਵਿਚ ਇਸ ਸਿਧਾਂਤ ਨੂੰ ਸੰਵਿਧਾਨ ਦੇ ਅਨੁਛੇਦ 75(3) ਦੁਆਰਾ ਯਕੀਨੀ ਬਣਾਇਆ ਗਿਆ ਹੈ ਲੋਕ ਸਭਾ ਪ੍ਰਤਿ ਸਮੂਹਿਕ ਜਿੰਮੇਵਾਰੀ ਦੇ ਸਿਧਾਂਤ ਦੇ ਨਾਲ ਨਾਲ ਵਿਅਕਤੀਗਤ ਮੰਤਰੀ ਦੀ ਸੰਸਦ ਪ੍ਰਤੀ ਜਿੰਮੇਵਾਰੀ ਦਾ ਸਿਧਾਂਤ ਵੀ ਕੰਮ ਕਰਦਾ ਹੈ। ਜੇ ਕੋਈ ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਕਾਰਵਾਈ ਕਰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੁੰਦੀ ਹੈ ਪ੍ਰਧਾਨ ਮੰਤਰੀ ਲਈ ਸੰਵਿਧਾਨਕ ਦ੍ਰਿਸ਼ਟੀਕੋਣ ਤੋਂ ਆਵੱਸ਼ਕ ਹੈ ਕਿ ਉਹ ਮੰਤਰੀ ਮੰਡਲ ਦੇ ਨਿਰਣਿਆਂ ਨੂੰ ਰਾਸ਼ਟਰਪਤੀ ਨੂੰ ਦੱਸੇ ਅਤੇ ਕੇਵਲ ਸਲਾਹ ਹੀ ਨਾ ਦੇਵੇ। ਰਾਸ਼ਟਰਪਤੀ ਲਈ ਇਹ ਜ਼ਰੂਰੀ ਹੈ ਕਿ ਉਹ ਮੰਤਰੀ ਮੰਡਲ ਦੇ ਨਿਰਣਿਆਂ ਨੂੰ ਸਵੀਕਾਰ ਕਰੇ ਕਿਉਂਕਿ ਇਨ੍ਹਾਂ ਨਿਰਣਿਆਂ ਲਈ ਪ੍ਰਧਾਨ ਮੰਤਰੀ ਅਤੇ ਉਸ ਦਾ ਮੰਤਰੀ ਮੰਡਲ ਲੋਕ ਸਭਾ ਪ੍ਰਤੀ ਉਤਰਦਾਈ ਹੁੰਦਾ ਹੈ। ਸੰਵਿਧਾਨ ਵਿਚ ਕੋਈ ਅਜਿਹੀ ਵਿਵਸਥਾ ਨਹੀਂ ਜੋ ਰਾਸ਼ਟਰਪਤੀ ਨੂੰ ਸੰਸਦ ਪ੍ਰਤੀ ਉਤਰਦਾਈ ਬਣਾਉਂਦੀ ਹੋਵੇ।

ਮੰਤਰੀਆਂ ਨੂੰ ਅਹੁਦੇ ਤੋਂ ਹਟਾਉਣ ਸੰਬੰਧੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਦੀ ਸਲਾਹ ਨੂੰ ਸਵੀਕਾਰ ਕਰਦਾ ਹੈ। ਜੇ ਪ੍ਰਧਾਨ ਮੰਤਰੀ ਇਹ ਮਹਿਸੂਸ ਕਰੇ ਕਿ ਕਿਸੇ ਮੰਤਰੀ ਦੀ ਹੋਂਦ ਸਰਕਾਰ ਦੀ ਸੁਯੋਗਤਾ, ਅਖੰਡਤਾ ਜਾਂ ਨੀਤੀ ਲਈ ਹਾਨੀਕਾਰਕ ਹੈ ਤਾਂ ਉਹ ਰਾਸ਼ਟਰਪਤੀ ਨੂੰ ਵਿਅਕਤੀ ਨੂੰ ਮੰਤਰੀ ਮੰਡਲ ਵਿਚੋਂ ਕੱਢਣ ਦੀ ਸਲਾਹ ਦੇ ਸਕਦਾ ਹੈ। ਸ਼੍ਰੀ ਐਮ. ਸੀ. ਛਾਂਗਲਾ, ਸ੍ਰੀ ਟੀ. ਟੀ. ਕ੍ਰਿਸ਼ਨਾਚਾਰੀ, ਸ੍ਰੀ ਅਸ਼ੋਕ ਮਹਿਤਾ, ਡੀ.ਸੀ.ਡੀ. ਦੇਸਮੁੱਖ, ਸ੍ਰੀ ਮੁਰਾਰ ਜੀ ਡਿਸਾਈ ਅਤੇ ਸ੍ਰੀ ਚਰਨ ਸਿੰਘ ਤੇ ਰਾਜ ਨਰਾਇਣ ਨੂੰ ਆਪਣਿਆਂ ਅਹੁਦਿਆਂ ਤੋਂ ਅਸਤੀਫਾ ਦੇਣਾ ਪਿਆ ਕਿਉਂਕਿ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੇ ਮਤਭੇਦ ਹੋ ਗਏ ਸਨ।

ਸੰਸਦੀ ਢੰਗ ਨਾਲ ਸਰਕਾਰ ਦੀ ਇਕ ਪ੍ਰਚਲਿਤ ਰਵਾਇਤ ਅਨੁਸਾਰ ਜੇ ਮੰਤਰੀ ਮੰਡਲ ਲੋਕ ਸਭਾ ਦਾ ਵਿਸ਼ਵਾਸ ਗੁਆ ਲਏ ਤਾਂ ਅਸਤੀਫ਼ਾ ਦੇਣਾ ਪੈਂਦਾ ਨੂੰ ਪ੍ਰੋ. ਵੀ. ਐਸ. ਸ਼ਰਮਾ ਨੇ ਠੀਕ ਹੀ ਅਨੁਭਵ ਕੀਤਾ ਹੈ ਕਿ ਜੇ ਰਾਸ਼ਟਰਪਤੀ ਤਰਕਪੂਰਨ ਕਾਰਨਾਂ ਤੋਂ ਸੰਤੁਸ਼ਟ ਹੋ ਜਾਵੇ ਕਿ ਮੰਤਰੀ ਪ੍ਰੀਸ਼ਦ ਨੇ ਲੋਕਾਂ ਦਾ ਸਮਰਥਨ ਖੋ ਲਿਆ ਹੈ ਅਤੇ ਇਸ ਨੂੰ ਬਰਖਾਸਤ ਕਰ ਦੇਵੇ ਤਾਂ ਇਹ ਕਿਸੇ ਵੀ ਤਰ੍ਹਾਂ ਸੰਵਿਧਾਨ ਦੀ ਉਲੰਘਣਾ ਨਹੀਂ ਕਹੀ ਜਾ ਸਕਦੀ ਸਗੋਂ ਇਸ ਨੂੰ ਲੋਕਾਂ ਦੀ ਇੱਛਾ ਹੀ ਕਿਹਾ ਜਾਵੇਗਾ।

ਅਨੁਛੇਦ 74(2) ਅਤੇ 75 ਦੀ ਕੇਵਲ ਸ਼ਾਬਦਿਕ ਤੇ ਕਾਨੂੰਨੀ ਵਿਆਖਿਆ ਇਸ ਵਿਚਾਰ ਨੂੰ ਸਪੱਸ਼ਟ ਕਰਦੀ ਹੈ ਕਿ ਰਾਸ਼ਟਰਪਤੀ ਚਾਹੇ ਤਾਂ ਉਹ ਤਾਨਾਸ਼ਾਹ ਵੀ ਬਣ ਸਕਦਾ ਹੈ।

ਪ੍ਰੰਤੂ, ਇਹ ਸ਼ਾਬਦਿਕ ਵਿਆਖਿਆ ਕਿਸੇ ਵੀ ਤਰ੍ਹਾਂ ਸੰਵਿਧਾਨ ਦੀ ਭਾਵਨਾ ਦੇ ਅਨੁਕੂਲ ਨਹੀਂ ਹੈ ਭਾਰਤੀ ਸੰਵਿਧਾਨ ਵਿਚ ਸੰਸਦੀ ਢੰਗ ਦੀ ਸਰਕਾਰ ਅਪਨਾਈ ਗਈ ਹੈ। ਅਸਲੀ ਕਾਰਜਕਾਰੀ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਮੰਡਲ ਦੁਆਰਾ ਕੀਤਾ ਜਾਵੇਗਾ ਜੋ ਲੋਕ ਸਭਾ ਪ੍ਰਤੀ ਉਤਰਦਾਈ ਹੋਵੇਗੀ। ਮੰਤਰੀ ਪ੍ਰੀਸ਼ਦ ਦੀ

ਹੋਂਦ ਆਵੱਸ਼ਕ ਹੈ ਡਾ. ਅੰਬੇਦਕਰ ਜੋ ਖਰੜਾ ਕਮੇਟੀ ਦੇ ਸਭਾਪਤੀ ਸਨ ਅਤੇ ਡਾ. ਰਾਜਿੰਦਰ ਪ੍ਰਸ਼ਾਦ, ਜੋ ਸੰਵਿਧਾਨ ਸਭਾ ਦੇ ਪ੍ਰਧਾਨ ਸਨ, ਨੇ ਇਕੋ ਜਿਹੇ ਵਿਚਾਰ ਪ੍ਰਗਟਾਏ ਹਨ। ਡਾ. ਪ੍ਰਸ਼ਾਦ ਦੇ ਇਹ ਵਿਚਾਰ ਹਨ, ''ਭਾਵੇਂ ਸੰਵਿਧਾਨ ਵਿਚ ਕੋਈ ਅਜਿਹਾ ਸਪੱਸ਼ਟ ਅਨੁਛੇਦ ਨਹੀਂ ਜੋ ਰਾਸ਼ਟਰਪਤੀ ਲਈ ਮੰਤਰੀ ਦੀ ਸਲਾਹ ਨੂੰ ਆਵੱਸ਼ਕ ਬਣਾਉਂਦਾ ਹੋਵੇ, ਪ੍ਰੰਤੂ ਇਹ ਆਸ ਕੀਤੀ ਜਾਂਦੀ ਹੈ ਕਿ ਬਰਤਾਨੀਆਂ ਦੀ ਪਰੰਪਰਾ ਜਿਸ ਅਨੁਸਾਰ ਬਾਦਸ਼ਾਹ ਸਦਾ ਹੀ ਮੰਤਰੀਆਂ ਦੀ ਸਲਾਹ ਅਨੁਸਾਰ ਕੰਮ ਕਰਦਾ ਹੈ, ਸਾਡੇ ਦੇਸ਼ ਵਿਚ ਵੀ ਸਥਾਪਤ ਹੋ ਜਾਵੇਗੀ ਅਤੇ ਰਾਸ਼ਟਰਪਤੀ ਇਕ ਸੰਵਿਧਾਨਕ ਮੁੱਖੀਆਂ ਬਣ ਜਾਵੇਗਾ।'' ਇਥੇ ਇਹ ਦੱਸ ਦੇਣਾ ਵਾਜਿਬ ਹੈ ਕਿ 42ਵੀਂ ਸੰਵਿਧਾਨਿਕ ਸੋਧ ਦੁਆਰਾ ਇਹ ਨਿਸ਼ਚਿਤ ਕਰ ਦਿੱਤਾ ਗਿਆ ਹੈ ਕਿ ਰਾਸ਼ਟਰਪਤੀ ਮੰਤਰੀ ਪ੍ਰੀਸ਼ਦ ਦੀ ਸਲਾਹ ਮੰਨੇਗਾ (Art 74)।

ਸਰਵ ਉੱਚ ਅਦਾਲਤ ਨੇ ਦ੍ਰਿੜ੍ਹਤਾ ਨਾਲ ਇਹ ਵਿਚਾਰ ਪ੍ਰਗਟਾਇਆ ਹੈ ਕਿ ਰਾਸ਼ਟਰਪਤੀ ਅਤੇ ਰਾਜਪਾਲ ਦੀਆਂ ਸ਼ਕਤੀਆਂ ਬਰਤਾਨਵੀ ਸੰਸਦੀ ਪ੍ਰਣਾਲੀ ਦੇ ਅਧੀਨ ਰਾਜੇ ਦੀਆਂ ਸ਼ਕਤੀਆਂ ਵਾਂਗ ਹਨ।

ਅਮਰੀਕਾ ਵਿਚ ਰਾਸ਼ਟਰਪਤੀ ਰਾਜ ਦਾ ਮੁਖੀ ਅਤੇ ਅਸਲੀ ਕਾਰਜਪਾਲਿਕਾ ਵੀ ਹੈ ਅਤੇ ਉਥੋਂ ਦੇ ਲੋਕਾਂ ਪ੍ਰਤੀ ਪ੍ਰਤੱਖ ਢੰਗ ਨਾਲ ਉਤਰਦਾਈ ਹੈ। ਅਸੀਂ ਭਾਰਤ ਵਿਚ ਸੰਸਦੀ ਪ੍ਰਣਾਲੀ ਅਪਣਾਈ ਹੈ। ਰਾਸ਼ਟਰਪਤੀ ਨਾ ਮਾਤਰ ਦਾ ਮੁੱਖੀਆ ਹੈ ਅਤੇ ਮੰਤਰੀ ਪ੍ਰੀਸ਼ਦ ਅਸਲੀ ਕਾਰਜਪਾਲਿਕਾ ਹੈ। ਸਾਡੇ ਰਾਸ਼ਟਰਪਤੀ ਦੀ ਉਹੀ ਸਥਿਤੀ ਹੈ ਜੋ ਬਰਤਾਨਵੀ ਸੰਵਿਧਾਨ ਅਧੀਨ ਬਾਦਸ਼ਾਹ ਦੀ ਹੈ। ਅੰਤ ਵਿਚ ਡਾ. ਅੰਬੇਦਕਰ ਨੇ ਇਹੀ ਗੱਲ ਕਹੀ ਹੈ ਕਿ ਖਰੜਾ ਸੰਵਿਧਾਨ ਵਿਚ ਭਾਰਤੀ ਸੰਘ ਦੇ ਮੁੱਖੀ ਹੋਣ ਦੇ ਰੂਪ ਵਿਚ ਇਕ ਕਾਰਜਕਰਤਾ ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ ਸੰਘ ਦਾ ਰਾਸ਼ਟਰਪਤੀ ਕਿਹਾ ਗਿਆ ਹੈ। ਇਸ ਕਾਰਜਕਰਤਾ ਦਾ ਨਾਮ ਸਾਨੂੰ ਅਮਰੀਕਾ ਦੇ ਰਾਸ਼ਟਰਪਤੀ ਦੀ ਯਾਦ ਕਰਾਉਂਦਾ ਹੈ, ਪ੍ਰੰਤੂ ਨਾਵਾਂ ਵਿਚ ਸੁਮੇਲਤਾ ਤੋਂ ਇਲਾਵਾ ਅਮਰੀਕਾ ਵਿਚ ਸਰਕਾਰ ਦੇ ਸਰੂਪ ਅਤੇ ਖਰੜਾ ਅਤੇ ਸੰਵਿਧਾਨ ਵਿਚ ਭਾਰਤ ਲਈ ਤਜਵੀਜ਼ ਕੀਤੀ ਗਈ ਸਰਕਾਰ ਦੇ ਸਰੂਪ ਵਿਚ ਕੋਈ ਗੱਲ ਸਾਂਝੀ ਨਹੀਂ। ਅਮਰੀਕਾ ਵਿਚ ਪ੍ਰਧਾਨਤਮਕਾ ਢੰਗ ਦੀ ਸਰਕਾਰ ਹੈ ਜਦ ਕਿ ਖਰੜਾ ਸੰਵਿਧਾਨ ਵਿਚ ਸੰਸਦੀ ਢੰਗ ਦੀ ਸਰਕਾਰ ਦੀ ਵਿਵਸਥਾ ਸੀ।

1.2.6 ਧਰਮ ਨਿਰਪੇਖਤਾ (Secularism)

ਧਰਮ ਨਿਰਪੇਖ ਰਾਜ ਦਾ ਅਰਥ ਹੈ ਕਿ ਰਾਜ ਧਾਰਮਿਕ ਮਾਮਲਿਆਂ ਵਿਚ ਨਿਰਪੱਖ ਰਹੇ। ਭਾਰਤ ਵਿਚ ਇਹ ਇਕ ਪ੍ਰਾਚੀਨ ਵਿਚਾਰ ਹੈ ਕਿ ਰਾਜ ਧਰਮਾਂ ਦੀ ਰੱਖਿਆ ਕਰਦਾ ਹੈ ਅਤੇ ਕਿਸੇ ਵਿਚ ਵੀ ਦਖਲ ਨਹੀਂ ਦਿੰਦਾ। ਰਾਜ ਦਾ ਆਪਣਾ ਕੋਈ ਧਰਮ ਨਹੀਂ ਹੋ ਸਕਦਾ। ਇਸ ਨੂੰ ਸਾਰੇ ਧਰਮਾਂ ਨਾਲ ਇਕੋ ਜਿਹਾ ਵਰਤਾਓ ਕਰਨਾ ਚਾਹੀਦਾ ਹੈ। ਰਾਜ ਨੂੰ ਚਾਹੀਦਾ ਹੈ ਕਿ ਉਹ ਗਿਰਜੇ, ਮਸੀਤ ਤੇ ਮੰਦਰ ਨਾਲ ਬਰਾਬਰ ਦਾ ਸਲੂਕ ਕਰੇ। ਇਹ ਧਰਮ ਨਿਰਪੇਖ ਰਾਜ ਕੇਵਲ ਮਨੁੱਖਾਂ ਦੇ ਆਪਸੀ ਸੰਬੰਧਾਂ ਤੱਕ ਵਾਸਤਾ ਰੱਖਦਾ ਹੈ। ਇਹ ਮਨੁੱਖ ਦੇ ਰੱਬ ਨਾਲ ਸੰਬੰਧਾਂ ਬਾਰੇ ਚਿੰਤੁਰ ਨਹੀਂ ਹੁੰਦਾ। ਮਨੁੱਖ ਦੇ ਅਧਿਆਤਮਕੀ ਸੰਬੰਧਾਂ ਨੂੰ ਉਸ ਦੀ ਨਿੱਜੀ ਜਮੀਰ ਤੇ ਛੱਡਿਆ ਜਾਂਦਾ ਹੈ। ਭਾਰਤੀ ਸੰਵਿਧਾਨ ਮੌਲਿਕ ਅਧਿਕਾਰਾਂ ਵਿਚ ਕੁਝ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਦਿੰਦਾ ਹੈ।

ਅਨੁਛੇਦ 25(1) ਸਾਰੇ ਨਾਗਰਿਕਾਂ ਲਈ ਜਮੀਰ ਦੀ ਸੁਤੰਤਰਤਾ ਅਤੇ ਕਿਸੇ ਵੀ ਧਰਮ ਨੂੰ ਅਪਨਾਉਣ ਅਤੇ ਉਸ ਦਾ ਪ੍ਰਚਾਰ ਕਰਨ ਦੀ ਸੁਤੰਤਰਤਾ ਦੀ ਗਰੰਟੀ ਕਰਦਾ ਹੈ। ਪ੍ਰੰਤੂ ਇਹ ਅਧਿਕਾਰ ਜਨਤਕ ਵਿਵਸਥਾ ਨੈਤਿਕ, ਸਿਹਤ ਅਤੇ ਸੰਵਿਧਾਨ ਦੇ ਭਾਗ III ਦੇ ਅਨੁਛੇਦ ਦੇ ਵਿਰੁੱਧ ਨਾ ਹੋਵੇ। ਅਨੁਛੇਦ 25 ਦੀ ਧਾਰਾ (2) ਦੀ ਸਬ ਧਾਰਾ (a) ਅਤੇ (b) ਦੇ ਅਧੀਨ ਰਾਜ ਕੋਲ (a) ਆਰਥਿਕ, ਵਿੱਤੀ ਅਤੇ ਕੋਈ ਦੂਜੀ ਧਰਮ ਨਿਰਪੱਖ ਕਾਰਵਾਈ, ਜਿਸ ਦਾ ਸੰਬੰਧ ਕਿਸੇ ਧਰਮ ਨਾਲ ਹੈ ਨੂੰ ਨਿਯੰਤਰਣ ਕਰਨ ਜਾਂ ਸੀਮਤ ਕਰਨ ਦੀ ਸ਼ਕਤੀ ਹੈ। (b) (i) ਰਾਜ ਸਮਾਜਿਕ ਭਲਾਈ ਅਤੇ ਸੁਧਾਰ ਦੀ ਵਿਵਸਥਾ ਕਰ ਸਕਦਾ ਹੈ ਅਤੇ (ii) ਜਨਤਕ ਹੀ ਹੈ। ਸਰੂਪ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਦੀ ਵਿਵਸਥਾ ਕਰ ਸਕਦਾ ਹੈ।

ਧਾਰਮਿਕ ਸੁਤੰਤਰਤਾ, ਜਨਤਕ ਵਿਵਸਥਾ, ਨੈਤਿਕਤਾ ਅਤੇ ਸਿਹਤ ਦੇ ਵਿਰੁੱਧ ਨਹੀਂ ਹੋਣੀ ਚਾਹੀਦੀ। ਪੁਲਿਸ ਕਾਨੂੰਨ ਦੀ ਧਾਰਾ 34 ਜਨਤਕ ਥਾਵਾਂ ਤੇ ਪਸ਼ੂਆਂ ਦੇ ਕਤਲ ਤੇ ਮਨੁੱਖ ਦੀ ਅੱਣਉਚਿਤ ਪ੍ਰਦਰਸ਼ਨੀ ਉੱਪਰ ਰੋਕ ਲਾਉਂਦਾ ਹੈ। ਇਹਨਾਂ ਕਾਰਵਾਈਆਂ ਨੂੰ ਧਾਰਮਿਕ ਰਸਮਾਂ ਤੇ ਅਪਨਾਉਣ ਦੇ ਆਧਾਰ ਤੇ ਉੱਚਿਤ ਨਹੀਂ ਠਹਿਰਾਇਆ ਜਾ ਸਕਦਾ। ਇਸ ਤੋਂ ਇਲਾਵਾ ਅਨੁਛੇਦ 25(2)(a) ਦੇ ਅਧੀਨ ਰਾਜ ਆਰਥਿਕ ਵਿਧੀ ਅਤੇ ਰਾਜਨੀਤਕ ਕਾਰਵਾਈਆਂ, ਜੋ ਧਾਰਮਿਕ ਵਿਚਾਰਾਂ ਨਾਲ ਸਬੰਧਿਤ ਹਨ, ਦਾ ਨਿਯੰਤਰਣ ਵੀ ਕਰ ਸਕਦਾ ਹੈ। ਧਰਮ ਨੂੰ ਮੰਨਣ ਅਤੇ ਅਪਨਾਉਣ ਦਾ ਸੁਤੰਤਰਤਾ ਕੇਵਲ ਉਨ੍ਹਾਂ ਕੰਮਾਂ ਤੱਕ ਹੈ ਜੋ ਧਰਮ ਦਾ ਅੰਗ ਜਾਂ ਮੂਲ ਹਨ।

ਅਨੁਛੇਦ 25 ਦੀ ਧਾਰਾ (2)(b) ਦੇ ਅਧੀਨ ਰਾਜ ਨੂੰ ਸਮਾਜਿਕ ਕਲਿਆਣ ਅਤੇ ਸੁਧਾਰ ਦੇ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੈ। ਇਸ ਦੇ ਅਧੀਨ ਰਾਜ ਉਨ੍ਹਾਂ ਸਮਾਜਿਕ ਵਿਚਾਰਾਂ ਅਤੇ ਸਿਧਾਂਤਾਂ ਨੂੰ ਦੂਰ ਕਰ ਸਕਦਾ ਹੈ ਜੋ ਦੇਸ਼ ਦੇ ਅਗਾਂਹ ਵਧੂ ਵਿਕਾਸ ਵਿਚ ਰੁਕਾਵਟ ਪਾਉਂਦੇ ਹਨ। ਉਹ ਧਰਮਾਂ ਦੇ ਮੂਲ ਅਧਾਰ ਨੂੰ ਪ੍ਰਭਾਵਿਤ ਨਹੀਂ ਕਰਦੇ ਅਤੇ ਅਨੁਛੇਦ 26 ਧਾਰਮਿਕ ਕੰਮਾਂ ਦੇ ਪ੍ਰਬੰਧ ਨੂੰ ਸਵੀਕਾਰ ਕਰਦਾ ਹੈ। ਪ੍ਰੰਤੂ ਇਹ ਜਨਤਕ ਵਿਵਸਥਾ, ਨੈਤਿਕਤਾ ਦੇ ਵਿਰੁੱਧ ਨਾ ਹੋਵੇ ਅਤੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਅਨੁਛੇਦ 25 ਵਿਅਕਤੀਗਤ ਸੁਤੰਤਰਤਾ ਨੂੰ ਮਹਾਨਤਾ ਦਿੰਦਾ ਹੈ ਜਦੋਂ ਕਿ ਅਨੁਛੇਦ 26 ਸੰਗਠਿਤ ਸੰਸਥਾ ਜਿਵੇਂ ਧਾਰਮਿਕ ਮਠ ਜਾਂ ਇਸ ਦੇ ਕਿਸੇ ਵਿਭਾਗ ਦੇ ਅਧਿਕਾਰ ਦੀ ਗਾਰੰਟੀ ਕਰਦਾ ਹੈ। ਅਨੁਛੇਦ 26 ਦੇ ਅਧੀਨ ਧਾਰਮਿਕ ਮਠ ਜਾਂ ਸੰਗਠਨ ਨੂੰ ਆਪਣੇ ਧਾਰਮਿਕ ਕੰਮਾਂ ਦਾ ਪ੍ਰਬੰਧ ਕਰਨ ਸੰਬੰਧੀ ਸੁਤੰਤਰਤਾ ਪ੍ਰਾਪਤ ਹੈ। ਇਨ੍ਹਾਂ ਸੰਸਥਾਵਾਂ ਦੇ ਕੰਮ ਵਿਚ ਰਾਜ ਉਦੋਂ ਤੱਕ ਦਖਲ ਨਹੀਂ ਦੇ ਸਕਦਾ ਜਦੋਂ ਤੱਕ ਉਨ੍ਹਾਂ ਦੇ ਇਹ ਕੰਮ ਜਨਤਕ ਵਿਵਸਥਾ ਸਿਹਤ ਜਾਂ ਨੈਤਿਕਤਾ ਦੇ ਵਿਰੁੱਧ ਨਾ ਹੋਣ। ਅਦਾਲਤ ਨੂੰ ਇਹ ਨਿਰਧਾਰਿਤ ਕਰਨ ਦਾ ਅਧਿਕਾਰ ਹੈ ਕਿ ਕੋਈ ਵਿਸ਼ੇਸ਼ ਅਧਿਕਾਰ ਜਾਂ ਰਸਮੋ ਰਿਵਾਜ਼ ਕਿਸੇ ਵਿਸ਼ੇਸ਼ ਧਰਮ ਦੇ ਅਨੁਕੂਲ ਹਨ।

ਅਨੁਛੇਦ 26 ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵਿਸ਼ੇਸ਼ ਧਰਮ ਦੇ ਵਿਕਾਸ ਲਈ ਕਿਸੇ ਨੂੰ ਕਰ ਦੇਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਇਹ ਧਾਰਾ ਰਾਜ ਵਿਚ ਧਰਮ ਨਿਰਪੱਖ ਸਰੂਪ ਦੀ ਤਾਕੀਦ ਕਰਦੀ ਹੈ। ਜਨਤਕ ਧਨ ਜਿਸ ਨੂੰ ਟੈਕਸ ਦੇ ਰੂਪ ਵਿਚ ਇਕੱਠਾ ਕੀਤਾ ਜਾਂਦਾ ਹੈ, ਨੂੰ ਰਾਜ ਕਿਸੇ ਵਿਸ਼ੇਸ਼ ਧਰਮ ਦੇ ਵਿਕਾਸ ਲਈ ਵਰਤ ਨਹੀਂ ਸਕਦਾ। ਇਸ ਦਾ ਕਾਰਨ ਇਹ ਹੈ ਕਿ ਭਾਰਤ ਇਕ ਧਰਮ ਨਿਰਪੇਖ ਰਾਜ ਹੈ ਅਤੇ ਸੰਵਿਧਾਨ ਦੁਆਰਾ ਵਿਅਕਤੀ ਅਤੇ ਸਮੂਹ ਦੋਨਾਂ ਨੂੰ ਧਾਰਮਿਕ ਸੁਤੰਤਰਤਾ ਪ੍ਰਦਾਨ ਕੀਤੀ ਗਈ ਹੈ ਇਹ ਸੰਵਿਧਾਨਕ ਨੀਤੀ ਦੇ ਵਿਰੁੱਧ ਹੋਵੇਗਾ ਜੋ ਜਨਤਕ ਧਨ ਵਿਚੋਂ ਕੁੱਝ ਧਨ ਕਿਸੇ ਵਿਸ਼ੇਸ਼ ਧਾਰਮਿਕ ਮਠ ਦੇ ਵਾਧੇ ਜਾਂ ਸੰਭਾਲ ਲਈ ਦਿੱਤਾ ਜਾਵੇ।

ਅਨੁਛੇਦ 28 ਦੇ ਅਧੀਨ, ਰਾਜ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਵਿਚ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਸੰਸਥਾਵਾਂ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ : (ੳ) ਸੰਸਥਾਵਾਂ ਜਿਨ੍ਹਾਂ ਦੀ ਸੰਭਾਲ ਪੂਰਨ ਤੌਰ ਤੇ ਰਾਜ ਕਰਦਾ ਹੈ। (ਅ) ਰਾਜ ਵਲੋਂ ਪ੍ਰਵਾਣਿਤ ਸੰਸਥਾਵਾਂ (ੲ) ਸੰਸਥਾਵਾਂ ਜਿਨ੍ਹਾਂ ਦੀ ਰਾਜ ਵਲੋਂ ਸਹਾਇਤਾ ਕੀਤੀ ਜਾਂਦੀ ਹੈ। (ਸ) ਸੰਸਥਾਵਾਂ ਜਿਨ੍ਹਾਂ ਦਾ ਪ੍ਰਬੰਧ ਤਾਂ ਰਾਜ ਚਲਾਉਂਦਾ ਹੈ ਪਰ ਉਨ੍ਹਾਂ ਦੀ ਸਥਾਪਨਾ ਕਿਸੇ ਟਰਸਟ ਜਾਂ ਧਾਰਮਿਕ ਸੰਗਠਨ ਨੇ ਕੀਤੀ ਹੈ। (ੳ) ਕਿਸੇ ਕਿਸਮ ਦੀਆਂ ਸਰਕਾਰੀ ਸੰਸਥਾ ਵਿਚ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾ ਸਕਦੀ (ਅ) ਅਤੇ (ੲ) ਨਿੱਜੀ ਸੰਸਥਾਵਾਂ ਵਿਚ ਧਾਰਮਿਕ ਸਿੱਖਿਆ ਵਿਅਕਤੀਆਂ ਦੀ ਸਹਿਮਤੀ ਨਾਲ ਦਿੱਤੀ ਜਾ ਸਕਦੀ ਹੈ। (ਸ) ਨਿੱਜੀ ਕਿਸਮ ਦੀਆਂ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਦੇਣ ਤੇ ਕੋਈ ਪਾਬੰਦੀ ਨਹੀਂ।

42ਵੀਂ ਸੋਧ ਤੋਂ ਬਾਅਦ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵੀ 'ਧਰਮ ਨਿਰਪੇਖ' ਸ਼ਬਦ ਜੋੜ ਕੇ ਇਸ ਸੰਕਲਪ ਨੂੰ ਹੋਰ ਸਪੱਸ਼ਟ ਤੇ ਦ੍ਰਿੜ ਕੀਤਾ ਗਿਆ ਹੈ।

1.2.7 ਸੰਘਵਾਦ (Federalism)

ਸਾਡੇ ਸੰਵਿਧਾਨ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਸੰਘਾਤਮਕ ਹੋਣ ਦੇ ਬਾਵਜੂਦ ਵੀ

ਸੰਕਟਕਾਲ ਵਿਚ ਸਾਡਾ ਸੰਵਿਧਾਨ ਇਕਾਤਮਕ ਰੂਪ ਧਾਰਨ ਕਰ ਲੈਂਦਾ ਹੈ। ਸੰਕਟਕਾਲ ਦੀ ਘੋਸ਼ਣਾ ਦੌਰਾਨ ਅਤੇ ਰਾਜਾਂ ਵਿਚ ਸ਼ਕਤੀ ਦੀ ਸਾਧਾਰਨ ਵੰਡ ਵਿਚ ਮਹੱਤਵਪੂਰਨ ਤਬਦੀਲੀ ਹੋ ਜਾਂਦੀ ਹੈ। ਸੰਘੀ ਸੰਸਦ ਨੂੰ ਰਾਜ ਸੂਚੀ ਵਿਚ ਸ਼ਾਮਲ ਕਿਸੇ ਵੀ ਵਿਸ਼ੇ ਉੱਪਰ ਕਾਨੂੰਨ ਬਣਾਉਣ ਦਾ ਅਧਿਕਾਰ ਮਿਲ ਜਾਂਦਾ ਹੈ। ਕੇਂਦਰ ਦੀ ਸਰਕਾਰ ਰਾਜ ਦੀਆਂ ਸਰਕਾਰਾਂ ਨੂੰ ਆਪਣੀਆਂ ਕਾਰਜਕਾਰੀ ਸ਼ਕਤੀਆਂ ਨੂੰ ਵਿਸ਼ੇਸ਼ ਢੰਗ ਨਾਲ ਵਰਤਣ ਦੀਆਂ ਹਦਾਇਤਾਂ ਦੇ ਸਕਦਾ ਹੈ। ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਪ੍ਰਬੰਧ ਦਾ ਕੰਟਰੋਲ ਵੀ ਸੰਘੀ ਸਰਕਾਰ ਕੋਲ ਆ ਜਾਂਦਾ ਹੈ। ਇੰਝ ਸੰਕਟਕਾਲ ਦੇ ਸਮੇਂ ਸਾਰੀਆਂ ਸ਼ਕਤੀਆਂ ਦਾ ਕੇਂਦਰੀਕਰਣ ਹੋ ਜਾਂਦਾ ਹੈ ਅਤੇ ਸੰਵਿਧਾਨ ਇਕਾਤਮਕ ਸਰੂਪ ਧਾਰਨ ਕਰ ਲੈਂਦਾ ਹੈ ਅਜਿਹਾ ਕੇਵਲ ਯੁੱਧ ਸੰਕਟਕਾਲ ਵਿਚ ਹੀ ਨਹੀਂ ਹੁੰਦਾ ਸਗੋਂ ਸ਼ਾਂਤੀ ਦੇ ਸਮੇਂ ਵੀ ਸਾਡਾ ਸੰਵਿਧਾਨ ਇਕਾਤਮਕ ਬਣ ਸਕਦਾ ਹੈ।

ਸੰਘਾਤਮਕ ਅਤੇ ਇਕਾਤਮਕ ਪ੍ਰਣਾਲੀ ਦਾ ਸੁਮੇਲ ਭਾਰਤੀ ਸੰਵਿਧਾਨ ਦੀ ਇਕ ਬੇਮਿਸਾਲ ਵਿਸ਼ੇਸ਼ਤਾ ਹੈ। ਕੇਵਲ ਯੁੱਧ ਸਮੇਂ ਵਿਚ ਹੀ ਨਹੀਂ ਸਗੋਂ ਸ਼ਾਂਤੀ ਸਮੇਂ ਵੀ ਸਾਡਾ ਸੰਵਿਧਾਨ ਇਕਾਤਮਕ ਰੂਪ ਵਿਚ ਕੰਮ ਕਰਦਾ ਹੈ। ਇਤਿਹਾਸਕ ਪਿਛੋਕੜ ਜਿਸ ਕਾਰਨ ਭਾਰਤ ਵਿਚ ਸੰਘਾਤਮਕ ਪ੍ਰਣਾਲੀ ਅਪਣਾਈ ਗਈ ਹੈ ਅਤੇ ਦੂਜੇ ਸੰਘਾਤਮਕ ਦੇਸ਼ਾਂ ਦੇ ਖਤਰਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤੀ ਸੰਵਿਧਾਨ ਦੀ ਇਸ ਵਿਸ਼ੇਸ਼ਤਾ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਸਮੁੱਚੇ ਭਾਰਤ ਨੂੰ ਖੇਤਰਾਂ ਵਿੱਚ ਵੰਡ ਕੇ ਉਨ੍ਹਾਂ ਲਈ ਸਲਾਹਕਾਰੀ ਹੈਸੀਅਤ ਵਿਚ ਕੰਮ ਕਰਨ ਲਈ ਜੋਨਲ ਪ੍ਰੀਸ਼ਦ ਦੀ ਸਥਾਪਨਾ ਕਰਕੇ 1956 ਦੇ ਰਾਜ ਪੁਨਰ ਸੰਗਠਨ ਐਕਟ ਨੇ ਪ੍ਰਾਦੇਸ਼ਕ ਤਾਲਮੇਲ ਅਤੇ ਸਹਿਕਾਰਤਾ ਦੀ ਨਵੀਂ ਵਿਸ਼ੇਸ਼ਤਾ ਨੂੰ ਅਪਨਾਇਆ ਹੈ ਜ਼ੋਨਲ ਪ੍ਰੀਸ਼ਦ ਦੀ ਮੀਟਿੰਗ ਨਿਸ਼ਚਿਤ ਸਮੇਂ ਤੇ ਕੇਂਦਰੀ ਸਰਕਾਰ ਦੇ ਗ੍ਰਹਿ ਮੰਤਰੀ ਦੀ ਸਰਪ੍ਰਸਤੀ ਹੇਠ ਹੁੰਦੀ ਹੈ। ਇਹ ਸੰਘਾਤਮਕ ਪ੍ਰਣਾਲੀ ਵਿਚ ਇਕ ਨਵਾਂ ਤਜਰਬਾ ਹੈ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਭਾਰਤੀ ਸੰਘਾਤਮਕ ਪ੍ਰਣਾਲੀ ਨੂੰ ਇਕਾਤਮਕ ਪ੍ਰਣਾਲੀ ਦਾ ਇਕ ਬੇਮਿਸਾਲ ਮਾਡਲ ਕਿਹਾ ਜਾ ਸਕਦਾ ਹੈ ਜਿਸ ਦੇ ਕੁਝ ਸਹਾਇਕ ਤੱਤ ਸੰਘਾਤਮਕ ਹਨ। ਸੰਵਿਧਾਨ ਦੀਆਂ ਕੁੱਝ ਵਿਸ਼ੇਸ਼ਤਾਈਆਂ ਇਸ ਵਿਚਾਰ ਦੀ ਪ੍ਰੋੜਤਾ ਕਰਦੀਆਂ ਹਨ।

ਸੰਘੀ ਸਰਕਾਰ ਇੰਨੀ ਸ਼ਕਤੀਸ਼ਾਲੀ ਹੈ ਕਿ ਰਾਜਾਂ ਦੀ ਸਵਾਧੀਨਤਾ ਇਕ ਦਿਖਾਵਾ ਪ੍ਰਤੀਤ ਹੁੰਦੀ ਹੈ। ਸੰਘੀ ਦ੍ਰਿਸ਼ਟੀਕੋਣ ਤੋਂ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਬਿਲਕੁਲ ਅਣਉੱਚਿਤ ਹੈ। ਰਾਸ਼ਟਰੀ ਮਹੱਤਤਾ ਦੀਆਂ ਸਾਰੀਆਂ ਮੱਦਾਂ ਜਿਨ੍ਹਾਂ ਦੀ ਗਿਣਤੀ 97 ਹੈ ਸੰਘੀ ਸੂਚੀ ਵਿਚ ਸ਼ਾਮਿਲ ਹਨ ਜਿਵੇਂ ਵਿਦੇਸ਼ੀ ਕੰਮ, ਰੱਖਿਆ ਅਤੇ ਸੈਨਾ, ਹਥਿਆਰ ਅਤੇ ਬਾਰੂਦ, ਪ੍ਰਮਾਣੂ ਸ਼ਕਤੀ ਆਦਿ। ਸਮਵਰਤੀ ਸੂਚੀ ਦੀਆਂ 47 ਮਦਾਂ ਉਪਰ ਵੀ ਸੰਘ ਦਾ ਹੀ ਕੰਟਰੋਲ ਹੈ। ਰਾਜ ਸੂਚੀ ਦੀਆਂ 66 ਮੱਦਾਂ ਰਾਜ ਦੇ ਕੰਟਰੋਲ ਵਿਚ ਹਨ। ਇਸ ਤੋਂ ਇਲਾਵਾ ਬਚੀਆਂ ਸ਼ਕਤੀਆਂ ਕੇਂਦਰ ਕੋਲ ਹਨ। ਕੁਝ ਵਿਸ਼ੇਸ਼ ਪ੍ਰਸਥਿਤੀਆਂ ਵਿਚ, ਸੰਸਦ ਰਾਜ ਸੂਚੀ ਦੀਆਂ ਮੱਦਾਂ ਤੇ ਵੀ ਕਾਨੂੰਨ ਬਣਾ ਸਕਦੀ ਹੈ। ਕਾਨੂੰਨ ਦੀ ਗੰਭੀਰ ਸਥਿਤੀ (ਅਨੁਛੇਦ 257 ਏ) ਨਾਲ ਨਿਬੜਨ ਦੀ ਸ਼ਕਤੀ ਵੀ ਕੇਂਦਰ ਕੋਲ ਹੈ।

ਵਿੱਤੀ ਮਾਮਲਿਆਂ ਵਿੱਚ ਰਾਜਾਂ ਦੀ ਹਾਲਤ ਬਹੁਤ ਹੀ ਕਮਜ਼ੋਰ ਹੈ। ਯੋਜਨਾ ਕਮਿਸ਼ਨ ਇਕ ਕੇਂਦਰੀ ਏਜੰਸੀ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਲਈ ਰਾਜ ਇਸ ਤੱਕ ਪਹੁੰਚ ਨਹੀਂ ਸਕਦੇ। ਇਹ ਠੀਕ ਹੈ ਕਿ ਸੰਵਿਧਾਨ ਵਿੱਚ ਸਪੱਸ਼ਟ ਰੂਪ ਵਿਚ ਕਿਹਾ ਗਿਆ ਹੈ ਕਿ ਰਾਜਾਂ ਨੂੰ ਕਿਹੜੇ ਕਰ ਸੌਂਪੇ ਜਾਣਗੇ ਅਤੇ ਕਿਹੜੇ ਕਰਾਂ ਵਿੱਚ ਰਾਜਾਂ ਨਾਲ ਸੰਘ ਦੀ ਭਾਈਵਾਲੀ ਹੋਵੇਗੀ। ਪਰ ਰਾਜਾਂ ਦੇ ਹਿੱਸੇ ਦੇ ਅਨੁਪਾਤ ਦਾ ਨਿਰਣਾ ਰਾਸ਼ਟਰਪਤੀ ਤੇ ਛੱਡ ਦਿੱਤਾ ਗਿਆ ਹੈ।

ਅਨੁਛੇਦ 250 ਵਿਵਸਥਾ ਕਰਦਾ ਹੈ ਕਿ ਸੰਕਟਕਾਲੀ ਘੋਸ਼ਣਾ ਦੇ ਲਾਗੂ ਰਹਿਣ ਦੇ ਦੌਰਾਨ ਸੰਸਦ ਰਾਜ ਸੂਚੀ ਦੇ ਕਿਸੇ ਵੀ ਮੱਦ ਉੱਪਰ ਕਾਨੂੰਨ ਬਣਾ ਸਕਦੀ ਹੈ ਅਤੇ ਕਾਨੂੰਨ ਸੰਕਟ ਕਾਲ ਦੇ ਸਮਾਪਤ ਹੋਣ ਤੋਂ ਛੇ ਮਹੀਨੇ ਤੱਕ ਲਾਗੂ ਰਹਿ ਸਕਦਾ ਹੈ।

ਕੇਂਦਰੀ ਸੰਸਦ ਕੋਲ ਇੰਨੀਆਂ ਵਿਸ਼ਾਲ ਸ਼ਕਤੀਆਂ ਹਨ ਕਿ ਇਹ ਦੇਸ਼ ਦੀ ਰਾਜਨੀਤਿਕ ਨਕਸ਼ੇ ਨੂੰ ਤਬਦੀਲ ਕਰ ਸਕਦਾ ਹੈ। ਧਾਰਾ (3) ਦੇ ਅਧੀਨ ਕੇਂਦਰ ਨੂੰ ਰਾਜਾਂ ਦੀਆਂ ਸੀਮਾਵਾਂ ਵਿਚ ਅਦਲਾ-ਬਦਲੀ ਕਰਨ ਦਾ ਅਧਿਕਾਰ ਵੀ ਪ੍ਰਾਪਤ ਹੈ। ਇੰਜ ਕੇਂਦਰ ਇਹਨਾਂ ਅਨੁਛੇਦਾਂ ਦਾ ਸਹਾਰਾ ਲੈ ਕੇ ਕਿਸੇ ਵੀ ਰਾਜ ਨੂੰ ਨੁਕਸਾਨ ਪਹੁੰਚਾਉਣ ਲਈ ਇਸ ਦੀ ਸੀਮਾ ਵਿਚ ਤਬਦੀਲੀ ਕਰ ਸਕਦਾ ਹੈ। ਇਸ ਤਰ੍ਹਾਂ ਰਾਜ ਦੀ ਹੋਂਦ ਹੀ ਕੇਂਦਰ ਸਰਕਾਰ ਦੀ ਮਰਜ਼ੀ ਉੱਪਰ ਅਧਾਰਿਤ ਹੈ।

ਇਸ ਤੋਂ ਇਲਾਵਾ ਸੰਵਿਧਾਨ ਵਿਚ ਸੋਧ ਕਰਨ ਦੇ ਬਿਲ ਦੀ ਪਹਿਲ ਕਰਨ ਦੀ ਸ਼ਕਤੀ ਵੀ ਕੇਂਦਰ ਕੋਲ ਹੈ। ਸੰਵਿਧਾਨ ਵਿਚ ਸੋਧ ਕਰਨ ਦੇ ਮਾਮਲਿਆਂ ਵਿਚ ਰਾਜਾਂ ਦੀ ਸ਼ਕਤੀ ਬਹੁਤ ਸੀਮਤ ਹੈ। ਸੰਵਿਧਾਨ ਦੇ ਸੰਘੀ ਢਾਂਚੇ ਸੰਬੰਧੀ ਸੋਧ ਨੂੰ ਅੱਧੇ ਰਾਜਾਂ ਵੱਲੋਂ, ਸਾਧਾਰਨ ਬਹੁਮਤ ਨਾਲ ਪੁਸ਼ਟੀ ਮਿਲਣੀ ਜ਼ਰੂਰੀ ਹੁੰਦੀ ਹੈ।

ਸੰਯੁਕਤ ਰਾਜ ਅਮਰੀਕਾ ਦੇ ਉਲਟ, ਜਿਥੇ ਸਾਰੇ ਰਾਜਾਂ ਨੂੰ ਉਥੋਂ ਦੀ ਕੇਂਦਰੀ ਵਿਧਾਨ ਸਭਾ (ਕਾਂਗਰਸ) ਦੇ ਉੱਪਰਲੇ ਸਦਨ ਸੈਨੇਟ ਵਿਚ ਬਰਾਬਰ ਪ੍ਰਤੀਨਿਧਤਾ ਹਾਸਿਲ ਹੈ, ਰਾਜ ਸਭਾ ਵਿੱਚ ਭਾਰਤੀ ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਇਥੋਂ ਤੱਕ ਕਿ ਰਾਜ ਸਭਾ ਵਿਚ ਕੁਝ ਮੈਂਬਰ ਨਾਮਜ਼ਦ ਵੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਰਾਜਾਂ ਲਈ ਕੇਂਦਰੀ ਹਦਾਇਤਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ। ਆਪਣੀ ਕਾਰਜਕਾਰੀ ਸ਼ਕਤੀ ਨਾਲ ਤਾਲਮੇਲ ਖਾਂਦੇ ਕੁਝ ਕਾਰਜ ਵੀ ਕੇਂਦਰ ਰਾਜ ਨੂੰ ਸੌਂਪ ਸਕਦਾ ਹੈ।

ਕਈ ਤਰ੍ਹਾਂ ਦੇ ਬਿਲਾਂ ਜਿਵੇਂ ਪ੍ਰਾਈਵੇਟ ਜਾਇਦਾਦ ਨੂੰ ਜਬਰਦਸਤੀ ਹਾਸਿਲ ਕਰਨ ਸੰਬੰਧੀ, ਆਵੱਸ਼ਕ ਘੋਸ਼ਿਤ ਕੀਤੀ ਗਈ ਮੱਦ ਉੱਪਰ ਕਰ ਲਾਉਣ ਸੰਬੰਧੀ ਜੋ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਜਾਂਦੇ ਹਨ, ਨੂੰ ਰਾਜਪਾਲ ਰਾਸ਼ਟਰਪਤੀ ਦੇ ਸੋਚ ਵਿਚਾਰ ਲਈ ਰਾਖਵੇ ਰੱਖ ਸਕਦਾ ਹੈ।

ਇਕਹਿਰੀ ਨਾਗਰਿਕਤਾ, ਇਕੋ ਜਿਹੀ ਦੰਡ ਪ੍ਰਣਾਲੀ, ਅਖਿਲ ਭਾਰਤੀ ਸੇਵਾਵਾਂ ਦੇ ਸੰਗਠਨ ਵੀ ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਵਿਚ ਵਾਧਾ ਕਰਦੇ ਹਨ। ਪ੍ਰੋ:ਕੇ.ਸੀ. ਵੀਅਰ ਨੇ ਭਾਰਤੀ ਸੰਘਵਾਦ ਦੇ ਸਰੂਪ ਸੰਬੰਧੀ ਠੀਕ ਨਿਚੋੜ ਕੱਢਿਆ ਹੈ, ''ਭਾਰਤ ਕੁਝ ਸਹਾਇਕ ਸੰਘੀ ਤੱਤਾਂ ਵਾਲਾ ਇਕਾਤਮਕ ਰਾਜ ਹੈ ਨਾ ਕਿ ਕੁਝ ਸਹਾਇਕ ਤੱਤਾਂ ਵਾਲਾ ਸੰਘਾਤਮਕ ਰਾਜ ਹੈ। ਉਹ ਉਸ ਨੂੰ ''ਅਰਧ ਸੰਘ'' (Quasifederal) ਦਾ ਦਰਜਾ ਵੀ ਦਿੰਦਾ ਹੈ।''

1.2.8 ਕਠੋਰਤਾ ਅਤੇ ਲਚਕੀਲਾਪਨ (Rigid and Flexible)

ਪ੍ਰੋ: ਵੀਅਰ ਨੇ ਆਪਣੀ ਪੁਸਤਕ ''ਸੰਘੀ ਸਰਕਾਰ'' ਵਿੱਚ ਇਹ ਨਿਰੀਖਣ ਕੀਤਾ ਹੈ ਕਿ ਕਿਸੇ ਸੰਵਿਧਾਨ ਦੀ ਸੋਧ ਵਿਧੀ ਹੀ ਉਸ ਨੂੰ ਕਠੋਰ ਜਾਂ ਲਚਕੀਲਾ ਬਣਾਉਂਦੀ ਹੈ। ਕਠੋਰ ਸੰਵਿਧਾਨ ਉਹ ਹੁੰਦਾ ਹੈ ਜਿਸ ਦੇ ਕਿਸੇ ਵੀ ਅਨੁਛੇਦ ਵਿਚ ਸੋਧ ਕਰਨ ਲਈ ਵਿਸ਼ੇਸ਼ ਵਿਧੀ ਦੀ ਲੋੜ ਹੁੰਦੀ ਹੈ ਅਤੇ ਲਚਕੀਲਾ ਸੰਵਿਧਾਨ ਉਹ ਹੁੰਦਾ ਹੈ ਜਿਸ ਨੂੰ ਸਾਧਾਰਨ ਵਿਧਾਨਕ ਵਿਧੀ ਦੁਆਰਾ ਸੋਧਿਆ ਜਾ ਸਕਦਾ ਹੈ। ਲਿਖਤੀ ਸੰਵਿਧਾਨ ਅਕਸਰ ਕਠੋਰ ਹੁੰਦਾ ਹੈ। ਭਾਰਤੀ ਸੰਵਿਧਾਨ ਭਾਵੇਂ ਲਿਖਤੀ ਹੈ ਪਰ ਕਾਫੀ ਹੱਦ ਤੱਕ ਲਚਕੀਲਾ ਹੈ। ਸੰਵਿਧਾਨ ਦੇ ਕੁਝ ਥੋੜੇ ਜਿਹੇ ਅਨੁਛੇਦ ਹਨ ਜਿਹਨਾਂ ਵਿਚ ਸੋਧ ਕਰਨ ਲਈ ਅੱਧੇ ਰਾਜਾਂ ਦੇ ਵਿਧਾਨ ਮੰਡਲ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ। ਸੰਵਿਧਾਨ ਦੇ ਬਾਕੀ ਅਨੁਛੇਦ ਸੰਘੀ ਸੰਸਦ ਦੇ ਵਿਸ਼ੇਸ਼ ਬਹੁਮਤ ਨਾਲ ਸੋਧੇ ਜਾ ਸਕਦੇ ਹਨ। 63 ਸਾਲਾਂ ਵਿੱਚ ਕੀਤੀਆਂ 98 ਸੋਧਾਂ ਸਰ ਆਈਵਰ ਜੇਨਿੰਜ਼ ਦੇ ਇਸ ਵਿਚਾਰ ਦਾ ਖੰਡਨ ਕਰਦੀਆਂ ਹਨ ਕਿ ਭਾਰਤੀ ਸੰਵਿਧਾਨ ਕਠੋਰ ਹੈ।

ਬਰਤਾਨੀਆ ਦੇ ਸੰਵਿਧਾਨ ਦਾ ਅਲਿਖਤੀ ਸਰੂਪ ਇਸ ਨੂੰ ਬਹੁਤ ਜ਼ਿਆਦਾ ਲਚਕੀਲਾ ਬਣਾ ਦਿੰਦਾ ਹੈ। ਬਦਲ ਰਹੀਆਂ ਪ੍ਰਸਥਿਤੀਆਂ ਅਨੁਸਾਰ ਇਸ ਨੂੰ ਢਾਲਿਆ ਜਾ ਸਕਦਾ ਹੈ ਅਤੇ ਇਸ ਵਿੱਚ ਵਿਕਾਸ ਕਰਨ ਦੀ ਸਮੱਰਥਾ ਵੀ ਹੈ ਜਿਸ ਦੀ ਤੁਲਨਾ ਹੋਰ ਕਿਸੇ ਪ੍ਰਣਾਲੀ ਨਾਲ ਨਹੀਂ ਕੀਤੀ ਜਾ ਸਕਦੀ। ਸੰਯੁਕਤ ਰਾਜ ਦਾ ਸੰਵਿਧਾਨ ਲਿਖਤੀ ਅਤੇ ਕਠੋਰ ਹੈ। ਸਾਡੇ ਸੰਵਿਧਾਨ ਦੇ ਨਿਰਮਾਤਿਆਂ ਦੇ ਸਾਹਮਣੇ ਇਹ ਪ੍ਰਮੁੱਖ ਰਾਜਨੀਤਕ ਅਤੇ ਰਾਸ਼ਟਰੀ ਸਮੱਸਿਆ ਸੀ ਕਿ ਸੰਵਿਧਾਨ ਨੂੰ ਉਸ ਹੱਦ ਤੱਕ ਲਚਕੀਲਾ ਬਣਾਇਆ ਜਾਵੇ ਤਾਂ

ਜੋ ਇਹ ਰਾਸ਼ਟਰ ਦੀਆਂ ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਅਤੇ ਮੰਤਵਾਂ ਅਨੁਸਾਰ ਢਲ ਸਕੇ। ਬਰਤਾਨਵੀਂ ਸੰਵਿਧਾਨ ਸਮੇਂ ਤੇ ਪ੍ਰਸਥਿਤੀਆਂ ਅਨੁਸਾਰ ਵਿਕਾਸ ਕਰਦਾ ਹੈ। ਭਾਰਤ ਵਿੱਚ ਲਿਖਤੀ ਸੰਵਿਧਾਨ ਹੈ, ਇਸ ਵਿੱਚ ਲੋੜੀਂਦਾ ਵਿਕਾਸ ਸੰਵਿਧਾਨਕ ਸੋਧਾਂ, ਰਵਾਇਤਾਂ, ਪ੍ਰੰਪਰਾਵਾਂ, ਜਿਹਨਾਂ ਦੀ ਸੀਮਾਂ ਸਮੇਂ ਸਮੇਂ ਸੰਵਿਧਾਨਕ ਅਨੁਛੇਦਾਂ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ ਇਹਨਾਂ ਦੁਆਰਾ ਹੀ ਲਿਆਇਆ ਜਾ ਸਕਦਾ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਸੰਵਿਧਾਨ ਦੇ ਨਿਰਮਾਤਿਆਂ ਨੇ ਸੰਵਿਧਾਨ ਵਿਚ ਸੋਧ ਕਰਨ ਦੀ ਅਤੇ ਲੋੜੀਂਦੀ ਹੱਦ ਤੱਕ ਹੀ ਲਚਕੀਲੇਪਨ ਦੀ ਵਿਵਸਥਾ ਕੀਤੀ ਹੈ ਤਾਂ ਜੋ ਇਸ ਵਿੱਚ ਲੋੜ ਤੋਂ ਵੱਧ ਛੇੜ-ਛਾੜ ਨਾ ਕੀਤੀ ਜਾ ਸਕੇ।

ਸਾਡੇ ਸੰਵਿਧਾਨ ਵਿਚ ਸੋਧ ਵਿਧੀ ਨੇ ਅਸਲ ਵਿਚ ਰਾਜਾਂ ਦੇ ਪਹਿਲ ਕਦਮੀ ਦੇ ਅਧਿਕਾਰ ਨੂੰ ਖੋਹ ਲਿਆ ਹੈ। ਰਾਜਾਂ ਲਈ ਪਹਿਲ ਕਦਮੀ Invitative ਦੀ ਅਣਹੋਂਦ ਸੰਘੀ ਪ੍ਰਣਾਲੀ ਦੀ ਪਵਿੱਤਰਤਾ ਦੀ ਉਲੰਘਣਾ ਹੈ। ਜਦੋਂ ਇਕੋ ਹੀ ਦਲ ਕੇਂਦਰ ਅਤੇ ਰਾਜਾਂ ਵਿਚ ਬਹੁ-ਗਿਣਤੀ ਪ੍ਰਾਪਤ ਕਰ ਲੈਂਦਾ ਹੈ ਤਾਂ ਰਾਜਾਂ ਦੀ ਸਥਿਤੀ ਵਧੇਰੇ ਕਮਜ਼ੋਰ ਹੋ ਜਾਂਦੀ ਹੈ। ਜਿਥੋਂ ਤੱਕ ਸੰਵਿਧਾਨ ਦੀ ਸੋਧ ਵਿਧੀ ਦਾ ਸੰਬੰਧ ਹੈ, ਅਨੁਛੇਦ 368 ਮਾਮਲਿਆਂ ਨੂੰ ਨਿਆਂਇਕ ਨਿਰਣਿਆਂ ਦੇ ਲਈ ਅਦਾਲਤਾਂ ਵਿਚ ਲੈ ਜਾਣ ਦੀ ਕਾਫ਼ੀ ਛੋਟ ਦਿੰਦਾ ਹੈ। ਇੰਝ ਵਕੀਲਾਂ ਦੀ ਮਨਮਾਨੀ ਦਾ ਰਾਹ ਖੁੱਲ੍ਹ ਜਾਂਦਾ ਹੈ। ਲੋਕਾਂ ਦੇ ਹਿਤਾਂ ਨੇ ਹੀ ਉਹਨਾਂ ਅੰਦਰ ਇਸ ਸੰਵਿਧਾਨ ਦਾ ਕੋਈ ਵੀ ਹਿੱਸਾ ਕਿਸੇ ਵੀ ਤਰ੍ਹਾਂ ਵਿਕਾਸ ਦੇ ਰਾਹ ਵਿੱਚ ਰੋੜਾ ਬਣੇ ਅਤੇ ਅਣਸੁਖਾਵੀਆਂ ਪ੍ਰਸਥਿਤੀਆਂ ਵਿਚ ਵਿਸ਼ਵਾਸ ਪੈਦਾ ਕੀਤਾ ਕਿ ਆਪਣੇ ਆਪ ਹੀ ਨਸ਼ਟ ਨਾ ਹੋਵੇ। ਇਸ ਕਰਕੇ ਸੰਘਾਤਮਕ ਢਾਂਚੇ ਵਿਚ ਸੰਵਿਧਾਨ ਨੂੰ ਕਿਧਰੇ ਕਠੋਰ ਬਣਾਉਣ ਦੇ ਨਾਲ-ਨਾਲ ਲਚਕੀਲਾ ਸਰੂਪ ਵੀ ਪ੍ਰਦਾਨ ਕੀਤਾ ਗਿਆ ਹੈ।

1.2.9 ਮੌਲਿਕ ਅਧਿਕਾਰ ਅਤੇ ਕਰਤੱਵ (Fundamental Rights and Duties)

ਦੂਜੇ ਆਧੁਨਿਕ ਸੰਵਿਧਾਨਾਂ ਦੀ ਤਰ੍ਹਾਂ ਭਾਰਤੀ ਸੰਵਿਧਾਨ ਵੀ ਆਪਣੇ ਨਾਗਰਿਕਾਂ ਨੂੰ ਬੁਨਿਆਦੀ ਸੁਤੰਤਰਤਾਵਾਂ ਦੀ ਗਰੰਟੀ ਕਰਦਾ ਹੈ। ਭਾਰਤੀ ਸੰਵਿਧਾਨ ਵਿਚ ਅੰਕਿਤ ਕੀਤੇ ਮੌਲਿਕ ਅਧਿਕਾਰ ਦੂਜੇ ਸੰਵਿਧਾਨਾਂ ਦੇ ਮੌਲਿਕ ਅਧਿਕਾਰਾਂ ਨਾਲੋਂ ਵਧੇਰੇ ਵਿਸਥਾਰ ਪੂਰਵਕ ਤੇ ਯਥਾਰਥਕ ਹਨ। ਸਾਡੇ ਸੰਵਿਧਾਨ ਦਾ ਭਾਗ III ਇਹਨਾਂ ਅਧਿਕਾਰਾਂ ਨੂੰ ਸਪਸ਼ਟ ਰੂਪ ਨਾਲ ਬਿਆਨ ਕਰਦਾ ਹੈ ਅਤੇ ਇਹ ਅਧਿਕਾਰ ਰਾਜ ਦੀ ਸ਼ਕਤੀ ਉੱਪਰ ਸੀਮਾਵਾਂ ਲਾਉਂਦੇ ਹਨ। ਰਾਜ ਦੀ ਕਾਰਜ-ਪਾਲਿਕਾ ਜਾਂ ਵਿਧਾਨ ਮੰਡਲ ਇਹਨਾਂ ਮੌਲਿਕ ਅਧਿਕਾਰਾਂ ਦੇ ਵਿਪਰੀਤ ਕੋਈ ਕਾਨੂੰਨ ਨਹੀਂ ਬਣਾ ਸਕਦੀ। ਜੇ ਉਹ ਇਨ੍ਹਾਂ ਅਧਿਕਾਰਾਂ ਦੀ ਪਵਿੱਤਰਤਾ ਨੂੰ ਭੰਗ ਕਰਨ ਦਾ ਹੌਂਸਲਾ ਕਰਨ ਤਾਂ ਨਿਆਂ ਪਾਲਿਕਾ ਇਹੋ ਜਿਹੇ ਕਾਨੂੰਨਾਂ ਨੂੰ ਗੈਰ-ਕਾਨੂੰਨ ਘੋਸ਼ਿਤ ਕਰ ਸਕਦੀ ਹੈ। ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਮੌਲਿਕ ਅਧਿਕਾਰਾਂ ਦਾ ਸਾਡੇ ਸੰਵਿਧਾਨ ਵਿਚ ਸ਼ਾਮਿਲ ਕਰਨਾ ਆਵੱਸ਼ਕ ਸਮਝਿਆ ਗਿਆ ਹੈ। 44ਵੀਂ ਸੰਵਿਧਾਨਿਕ ਸੋਧ ਅਧੀਨ ਜਾਇਦਾਦ ਦੇ ਅਧਿਕਾਰ ਨੂੰ ਸੂਚੀ ਵਿੱਚੋਂ ਕੱਢ ਦਿੱਤਾ ਗਿਆ ਤਾਂ ਜੋ ਰਾਜ ਸਮਾਜਿਕ ਸਮਾਨਤਾ ਵਾਲੇ ਸਮਾਜ ਦੀ ਸਥਾਪਨਾ ਦੇ ਉਦੇਸ਼ ਨੂੰ ਸਾਕਾਰ ਕਰ ਸਕੇ।

ਸੰਵਿਧਾਨ ਦੀ 42ਵੀਂ ਸੋਧ ਅਧੀਨ 10 ਕਰਤੱਵਾਂ ਦੀ ਇਕ ਸੂਚੀ ਨੂੰ ਅਨੁਛੇਦ 51-A ਵਿਚ ਅੰਕਿਤ ਕੀਤਾ ਗਿਆ ਹੈ। ਭਾਵੇਂ ਇਹਨਾਂ ਕਰਤੱਵਾਂ ਨੂੰ ਨਾ ਅਦਾਲਤ ਦੁਆਰਾ ਲਾਗੂ ਕਰਵਾਇਆ ਜਾ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਦੀ ਉਲੰਘਣਾ ਦੇ ਲਈ ਸਜ਼ਾ ਦਿੱਤੀ ਜਾ ਸਕਦੀ ਹੈ, ਫਿਰ ਵੀ ਅਦਾਲਤ ਜਦੋਂ ਕਿਸੇ ਕੇਸ ਵਿਚ ਮੌਲਿਕ ਅਧਿਕਾਰ ਲਾਗੂ ਕਰ ਰਹੀ ਹੋਵੇ, ਸਾਰੇ ਸੰਵਿਧਾਨ ਦੇ ਸਾਰੇ ਭਾਗਾਂ ਦਾ ਅਧਿਐਨ ਕਰਕੇ ਉਸ ਵਿਅਕਤੀ, ਜਿਸ ਨੇ ਅਨੁਛੇਦ 51-A ਵਿਚ ਅੰਕਿਤ ਮੌਲਿਕ ਕਰਤੱਵਾਂ ਦੀ ਉਲੰਘਣਾ ਕੀਤੀ ਹੈ ਅਦਾਲਤਾਂ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਸਕਦੀ ਹੈ। ਜਦੋਂ ਇੰਝ ਹੁੰਦਾ ਹੈ ਤਾਂ ਆਰੰਭਿਕ ਸੰਵਿਧਾਨ ਦੀ ਮੌਲਿਕ ਅਧਿਕਾਰਾਂ ਉੱਪਰ ਤਾਕੀਦ ਘੱਟ ਜਾਂਦੀ ਹੈ।

1.2.10 ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (Directive Principles of State Policy)

ਡਾ: ਅੰਬੇਦਕਰ ਦੇ ਕਥਨ ਅਨੁਸਾਰ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਸੰਵਿਧਾਨ ਵਿੱਚ ਸ਼ਾਮਿਲ ਕਰਨਾ ਭਾਰਤੀ ਸੰਵਿਧਾਨ ਦੀ ਇਕ ਵਿਲੱਖਣ ਵਿਸ਼ੇਸ਼ਤਾ ਹੈ। ਇਹ ਇਹਨਾਂ ਉਦੇਸ਼ਾਂ ਤੇ ਆਦਰਸ਼ਾਂ ਦਾ ਵਰਨਣ

ਹੈ ਜੋ ਰਾਜ ਨੂੰ ਆਪਣੀ ਨੀਤੀ ਦਾ ਨਿਰਮਾਣ ਅਤੇ ਕਾਨੂੰਨ ਦੇ ਬਣਾਉਣ ਸਮੇਂ ਧਿਆਨ ਵਿਚ ਰੱਖਣੇ ਚਾਹੀਦੇ ਹਨ, ਇਹਨਾਂ ਨੂੰ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਮੌਲਿਕ ਘੋਸ਼ਿਤ ਕੀਤਾ ਗਿਆ ਹੈ। ਅਸਲ ਵਿੱਚ ਇਹ ਉਹ ਸਮਾਜ ਦਾ ਚਿਤਰਣ ਕਰਦੇ ਹਨ ਜੋ ਸੰਵਿਧਾਨ ਦੇ ਨਿਰਮਾਤੇ ਭਾਰਤ ਨੂੰ ਬਣਾਉਣਾ ਚਾਹੁੰਦੇ ਸਨ। ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਨੂੰ ਸੰਵਿਧਾਨ ਦੇ IV ਭਾਗ ਵਿਚ ਅੰਕਿਤ ਕੀਤਾ ਗਿਆ ਹੈ। ਜੋ ਮੌਲਿਕ ਅਧਿਕਾਰ ਸਾਡੇ ਦੇਸ਼ ਵਿਚ ਪ੍ਰਜਾਤੰਤਰਿਕ ਵਿਵਸਥਾ ਦੀ ਗਰੰਟੀ ਕਰਦੇ ਹਨ ਤਾਂ ਨਿਰਦੇਸ਼ਕ ਸਿਧਾਂਤ ਭਾਰਤ ਵਿਚ ਸਮਾਜਿਕ ਅਤੇ ਆਰਥਿਕ ਲੋਕ ਰਾਜ ਦੀ ਵਿਵਸਥਾ ਕਰਦੇ ਹਨ।

1975 ਦੀ 42ਵੀਂ ਸੰਵਿਧਾਨਕ ਸੋਧ ਨੇ ਰਾਜ ਨੂੰ ਸਾਰੇ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਦਾ ਅਧਿਕਾਰ ਪ੍ਰਦਾਨ ਕਰ ਦਿੱਤਾ ਸੀ ਅਤੇ ਅਜਿਹਾ ਕੋਈ ਵੀ ਕਾਨੂੰਨ ਘੋਸ਼ਿਤ ਨਹੀਂ ਕੀਤਾ ਜਾ ਸਕਦਾ ਸੀ, ਭਾਵੇਂ ਇਹ ਅਨੁਛੇਦ 14, 19 ਅਤੇ 41 ਵਿਚ ਅੰਕਿਤ, ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੋਵੇ। ਪ੍ਰੰਤੂ ਸਰਵ-ਉਚ ਅਦਾਲਤ ਦੇ ਦਿੱਤੇ ਨਿਰਣੇ ਵਿਚ 42ਵੀਂ ਸੋਧ (1976) ਦੇ ਭਾਗ 4 ਨੂੰ, ਜੋ ਨਿਰਦੇਸ਼ਕ ਸਿਧਾਂਤ ਨੂੰ ਮੌਲਿਕ ਅਧਿਕਾਰਾਂ ਤੋਂ ਪ੍ਰਮੁੱਖ ਮੰਨਦਾ ਹੈ, ਨੂੰ ਅਵੈਧ ਕਰਾਰ ਦੇ ਦਿੱਤਾ ਹੈ। ਸਰਵ ਉੱਚ ਅਦਾਲਤ ਨੇ ਇਹ ਕਿਹਾ ਕਿ ਅਨੁਛੇਦ 31-C ਦਾ ਭਾਗ 4 ਸੰਸਦ ਦੀ ਸੋਧ ਕਰਨ ਦੀ ਸ਼ਕਤੀ ਦੇ ਘੇਰੇ ਤੋਂ ਬਾਹਰ ਹੈ। ਇਸ ਲਈ ਇਹ ਅਵੈਧ ਹੈ ਕਿਉਂਕਿ ਇਹ ਸੰਵਿਧਾਨ ਦੀ ਬੁਨਿਆਦੀ ਜਾਂ ਆਵੱਸ਼ਕ ਵਿਸ਼ੇਸ਼ਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ ਵੈਸੇ 44ਵੀਂ ਸੋਧ ਬਾਅਦ ਸੰਪਤੀ ਦੇ ਮੌਲਿਕ ਅਧਿਕਾਰਾਂ ਨਾਲ ਸਬੰਧਿਤ ਧਰਾਵਾਂ (19 ਅਤੇ ਧਾਰਾ 31) ਸੰਵਿਧਾਨ ਵਿਚੋਂ ਕੱਢ ਦਿੱਤੀਆਂ ਗਈਆਂ ਹਨ। ਇਸ ਦੇ ਅਧੀਨ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਵਾਲੇ ਕਿਸੇ ਵੀ ਕਾਨੂੰਨ ਨੂੰ ਅਦਾਲਤ ਵਿਚ ਇਸ ਲਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਕਿ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਹੁਣ ਸਥਿਤੀ ਇਹ ਹੈ ਕਿ ਨੀਤੀ ਨਿਰਦੇਸ਼ਕ ਤੱਤਾਂ ਨੂੰ ਮੌਲਿਕ ਅਧਿਕਾਰਾਂ ਦੇ ਉੱਪਰ ਪ੍ਰਮੁੱਖਤਾ ਪ੍ਰਾਪਤ ਨਹੀਂ ਹੈ।

1.2.11 ਸੁਤੰਤਰ ਨਿਆਂਪਾਲਿਕਾ (Independent Judiciary)

ਇਕ ਲੋਕਤੰਤਰੀ ਪ੍ਰਬੰਧ ਤਾਂ ਹੀ ਕਾਇਮ ਰਹਿ ਸਕਦਾ ਹੈ ਜੋ ਇਸ ਦੀ ਨਿਆਂਇਕ ਪ੍ਰਣਾਲੀ 'ਮਨੁੱਖ' ਦੀ ਥਾਂ ''ਕਾਨੂੰਨ ਦੇ ਸ਼ਾਸਨ'' ਨੂੰ ਯਕੀਨੀ ਬਣਾਉਣ ਲਈ ਸੁਤੰਤਰ ਹੋਵੇ। ਸੰਵਿਧਾਨ ਦੇ ਨਿਯਮ ਤੇ ਅਜਿਹੀ ਨਿਆਂਇਕ ਪ੍ਰਣਾਲੀ ਦੀ ਆਵਸ਼ਕਤਾ ਤੋਂ ਭਲੀ ਭਾਂਤ ਜਾਣੂ ਸਨ ਕਿਉਂਕਿ ਨਿਆਂ ਪਾਲਿਕਾ ਨੇ ਸਿਰਫ਼ ਸੰਵਿਧਾਨ ਦੀ ਰੱਖਿਆ ਹੀ ਨਹੀਂ ਸੀ ਕਰਨੀ ਸਗੋਂ ਭਾਰਤੀ ਲੋਕਾਂ ਦੀਆਂ ਸੁਤੰਤਰਤਾਵਾਂ ਨੂੰ ਵੀ ਬਚਾਉਣਾ ਸੀ। ਭਾਰਤੀ ਸੰਵਿਧਾਨ ਬਹੁਤ ਸਾਰੀਆਂ ਹਥਿਆਰਾਂ ਦੀ ਵਿਵਸਥਾ ਕਰਦਾ ਹੈ ਤਾਂ ਜੋ ਸਰਵ-ਉਚ ਅਦਾਲਤਾਂ ਦੇ ਜੱਜ ਬਿਨਾਂ ਕਿਸੇ ਡਰ ਦੇ ਸੁਤੰਤਰਤਾ ਨਾਲ ਕੰਮ ਕਰ ਸਕਣ। ਇਹਨਾਂ ਅਦਾਲਤਾਂ ਦੇ ਜੱਜਾਂ ਨੂੰ ਬਹੁਤ ਕਠੋਰ ਵਿਧੀ ਰਾਹੀਂ ਹੀ ਹਟਾਇਆ ਜਾ ਸਕਦਾ ਹੈ। ਉਹਨਾਂ ਨੂੰ ਭਾਰਤ ਦੀ ਸ਼ੰਚਿਤ ਨਿਧੀ ਵਿਚੋਂ ਕਾਫ਼ੀ ਤਨਖਾਹ ਦਿੱਤੀ ਜਾਂਦੀ ਹੈ। ਸੇਵਾ ਨਵਿਰਤੀ ਮਗਰੋਂ ਉਹ ਪੈਨਸ਼ਨ ਲੈਣ ਦੇ ਵੀ ਹੱਕਦਾਰ ਹਨ।

1.2.12 ਭਾਰਤੀ ਸੰਸਦ ਦਾ ਸਰੂਪ (Nature of Indian Parliament)

ਸੰਸਦ ਭਾਰਤੀ ਸੰਵਿਧਾਨ ਦੀ ਦੇਣ ਹੈ। ਜਿਸ ਦੀਆਂ ਸ਼ਕਤੀਆਂ, ਅਧਿਕਾਰ, ਵਿਸ਼ੇਸ਼ ਅਤੇ ਜ਼ਿੰਮੇਵਾਰੀਆਂ ਦਾ ਵਰਨਣ ਸੰਵਿਧਾਨ ਦੇ ਸੰਬੰਧਿਤ ਅਨੁਛੇਦਾਂ ਵਿਚ ਕੀਤਾ ਗਿਆ। ਦੂਜੇ ਪਾਸੇ ਬਰਤਾਨੀਆਂ ਦੀ ਸੰਸਦ, ਜੋ ਕਾਨੂੰਨ ਬਣਾਉਣ ਦੀ ਸਰਵ ਉੱਚ ਸੰਸਥਾ ਹੈ, ਨੂੰ ਸੰਵਿਧਾਨ ਨੇ ਸਥਾਪਿਤ ਨਹੀਂ ਕੀਤਾ ਕਿਉਂਕਿ ਇਹ ਪਹਿਲਾਂ ਹੀ ਅਲਿਖਤੀ ਕਾਨੂੰਨ ਜਾਂ ਪ੍ਰੰਪਰਾਵਾਂ ਦੁਆਰਾ ਹੋਂਦ ਵਿਚ ਆਈ ਸੰਸਥਾ ਹੈ। ਇਹ ਕੇਵਲ ਸਰਵ-ਉੱਚ ਹੀ ਨਹੀਂ ਸਗੋਂ ਇਸ ਕੋਲ ਅਸੀਮਿਤ ਸ਼ਕਤੀਆਂ ਹਨ। ਭਾਰਤੀ ਸੰਵਿਧਾਨ ਭਾਰਤੀ ਸੰਸਦ ਨੂੰ ਕੇਵਲ ਉਹਨਾਂ ਮੱਦਾਂ ਉੱਪਰ ਹੀ ਕਾਨੂੰਨ ਬਣਾਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਦਾ ਵਰਨਣ ਉੱਚਿਤ ਥਾਵਾਂ ਤੇ ਅਨੁਸੂਚੀਆਂ ਵਿਚ ਕੁਝ ਅਨੁਛੇਦਾਂ, ਵਿਸ਼ੇਸ਼ ਕਰਕੇ ਜਿਹਨਾਂ ਦਾ ਸੰਬੰਧ ਮੌਲਿਕ ਅਧਿਕਾਰਾਂ ਨਾਲ ਹੈ, ਦੇ ਅਧੀਨ ਇਸ ਦਾ ਇਹ ਅਧਿਕਾਰ ਘਟਾ ਦਿੱਤਾ ਗਿਆ ਹੈ।

ਭਾਰਤੀ ਸੰਸਦ ਵਿਚ ਰਾਸ਼ਟਰਪਤੀ ਲੋਕ ਸਭਾ ਤੇ ਰਾਜ ਸਭਾ ਸ਼ਾਮਿਲ ਕੀਤੇ ਜਾਂਦੇ ਹਨ। ਰਾਸ਼ਟਰਪਤੀ

ਭਾਵੇਂ ਸੰਸਦ ਦਾ ਅਨਿਖੜਵਾਂ ਅੰਗ ਹੈ, ਪਰ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਹੁੰਦਾ। ਸਾਡੀ ਸੰਸਦ ਦੀ ਰੂਪ ਰੇਖਾ ਮੁੱਖ ਤੌਰ ਤੇ ਬਰਤਾਨਵੀਆਂ ਦੀ ਸੰਸਦ ਵਾਂਗ ਹੈ ਪ੍ਰੰਤੂ ਅਮਰੀਕਾ ਦੀ ਕਾਂਗਰਸ ਵਾਂਗ ਭਾਰਤੀ ਸੰਸਦ ਵੀ ਕਾਨੂੰਨ ਬਣਾਉਣ ਵਾਲੀ ਸਰਵ-ਉੱਚ ਸੰਸਥਾ ਨਹੀਂ। ਲਿਖਤੀ ਸੰਵਿਧਾਨ ਦੁਆਰਾ ਇਸ ਦੇ ਉੱਤੇ ਕਈ ਪਾਬੰਦੀਆਂ ਲਾਈਆਂ ਗਈਆਂ ਹਨ। ਇਹ ਬੜੀ ਰੋਚਕ ਗੱਲ ਹੈ ਕਿ ਸਾਡੀ ਸੰਸਦੀ ਪ੍ਰਣਾਲੀ ਭਾਵੇਂ ਇੰਗਲੈਂਡ ਦੇ ਮਾਡਲ ਅਨੁਸਾਰ ਅਪਣਾਈ ਗਈ ਹੈ, ਪਰ ਕੁਝ ਹੱਦ ਤੱਕ ਇਸ ਦੀ ਸ਼ਕਤੀ ਨੂੰ ਸੀਮਤ ਕਰਨ ਲਈ ਅਮਰੀਕਾ ਦੇ ਨਿਆਂਇਕ ਪੁਨਰ ਨਿਰੀਖਣ ਦੇ ਸਿਧਾਂਤ ਨੂੰ ਵੀ ਸੰਮਿਲਤ ਕੀਤਾ ਗਿਆ ਹੈ। ਇੰਜ ਸਾਡੀ ਸੰਸਦ ਕਾਨੂੰਨ ਬਣਾਉਣ ਦੀ ਸੰਸਥਾ ਤਾਂ ਹੈ ਪਰ ਇਹ ਸਰਵ-ਉੱਚ ਨਹੀਂ।

42ਵੀਂ ਸੰਵਿਧਾਨ ਸੋਧ ਨੇ ਸੰਸਦ ਦੀ ਸਥਿਤੀ ਵਧੇਰੇ ਮਜ਼ਬੂਤ ਕਰ ਦਿੱਤੀ ਸੀ ਅਤੇ ਇਕ ਤਰ੍ਹਾਂ ਨਾਲ ਸੰਸਦ ਨੂੰ ਸਰਵ-ਉੱਚ ਬਣਾ ਦਿੱਤਾ ਸੀ ਕਿਉਂਕਿ 42ਵੀਂ ਸੰਵਿਧਾਨਿਕ ਸੋਧ ਅਨੁਸਾਰ ਸੰਸਦ ਦੁਆਰਾ ਕੀਤੀ ਕਿਸੇ ਵੀ ਸੋਧ ਨੂੰ ਨਿਆਂ ਪਾਲਿਕਾ ਅੱਗੇ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਸੀ। ਪ੍ਰੰਤੂ ਸਰਵ-ਉੱਚ ਅਦਾਲਤ ਦੇ ਨਿਰਣੇ ਨੇ, ਜਿਹੜਾ 9 ਮਈ 1980 ਨੂੰ ਦਿੱਤਾ ਗਿਆ, 1976 ਦੀ 42ਵੀਂ ਸੋਧ ਦੇ, ਭਾਗ 55 ਨੂੰ ਗੈਰ ਸੰਵਿਧਾਨਕ ਘੋਸ਼ਿਤ ਕਰ ਦਿੱਤਾ ਕਿਉਂਕਿ ਇਹ ਸੰਸਦ ਨੂੰ ਸੰਵਿਧਾਨ ਵਿੱਚ ਸੋਧ ਕਰਨ ਦੀਆਂ ਅਸੀਮਤ ਸ਼ਕਤੀਆਂ ਪ੍ਰਦਾਨ ਕਰਦਾ ਸੀ। ਮੌਜੂਦਾ ਸਥਿਤੀ ਅਨੁਸਾਰ ਸੁਪਰੀਮ ਕੋਰਟ ਦੀ ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਸੰਸਦ ਉਤੇ ਇੱਕ ਜਾਇਜ਼ ਰੋਕ ਹੈ।

1.2.13 ਸੰਸਦ ਤੇ ਕਾਰਜ ਪਾਲਿਕਾ (Relations between Parliament and Executive)

ਭਾਰਤ ਵਿਚ ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਤੇ ਵਿਧਾਨ ਦੇ ਆਪਸੀ ਸੰਬੰਧ ਲਗਭਗ ਬਰਤਾਨੀਆਂ ਦੀ ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਦੇ ਸੰਬੰਧ ਵਾਂਗ ਹਨ। ਦੋਨਾਂ ਦਾ ਅੰਤਰ ਹੈ ਕਿ ਜਿੱਥੇ ਬਰਤਾਨੀਆਂ ਵਿੱਚ ਰਾਜ ਦੇ ਮੁੱਖੀ ਦਾ ਅਹੁਦਾ ਜੱਦੀ ਹੈ ਉਥੇ ਭਾਰਤ ਵਿੱਚ ਇਹ ਮੁੱਖੀ ਇਕ ਚੋਣ ਮੰਡਲ, ਜੋ ਸੰਘੀ ਤੇ ਰਾਜਾਂ ਦੀ ਵਿਧਾਨ ਪਾਲਿਕਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ, ਰਾਹੀਂ ਚੁਣਿਆ ਜਾਂਦਾ ਹੈ। ਭਾਰਤ ਵਿਚ ਲਿਖਤੀ ਸੰਵਿਧਾਨ ਹੈ ਜਿਸ ਨੂੰ ਸੰਵਿਧਾਨ ਵਿਚ ਦੱਸੀ ਵਿਧੀ ਦੁਆਰਾ ਹੀ ਸੋਧਿਆ ਜਾ ਸਕਦਾ ਹੈ। ਇਸ ਸੋਧ ਕਰਨ ਲਈ ਸੰਸਦ ਦੇ ਵਿਸ਼ੇਸ਼ ਬਹੁਮਤ ਦੀ ਲੋੜ ਹੁੰਦੀ ਹੈ। ਜਦਕਿ ਬਰਤਾਨੀਆਂ ਦਾ ਸੰਵਿਧਾਨ ਅਲਿਖਤੀ ਹੈ ਅਤੇ ਇਸ ਨੂੰ ਸੰਸਦ ਦੇ ਸਾਧਾਰਨ ਬਹੁਮਤ, ਜੋ ਅਸਲ ਵਿਚ ਕਾਮਨ ਸਦਨ ਦਾ ਬਹੁਮਤ ਹੁੰਦਾ ਹੈ, ਰਾਹੀਂ ਸੋਧਿਆ ਜਾ ਸਕਦਾ ਹੈ।

ਭਾਰਤੀ ਪ੍ਰਣਾਲੀ, ਬਰਤਾਨੀਆਂ ਦੀ ਪ੍ਰਣਾਲੀ ਦੀ ਤਰ੍ਹਾਂ ਇਕਾਤਮਕ ਧਾਰਨਾ ਦੇ ਸਿਧਾਂਤ ਉੱਪਰ ਅਧਾਰਿਤ ਹੈ। ਇਥੇ ਕਾਰਜ ਪਾਲਿਕਾ ਅਤੇ ਸੰਸਦ ਵਿਚਕਾਰ ਕਾਰਜਾਂ ਦੀ ਵੰਡ ਹੈ ਪ੍ਰੰਤੂ ਪ੍ਰਧਾਨਤਮਕ ਪ੍ਰਣਾਲੀ, ਜੋ ਸੰਯੁਕਤ ਰਾਜ ਅਮਰੀਕਾ ਵਿੱਚ ਹੈ, ਦੀ ਤਰ੍ਹਾਂ ਭਾਰਤ ਵਿੱਚ ਸ਼ਕਤੀਆਂ ਦੀ ਅਲਹਿਦਗੀ ਨਹੀਂ। ਸੰਸਦ ਕਾਰਜ ਪਾਲਿਕਾ ਦੇ ਹਰੇਕ ਕਾਰਜ ਵਿਚ ਉਸ ਉੱਪਰ ਨਿਯੰਤ੍ਰਣ ਰੱਖਦੀ ਹੈ। ਕਾਰਜ ਪਾਲਿਕਾ ਨੂੰ ਹਰ ਸਮੇਂ ਸੰਸਦ ਦੇ ਹੇਠਲੇ ਸਦਨ (ਲੋਕ ਸਭਾ) ਦਾ ਵਿਸ਼ਵਾਸ ਪ੍ਰਾਪਤ ਹੋਣਾ ਚਾਹੀਦਾ ਹੈ। ਵਿਸ਼ਵਾਸ ਖੋ ਬੈਠਣ ਤੇ ਇਸ ਨੂੰ ਜ਼ਰੂਰ ਅਸਤੀਫਾ ਦੇਣਾ ਪੈਂਦਾ ਹੈ। ਅਸਲ ਵਿਚ ਇਸ ਪ੍ਰਣਾਲੀ ਵਿਚ ਪ੍ਰਧਾਨਤਮਕ ਪ੍ਰਣਾਲੀ ਦੇ ਉਲਟ, ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਇਕ ਅਨਿਖੜਵੇਂ ਸਮੂਹ ਦੇ ਦੋ ਪਹਿਲੂ ਹੁੰਦੇ ਹਨ। ਭਾਰਤ ਵਿੱਚ ਮੰਤਰੀ ਪ੍ਰੀਸ਼ਦ ਦੇ ਸਾਰੇ ਮੰਤਰੀ-ਸਣੇ ਪ੍ਰਧਾਨ ਮੰਤਰੀ ਤੇ ਸੰਸਦ ਦੇ ਮੈਂਬਰ ਹੁੰਦੇ ਹਨ। ਇਸ ਪ੍ਰਣਾਲੀ ਦੀ ਇਹ ਇੱਕ ਪ੍ਰਚਲਿੱਤ ਰਵਾਇਤ ਹੈ ਕਿ ਪ੍ਰਧਾਨ ਮੰਤਰੀ ਚੁਣੇ ਹੋਏ ਸਦਨ ਦਾ ਮੈਂਬਰ ਹੁੰਦਾ ਹੈ। ਸਾਡੇ ਸੰਵਿਧਾਨ ਵਿਚ ਇਸ ਮਾਡਲ ਨੂੰ ਅਪਣਾਇਆ ਗਿਆ ਹੈ। ਸੰਸਦ ਸਰਕਾਰ ਦੀ ਪ੍ਰੋੜ੍ਹਤਾ ਵੀ ਕਰ ਸਕਦੀ ਹੈ, ਜਾਂ ਇਸ ਦੇ ਵਿਰੁੱਧ ਬੇਪਰਤੀਤੀ ਦਾ ਮਤਾ ਵੀ ਪਾਸ ਕਰ ਸਕਦੀ ਹੈ ਜਾਂ ਕਿਸੇ ਮੁੱਖ ਸਮੱਸਿਆ ਜਿਸ ਉੱਪਰ ਸਰਕਾਰ ਨਿਰਭਰ ਕਰਦੀ ਹੈ ਜਾਂ ਆਪਣੇ ਹੋਂਦ ਵਿਚ ਰਹਿਣ ਦਾ ਦਾਅਵਾ ਕਰਦੀ ਹੈ, ਨੂੰ ਅਪ੍ਰਵਾਨ ਵੀ ਕਰ ਸਕਦੀ ਹੈ। ਉਸ ਸਥਿਤੀ ਵਿਚ ਕਾਰਜਪਾਲਿਕਾ ਨੂੰ ਤੁਰੰਤ ਆਪਣੇ ਪਦ ਤੋਂ ਅਸਤੀਫਾ ਦੇਣਾ ਪੈਂਦਾ ਹੈ। ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਲੋਕ ਸਭਾ ਭੰਗ ਕਰਕੇ ਨਵੀਆਂ ਆਮ ਚੋਣਾਂ ਕਰਵਾਉਣ ਦੀ ਸਲਾਹ ਵੀ ਦੇ ਸਕਦਾ

ਹੈ। ਪ੍ਰਧਾਨ ਮੰਤਰੀ ਕੋਲ ਲੋਕ ਸਭਾ ਨੂੰ ਭੰਗ ਕਰਨ ਦਾ ਸ਼ਕਤੀਸ਼ਾਲੀ ਹਥਿਆਰ ਹੁੰਦਾ ਹੈ ਅਤੇ ਇਸ ਦਾ ਪ੍ਰਯੋਗ ਅਕਸਰ ਕੀਤਾ ਜਾਂਦਾ ਹੈ।

ਜੇਕਰ ਪ੍ਰਧਾਨ ਮੰਤਰੀ ਨੂੰ ਸੰਸਦ ਦਾ ਨਾ ਮਾਤਰ ਦਾ ਬਹੁਮਤ ਹੁੰਦਾ ਹੋਵੇ ਤਾਂ ਉਹ ਆਪਣੀ ਬਹੁ-ਗਿਣਤੀ ਨੂੰ ਵਧਾਉਣ ਦੀ ਆਸ ਨਾਲ ਨਵੀਂ ਚੋਣ ਕਰਾਉਣ ਦਾ ਨਿਰਣਾ ਵੀ ਲੈ ਸਕਦਾ ਹੈ ਤਾਂ ਜੋ ਉਹ ਦੂਜੇ ਦਲਾਂ ਉੱਪਰ ਨਿਰਭਰ ਨਾ ਰਹੇ ਅਤੇ ਸ਼ਕਤੀਸ਼ਾਲੀ ਵਿਰੋਧੀ ਦਬਾਅ ਨੂੰ ਘਟਾ ਸਕੇ। ਭਾਰਤ ਵਿੱਚ 1971 ਵਿੱਚ ਇੰਝ ਹੋਇਆ ਸੀ। ਇਹ ਗੱਲ ਧਿਆਨ ਗੋਚਰੇ ਹੈ ਕਿ 42ਵੀਂ ਸੋਧ ਅਧੀਨ ਅਨੁਛੇਦ 74 ਵਿਚ ਤਬਦੀਲੀਆਂ ਕਾਰਨ ਰਾਸ਼ਟਰਪਤੀ ਇਕ ਚਿੰਨ੍ਹ ਮਾਤਰ ਦਾ ਰਾਸ਼ਟਰਪਤੀ ਰਹਿ ਗਿਆ ਹੈ ਉਸ ਨੂੰ ਉਸ ਦੀਆਂ ਮਨ-ਮਰਜ਼ੀ ਦੀਆਂ ਸ਼ਕਤੀਆਂ ਤੋਂ ਬਿਲਕੁਲ ਵੰਚਿਤ ਕਰ ਦਿੱਤਾ ਗਿਆ ਹੈ। ਫਿਰ ਵੀ ਉਹ ਕੁਝ ਪ੍ਰਸਥਿਤੀਆਂ ਵਿਚ ਕਾਫੀ ਸ਼ਕਤੀ ਦੀ ਪ੍ਰਦਰਸ਼ਨੀ ਕਰ ਸਕਦਾ ਹੈ ਜਿਵੇਂ ਰਾਸ਼ਟਰਪਤੀ ਸੰਜੀਵਾ ਰੈਡੀ ਨੇ 1979 ਵਿਚ ਜਨਤਾ ਪਾਰਟੀ ਵਿਚ ਫੁੱਟ ਸਮੇਂ ਕੀਤਾ ਸੀ ਜਦੋਂ ਕਿਸੇ ਵੀ ਦਲ ਦਾ ਸਪਸ਼ਟ ਬਹੁਮਤ ਨਾ ਹੋਵੇ ਜਿਵੇਂ (1996) ਦੀ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਐਸ.ਡੀ. ਸ਼ਰਮਾ ਨੇ ਕੀਤਾ।

1.2.14 ਦਲ ਪ੍ਰਣਾਲੀ (Political Party System)

ਰਾਜਨੀਤਿਕ ਦਲਾਂ ਦਾ ਸਰੂਪ ਤੇ ਸੰਗਠਨ ਸਮਾਜ ਤੇ ਰਾਜਨੀਤੀ ਦੇ ਪਰਸਪਰ ਸੰਬੰਧਾਂ ਦੀ ਕੁੰਜੀ ਹੁੰਦਾ ਹੈ। ਜੇ ਸਮਾਜ ਵਿਚਲੇ ਸਮੂਹਾਂ ਦੇ ਵਿਚਾਰ ਤੇ ਹਿੱਤ ਦਲ ਪ੍ਰਣਾਲੀ ਨੂੰ ਇਸ ਦਾ ਸਰੂਪ ਤੇ ਰੂਪ ਰੇਖਾ ਪ੍ਰਦਾਨ ਕਰਦੇ ਹਨ ਤਾਂ ਦਲ ਪ੍ਰਣਾਲੀ ਦਾ ਵੀ ਸਮੁੱਚੀ ਭਾਰਤੀ ਰਾਜਨੀਤਿਕ ਪ੍ਰਣਾਲੀ ਨੂੰ ਇਕ ਵਸ਼ਿਸ਼ਟ ਸਰੂਪ ਦੇਣ ਵਿਚ ਮਹੱਤਵਪੂਰਣ ਯੋਗਦਾਨ ਹੀ ਰਾਜਨੀਤਿਕ ਦਲ ਆਪਣੇ ਸਕ੍ਰਿਯ ਤੇ ਦੋਹਾਂ ਤਰ੍ਹਾਂ ਦੇ ਸਮਰਥਕਾਂ ਦੀਆਂ ਭਾਵਨਾਵਾਂ ਤੇ ਇੱਛਾਵਾਂ ਦਾ ਸਵਾਗਤ ਤੇ ਪ੍ਰਗਟਾ ਕਰਦੇ ਹਨ। ਹਰ ਇੱਕ ਰਾਜਨੀਤਿਕ ਦਲ ਜਾਂ ਇਸ ਦੇ ਨਾਲ ਮਿਲਦੇ ਜੁਲਦੇ ਕਿਸੇ ਵੀ ਸੰਗਠਨ ਵਿਚ ਲੀਡਰਸ਼ਿਪ ਦੀ ਆਮ ਜਨਤਾ ਤੋਂ ਦੂਰ ਹੋ ਜਾਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ, ਜਿਸ ਕਾਰਨ ਸੰਗਠਨ ਵਿਚਲੀਆਂ ਇਕਾਈਆਂ ਅਤੇ ਜਨਤਾ ਨਾਲ ਨਿਰੰਤਰ ਸੰਪਰਕ ਰੱਖ ਸਕਣ ਦੀ ਸਮੱਸਿਆ ਪੇਸ਼ ਆ ਜਾਂਦੀ ਹੈ। ਭਾਰਤ ਵਰਗੇ ਸੰਘੀ ਢਾਂਚੇ ਵਿੱਚ, ਜਿਸ ਵਿੱਚ ਇਕਾਈਆਂ (ਜਾਂ ਰਾਜਾਂ) ਦਾ ਅਧਾਰ ਕੇਵਲ ਆਕਾਰ ਤੇ ਪ੍ਰਦੇਸ਼ ਹੀ ਨਹੀਂ ਉਹਨਾਂ ਦੀ ਪ੍ਰਦੇਸ਼ਿਕ ਭਾਸ਼ਾਵਾਂ ਤੇ ਸੱਭਿਆਚਾਰ ਵੀ ਹਨ, ਦਲਾਂ ਦਾ ਰਾਸ਼ਟਰੀ ਪੱਧਰ ਤੇ ਸੰਗਠਨ ਢਿਲਾ ਜਿਹਾ ਹੋਣਾ ਜ਼ਰੂਰੀ ਹੈ। ਅਜਿਹੇ ਸੰਗਠਨ ਦਾ ਇਕ ਖਾਸ ਫਾਇਦਾ ਇਹ ਹੈ ਕਿ ਵੰਨ ਸੁਵੰਨੇ ਸਮੂਹਾਂ ਗਰੁੱਪਾਂ ਨੂੰ ਦਲ ਦੇ ਸੰਗਠਨ ਅੰਦਰ ਸਮੋ ਸਕਣ ਅਤੇ ਉਹਨਾਂ ਦਾ ਸਮਰਥਨ ਪ੍ਰਾਪਤ ਕਰ ਸਕਣਾ ਸੰਭਵ ਹੁੰਦਾ ਹੈ ਪਰ ਅਜਿਹੇ ਢਾਂਚੇ ਅਧੀਨ ਅਨੇਕਾਂ ਦਬਾਉ ਤੇ ਮੁਸ਼ਕਿਲਾਂ ਵੀ ਪੇਸ਼ ਹਨ। ਅਜਿਹੇ ਮਾਹੌਲ ਵਿਚ ਰਾਜਨੀਤਿਕ ਲੀਡਰ ਆਪਣੀਆਂ ਵਿਭਿੰਨ ਤੇ ਵਿਸਤਰਿਤ ਕਾਰਜਾਂ ਰਾਹੀਂ ਸਾਂਝਾ ਰਾਜਨੀਤਿਕ ਸੱਭਿਆਚਾਰ ਸਥਾਪਿਤ ਕਰਨ ਵਾਲੇ ਏਜੰਟਾਂ ਵਜੋਂ ਕਾਰਜ ਕਰਦੇ ਹਨ।

1977 ਅਤੇ 1989 ਦੀਆਂ ਆਮ ਚੋਣਾਂ ਵਿੱਚ ਕਾਂਗਰਸ ਦਾ ਸਫਾਇਆ ਹੋ ਗਿਆ ਤੇ ਇਹ ਜਾਪਣ ਲੱਗ ਪਿਆ ਕਿ ਹੁਣ ਕਾਂਗਰਸ ਕਦੇ ਵੀ 1947 ਤੋਂ ਚੱਲਿਆ ਆ ਰਿਹਾ ਪ੍ਰਭਾਵ ਹਾਸਿਲ ਨਹੀਂ ਕਰ ਸਕੇਗੀ ਪਰ ਦੋਵੇਂ ਵੇਲੇ ਹੀ ਬਾਅਦ ਦੀਆਂ ਘਟਨਾਵਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਕਾਂਗਰਸ ਦੀ ਇਹ ਗਿਰਾਵਟ ਅਸਥਾਈ ਸੀ ਭਾਵੇਂ ਉਸ ਦਾ ਪਹਿਲੇ ਵਰਗਾ ਪ੍ਰਭਾਵ ਅਜੇ ਵੀ ਸਥਾਪਿਤ ਨਹੀਂ ਸੀ ਹੋ ਸਕਿਆ। 1991 ਵਿਚ ਕਾਂਗਰਸ ਇਕ ਵਾਰੀ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿਚ ਸਾਹਮਣੇ ਆਈ ਭਾਵੇਂ ਇਸ ਨੂੰ ਪੂਰਨ ਬਹੁਮਤ ਨਾ ਮਿਲ ਸਕਿਆ। ਪੀ.ਵੀ. ਨਰਸਿਮਾਹਾ ਰਾਉ ਦੀ ਲੀਡਰਸ਼ਿਪ ਅਧੀਨ ਕਾਂਗਰਸ ਨੇ ਸਭ ਤੋਂ ਵੱਡੀ ਪਾਰਟੀ ਹੋਣ ਦੇ ਨਾਤੇ ਸਰਕਾਰ ਵੀ ਬਣਾਈ ਅਤੇ ਬਾਅਦ ਵਿਚ ਵਿਰੋਧੀ ਦਲ ਦੀ ਫੁੱਟ ਦਾ ਫਾਇਦਾ ਉਠਾ ਕੇ ਅਤੇ ਕੁਝ ਛੋਟੇ ਗਰੁੱਪਾਂ ਦੇ, ਮੈਂਬਰ ਪਾਰਲੀਆਮੈਂਟ ਨੂੰ, ਕਾਂਗਰਸ ਪਾਰਟੀ ਵਿੱਚ ਸ਼ਾਮਿਲ ਕਰਕੇ ਬਹੁਮਤ ਵੀ ਹਾਸਿਲ ਕਰ ਲਿਆ। ਇਸ ਦੌਰਾਨ ਇਹ ਤਿੰਨ ਵਾਰ ਅਵਿਸ਼ਵਾਸ ਦੇ ਮੱਤੇ ਤੋਂ ਵੀ ਬਚੇ, ਪਰ ਕਾਂਗਰਸ ਸਰਕਾਰ ਨੇ ਆਪਣੀ ਪੰਜ ਸਾਲ ਦੀ ਅਵੱਧੀ ਪੂਰੀ ਕੀਤੀ। 1991 ਦੀਆਂ ਆਮ ਚੋਣਾਂ ਦੁਆਰਾ ਬਣੀ ਦਸਵੀਂ ਲੋਕ ਸਭਾ ਵਿਚ ਭਾਜਪਾ ਵਿਰੋਧੀ ਪਾਰਟੀ ਸੀ ਅਤੇ ਇਸ ਦੀਆਂ 124 ਸੀਟਾਂ ਸਨ।

ਅਗਲੀਆਂ ਚੋਣਾਂ, ਜੋ ਮਈ 1996 ਵਿਚ ਹੋਈਆਂ, ਰਾਹੀਂ ਭਾਜਪਾ 160 ਸੀਟਾਂ ਲੈ ਕੇ (ਸਮਰਥਕਾਂ ਦੀਆਂ ਮਿਲਾਕੇ 194) ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਤੇ ਕਾਂਗਰਸ 140 ਸੀਟਾਂ ਲੈ ਕੇ ਦੂਜੇ ਨੰਬਰ ਤੇ ਰਹੀ। ਤੀਜਾ ਮੋਰਚਾ, ਜਿਸ ਨੂੰ ਹੁਣ ਯੁਨਾਈਟਿਡ ਫ਼ਰੰਟ ਦਾ ਨਾਂ ਦਿੱਤਾ ਗਿਆ, 179 ਸੀਟਾਂ ਪ੍ਰਾਪਤ ਕਰਨ ਵਿਚ ਸਫਲ ਹੋਇਆ। ਸਭ ਤੋਂ ਵੱਧ ਸੀਟਾਂ ਪ੍ਰਾਪਤ ਕਰਨ ਵਾਲੀ ਪਾਰਟੀ ਹੋਣ ਕਾਰਨ ਭਾਜਪਾ ਨੂੰ ਸਭ ਤੋਂ ਪਹਿਲਾਂ ਸਰਕਾਰ ਬਣਾਉਣ ਦਾ ਅਵਸਰ ਦਿੱਤਾ ਗਿਆ। ਅਟਲ ਬਿਹਾਰੀ ਵਾਜਪਾਈ ਦੀ ਲੀਡਰਸ਼ਿਪ ਹੇਠ ਸਰਕਾਰ ਬਣੀ ਵੀ ਤੇ 13 ਦਿਨ ਤੱਕ ਇਸ ਕਾਰਜ ਵੀ ਸੰਭਾਲਿਆ ਪਰੰਤੂ ਪ੍ਰਧਾਨ ਮੰਤਰੀ ਦੁਆਰਾ ਪੇਸ਼ ਕੀਤਾ ਵਿਸ਼ਵਾਸ ਦਾ ਮੱਤਾ ਪਾਸ ਨਾ ਹੋ ਜਾਣ ਕਾਰਣ ਭਾਜਪਾ ਸਰਕਾਰ ਨੂੰ ਅਸਤੀਫਾ ਦੇਣਾ ਪਿਆ। ਫਿਰ ਯੂਨਾਈਟਿਡ ਫਰੰਟ, ਜਿਸ ਵਿਚ 13 ਪਾਰਟੀਆਂ ਸ਼ਾਮਿਲ ਹਨ, ਦੀ ਸਰਕਾਰ ਬਣੀ ਇਸ ਸਰਕਾਰ ਨੂੰ ਕਾਂਗਰਸ ਪਾਰਟੀ ਦਾ ਬਾਹਰ ਤੋਂ ਸਮਰਥਨ ਪ੍ਰਾਪਤ ਸੀ। ਇਸ ਸਰਕਾਰ ਵਿੱਚ ਸ਼ਾਮਿਲ ਦਲ ਸਨ- ਜਨਤਾ ਦਲ, ਸਮਾਜਵਾਦੀ ਪਾਰਟੀ, ਦਰਾਵਿੜ ਮੁਨੇਤਰਾ ਕਾਗੜਮ (DMK), ਤੇਲਗੂ ਦੇਸਮ ਪਾਰਟੀ, ਤਮਿਲ ਮਾਨੀਲਾ ਕਾਂਗਰਸ, ਸੀ.ਪੀ.ਆਈ. (ਐਮ), ਸੀ.ਪੀ.ਆਈ., ਆਰ.ਐਸ.ਪੀ., ਦਰਵਰੜ ਬਲਾਕ, ਇੰਡੀਅਨ ਨੈਸ਼ਨਲ ਕਾਂਗਰਸ ਤਿਵਾੜੀ, ਅਸਮ ਗਣ ਪਰਿਸ਼ਦ, ਐ.ਪੀ.ਵੀ.,ਸੀ. ਅਤੇ ਕੇ.ਸੀ.ਪੀ. ਇਸ ਸਰਕਾਰ ਨੂੰ ਕੁਝ ਹੋਰ ਛੋਟੀਆਂ ਛੋਟੀਆਂ ਪਾਰਟੀਆਂ ਦਾ ਵੀ ਬਾਹਰੋਂ ਸਮਰਥਨ ਪ੍ਰਾਪਤ ਸੀ। ਪਰ ਕਾਂਗਰਸ ਦੇ ਸਮਰਥਨ ਵਾਪਸ ਲੈਣ ਕਰਕੇ ਕੇਂਦਰ ਵਿਚ ਯੂਨਾਈਟਿਫ ਫਰੰਟ ਦੀ ਸਰਕਾਰ, ਜੋ ਆਈ. ਕੇ. ਗੁਜਰਾਲ ਦੀ ਲੀਡਰਸ਼ਿਪ ਅਧੀਨ ਅਤੇ ਇਕ ਸਾਂਝੇ Common Minimum Programme (C.M.P.) ਪ੍ਰੋਗਰਾਮ ਤਹਿਤ- ਜਿਸ ਬਾਰੇ (13) ਪਾਰਟੀਆਂ ਦੀ ਸਹਿਮਤੀ ਸੀ, ਗਿਰ ਗਈ ਤੇ ਮਾਰਚ 1998 ਵਿਚ ਫੇਰ ਚੋਣਾਂ ਹੋਈਆਂ ਜਿਸ ਵਿਚ BJP ਨੇ 18 ਪਾਰਟੀਆਂ ਦੇ ਸਮਰਥਨ ਨਾਲ ਸਰਕਾਰ ਬਣਾਈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ H.D. Deve Gowda ਦੀ ਸਰਕਾਰ ਵੀ ਕਾਂਗਰਸ ਦੇ ਸਮਰਥਨ ਵਾਪਿਸ ਲੈਣ ਕਾਰਣ ਅਵਿਸ਼ਵਾਸ ਮਤੇ ਦਾ ਸ਼ਿਕਾਰ ਹੋਈ ਸੀ ਪਰੰਤੂ ਲੀਡਰ ਦੀ ਬਦਲੀ ਕਾਰਨ ਬਾਅਦ ਵਿੱਚ ਕਾਂਗਰਸ ਨੇ ਸਮਰਥਨ ਦੇ ਦਿੱਤਾ। ਪਰ ਦਲ ਪ੍ਰਣਾਲੀ ਵਿਚ ਹੋਏ ਇਸ ਨਵੇਂ ਵਿਕਾਸ ਨੇ ਕੁਝ ਕੁ ਨਵੀਂ ਅਤੇ ਮਹੱਤਵਪੂਰਣ ਪ੍ਰਵਿਰਤੀਆਂ ਨੂੰ ਉਜਾਗਰ ਕੀਤਾ ਹੈ।

1996 ਦੀਆਂ ਚੋਣਾਂ ਰਾਹੀਂ ਪਹਿਲੀ ਮਹੱਤਵਪੂਰਣ ਘਟਨਾ ਇਹ ਵਾਪਰੀ ਕਿ ਹੁਣ ਖੇਤਰੀ ਪੱਧਰ ਤੇ ਪਾਰਟੀਆਂ (Regional Parties) ਰਾਸ਼ਟਰੀ ਪੱਧਰ ਦੀ ਰਾਜਨੀਤੀ ਵਿਚ ਮਹੱਤਵਪੂਰਣ ਭੂਮਿਕਾ ਨਿਭਾ ਰਹੀਆਂ ਹਨ ਅਤੇ ਕੇਂਦਰ ਵਿਚਲੀ ਯੂਨਾਈਟਿਡ ਫਰੰਟ ਸਰਕਾਰ ਅਤੇ BJP ਸਰਕਾਰ ਵਿਚ ਉਹਨਾਂ ਦਾ ਮਹੱਤਵਪੂਰਣ ਯੋਗਦਾਨ ਰਿਹਾ। ਏਸੇ ਤਰ੍ਹਾਂ ਸੁਤੰਤਰ ਭਾਰਤ ਦੇ ਲੰਬੇ ਇਤਿਹਾਸ ਵਿਚ ਕਮਿਊਨਿਸਟ ਪਾਰਟੀ ਆਫ ਇੰਡੀਆ (CPI) ਦਾ ਕੇਂਦਰੀ ਸਰਕਾਰ ਵਿੱਚ ਸ਼ਾਮਿਲ ਹੋਣਾ ਆਪਣੇ ਆਪ ਵਿਚ ਇਕ ਮਹੱਤਵਪੂਰਣ ਘਟਨਾ ਸੀ। 2004 ਦੀਆਂ ਚੋਣਾਂ ਵਿੱਚ ਵੀ ਕਾਂਗਰਸ ਨੇ ਬਾਕੀ ਖੇਤਰੀ ਪਾਰਟੀਆਂ ਨਾਲ ਮਿਲਕੇ UPA ਬਣਾਇਆ। ਯੂ.ਪੀ.ਏ. ਨੇ 2004 ਤੋਂ 2009 ਤਕ ਅਤੇ ਫਿਰ 2009 ਤੋਂ ਫਿਰ ਸੱਤਾ ਸੰਭਾਲੀ। ਵਰਤਮਾਨ ਸਮੇਂ ਵਿੱਚ ਵੀ U.P.A. ਦੀ ਸਰਕਾਰ ਹੈ ਅਤੇ ਚੋਣਾਂ 2014 ਵਿੱਚ ਹੋਣੀਆਂ ਹਨ।

1996 ਤੋਂ ਹੁਣ ਤੱਕ ਦੀਆਂ ਚੋਣਾਂ ਤੋਂ ਇਕ ਗਲ ਜੋ ਲਗਪਗ ਸਪਸ਼ਟ ਹੀ ਜਾਪਦੀ ਹੈ ਉਹ ਇਹ ਹੈ ਕਿ ਇਕ ਪਾਰਟੀ ਦੇ ਸਪਸ਼ਟ ਬਹੁਮੱਤ ਵਾਲੇ ਦਿਨ ਹੁਣ ਮੁੜ ਕੇ ਸ਼ਾਇਦ ਹੀ ਆਉਣ ਕਿਉਂਕਿ ਵਿਰੋਧੀ ਦਲ ਇਸ ਤੱਥ ਤੋਂ ਹੁਣ ਭਲੀ ਭਾਂਤ ਜਾਣ ਗਏ ਹਨ ਕਿ ਕਾਂਗਰਸ ਨੂੰ ਕੇਂਦਰ ਜਾਂ ਰਾਜਾਂ ਵਿਚ ਕਦੇ ਵੀ ਕੁੱਲ ਵੋਟਾਂ ਦਾ ਬਹੁਮੱਤ ਪ੍ਰਾਪਤ ਨਹੀਂ ਸੀ ਹੁੰਦਾ, ਪਰ ਬਹੁਪਾਰਟੀ ਪ੍ਰਣਾਲੀ ਹੋਣ ਕਾਰਣ ਅਤੇ ਸੰਗਠਿਤ ਵਿਰੋਧੀ ਦਲ ਦੀ ਅਣਹੋਂਦ ਕਾਰਨ ਉਹ ਹਮੇਸ਼ਾਂ ਹੀ ਫਾਇਦੇ ਵਿਚ ਰਹੀ ਅਤੇ ਉਹ ਵੀ ਇਕੱਠੇ ਹੋ ਕੇ ਇਸ ਨੂੰ ਪਛਾੜ ਸਕਦੇ ਹਨ ਇਹਨਾਂ ਸਭ ਘਟਨਾਵਾਂ ਤੋਂ ਇਹ ਹੀ ਜਾਪਦਾ ਹੈ ਕਿ ਭਾਰਤੀ ਰਾਜਨੀਤੀ ਵਿਚ ਸੰਘਵਾਦ ਦੀ ਅਸਲੀਅਤ ਉਜਾਗਰ ਹੋਣ ਲੱਗ ਪਈ ਹੈ, ਆਉਣ ਵਾਲੇ ਸਮੇਂ ਵਿਚ ਭਾਰਤੀ ਦਲ ਪ੍ਰਣਾਲੀ ਦਾ ਸਰੂਪ ਕੀ ਹੋਵੇਗਾ? ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ।

ਭਾਰਤੀ ਦਲ ਪ੍ਰਣਾਲੀ ਦੀਆਂ ਕੁਝ ਆਪਣੀਆਂ ਹੀ ਵਿਸ਼ੇਸ਼ਤਾਵਾਂ ਹਨ। 1968 ਤੋਂ ਇਨ੍ਹਾਂ ਦੇ ਟੁੱਟਣ

ਜਾਂ ਖੰਡਿਤ ਹੋਣ ਅਤੇ ਏਕੀਕਰਣ ਦੀ ਪ੍ਰਕ੍ਰਿਆ ਕਾਫ਼ੀ ਹਾਵੀ ਰਹੀ ਹੈ। ਕਾਂਗਰਸੀ ਦਲ ਤੇ ਸਮੂਹ ਆਪਸ ਵਿਚ ਵੰਡੇ ਹੀ ਨਹੀਂ ਸਗੋਂ ਇਹਨਾਂ ਨੇ ਇਕ ਪੂਰਨ ਵਿਰੋਧੀ ਦਲ ਦਾ ਰੂਪ ਧਾਰਨ ਕਰਨ ਦਾ ਯਤਨ ਵੀ ਕੀਤਾ ਤਾਂ ਜੋ ਚੋਣਾਂ ਵਿਚ ਪ੍ਰਭਾਵਸ਼ਾਲੀ ਕਾਂਗਰਸ ਦਲ ਦਾ ਮੁਕਾਬਲਾ ਕੀਤਾ ਜਾ ਸਕੇ। ਇਨ੍ਹਾਂ ਨੂੰ ਸਫ਼ਲਤਾ ਵੀ ਮਿਲੀ। ਪੰਜ ਵਿਰੋਧੀ ਪਾਰਟੀਆਂ ਨੂੰ ਮਿਲਾਕੇ ਬਣੀ ਜਨਤਾ ਪਾਰਟੀ ਸ਼ਕਤੀਸ਼ਾਲੀ ਰਾਜਨੀਤਿਕ ਦਲ ਬਣੀ ਜੋ ਸੰਕਟ ਕਾਲ ਵਿਚ ਹੋਂਦ ਵਿਚ ਆਈ ਅਤੇ ਕੇਂਦਰ ਵਿਚ ਸਰਕਾਰ ਵੀ ਬਣਾ ਸਕੀ। ਪਰ ਅਜਿਹਾ ਕਾਫ਼ੀ ਸਮੇਂ ਤੱਕ ਨਾ ਚੱਲ ਸਕਿਆ, ਅਤੇ ਜਨਤਾ ਪਾਰਟੀ ਅੰਤਰੀਵ ਝਗੜਿਆਂ ਦਾ ਸ਼ਿਕਾਰ ਹੋ ਗਈ। ਕੁਝ ਰਾਜਨੀਤਿਕ ਦਲ, ਜਿਨ੍ਹਾਂ ਨੂੰ ਪ੍ਰਮੁੱਖਤਾ ਵਾਲੇ ਕਾਂਗਰਸ ਦਲ ਨੇ ਅੱਡ ਕਰ ਦਿੱਤਾ। ਇਸ ਰੁਝਾਨ ਨੇ ਕਾਂਗਰਸ ਦਲ ਦੀ ਸਥਿਤੀ ਤੇ ਸ਼ਕਤੀ ਨੂੰ ਹੋਰ ਮਜ਼ਬੂਤ ਬਣਾ ਦਿੱਤਾ। ਜਿਵੇਂ ਰਜਨੀ ਕੋਠਾਰੀ ਨੇ ਕਿਹਾ ਹੈ ਕਿ, ''ਪ੍ਰਮੁੱਖਤਾ ਵਾਲੇ ਦਲ ਵਿੱਚ ਅਨੇਕਤਾ, ਜਿਹੜਾ ਇਸ ਨੂੰ ਵਧੇਰੇ ਪ੍ਰਤੀਨਿਧਾਤਮਕ ਬਣਾਉਂਦਾ ਹੈ, ਲਚਕੀਲੇਪਨ ਦੀ ਵਿਵਸਥਾ ਕਰਦਾ ਹੈ ਅਤੇ ਅੰਤਰੀਵ ਮੁਕਾਬਲੇ ਨੂੰ ਜਿਉਂਦਾ ਰੱਖਦਾ ਹੈ। ਨਾਲ ਹੀ ਇਹ ਦਲ ਤੋਂ ਬਾਹਰ ਵਾਲੇ ਸਮੂਹਾਂ ਅਤੇ ਅੰਦੋਲਨ ਨੂੰ ਆਪਣੇ ਵਿਚ ਸ਼ਾਮਲ ਕਰਨ ਲਈ ਤਿਆਰ ਰਹਿੰਦੀ ਹੈ ਅਤੇ ਇੰਜ ਦੂਜੇ ਦਲਾਂ ਨੂੰ ਸ਼ਕਤੀ ਵਿਚ ਆਉਣ ਤੋਂ ਰੋਕਦੀ ਹੈ।''

ਜਿਵੇਂ ਕਿ ਸਪਸ਼ਟ ਹੀ ਹੈ, ਭਾਰਤੀ ਦਲ ਪ੍ਰਣਾਲੀ ਅਧੀਨ ਕਾਂਗਰਸ ਪਾਰਟੀ ਦੇ ਨਾਲ ਨਾਲ ਅਨੇਕਾਂ ਹੋਰ ਦਲ ਹਨ ਕਿਉਂਕਿ ਸਾਡੇ ਦੇਸ਼ ਵਿਚ ਬਹੁਦਲੀ ਪ੍ਰਣਾਲੀ ਹੈ। ਇਹਨਾਂ ਵਿਚੋਂ ਕਾਫੀ ਸਾਰਿਆਂ ਦੇ ਨਾਂ ਤਾਂ ਅਸੀਂ ਪਿਛੇ ਦੱਸ ਆਏ ਹਾਂ। ਖੇਤਰੀ ਤੇ ਰਾਸ਼ਟਰੀ ਪੱਧਰ ਦੀਆਂ ਕੁਝ ਹੋਰ ਮੁੱਖ ਪਾਰਟੀਆਂ ਹਨ - ਭਾਜਪਾ (ਭਾਰਤੀ ਜਨਤਾ ਪਾਰਟੀ), ਸ਼ਿਵ ਸੈਨਾ, ਸ਼ਿਰੋਮਣੀ ਅਕਾਲੀ ਦਲ, ਬਹੁਜਨ ਸਮਾਜ ਪਾਰਟੀ, ਹਰਿਆਣਾ ਵਿਕਾਸ ਪਾਰਟੀ, ਸਮਤਾ ਪਾਰਟੀ, ਮੁਸਲਿਮ ਲੀਗ, ਝਾੜਖੰਡ ਮੁਕਤੀ ਮੋਰਚਾ। ਸੂਚੀ ਬਹੁਤ ਲੰਬੀ ਹੈ- ਤੇ ਹੋਰ ਵੀ ਅਨੇਕਾਂ ਪਾਰਟੀਆਂ ਹਨ ਭਾਰਤੀ ਦਲ ਪ੍ਰਣਾਲੀ ਬਾਰੇ ਅਸੀਂ ਹੋਰ ਵਿਸਥਾਰ ਨਾਲ ਬਾਅਦ ਵਿਚ ਪੜ੍ਹਾਂਗੇ।

ਸੰਨ 2009 ਦੀਆਂ ਆਮ ਚੋਣਾਂ ਵਿਚ ਦੁਬਾਰਾ ਫਿਰ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ UPA ਨੂੰ ਬਹੁਗਿਣਤੀ ਹਾਸਿਲ ਹੋਈ। ਮਨਮੋਹਨ ਸਿੰਘ ਨੂੰ ਦੂਜੀ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਥਾਪਿਆ ਗਿਆ।

1.2.15 ਪ੍ਰਸਤਾਵਨਾ (Preamble)

ਕਿਸੇ ਕਾਨੂੰਨ ਦੀ ਪ੍ਰਸਤਾਵਨਾ ਉਨ੍ਹਾਂ ਮੁੱਖ ਉਦੇਸ਼ਾਂ ਨੂੰ ਨਿਰਧਾਰਤ ਕਰਦੀ ਹੈ ਜਿਨ੍ਹਾਂ ਨੂੰ ਵਿਧਾਨ ਪ੍ਰਾਪਤ ਕਰਨਾ ਚਾਹੁੰਦਾ ਹੈ। ਇਹ ਇਕ ਤਰ੍ਹਾਂ ਦੀ ਕਾਨੂੰਨ ਦੀ ਭੂਮਿਕਾ ਹੁੰਦੀ ਹੈ ਜੋ ਨੀਤੀ ਨੂੰ ਸਮਝਣ ਵਿਚ ਬਹੁਤ ਵਾਰ ਸਹਾਇਕ ਹੁੰਦੀ ਹੈ ਭਾਵੇਂ ਸਾਧਾਰਨ ਕਾਨੂੰਨ ਦੀ ਪ੍ਰਸਤਾਵਨਾ ਨੂੰ ਕੋਈ ਬਹੁਤ ਮਹੱਤਵ ਨਹੀਂ ਦਿੱਤਾ ਜਾਂਦਾ, ਪਰੰਤੂ ਸੰਵਿਧਾਨਕ ਕਾਨੂੰਨ ਦੀ ਪ੍ਰਸਤਾਵਨਾ ਨੂੰ ਕਾਫ਼ੀ ਮਹੱਤਵ ਪ੍ਰਦਾਨ ਕੀਤਾ ਹੈ। ਸੰਵਿਧਾਨ ਦੇ ਨਿਰਮਾਤਿਆਂ ਨੇ ਪ੍ਰਸਤਾਵਨਾ ਨੂੰ ਮਾਨ ਵਾਲਾ ਸਥਾਨ ਦਿੱਤਾ ਹੈ। ਬੇਰੂਬਰੀ ਮੁਕੱਦਮੇ ਵਿਚ ਪ੍ਰਸਤਾਵਨਾ ਦੀ ਚਰਚਾ ਕਰਦਿਆਂ ਸਰਵ ਉੱਚ ਅਦਾਲਤ ਨੇ ਕਿਹਾ, ''ਸੰਵਿਧਾਨ ਦੀ ਪ੍ਰਸਤਾਵਨਾ, ਸੰਵਿਧਾਨ ਦੇ ਨਿਰਮਾਤਿਆਂ ਦੇ ਮਨ੍ਹਾਂ ਨੂੰ ਖੋਲ੍ਹਣ ਲਈ ਇਕ ਕੁੰਜੀ ਹੈ। ਉਹ ਉਦੇਸ਼ ਨੂੰ ਸਪੱਸ਼ਟ ਕਰਦੀ ਹੈ ਜਿਸ ਦੇ ਲਈ ਸੰਵਿਧਾਨ ਵਿਚ ਅਨੁਛੇਦ ਬਣਾਏ ਗਏ। ਸੰਖੇਪ ਵਿਚ ਪ੍ਰਸਤਾਵਨਾ ਵਿਚ ਭਾਰਤ ਦੇ ਲੋਕ ਤੇ ਆਦਰਸ਼ ਤੇ ਅਭਿਲਾਸ਼ਾਵਾਂ ਸ਼ਾਮਿਲ ਹਨ।

ਪ੍ਰਸਤਾਵਨਾ ਵਿਚ ਕਈ ਉਦੇਸ਼ਾਂ ਦਾ ਵਰਨਣ ਹੈ :-

1. ਇਹ ਸੰਵਿਧਾਨ ਦੇ ਸੋਮੇ ਵੱਲ ਸੰਕੇਤ ਕਰਦੀ ਹੈ (ਭਾਵ ਭਾਰਤ ਦੇ ਲੋਕ)।
2. ਇਸ ਵਿਚ ਸੰਵਿਧਾਨ ਨੂੰ ਲਾਗੂ ਕਰਨ ਲਈ ਕਾਨੂੰਨ ਬਣਾਉਣ ਦੀ ਧਾਰਾ ਵੀ ਸ਼ਾਮਲ ਹੈ।
3. ਇਹ ਉਨ੍ਹਾਂ ਮਹਾਨ ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਘੋਸ਼ਣਾ ਵੀ ਕਰਦਾ ਹੈ ਜੋ ਭਾਰਤ ਦੇ ਲੋਕ ਚਾਹੁੰਦੇ ਸਨ ਕਿ ਭਾਰਤੀ ਨਾਗਰਿਕਾਂ ਨੂੰ ਪ੍ਰਾਪਤ ਹੋਣ। ਬੁਨਿਆਦੀ ਢੰਗ ਦੀ ਸਰਕਾਰ ਅਤੇ ਨੀਤੀ, ਜਿਸ ਨੂੰ ਸਥਾਪਿਤ ਕੀਤਾ ਜਾਣਾ ਹੈ ਅਤੇ ਜਿਸ ਦਾ ਵਰਨਣ ਅਗਲੇ ਪਹਿਰਿਆਂ ਵਿਚ ਹੈ, ਦਾ ਵਰਣਨ ਵੀ ਪ੍ਰਸਤਾਵਨਾ ਵਿੱਚ ਹੈ।

ਇਸ ਨੂੰ ਭਾਰਤ ਦੇ ਆਪਣੇ ਪ੍ਰਤੀਨਿਧਾਂ ਰਾਹੀਂ, ਪ੍ਰਭੂਸੱਤਾ-ਸੰਪੰਨ ਸੰਵਿਧਾਨ ਸਭਾ, ਦੁਆਰਾ ਬਣਾਇਆ ਗਿਆ ਹੈ। ਪ੍ਰਸਤਾਵਨਾ ਇਹ ਸਪੱਸ਼ਟ ਰੂਪ ਵਿਚ ਘੋਸ਼ਿਤ ਕਰਦੀ ਹੈ ਕਿ ਭਾਰਤ ਸਰਕਾਰ ਦੇ ਲੋਕਾਂ ਨੇ ਸੰਵਿਧਾਨ ਸਵੀਕਾਰ, ਅਧਿਨਿਯਮਿਤ ਅਤੇ ਆਤਮ-ਸਮਰਪਿਤ ਕੀਤਾ। ਇਸ ਲਈ ਪ੍ਰਸਤਾਵਨਾ ਇਸ ਗੱਲ ਦੀ ਘੋਸ਼ਣਾ ਕਰਦੀ ਹੈ ਕਿ ਸੰਵਿਧਾਨ ਅਧੀਨ ਸੱਤਾ ਦਾ ਸੋਮਾ ਭਾਰਤ ਦੇ ਲੋਕ ਹਨ ਅਤੇ ਜੋ ਕਿਸੇ ਬਾਹਰਲੀ ਸੱਤਾ ਦੇ ਅਧੀਨ ਨਹੀਂ ਹਨ।

ਸੰਵਿਧਾਨ ਦੀ ਮੂਲ ਪ੍ਰਸਤਾਵਨਾ ਭਾਰਤ ਨੂੰ ''ਪ੍ਰਭੂਸੱਤਾ ਵਾਲਾ ਲੋਕਤੰਤਰੀ ਗਣਰਾਜ ਘੋਸ਼ਿਤ ਕਰਦੀ ਹੈ। 42ਵੀਂ ਸੋਧ ਦੁਆਰਾ ਇਨ੍ਹਾਂ ਸ਼ਬਦਾਂ ਦੇ ਨਾਲ ਹੋਰ ਸ਼ਬਦ 'ਸਮਾਜਵਾਦੀ' ਅਤੇ 'ਧਰਮ ਨਿਰਪੇਖ' ਵੀ ਜੋੜ ਦਿੱਤੇ ਗਏ ਹਨ। ਪ੍ਰਭੂਸੱਤਾ ਸ਼ਕਤੀ ਨਿਰੰਕੁਸ਼ ਤੇ ਬੇਕਾਬੂ ਹੁੰਦੀ ਹੈ। ਕਾਲ ਦੇ ਸ਼ਬਦਾਂ ਵਿਚ ਉਹ ਰਾਜ ਪ੍ਰਭੂਸੱਤਾ ਵਾਲਾ ਹੁੰਦਾ ਹੈ ਜਿਸ ਦੀ ਸਰਵ-ਉਚ ਸ਼ਕਤੀ ਉਸ ਦੇ ਕੋਲ ਹੋਵੇ ਅਤੇ ਉਹ ਕਿਸੇ ਨੂੰ ਆਪਣੇ ਤੋਂ ਉੱਤਮ ਨਾ ਮੰਨਦਾ ਹੋਵੇ। ਪ੍ਰਭੂਸੱਤਾ ਸ਼ਬਦ ਇਸ ਗੱਲ ਦੀ ਤਾਕੀਦ ਕਰਦਾ ਹੈ ਕਿ ਭਾਰਤ ਹੁਣ ਕਿਸੇ ਵਿਦੇਸ਼ੀ ਸੱਤਾ ਤੇ ਨਿਰਭਰ ਨਹੀਂ ਕਰਦਾ। ਭਾਰਤ ਹਾਲੇ ਵੀ ਰਾਸ਼ਟਰ ਮੰਡਲ ਦਾ ਮੈਂਬਰ ਹੈ ਪ੍ਰੰਤੂ ਇਸ ਦਾ ਰਾਸ਼ਟਰ ਮੰਡਲ ਦਾ ਮੈਂਬਰ ਹੋਣਾ ਕਿਸੇ ਵੀ ਤਰ੍ਹਾਂ ਸੁਤੰਤਰਤਾ ਵਾਲੇ ਰੁਤਬੇ ਦੇ ਵਿਪਰੀਤ ਨਹੀਂ ਹੈ।

ਹੇਠਾਂ ਕੁਝ ਉਦੇਸ਼ਾਂ ਦਾ ਵਰਨਣ ਹੈ ਜੋ ਪ੍ਰਸਤਾਵਨਾ ਸਾਰੇ ਨਾਗਰਿਕਾਂ ਨੂੰ ਪ੍ਰਦਾਨ ਕਰਨ ਦੀ ਗਰੰਟੀ ਕਰਦੀ ਹੈ :-

ਨਿਆਂ	:-	ਸਮਾਜਿਕ, ਆਰਥਿਕ ਅਤੇ ਰਾਜਨੀਤਿਕ
ਸੁਤੰਤਰਤਾ	:-	ਵਿਚਾਰ ਪ੍ਰਗਟਾਉਣ, ਵਿਸ਼ਵਾਸ ਤੇ ਉਪਾਸਨਾ ਦੀ
ਸਮਾਨਤਾ	:-	ਰੁਤਬੇ ਅਤੇ ਅਵਸਰ ਦੀ ਅਤੇ ਭਾਰਤ ਦੇ ਲੋਕਾਂ ਵਿਚ ਵਿਅਕਤੀ ਦਾ ਸਤਿਕਾਰ ਅਤੇ ਏਕਤਾ ਲਈ ਭਰਾਤਰੀ ਭਾਵ ਵਧਾਉਣਾ

ਪ੍ਰਸਤਾਵਨਾ ਵਿਚ ਸਾਡੇ ਸੰਵਿਧਾਨ ਦੇ ਨਿਆਂ ਯੋਗ ਅਤੇ ਗੈਰ- ਨਿਆਂਯੋਗ ਭਾਗਾਂ ਨੂੰ ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਅਸਲ ਵਿਚ ਇਹ ਲੋਕਤੰਤਰੀ ਸਮਾਜਵਾਦ ਦੀ ਨੀਤੀ ਦਾ ਵਰਨਣ ਹੈ ਜਿਸ ਦੀ ਸਾਡੀ ਸਰਕਾਰ ਸਦਾ ਹੀ ਪਾਬੰਦ ਰਹੀ ਹੈ। ਡਾ. ਰਾਧਾ ਕ੍ਰਿਸ਼ਨ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਿਹਾ ਸੀ ਕਿ ਇਨ੍ਹਾਂ ਅਧਿਕਾਰਾਂ ਅਤੇ ਸਿਧਾਂਤਾਂ ਰਾਹੀਂ ਪ੍ਰਸਤਾਵਨਾ ਨਿਰੰਕਸ਼ਤਾ ਦੇ ਮੂਲ ਚਿੰਨ ਅਤੇ ਨਿਰਜੀਵ ਰਿਵਾਜਾਂ ਨੂੰ ਜੜੋਂ ਉਖਾੜਨਾ ਚਾਹੁੰਦੀ ਹੈ। ਪ੍ਰਸਤਾਵਨਾ ਉਨ੍ਹਾਂ ਸੰਕਲਪਾਂ ਅਤੇ ਉਦੇਸ਼ਾਂ ਨੂੰ ਮਿੱਥਦੀ ਹੈ ਜਿਨ੍ਹਾਂ ਨੂੰ ਵਿਵਹਾਰ ਵਿਚ ਅਪਨਾਉਣ ਦੀ ਸਰਕਾਰ ਤੋਂ ਆਸ ਕੀਤੀ ਜਾਂਦੀ ਹੈ ਤਾਂ ਜੋ ਉਸ ਨੈਤਿਕ ਮਹੱਤਤਾ ਨੂੰ ਜੋ ਸੰਵਿਧਾਨ ਦੇ ਨਿਰਮਾਤਿਆਂ ਨੇ ਇਸ ਨਾਲ ਜੁੜੀ ਹੈ, ਉੱਚਿਤ ਠਹਿਰਾਇਆ ਜਾ ਸਕੇ। ਫਿਰ ਵੀ ਇਸ ਤੱਥ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪ੍ਰਸਤਾਵਨਾ ਆਪਣੇ ਆਪ ਵਿਚ ਨਾ ਤਾਂ ਮੁਕਤੀ ਦਾ ਅਤੇ ਨਾ ਹੀ ਮੁਕਤੀ ਨੂੰ ਵੰਚਿਤ ਕਰਨ ਦਾ ਸੋਮਾ ਹੈ।

ਸੰਵਿਧਾਨ ਦੀ 42ਵੀਂ ਸੋਧ (1976)ਨਾਲ ਪ੍ਰਭੂਸੱਤਾ ਵਿਚ ਹੇਠ ਲਿਖੀਆਂ ਸੋਧਾਂ ਕੀਤੀਆਂ ਗਈਆਂ।

(ੳ) ਸੰਵਿਧਾਨ ਦੀ ਪ੍ਰਸਤਾਵਨਾ ਵਿਚ ਪ੍ਰਭੂਸੱਤਾ ਵਾਲਾ ਲੋਕ ਲੋਕਤੰਤਰੀ ਸਵਰਾਜ ਦੀ ਥਾਂ ਪ੍ਰਭੂਸੱਤਾ ਵਾਲਾ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰੀ ਗਣਰਾਜ ਸ਼ਬਦ ਅੰਕਿਤ ਕੀਤੇ ਗਏ।

(ਅ) ''ਰਾਸ਼ਟਰ ਦੀ ਏਕਤਾ'' ਸ਼ਬਦ ਦੀ ਥਾਂ ''ਰਾਸ਼ਟਰ ਦੀ ਏਕਤਾ ਅਤੇ ਅਖੰਡਤਾ'' ਸ਼ਬਦ ਅੰਕਿਤ ਕੀਤੇ ਗਏ ਸਨ ਕਾਂਗਰਸ ਦਲ ਦੀ ਸੋਧ ਕਮੇਟੀ ਦੇ ਸਭਾਪਤੀ ਸ. ਸਵਰਨ ਸਿੰਘ ਨੇ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਪ੍ਰਸਤਾਵਨਾ ਵਿਚ ਸੋਧ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਪ੍ਰਸਤਾਵਨਾ ਸੰਵਿਧਾਨ ਦਾ ਇਕ ਅੰਗ ਹੈ। ਇਸ ਨੂੰ ਤਬਦੀਲ ਜਾਂ ਇਸ ਵਿਚ ਅਦਲ ਬਦਲੀ ਕੀਤੀ ਜਾ ਸਕਦੀ ਹੈ।

SUGGESTED READINGS

1. Constituent Assembly Debates, Vols. VII, VIII, IX, XI.
2. Granvile Austin : The Indian Constitution- Conerstone of a Nation.

3. K.V. Rao : Parliamentary Democracy of India - A Critical Commentary
4. S.C. Gangal : Prime Minister and Cabinet in India.
5. The Constitution of India- Original Text (Latest edition)
6. Ivor Jennings : Some Characteristics of the Constitution.
7. V.P. Luthra : The Concept of Secular State and India.
8. D.D. Basu : Commentary on the Constitution of India, Vol. 1. V. Ed.
9. M.V. Pylee : Constitutional Government in India.
10. Gajendragadhar : The Constitution of India: Its Philosophy and Basic Postulates.

ਪਾਠ ਨੰ: 1.3 ਲੇਖਕ : ਡਾ. ਇੰਦਰਜੀਤ ਸਿੰਘ

ਪ੍ਰਸਤਾਵਨਾ ਅਤੇ ਇਸਦੀ ਮਹੱਤਤਾ

(Preamble and Its Importance)

ਹਰੇਕ ਰਾਜ ਵਿਚ ਉਸ ਦੇ ਬੁਨਿਆਦੀ ਕਾਨੂੰਨ ਦਾ ਆਧਾਰਭੂਤ ਫਲਸਫ਼ਾ ਉਸਦੀ ਪ੍ਰਸਤਾਵਨਾ ਵਿਚ ਵੇਖਿਆ ਜਾ ਸਕਦਾ ਹੈ। ਭਾਰਤੀ ਸੰਵਿਧਾਨ ਦੇ ਮੁੱਢ ਵਿਚ ਇਕ ਪ੍ਰਸਤਾਵਨਾ ਦਿੱਤੀ ਗਈ ਹੈ ਜਿਸ ਵਿਚ ਸੰਵਿਧਾਨ ਦੀ ਰਚਨਾ ਦਾ ਮੁੱਖ ਉਦੇਸ਼ ਹੈ। ਸਰਵਉੱਚ ਅਦਾਲਤ ਦੇ ਅਨੁਸਾਰ ਪ੍ਰਸਤਾਵਨਾ ਸੰਵਿਧਾਨ ਨਿਰਮਾਤਾਵਾਂ ਦੇ ਵਿਚਾਰਾਂ ਦੀ ਕੁੰਜੀ ਹੈ। ਪ੍ਰਸਤਾਵਨਾ ਵਿੱਚ ਸਾਰੇ ਸੰਵਿਧਾਨ ਦਾ ਸਾਰ ਹੈ, ਫਲਸਫਾ ਹੈ। ਪ੍ਰਸਤਾਵਨਾ ਸੰਵਿਧਾਨ ਦੀ ਆਤਮਾ ਦੇ ਰੂਪ ਵਿਚ ਵਿਚ ਹੁੰਦੀ ਹੈ। ਇਹ ਸੰਵਿਧਾਨ ਵਿਚ ਜੜੇ ਹੋਏ ਮੋਤੀ ਵਾਂਗ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਇਸ ਤਰ੍ਹਾਂ ਹੈ।

''ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇਕ ਸੰਪੂਰਨ ਪ੍ਰਭੂਸੱਤਾ ਸੰਪੰਨ ਲੋਕਤੰਤਰੀ, ਧਰਮ ਨਿਰਪੇਖ ਸਮਾਜਵਾਦੀ ਗਣਰਾਜ ਬਣਾਉਣ ਦੇ ਲਈ ਅਤੇ ਉਸਦੇ ਸਾਰੇ ਨਾਗਰਿਕਾਂ ਨੂੰ :

ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ : ਵਿਚਾਰ ਪ੍ਰਗਟਾਉਣ, ਵਿਸ਼ਵਾਸ, ਧਰਮ ਤੇ ਉਪਾਸਨਾ ਦੀ ਸੁਤੰਤਰਤਾ, ਪਦਵੀ ਤੇ ਅਵਸਰ ਦੀ ਸਮਤਾ, ਪ੍ਰਾਪਤ ਕਰਵਾਉਣ ਦੇ ਲਈ ਅਤੇ ਉਹਨਾਂ ਸਾਰਿਆਂ ਵਿਚ-ਵਿਅਕਤੀ ਦੀ ਗੌਰਵਤਾ ਅਤੇ ਰਾਸ਼ਟਰ ਦੀ ਏਕਤਾ ਨੂੰ ਸੁਨਿਸ਼ਚਤ ਕਰਨ ਵਾਲੀ ਭਰਾਤਰੀ ਵਧਾਉਣ ਲਈ, ਦ੍ਰਿੜ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿਚ ਅੱਜ ਮਿਤੀ 26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਤ ਕਰਦੇ ਤੇ ਆਪਣੇ ਆਪ ਨੂੰ ਅਰਪਣ ਕਰਦੇ ਹਾਂ।'' ਪ੍ਰਸਤਾਵਨਾ ਦੇ ਮੌਲਿਕ ਰੂਪ ਵਿਚ ਸਮਾਜਵਾਦੀ, ਧਰਮ ਨਿਰਪੇਖ ਅਤੇ ਰਾਸ਼ਟਰ ਦੀ ਅਖੰਡਤਾ ਦੇ ਸ਼ਬਦ ਨਹੀਂ ਸਨ, ਇਹਨਾਂ ਨੂੰ ਭਾਰਤੀ ਸੰਵਿਧਾਨ ਦੀ 42ਵੀਂ ਸੋਧ ਰਾਹੀਂ ਸ਼ਾਮਿਲ ਕੀਤਾ ਗਿਆ ਹੈ।

ਇਸੇ ਤਰ੍ਹਾਂ ਦੀਆਂ ਪ੍ਰਸਤਾਵਨਾਵਾਂ ਸਾਨੂੰ ਅਮਰੀਕਾ, ਆਇਰਲੈਂਡ, ਫਰਾਂਸ, ਬਰ੍ਹਮਾ ਤੇ ਜਾਪਾਨ ਦੇ ਸੰਵਿਧਾਨਾਂ ਵਿੱਚ ਵੀ ਮਿਲਦੀਆਂ ਹਨ। ਅਸੀਂ ਜਿਹੜੇ ਆਦਰਸ਼ ਅਪਣਾਏ ਹਨ, ਭਿੰਨ ਭਿੰਨ ਸੰਵਿਧਾਨਾਂ ਵਿਚੋਂ ਲਏ ਗਏ ਹਨ। 1931 ਵਿਚ ਮਹਾਤਮਾ ਗਾਂਧੀ ਨੇ ਆਦਰਸ਼ ਭਾਰਤ ਦੀ ਤਸਵੀਰ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਖਿੱਚੀ ਸੀ।

''ਮੈਂ ਅਜਿਹੇ ਭਾਰਤ ਦਾ ਨਿਰਮਾਣ ਕਰਨਾ ਚਾਹੁੰਦੇ ਹਾਂ ਜਿਸ ਵਿਚ ਗਰੀਬ ਤੋਂ ਗਰੀਬ ਇਹ ਮਹਿਸੂਸ ਕਰੇ ਕਿ ਇਹ ਮੇਰਾ ਦੇਸ਼ ਹੈ ਅਤੇ ਇਸ ਨੂੰ ਬਣਾਉਣ ਵਿਚ ਮੇਰੀ ਆਵਾਜ਼ ਕਾਫੀ ਪ੍ਰਭਾਵਸ਼ਾਲੀ ਹੈ। ਅਜਿਹੇ ਭਾਰਤ ਵਿਚ ਉੱਚੀ ਜਾਂ ਨੀਵੀਂ ਸ਼੍ਰੇਣੀ ਦੇ ਲੋਕ ਨਹੀਂ ਹੋਣਗੇ ਤੇ ਸਾਰੇ ਫਿਰਕੇ ਇਕਸੁਰਤਾ ਵਿਚ ਰਹਿਣਗੇ। ਅਜਿਹੇ ਭਾਰਤ ਵਿਚ ਛੂਤ-ਛਾਤ ਦੇ ਨਸ਼ੇ ਦੀਆਂ ਵਸਤਾਂ ਦੀ ਕੋਈ ਥਾਂ ਨਹੀਂ। ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦਿੱਤੇ ਜਾਣਗੇ। ਕਿਉਂਕਿ ਅਸੀਂ ਦੂਜੇ ਮੁਲਕਾਂ ਨਾਲ ਅਮਨ ਨਾਲ ਰਹਾਂਗੇ ਨਾ ਕੋਈ ਸਾਡਾ ਤੇ ਨਾ ਅਸੀਂ ਕਿਸੇ ਦਾ ਸ਼ੋਸਣ ਕਰਾਂਗੇ। ਇਸ ਲਈ ਸਾਡੇ ਕੋਲ ਛੋਟੀ ਜਿਹੀ ਸੈਨਾ ਹੋਏਗੀ।'' ਗਾਂਧੀ ਜੀ ਦੇ ਇਹ ਆਦਰਸ਼ ਸਾਰੇ ਸੰਵਿਧਾਨ ਵਿਚ ਹਲਕੀ ਜੇਹੀ ਖੁਸ਼ਬੂ ਵਾਂਗ, ਮਹਿਸੂਸ ਹੁੰਦੇ ਹਨ। ਇਹਨਾਂ ਆਦਰਸ਼ਾਂ ਦੀ ਪੜਤਾਲ ਪ੍ਰਸਤਾਵਨਾ ਵਿਚ ਵਰਤੇ ਗਏ ਸ਼ਬਦਾ ਤੋਂ ਹੋ ਸਕਦੀ ਹੈ।

ਪ੍ਰਸਤਾਵਨਾ ਦੀ ਵਿਆਖਿਆ (Explanation of Preamble)

ਪ੍ਰਸਤਾਵਨਾ ਦੀ ਵਾਸਤਵਿਕ ਮਹੱਤਤਾ ਨੂੰ ਸਮਝਣ ਦੇ ਲਈ ਇਸ ਦੇ ਮੁੱਖ ਪਦਾਂ ਦੀ ਵਿਆਖਿਆ ਕਰਨੀ ਜ਼ਰੂਰੀ ਹੈ ''ਅਸੀਂ ਭਾਰਤ ਦੇ ਲੋਕ'' (We the People of India)

ਪ੍ਰਸਤਾਵਨਾ ਦੇ ਇਹ ਮੁੱਢਲੇ ਸ਼ਬਦ ਇਸ ਗੱਲ ਦਾ ਸਪਸ਼ਟ ਸ਼ਬਦਾਂ ਵਿਚ ਪ੍ਰਗਟਾਵਾ ਕਰਦੇ ਹਨ ਕਿ

ਅੰਤਿਮ ਸ਼ਕਤੀ ਲੋਕਾਂ ਦੇ ਹੱਥ ਵਿੱਚ ਹੈ : ਸੰਵਿਧਾਨ ਭਾਰਤ ਦੇ ਲੋਕਾਂ ਦੀ ਸਹਿਮਤੀ ਉੱਤੇ ਆਧਾਰਿਤ ਹੈ। ਸ਼ਬਦ ''ਲੋਕ'' ਇਸ ਗੱਲ ਦਾ ਪ੍ਰਗਟਾਵਾ ਕਰਦਾ ਹੈ ਕਿ ਸੰਵਿਧਾਨ ਕਿਸੇ ਇਕ ਸੰਗਠਨ ਜਾਂ ਲੋਕਾਂ ਦੇ ਇਕੱਠ ਨੇ ਨਹੀਂ ਬਲਕਿ ਸਮੁੱਚੇ ਭਾਰਤ ਦੇ ਲੋਕਾਂ ਨੇ ਸਮੂਹਿਕ ਰੂਪ ਵਿਚ ਤਿਆਰ ਕੀਤਾ ਹੈ। ਇਹ ਲੋਕਾਂ ਵਲੋਂ ਬਣਾਇਆ ਤੇ ਅਪਣਾਇਆ ਗਿਆ ਹੈ। ''ਅਸੀਂ ਭਾਰਤ ਦੇ ਲੋਕ'' ਸ਼ਬਦ ਵਿੱਚ ਇੱਕ ਹੋਰ ਅਰਥ ਵੀ ਨਿਹਿਤ ਹੈ ਕਿ ਅਸੀਂ ਭਾਰਤ ਦੇ ਲੋਕ ਹਾਂ, ਰਾਜਾਂ ਦੇ ਨਹੀਂ ਅਤੇ ਭਾਰਤ ਦੇ ਲੋਕ ਇਕ ਹਨ। ਸੰਵਿਧਾਨ ਦਾ ਨਿਰਮਾਣ ਰਾਜਾਂ ਨੇ ਜਾਂ ਅਨੇਕ ਰਾਜਾਂ ਦੇ ਲੋਕਾਂ ਨੇ ਨਹੀਂ ਕੀਤਾ ਬਲਕਿ ਸਮੁੱਚੇ ਭਾਰਤ ਦੇ ਲੋਕਾਂ ਨੇ ਆਪਦੀ ਸਮੂਹਿਕ ਸਮਰੱਥਾ ਵਿਚ ਕੀਤਾ ਹੈ। ਇਸ ਕਰਕੇ ਸੰਵਿਧਾਨਕ ਦ੍ਰਿਸ਼ਟੀ ਤੋਂ ਨਾ ਕੋਈ ਰਾਜ ਜਾਂ ਰਾਜ ਸਮੂਹ ਸਾਡੇ ਸੰਵਿਧਾਨ ਦਾ ਅੰਤ ਕਰ ਸਕਦਾ ਹੈ ਅਤੇ ਨਾ ਹੀ ਸੰਘ ਤੋਂ ਵੱਖ ਹੋ ਸਕਦਾ ਹੈ। ਪ੍ਰਸਤਾਵਨਾ ਵਿਚ ਵਰਤੇ ਗਏ ''ਅਸੀਂ ਭਾਰਤ ਦੇ ਲੋਕ'' ਸ਼ਬਦ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਸੰਵਿਧਾਨ ਦਾ ਸੋਮਾ ਭਾਰਤ ਦੀ ਜਨਤਾ ਹੈ ਅਰਥਾਤ ਜਨਤਾ ਦੇ ਚੁਣੇ ਹੋਏ ਪ੍ਰਤਿਨਿਧੀਆਂ ਦੀ ਸਭਾ ਰਾਹੀਂ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਹੈ ਇਹ ਠੀਕ ਹੈ ਕਿ ਉਸ ਵੇਲੇ ਸੰਵਿਧਾਨ ਸਭਾ ਜਨਤਾ ਰਾਹੀਂ ਬਾਲਗ ਵੋਟ-ਅਧਿਕਾਰ ਦੇ ਰਾਹੀਂ ਚੁਣੀ ਨਹੀਂ ਸੀ ਹੋਈ ਪਰ ਇਸਦੇ ਬਾਵਜੂਦ ਇਹ ਜਨ-ਪ੍ਰਤਿਨਿਧੀ ਸਭਾ ਸੀ।

ਪ੍ਰਭੂਸੱਤਾ ਸੰਪੰਨ (Sovereign)

ਪ੍ਰਸਤਾਵਨਾ ਦੇ ''ਪ੍ਰਭੂੱਤਾ ਸੰਪਨ ਸ਼ਬਦ ਤੋਂ ਇਹ ਪਤਾ ਲਗਦਾ ਹੈ ਕਿ ਭਾਰਤ ਪੂਰੀ ਤਰ੍ਹਾਂ ਪ੍ਰਭੂੱਤਾ ਸੰਪੰਨ ਰਾਜ ਹੈ ਅਤੇ ਕਾਨੂੰਨੀ ਦ੍ਰਿਸ਼ਟੀ ਤੋਂ ਉਸਦੇ ਉਤੇ ਕਿਸੇ ਅੰਦਰੂਨੀ ਜਾਂ ਬਾਹਰੀ ਸ਼ਕਤੀ ਦੀ ਬੰਦਿਸ਼ ਨਹੀਂ ਹੈ। ਪ੍ਰਸਤਾਵਨਾ ਦੇ ਅਨੁਸਾਰ ਪ੍ਰਭੂੱਤਾ ਸਮੁੱਚੀ ਭਾਰਤੀ ਜਨਤਾ ਵਿੱਚ ਨਿਹਿਤ ਹੈ। ਅੰਦਰੂਨੀ ਖੇਤਰ ਵਿਚ ਭਾਰਤੀ ਸੰਘ ਦੇ ਖੇਤਰ ਅਧਿਕਾਰ ਉਤੇ ਭਾਰਤੀ ਜਨਤਾ ਦੀ ਪ੍ਰਭੂੱਤਾ ਹੈ। ਮੌਜੂਦਾ ਸਥਿਤੀ ਵਿਚ ਭਾਰਤ ਕਿਸੇ ਵਿਦੇਸ਼ੀ ਸੱਤਾ ਦੇ ਅਧੀਨ ਨਹੀਂ ਹੈ, ਸਗੋਂ ਉਹ ਆਪਣੇ ਵਿਦੇਸ਼ੀ ਮਾਮਲਿਆਂ ਵਿਚ ਪੂਰੀ ਤਰ੍ਹਾਂ ਸੁਤੰਤਰ ਹੈ ਅਤੇ ਦੂਜੇ ਦੇਸ਼ਾਂ ਨਾਲ ਬਰਾਬਰੀ ਦਾ ਅਧਿਕਾਰ ਰੱਖਦਾ ਹੈ। ਭਾਰਤ ਰਾਸ਼ਟਰ ਮੰਡਲ ਦਾ ਮੈਂਬਰ ਹੈ ਅਤੇ ਅਜਿਹਾ ਕਰਨ ਨਾਲ ਉਸਦੀ ਪ੍ਰਭੂਸੱਤਾ ਉਤੇ ਕੋਈ ਫਰਕ ਨਹੀਂ ਪੈਂਦਾ ਕਿਉਂ ਜੋ ਰਾਸ਼ਟਰ ਮੰਡਲ ਦੀ ਮੈਂਬਰੀ ਸਵੈ-ਇੱਛਾ ਨਾਲ ਲਈ ਗਈ ਹੈ ਅਤੇ ਸਵੈ-ਇੱਛਾ ਨਾਲ ਹੀ ਸਮਾਪਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਭਾਰਤ ਹੋਰ ਵੀ ਕਈ ਅੰਤਰ-ਰਾਸ਼ਟਰੀ ਸੰਸਥਾਵਾਂ ਦਾ ਮੈਂਬਰ ਹੈ। ਇਸ ਨਾਲ ਭਾਰਤ ਦੀ ਪ੍ਰਭੂਸੱਤਾ ਉੱਤੇ ਕੋਈ ਅਸਰ ਨਹੀਂ ਪੈਂਦਾ।

ਭਾਰਤੀ ਸੁਤੰਤਰਤਾ ਐਕਟ 1947 ਦੇ ਪਾਸ ਹੋਣ ਤੋਂ ਬਾਅਦ ਭਾਰਤ ਬਰਤਾਨਵੀ ਸਾਮਰਾਜ ਉੱਤੇ ਨਿਰਭਰ ਨਹੀਂ ਰਿਹਾ ਅਤੇ ਇਸ ਐਕਟ ਤੋਂ ਬਾਅਦ ਜਿਹੜੇ ਥੋੜ੍ਹੇ-ਬਹੁਤ ਅੰਕੁਸ਼ ਬਾਕੀ ਰਹਿ ਗਏ ਸਨ ਭਾਰਤੀ ਸੰਵਿਧਾਨ ਦੀ ਮੰਜ਼ੂਰੀ ਮਿਲਣ ਤੋਂ ਬਾਅਦ ਉਹ ਵੀ ਖਤਮ ਹੋ ਗਏ ਹਨ। ਇਸ ਤੋਂ ਬਾਅਦ ਭਾਰਤ ਸੰਪੂਰਨ ਪ੍ਰਭੂਸੱਤਾ ਸੰਪੰਨ ਰਾਜ ਬਣ ਗਿਆ ਹੈ।

ਲੋਕਤੰਤਰੀ (Democratic) ਭਾਰਤ ਵਿਚ ਪੂਰਨ ਲੋਕਤੰਤਰ ਦੀ ਸਥਾਪਨਾ ਕੀਤੀ ਗਈ ਹੈ। ਬਿਨਾਂ ਕਿਸੇ ਧਰਮ, ਜਾਤ, ਰੰਗ ਰੂਪ, ਨਿਵਾਸ-ਅਸਥਾਨ, ਲਿੰਗ, ਆਦਿ ਦੇ ਭੇਦ-ਭਾਵ ਤੋਂ ਹਰ ਪੰਜ ਵਰ੍ਹੇ ਬਾਅਦ ਬਾਲਗ-ਮਤ ਅਧਿਕਾਰ ਦੇ ਅਧਾਰ ਤੇ ਸੰਸਦ ਤੇ ਰਾਜ ਵਿਧਾਨ ਪਾਲਿਕਾ ਦੀਆਂ ਚੋਣਾਂ ਕਰਵਾਈਆਂ ਜਾਂਦੀਆਂ ਹਨ। ਜਿਸ ਪਾਰਟੀ ਨੂੰ ਬਹੁ-ਮਤ ਪ੍ਰਾਪਤ ਹੋ ਜਾਂਦਾ ਹੈ, ਉਸੇ ਦੀ ਸਰਕਾਰ ਬਣਦੀ ਹੈ ਸਰਕਾਰ ਸੰਸਦ ਵੱਲ ਜ਼ਿੰਮੇਵਾਰ ਤੇ ਜਵਾਬਦੇਹ ਹੁੰਦੀ ਹੈ। ਸਾਰੇ ਭੇਦ ਭਾਵ ਖ਼ਤਮ ਕਰ ਦਿੱਤੇ ਗਏ ਹਨ ਅਤੇ ਉਸਦੀ ਰੱਖਿਆ ਦੇ ਲਈ ਸੁਤੰਤਰ ਨਿਆਂ ਪਾਲਿਕਾ ਦੀ ਸਥਾਪਨਾ ਕੀਤੀ ਗਈ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਸਾਡੇ ਦੇਸ਼ ਵਿਚ ਪੂਰਨ ਲੋਕਤੰਤਰ ਦੀ ਸਥਾਪਨਾ ਕੀਤੀ ਗਈ ਹੈ।

ਧਰਮ ਨਿਰਪੇਖ (Secular) ਇਹ ਸ਼ਬਦ ਭਾਰਤ ਦੀ ਮੂਲ ਪ੍ਰਸਤਾਵਨਾ ਵਿੱਚ ਨਹੀਂ ਸੀ। ਬਲਕਿ 1976 ਵਿੱਚ ਭਾਰਤੀ ਸੰਵਿਧਾਨ ਦੇ 42ਵੇਂ ਸੰਸ਼ੋਧਨ ਕਾਨੂੰਨ ਰਾਹੀਂ ਜੋੜਿਆ ਗਿਆ ਹੈ। ਧਰਮ ਨਿਰਪੱਖ ਰਾਜ ਤੋਂ ਭਾਵ ਇਕ ਅਜਿਹੇ ਰਾਜ ਤੋਂ ਹੈ ਜਿਹੜਾ ਕਿਸੇ ਵਿਸ਼ੇਸ਼ ਧਰਮ ਨੂੰ ਰਾਜ-ਧਰਮ ਵਜੋਂ ਮਾਨਤਾ ਪ੍ਰਦਾਨ ਨਹੀਂ

ਕਰਦਾ ਬਲਕਿ ਸਾਰੇ ਧਰਮਾਂ ਦੇ ਨਾਲ ਬਰਾਬਰ ਦਾ ਸਲੂਕ ਕਰਦਾ ਹੈ ਅਤੇ ਇਕੋ ਜਿਹੀ ਸੁਰੱਖਿਆ ਪ੍ਰਦਾਨ ਕਰਦਾ ਹੈ। ਰਾਜ ਧਰਮ ਦੇ ਆਧਾਰ ਤੇ ਕਿਸੇ ਨਾਗਰਿਕ ਨਾਲ ਕਿਸੇ ਕਿਸਮ ਦਾ ਵਿਤਕਰਾ ਨਹੀਂ ਕਰਦਾ। ਹਰੇਕ ਵਿਅਕਤੀ ਨੂੰ ਕੋਈ ਵੀ ਧਰਮ ਅਪਨਾਉਣ ਜਾਂ ਉਸ ਦਾ ਪ੍ਰਚਾਰ ਕਰਨ ਦੀ ਪੂਰੀ ਸੁਤੰਤਰਤਾ ਹੈ।

ਸਮਾਜਵਾਦੀ (Socialist) ਇਹ ਸ਼ਬਦ ਵੀ 42ਵੇਂ ਸੰਸ਼ੋਧਨ ਐਕਟ, 1976 ਰਾਹੀਂ ਜੋੜਿਆ ਗਿਆ ਹੈ ਇਹ ਠੀਕ ਹੈ ਕਿ ਪ੍ਰਸਤਾਵਨਾ ਵਿੱਚ ਅੰਕਿਤ ਸ਼ਬਦ ''ਆਰਥਿਕ ਨਿਆਂ'' ਸ਼ਬਦ ਵਿਚ ਸਮਾਜਵਾਦੀ ਦੀ ਧਾਰਨਾ ਅੰਤਰਨਿਹਿਤ ਹੈ ਪਰ ਸੰਵਿਧਾਨ ਨਿਰਮਾਤਿਆਂ ਨੇ ਆਰਥਿਕ ਨਿਆਂ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਸੀ ਦਿੱਤੀ। ਪਰ 42ਵੇਂ ਸੰਸ਼ੋਧਨ ਰਾਹੀਂ 'ਸਮਾਜਵਾਦ' ਦਾ ਸ਼ਬਦ ਜੋੜ ਕੇ 'ਆਰਥਿਕ ਨਿਆਂ ਨੂੰ ਇਕ ਨਿਸ਼ਚਿਤ ਦਿਸ਼ਾ ਪ੍ਰਦਾਨ ਕੀਤੀ ਗਈ ਹੈ।

ਗਣਰਾਜ (Republic) ਪ੍ਰਸਤਾਵਨਾ ਵਿੱਚ ਦੇਸ਼ ਨੂੰ ਇਕ ਗਣਰਾਜ ਦਾ ਰੁਤਬਾ ਦਿੱਤਾ ਗਿਆ ਹੈ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਵਿਚ ਜੱਦੀ ਰਾਜਾਂ ਦੀ ਪਰੰਪਰਾ ਦਾ ਅੰਤ ਹੋ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਸਾਡੇ ਦੇਸ਼ ਦਾ ਮੁੱਖੀ ਜੱਦੀ ਨਾ ਹੋ ਕੇ ਜਨਤਾ ਦੇ ਪ੍ਰਤਿਨਿਧੀਆਂ ਵਲੋਂ ਚੁਣਿਆ ਹੋਇਆ ਹੋਵੇਗਾ। ਸਾਡਾ ਰਾਸ਼ਟਰਪਤੀ ਸੰਸਦ ਅਤੇ ਵਿਧਾਨ-ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਰਾਹੀਂ ਚੁਣਿਆ ਜਾਂਦਾ ਹੈ ਅਤੇ ਇਸ ਨਾਲ ਸਾਡੇ ਦੇਸ਼ ਵਿਚੋਂ ਰਾਜਤੰਤਰ ਦਾ ਅੰਤ ਹੋ ਗਿਆ ਹੈ, ਭਾਰਤ ਦੇ ਗਣਰਾਜ ਹੋਣ ਦਾ ਸਬੂਤ ਇਹਾ ਹੈ ਕਿ ਭਾਰਤ ਵਿਚ ਸੰਸਦੀ ਲੋਕਤੰਤਰ ਹੈ ਅਤੇ ਸਰਵ ਉੱਚ ਸਥਿਤੀ ਰਾਸ਼ਟਰਪਤੀ ਦੀ ਹੈ ਜਿਸ ਦਾ ਪਦ ਚੁਣਿਆ ਹੋਇਆ ਹੈ।

ਨਿਆਂ (Justice) ਸਾਡੇ ਸੰਵਿਧਾਨ ਵਿਚ ਸਭ ਤੋਂ ਬੁਨਿਆਦੀ ਤੇ ਮੌਲਿਕ ਧਾਰਨਾ ਨਿਆਂ ਦੀ ਹੈ। ਨਿਆਂ ਸ਼ਬਦ ਦੇ ਵੱਖ-ਵੱਖ ਵਿਸ਼ਿਆਂ ਵਿਚ ਵੱਖ-ਵੱਖ ਅਰਥ ਲਏ ਜਾਂਦੇ ਹਨ। ਪਲੈਟੋ ਨੇ ਇਸ ਨੂੰ ਇਕ ਵਿਵਸਥਿਤ ਸਮਾਜਿਕ ਜੀਵਨ ਦਾ ਸਿਧਾਂਤ ਦੱਸਿਆ ਹੈ। ਰਾਜਨੀਤੀ ਅਤੇ ਕਾਨੂੰਨ ਦੇ ਵਿਹਾਰਕ ਪ੍ਰਸੰਗ ਵਿਚ ਨਿਆਂ ਦਾ ਅਰਥ ਵਿਅਕਤੀ ਦੇ ਆਚਰਨ ਤੇ ਸਮਾਜ ਦੇ ਆਮ ਹਿੱਤ ਵਿਚਕਾਰ ਸਹੀ ਤਾਲਮੇਲ ਤੋਂ ਲਗਾਇਆ ਜਾਂਦਾ ਹੈ। ਸਾਧਾਰਨ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਿਆਂ ਦਾ ਮਤਲਬ ਇਹ ਹੈ ਕਿ ''ਬਹੁਤ ਸਾਰੇ ਲੋਕਾਂ ਜਾਂ ਕੁਝ ਲੋਕਾਂ ਦੇ ਕਲਿਆਣ ਦੀ ਥਾਂ ਸਭ ਦਾ ਕਲਿਆਣ ਹੋਵੇ।'' ਨਿਆਂ ਸ਼ਬਦ ਦੀ ਵਰਤੋਂ ਜਿਸ ਅਰਥ ਵਿਚ ਸਾਡੇ ਸੰਵਿਧਾਨ ਵਿਚ ਕੀਤੀ ਗਈ ਹੈ ਉਸ ਬਾਰੇ ਮਹੱਤਵਪੂਰਨ ਗੱਲ ਇਹ ਹੈ ਕਿ ਇਸਦੇ ਤਿੰਨ ਰੂਪ ਦੱਸੇ ਗਏ ਹਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜਿਸਦਾ ਵਾਸਤਵਿਕ ਅਰਥ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਸਮਾਜਿਕ ਨਿਆਂ (Social Justice) ਸਮਾਜਿਕ ਨਿਆਂ ਕਿਸੇ ਕਲਿਆਣਕਾਰੀ ਰਾਜ ਦਾ ਇਕ ਲਾਜ਼ਮੀ ਤੱਤ ਹੈ ਕਿਉਂਕਿ ਇਸ ਦਾ ਭਾਵ ਇਹ ਹੈ ਕਿ ਵਿਅਕਤੀਆਂ ਵਿਚਕਾਰ ਸਮਾਜਿਕ ਸਥਿਤੀ ਦੇ ਆਧਾਰ ਤੇ ਕਿਸੇ ਕਿਸਮ ਦਾ ਭੇਦ ਭਾਵ ਨਾ ਕੀਤਾ ਜਾਵੇ, ਹਰੇਕ ਵਿਅਕਤੀ ਨੂੰ ਆਪਣੀਆਂ ਸ਼ਕਤੀਆਂ ਦੇ ਸਮੁੱਚੇ ਵਿਕਾਸ ਦੇ ਬਰਾਬਰ ਮੌਕੇ ਉਪਲਬੱਧ ਹੋਣ ਕਿਸੇ ਭੀ ਵਿਅਕਤੀ ਦਾ ਕਿਸੇ ਕਿਸਮ ਦਾ ਸ਼ੋਸ਼ਣ ਨਾ ਹੋਵੇ ਸੰਵਿਧਾਨ ਦੇ ਤੀਜੇ ਅਤੇ ਚੌਥੇ ਭਾਗ ਵਿਚ ਸਮਾਜਿਕ ਨਿਆਂ ਦੀ ਪ੍ਰਾਪਤੀ ਲਈ ਕਈ ਉਪਾਵਾਂ ਦਾ ਵਰਣਨ ਕੀਤਾ ਗਿਆ ਹੈ।

ਆਰਥਿਕ ਨਿਆਂ (Economic Justice) ਆਰਥਿਕ ਨਿਆਂ ਦਾ ਅਰਥ ਹੈ ਆਰਥਿਕ ਮੁੱਲਾਂ ਦੇ ਆਧਾਰ ਤੇ ਵਿਅਕਤੀਆਂ ਵਿਚਕਾਰ ਕਿਸੇ ਕਿਸਮ ਦਾ ਵਿਤਕਰਾ ਨਾ ਕੀਤਾ ਜਾਵੇ। ਸਾਰੇ ਵਿਅਕਤੀਆਂ ਨੂੰ ਇਕੋ ਜਿਹਾ ਕੰਮ ਕਰਨ ਦੇ ਬਦਲੇ ਵਿਚ ਇਕੋ ਜਿਹਾ ਵੇਤਨ ਦਿੱਤਾ ਜਾਵੇ, ਦੇਸ਼ ਦੇ ਭੌਤਿਕ ਸਾਧਨਾਂ ਦੀ ਵੰਡ ਇਸ ਤਰ੍ਹਾਂ ਹੋਵੇ ਕਿ ਜਿਸ ਨਾਲ ਵੱਧ ਤੋਂ ਵੱਧ ਜਨ ਕਲਿਆਣ ਹੋ ਸਕੇ। ਦੇਸ਼ ਦਾ ਆਰਥਿਕ ਢਾਂਚਾ ਅਜਿਹਾ ਹੋਵੇ ਜਿਸ ਵਿਚ ਧਨ ਅਤੇ ਉਤਪਾਦਨ ਦੇ ਸਾਧਨ ਥੋੜੇ ਜਿਹੇ ਵਿਅਕਤੀਆਂ ਦੇ ਹੱਥਾਂ ਵਿੱਚ ਇਕੱਠੇ ਨਾ ਹੋਣ। ਜਨ-ਕਲਿਆਣ ਨੂੰ ਮੁੱਖ ਰੱਖਦੇ ਹੋਏ ਉਤਪਾਦਨ ਅਤੇ ਵੰਡ ਦੇ ਖੇਤਰਾਂ ਵਿਚ ਸਭ ਨੂੰ ਸੁਤੰਤਰਤਾ ਪ੍ਰਦਾਨ ਕੀਤੀ ਜਾਵੇ। ਰਾਜ ਦੀ ਅਰਥ ਵਿਵਸਥਾ ਦਾ ਇਸ ਤਰ੍ਹਾਂ ਪੁਨਰ-ਗਠਨ ਕੀਤਾ ਜਾਵੇ ਜਿਸ ਨਾਲ ਆਮ

ਵਿਅਕਤੀ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੋ ਸਕੇ। ਅਨੁਛੇਦ 39 ਵਿਚ ਆਰਥਿਕ ਨਿਆਂ ਦੇ ਆਦਰਸ਼ ਨੂੰ ਸਵੀਕਾਰ ਕੀਤਾ ਗਿਆ ਹੈ।

ਰਾਜਨੀਤਿਕ ਨਿਆਂ (Political Justice) ਰਾਜਨੀਤਿਕ ਨਿਆਂ ਦਾ ਅਰਥ ਇਹ ਹੈ ਕਿ ਰਾਜ ਦੇ ਸਾਰੇ ਨਾਗਰਿਕਾਂ ਨੂੰ ਸ਼ਾਸਨ ਚਲਾਉਣ ਵਿਚ ਸਹਿਯੋਗੀ ਤੇ ਹਿੱਸੇਦਾਰ ਬਣਨ ਦਾ ਅਧਿਕਾਰ ਦਿੱਤਾ ਜਾਵੇ। ਅਰਥਾਤ ਹਰੇਕ ਵਿਅਕਤੀ ਨੂੰ ਧਰਮ, ਜਾਤ, ਲਿੰਗ ਆਦਿ ਦੇ ਭੇਦ-ਭਾਵ ਤੋਂ ਰਾਜਨੀਤਿਕ ਅਧਿਕਾਰ ਪ੍ਰਾਪਤ ਹੋਣਗੇ। ਇਸ ਲਈ ਭਾਰਤੀ ਸੰਵਿਧਾਨ ਬਾਲਗ ਮਤ-ਅਧਿਕਾਰ, ਸੁਤੰਤਰ ਚੋਣ-ਪ੍ਰਣਾਲੀ, ਵਿਚਾਰਾਂ ਅਤੇ ਭਾਸ਼ਣ ਦੀ ਸੁਤੰਤਰਤਾ, ਲੋਕ ਸੇਵਾਵਾਂ ਵਿਚ ਯੋਗਤਾ ਦੇ ਆਧਾਰ ਤੇ ਖੁੱਲ੍ਹੀ ਭਰਤੀ, ਨਿਆਂ ਪਾਲਿਕਾ ਦੀ ਸੁਤੰਤਰਤਾ ਦੀ ਵਿਵਸਥਾ ਕਰਦਾ ਹੈ। ਸੰਵਿਧਾਨ ਵਿਚ ਇਹ ਵੀ ਪ੍ਰਬੰਧ ਕੀਤਾ ਗਿਆ ਹੈ ਕਿ ਸਮਾਜ ਦੇ ਕਮਜ਼ੋਰ ਅਤੇ ਪੱਛੜੇ ਹੋਏ ਵਰਗਾਂ ਦੇ ਕਲਿਆਣ ਦੇ ਲਈ ਰਾਜ ਵਿਸ਼ੇਸ਼ ਸਹੂਲਤਾਂ ਤੇ ਸੁਰੱਖਿਆਵਾਂ ਪ੍ਰਦਾਨ ਕਰ ਸਕਦਾ ਹੈ। ਸੰਵਿਧਾਨ ਕਿਸੇ ਵਿਸ਼ੇਸ਼ ਰਾਜਨੀਤਿਕ ਵਿਚਾਰਧਾਰਾ ਦਾ ਨਾ ਤਾਂ ਵਿਰੋਧ ਕਰਦਾ ਹੈ ਅਤੇ ਨਾ ਹੀ ਸਮਰਥਨ ਅਤੇ ਅਜਿਹੀ ਵਿਵਸਥਾ ਕਰਦਾ ਹੈ ਜਿਸ ਨੂੰ ਸਾਧਾਰਨ ਅਰਥਾਂ ਵਿਚ ਉਦਾਰਵਾਦੀ ਲੋਕਤੰਤਰੀ ਵਿਵਸਥਾ (Liberal Democratic Order) ਕਿਹਾ ਜਾਂਦਾ ਹੈ। ਇਹੋ ਕਾਰਣ ਹੈ ਕਿ ਸੰਪਰਦਾਇਕ ਚੋਣ ਪ੍ਰਣਾਲੀ ਨੂੰ ਸਮਾਪਤ ਕਰਕੇ ਸੰਯੁਕਤ ਚੋਣ ਪ੍ਰਣਾਲੀ ਦੀ ਵਿਵਸਥਾ ਕਰਕੇ ਸਾਰੇ ਬਾਲਗਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਰਾਜਨੀਤਿਕ ਨਿਆਂ ਨੂੰ ਯਕੀਨੀ ਬਣਾਉਣ ਦੇ ਲਈ ਸੰਵਿਧਾਨ ਦੇ ਰਚੇਤਿਆਂ ਨੇ ਅਨੁਛੇਦ 19-22 ਅਧੀਨ ਸੁਤੰਤਰ ਅਧਿਕਾਰਾਂ ਦੀ ਅਤੇ ਅਨੁਛੇਦ 32 ਅਧੀਨ ਸੰਵਿਧਾਨਕ ਉਪਚਾਰਾਂ ਰਾਹੀਂ ਰਾਜਨੀਤਿਕ ਨਿਆਂ ਦੇ ਆਦਰਸ਼ ਨੂੰ ਪ੍ਰਾਪਤ ਕਰਨ ਦੀ ਵਿਵਸਥਾ ਕੀਤੀ ਹੈ।

ਸੁਤੰਤਰਤਾ (Liberty) ਸੁਤੰਤਰਤਾ ਸ਼ਬਦ ਦੇ ਦੋ ਮਤਲਬ ਲਏ ਜਾਂਦੇ ਹਨ। ਨਕਾਰਾਤਮਕ (Negative) ਅਰਥ ਵਿਚ ਇਸਦਾ ਭਾਵ ਹੈ ਕਿ ਵਿਅਕਤੀ ਦੇ ਜੀਵਨ ਉੱਤੇ ਕੋਈ ਬੰਦਿਸ਼ ਨਾ ਹੋਵੇ ਤੇ ਸਕਾਰਾਤਮਕ (Positive) ਪਹਿਲੂ ਦਾ ਅਰਥ ਹੈ ਕਿ ਵਿਅਕਤੀ ਦੇ ਵਿਕਾਸ ਦੇ ਲਈ ਸੁਚੱਜੀਆਂ ਹਾਲਤਾਂ ਪੈਦਾ ਕੀਤੀਆਂ ਜਾਣ। ਸਾਡੇ ਸੰਵਿਧਾਨ ਨੇ ਸਾਕਾਰਤਮਕ ਅਰਥ ਨੂੰ ਸਵੀਕਾਰ ਕਰਦੇ ਹੋਏ ਸਭ ਤੋਂ ਜ਼ਿਆਦਾ ਮਹੱਤਤਾ ਸੁਤੰਤਰਤਾ ਦੇ ਸਿਧਾਂਤ ਨੂੰ ਪ੍ਰਦਾਨ ਕੀਤੀ ਹੈ। ਇਸ ਤੋਂ ਇਲਾਵਾ ਸੁਤੰਤਰਤਾ ਦੀ ਵਿਆਪਕ ਪਰਿਭਾਸ਼ਾ ਕਰਨ ਦੇ ਉਦੇਸ਼ ਨਾਲ ਪ੍ਰਸਤਾਵਨਾ ਵਿਚ ਵਿਚਾਰ ਪ੍ਰਗਟਾਉਣ ਦੀ ਸੁਤੰਤਰਤਾ, ਵਿਸ਼ਵਾਸ ਅਤੇ ਉਪਾਸਨਾ ਦੀ ਸੁਤੰਤਰਤਾ ਨੂੰ ਵਿਅਕਤੀਗਤ ਅਤੇ ਰਾਸ਼ਟਰੀ ਵਿਕਾਸ ਦੇ ਲਈ ਲਾਜ਼ਮੀ ਮੰਨਦੇ ਹੋਏ ਚਰਚਾ ਕੀਤੀ ਹੈ ਇਸੇ ਆਧਾਰ ਤੇ ਮੌਲਿਕ ਅਧਿਕਾਰਾਂ ਦਾ ਵਰਣਨ ਕੀਤਾ ਗਿਆ ਹੈ ਲੋਕਾਂ ਸਮਾਨਤਾ, ਸੁਤੰਤਰਤਾ, ਧਾਰਮਿਕ ਸੁਤੰਤਰਤਾ ਦੇ ਅਧਿਕਾਰ ਸੰਸਕ੍ਰਿਤਕ ਤੇ ਸਿੱਖਿਆ ਸੰਬੰਧੀ ਅਧਿਕਾਰ, ਸੋਸ਼ਣ ਦੇ ਵਿਰੁੱਧ ਅਧਿਕਾਰ ਅਤੇ ਸੰਵਿਧਾਨਕ ਉਪਚਾਰਾਂ ਦੇ ਅਧਿਕਾਰ ਦਿੱਤੇ ਗਏ ਹਨ।

ਸਮਾਨਤਾ (Equality) ਸਮਾਨਤਾ ਤੋਂ ਬਗੈਰ ਸੁਤੰਤਰਤਾ ਇੱਕ ਧੋਖਾ ਹੈ। ਇਸ ਕਰਕੇ ਪ੍ਰਸਤਾਵਨਾ ਵਿਚ ਸਮਾਨਤਾ ਦਾ ਵੀ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਦੇ ਅੰਤਰਗਤ ਪਦਵੀ ਤੇ ਅਵਸਰ ਦੀ ਸਮਾਨਤਾ ਦੀ ਗੱਲ ਆਖੀ ਗਈ ਹੈ। ਪਦਵੀ ਦੀ ਸਮਾਨਤਾ ਇਸ ਗੱਲ ਵਿਚ ਨਿਹਿਤ ਹੈ ਕਿ ਧਰਮ, ਜਾਤ, ਲਿੰਗ, ਰੰਗ-ਰੂਪ, ਨਿਵਾਸ ਆਦਿ ਦੇ ਆਧਾਰ ਤੇ ਭੇਦ-ਭਾਵ ਕਰਨ ਦੇ ਲਈ ਬਨਾਵਟੀ ਬੰਦਿਸ਼ਾਂ ਨਹੀਂ ਲਗਾਈਆਂ ਜਾ ਸਕਦੀਆਂ। ਇਸਦੇ ਨਾਲ ਹੀ ਛੂਤ-ਛਾਤ ਦਾ ਖਾਤਮਾ ਕਰ ਦਿੱਤਾ ਗਿਆ ਵਿਅਕਤੀ ਸਮਾਨ ਹਨ ਅਤੇ ਸਭ ਨੂੰ ਕਾਨੂੰਨ ਦੀ ਸੁਰੱਖਿਆ ਪ੍ਰਾਪਤ ਹੈ। ਸਮਾਜ ਵਿਚ ਕੋਈ ਵਿਸ਼ੇਸ਼ ਅਧਿਕਾਰਾਂ ਵਾਲਾ ਵਰਗ ਨਹੀਂ ਹੈ ਅਵਸਰ ਦੀ ਸਮਾਨਤਾ ਦਾ ਅਰਥ ਹੈ ਕਿ ਹਰੇਕ ਨਾਗਰਿਕ ਨੂੰ ਆਪਣੀ ਯੋਗਤਾ ਤੇ ਸਮਰੱਥਾ ਦੇ ਆਧਾਰ ਤੇ ਆਪਣੇ ਜੀਵਨ ਨੂੰ ਵਿਕਸਿਤ ਕਰਨ ਦੇ ਬਰਾਬਰ-ਬਰਾਬਰ ਮੌਕੇ ਪ੍ਰਾਪਤ ਹਨ। ਕੋਈ ਵੀ ਨਾਗਰਿਕ ਯੋਗਤਾ ਤੇ ਸਮਰੱਥਾ ਦੇ ਆਧਾਰ ਤੇ ਵੱਡੇ ਤੋਂ ਵੱਡਾ ਸਾਰਵਜਨਕ ਪਦ ਪ੍ਰਾਪਤ ਕਰ ਸਕਦਾ ਹੈ। ਸਮਾਨਤਾ ਦੇ ਸਿਧਾਂਤ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਦੇ ਲਈ ਪੱਛੜੀਆਂ ਸ਼੍ਰੇਣੀਆਂ ਤੇ ਜਾਤੀਆਂ ਨੂੰ ਕੁਝ ਵਿਸ਼ੇਸ਼ ਸਹੂਲਤਾਂ ਦਿੱਤੀਆਂ ਹਨ ਤਾਂ ਕਿ ਉਹ ਦੂਜੇ ਲੋਕਾਂ ਦੇ ਬਰਾਬਰ ਆ ਸਕਣ।

ਭਰਾਤਰੀ ਭਾਵ (Fraternity) ਭਰਾਤਰੀ ਭਾਵ ਦਾ ਮੁੱਖ ਉਦੇਸ਼ ਵਿਅਕਤੀ ਦਾ ਸਨਮਾਨ ਕਰਨਾ ਅਤੇ ਰਾਸ਼ਟਰੀ ਏਕਤਾ ਕਾਇਮ ਕਰਨਾ ਹੈ। ਭਾਰਤ ਵਿਚ ਵਿਭਿੰਨ ਜਾਤਾਂ, ਧਰਮਾਂ ਦੇ ਲੋਕ ਰਹਿੰਦੇ ਹਨ ਜਿਹਨਾਂ ਦੀ ਵੱਖਰੀ-ਵੱਖਰੀ ਭਾਸ਼ਾ ਹੈ ਅਤੇ ਵੱਖੋ-ਵੱਖਰਾ ਸੱਭਿਆਚਾਰ ਹੈ ਜਿਸ ਕਰਕੇ ਭਾਰਤ ਜਿਹੇ ਦੇਸ਼ ਲਈ ਭਰਾਤਰੀ-ਭਾਵ ਦੀ ਭਾਵਨਾ ਉਤਸਾਹਿਤ ਕਰਨਾ ਅਤਿ ਜ਼ਰੂਰੀ ਹੈ। ਇਹੋ ਕਾਰਣ ਹੈ ਕਿ ਭਾਰਤੀ ਸੰਵਿਧਾਨ ਵਿਚ ਵੱਖ-ਵੱਖ ਅਨੁਛੇਦਾਂ ਰਾਹੀਂ ਧਰਮ ਜਾਤ, ਨਸਲ, ਲਿੰਗ ਆਦਿ ਦੇ ਵਿਤਕਰਿਆਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਤਾਂ ਸਾਰੇ ਵਿਅਕਤੀ ਆਪਸ ਵਿਚ ਭਾਈ-ਭਾਈ ਬਣ ਕੇ ਰਹਿਣ।

ਵਿਅਕਤੀਗਤ ਗੌਰਵ ਨੂੰ ਕਾਇਮ ਕਰਨ ਦਾ ਵਿਸ਼ਵਾਸ (Assuring the dignity of Individual)

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵਿਅਕਤੀਗਤ ਗੌਰਵ ਨੂੰ ਕਾਇਮ ਕਰਨ ਦਾ ਵਿਸ਼ਵਾਸ ਭੀ ਦਿੱਤਾ ਗਿਆ ਹੈ। ਅਜਿਹਾ ਕਰਨ ਦਾ ਕਾਰਣ ਇਹੋ ਸੀ ਕਿ ਸੁਤੰਤਰਤਾ ਤੋਂ ਪਹਿਲਾਂ ਅੰਗਰੇਜ਼ਾਂ ਨੇ ਭਾਰਤੀਆਂ ਦੇ ਸਵੈਮਾਨ ਨੂੰ ਹਰੇਕ ਢੰਗ ਨਾਲ ਖ਼ਤਮ ਕਰਨ ਦੇ ਹੀਲੇ ਅਪਣਾਏ ਸਨ। ਭਾਰਤੀਆਂ ਦੇ ਗੌਰਵ ਤੇ ਸਵੈਮਾਨ ਨੂੰ ਮੁੜ-ਸੁਰਜੀਤ ਕਰਨ ਲਈ ਅਜਿਹਾ ਕਰਨਾ ਬਹੁਤ ਜ਼ਰੂਰੀ ਸੀ। ਸਾਰੇ ਵਿਅਕਤੀਆਂ ਨੂੰ ਇਕੋ ਜਿਹੇ ਮੌਲਿਕ ਅਧਿਕਾਰ ਪ੍ਰਦਾਨ ਕਰਨਾ ਭਾਰਤੀਆਂ ਦੇ ਵਿਅਕਤੀਗਤ ਗੌਰਵ ਨੂੰ ਉੱਚਾ ਚੁੱਕਣ ਵੱਲ ਇਕ ਮਹੱਤਵਪੂਰਨ ਕਦਮ ਹੈ।

ਰਾਸ਼ਟਰ ਦੀ ਏਕਤਾ ਅਤੇ ਅਖੰਡਤਾ (Unity and Integrity of the Nation)

ਸੰਵਿਧਾਨ ਰਚਨਹਾਰਿਆਂ ਨੇ ਦੇਸ਼ ਦੀ ਏਕਤਾ ਰੱਖਕੇ ਸੰਵਿਧਾਨ ਵਿਚ ਕਈ ਪ੍ਰਬੰਧ ਕੀਤੇ। ਪ੍ਰਸਤਾਵਨਾ ਵਿਚ ਇਸ ਗੱਲ ਉੱਤੇ ਸਹਿਮਤੀ ਹੈ ਕਿ ਵਿਭਿੰਨਤਾਵਾਂ ਦੇ ਬਾਵਜੂਦ ਦੇਸ਼ ਵਿਚ ਇਕ ਬੁਨਿਆਦੀ ਏਕਤਾ ਹੈ ਜਿਸਨੂੰ ਦ੍ਰਿੜਤਾ ਪ੍ਰਦਾਨ ਕਰਨਾ ਸੰਸ਼ੋਧਨ ਕਾਨੂੰਨ, 1976 ਰਾਹੀਂ ਇਸ ਨੂੰ ਪ੍ਰਸਤਾਵਨਾ ਵਿਚ ਅੰਕਿਤ ਕੀਤਾ ਗਿਆ ਹੈ। ਇਸ ਸ਼ਬਦ ਨੂੰ ਵੱਖਵਾਦੀ ਪ੍ਰਵਿਰਤੀਆਂ ਨੂੰ ਰੋਕਣ ਦੇ ਲਈ, ਅੰਕਿਤ ਕੀਤਾ ਗਿਆ ਹੈ।

ਪ੍ਰਸਤਾਵਨਾ ਦੀ ਮਹੱਤਤਾ (Importance of the Preamble)

ਭਾਰਤੀ ਸੰਵਿਧਾਨ ਦੀ ਬਹੁਤ ਮਹੱਤਤਾ ਹੈ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਵਿਚ ਹਰੇਕ ਵਿਅਕਤੀ ਨੂੰ ਬਿਨਾਂ ਕਿਸੇ ਧਰਮ, ਜਾਤ, ਲਿੰਗ ਖੇਤਰੀ ਜਾਂ ਸਭਿਆਚਾਰਕ ਵਿਤਕਰੇ ਦੇ ਸਮਾਨਤਾ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਵਿਚ ਉਹ ਉੱਚੇ ਆਦਰਸ਼ ਪੇਸ਼ ਕੀਤੇ ਗਏ ਹਨ। ਜਿਹੜੇ ਇਸ ਸੰਵਿਧਾਨ ਦੇ ਨਿਰਮਾਤਾਵਾਂ ਨੇ ਭਾਰਤ ਦੀਆਂ ਭਵਿੱਖ ਵਿਚ ਆਉਣ ਵਾਲੀਆਂ ਸਰਕਾਰਾਂ ਦੇ ਸਾਹਮਣੇ ਰੱਖੇ ਹਨ। ਪ੍ਰਸਤਾਵਨਾ ਵਿਚ ਲੋਕਾਂ ਦੀ ਪ੍ਰਭੂਸੱਤਾ ਉਤੇ ਜ਼ੋਰ ਦਿੱਤਾ ਗਿਆ ਹੈ ਅਤੇ ਭਾਰਤੀ ਲੋਕਾਂ ਨੂੰ ਸੰਵਿਧਾਨਕ ਸ਼ਕਤੀ ਦਾ ਅੰਤਿਮ ਸੋਮਾ ਦਰਸਾਇਆ ਗਿਆ ਹੈ।

ਪ੍ਰਸਤਾਵਨਾ ਦਾ ਇਕ ਹੋਰ ਉਪਯੋਗੀ ਉਦੇਸ਼ ਵੀ ਹੈ। ਇਹ ਅਦਾਲਤ ਦੇ ਲਈ ਇਕ ਚਾਣਨ-ਮੁਨਾਰੇ ਦਾ ਕੰਮ ਕਰਦੀ ਹੈ ਜੋ ਕਿ ਸੰਵਿਧਾਨ ਦੀ ਵਿਆਖਿਆ ਦੇ ਸਭ ਤੋਂ ਔਖੇ ਕਾਰਜ ਵਿਚ ਲੱਗੀਆਂ ਹੋਈਆਂ ਹਨ। ਜਦ ਕਦੇ ਵੀ ਕੋਈ ਵਿਵਾਦ ਭਰਪੂਰ ਸੰਵਿਧਾਨਕ ਕਾਨੂੰਨ ਅਦਾਲਤਾਂ ਵਿਚ ਆਉਂਦਾ ਹੈ ਜਿਸਦੇ ਅਰਥ ਸਪਸ਼ਟ ਨਹੀਂ ਹੈ ਤਾਂ ਨਿਆਂਧੀਸ਼ ਪ੍ਰਸਤਾਵਨਾ ਵੱਲ ਵੇਖਦੇ ਹਨ ਜਿਸ ਵਿਚ ਸੰਵਿਧਾਨ ਰਚਨਹਾਰਿਆਂ ਦੇ ਅਸਲ ਇਰਾਦੇ ਛੁੱਪੇ ਹੋਏ ਹਨ।

ਪ੍ਰਸਤਾਵਨਾ ਸਾਡੇ ਸੰਵਿਧਾਨ ਦੀ ਆਤਮਾ ਹੈ ਅਤੇ ਸਾਡੇ ਰਾਜਨੀਤਿਕ ਸਮਾਜ ਦਾ ਨਮੂਨਾ ਨਿਰਧਾਰਿਤ ਕਰਦੀ ਹੈ ਜੋ ਕਿ ਪ੍ਰਭੁੱਤਾ ਸੰਪੰਨ ਲੋਕਤੰਤਰੀ ਧਰਮ-ਨਿਰਪੇਖ ਸਮਾਜਵਾਦੀ ਗਣਰਾਜ ਹੈ। ਇਸ ਵਿਚ ਇਕ ਸੱਚ ਭਰਿਆ ਇਰਾਦਾ ਨਿਹਿਤ ਹੈ ਜਿਸਨੂੰ ਕਿਸੇ ਕ੍ਰਾਂਤੀ ਬਗੈਰ ਬਦਲਿਆਂ ਨਹੀਂ ਜਾ ਸਕਦਾ ਹੈ। ਪ੍ਰਸਤਾਵਨਾ ਦੀ ਭਾਸ਼ਾ ਭਾਵੇਂ ਕਾਨੂੰਨੀ ਤੌਰ ਤੇ ਅਪੂਰਨ ਹੈ ਪਰ ਇਸਦੀ ਆਤਮਾ ਕਾਫੀ ਵਿਆਪਕ ਹੈ, ਜਿਹੜੀ ਆਪਣੇ ਨਾਗਰਿਕਾਂ ਨੂੰ ਨਿਆਂ, ਸੁਤੰਤਰਤਾ, ਸਮਾਨਤਾ ਤੇ ਭਰਾਤਰੀ-ਭਾਵ ਦੇ ਵਰਦਾਨ ਪ੍ਰਦਾਨ ਕਰਦੀ ਹੈ।

ਪ੍ਰਸਤਾਵਨਾ ਇਕ ਪਵਿੱਤਰ ਦਸਤਾਵੇਜ਼ ਹੈ ਅਤੇ ਸ਼ਾਸਨ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਦੇ ਪਾਵਨ ਉਦੇਸ਼ਾਂ ਦੀ ਪ੍ਰਾਪਤੀ ਲਈ ਹਰ ਸੰਭਵ ਉਪਰਾਲਾ ਕਰੇ।

ਜੇਕਰ ਸੰਵਿਧਾਨ ਦੀ ਕਿਸੇ ਧਾਰਾ ਵਿਚ ਕਹੇ ਗਏ ਸ਼ਬਦ ਅਸਪੱਸ਼ਟ ਹਨ ਜਾਂ ਉਹਨਾਂ ਦੀ ਵਿਆਖਿਆ ਕਰਦੇ ਸਮੇਂ ਦੋ ਅਰਥ ਲਗਾਏ ਜਾ ਸਕਦੇ ਹਨ ਤਾਂ ਪ੍ਰਸਤਾਵਨਾ ਵਿੱਚ ਦਿੱਤੇ ਆਦਰਸ਼ਾਂ ਤੋਂ ਕੁਝ ਮੱਦਦ ਲਈ ਜਾ ਸਕਦੀ ਹੈ। ਇਸ ਤਰ੍ਹਾਂ ਪ੍ਰਸਤਾਵਨਾ ਮਾਰਗ-ਦਰਸ਼ਕ ਦਾ ਕੰਮ ਕਰਦੀ ਹੈ।

ਸੰਖੇਪ ਵਿਚ, ਕਿਹਾ ਜਾ ਸਕਦਾ ਹੈ ਕਿ ਪ੍ਰਸਤਾਵਨਾ ਸੰਵਿਧਾਨ ਦੇ ਇਰਾਦੀਆਂ ਤੇ ਉਦੇਸ਼ਾਂ ਨੂੰ ਸਮਝਣ ਦੀ ਕੁੰਜੀ ਹੈ। ਇਹ ਆਮ ਤੌਰ ਤੇ ਰਾਜਨੀਤਿਕ ਨੈਤਿਕ ਤੇ ਧਾਰਮਿਕ ਮੁੱਲਾਂ ਦਾ ਸਪਸ਼ਟੀਕਰਨ ਕਰਦੀ ਹੈ ਜਿਹਨਾਂ ਨੂੰ ਸੰਵਿਧਾਨ ਪ੍ਰੋਤਸਾਹਿਤ ਕਰਨਾ ਚਾਹੁੰਦਾ ਹੈ। ਇਹ ਇਕ ਉੱਚਿਤ ਮਾਪਦੰਡ ਹੈ ਜਿਸ ਨਾਲ ਅਸੀਂ ਆਪਣੇ ਸੰਵਿਧਾਨ ਦੀ ਕੀਮਤ ਦਾ ਮਾਪ ਕਰ ਸਕਦੇ ਹਾਂ।

ਸਿੱਟਾ : ਸਿੱਟੇ ਵਜੋਂ ਅਸੀਂ ਆਖ ਸਕਦੇ ਹਾਂ ਕਿ ਭਾਰਤ ਵਿਚ ਸਾਰੀਆਂ ਸ਼ਕਤੀਆਂ ਤੇ ਸੱਤਾ ਭਾਵੇਂ ਉਹ ਕਿਸੇ ਵੀ ਖੇਤਰ ਵਿਚ ਹੋਣ, ਜਨਤਾਂ ਤੋਂ ਨਿਕਲੀਆਂ ਹਨ। ਕਿਸੇ ਵੱਲੋਂ ਵੀ ਇਸ ਗੱਲ ਉੱਤੇ ਝਗੜਾ ਨਹੀਂ ਕੀਤਾ ਜਾ ਸਕਦਾ ਹੈ ਕਿ ਉਹ ਸੰਵਿਧਾਨ ਵਲੋਂ ਬੱਝਾ ਹੋਇਆ ਨਹੀਂ ਹੈ ਕਿਉਂਕਿ ਉਹ ਸੰਵਿਧਾਨ ਦੇ ਨਿਰਮਾਣ ਵੇਲੇ ਇਕ ਪੱਖ ਨਹੀਂ ਸੀ। ਇਹ ਇਕ ਪਵਿੱਤਰ ਦਸਤਾਵੇਜ਼ ਹੈ ਜਿਸ ਦਾ ਆਦਰ-ਸਤਿਕਾਰ ਭਾਰਤ ਦੇ ਸਾਰੇ ਲੋਕਾਂ ਹਰੇਕ ਰਾਜਨੀਤਿਕ ਦਲ ਅਤੇ ਸਰਕਾਰ ਵਲੋਂ ਕੀਤਾ ਜਾਣਾ ਚਾਹੀਦਾ ਹੈ। ਲੋਕਾਂ ਨੂੰ ਸਰਕਾਰ ਤੋਂ ਇਹੋ ਉਮੀਦ ਹੈ ਕਿ ਇਹ ਸੰਵਿਧਾਨ ਨਿਰਮਾਣ ਕਰਨ ਵਾਲਿਆਂ ਦੀਆਂ ਪਵਿੱਤਰ ਇੱਛਾਵਾਂ ਨੂੰ ਵਿਹਾਰਕ ਰੂਪ ਦੇਵੇਗੀ ਅਤੇ ਉਹਨਾਂ ਨੂੰ ਅਤਿ ਜ਼ਰੂਰੀ ਸਮਾਜਿਕ ਆਰਥਿਕ ਤੇ ਰਾਜਨੀਤਕ ਨਿਆਂ ਦੇਵੇਗੀ। ਭਾਰਤ ਦੀ ਏਕਤਾ ਅਤੇ ਅਖੰਡਤਾ ਹਰ ਕੀਮਤ ਤੇ ਸਭ ਵਲੋਂ ਕਾਇਮ ਰੱਖੀ ਜਾਵੇਗੀ।

ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਸੰਵਿਧਾਨ ਦੀ ਪ੍ਰਸਤਾਵਨਾ ਕੀ ਹੁੰਦੀ ਹੈ ? ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੇ ਮੁੱਖ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।
2. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵਰਤੀ ਗਈ ਹੇਠ ਲਿਖੀ ਸ਼ਬਦਾਵਲੀ ਦੀ ਵਿਆਖਿਆ ਕਰੋ :
   (1) ਗਣਤੰਤਰ (2) ਧਰਮ-ਨਿਰਪੱਖ (3) ਸਮਾਜਵਾਦੀ
   (4) ਭਰਾਤਰੀ ਭਾਵ (5) ਦੇਸ਼ ਦੀ ਏਕਤਾ ਤੇ ਅਖੰਡਤਾ

ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ਪ੍ਰਸਤਾਵਨਾ ਕੀ ਹੁੰਦੀ ਹੈ ? ਪ੍ਰਸਤਾਵਨਾ ਵਿਚ ਸੋਧ ਕੌਣ ਕਰ ਸਕਦਾ ਹੈ ?
2) ਕੀ ਭਾਰਤ ਸਮਾਜਵਾਦੀ ਅਤੇ ਧਰਮ ਨਿਰਪੱਖ ਰਾਜ ਹੈ ?
3) ਕੀ ਪ੍ਰਸਤਾਵਨਾ ਸੰਵਿਧਾਨ ਦਾ ਅੰਗ ਹੈ ? ਇਸ ਦੀ ਮਹੱਤਤਾ ਬਾਰੇ ਚਾਨਣਾ ਪਾਉ।
4) ਪ੍ਰਸਤਾਵਨਾ ਵਿਚ ਸਮਾਨਤਾ ਅਤੇ ਨਿਆਂ ਬਾਰੇ ਕੀ ਵਿਵਸਥਾ ਕੀਤੀ ਗਈ ਹੈ ?

ਪਾਠ ਨੰ : 1.4

ਭਾਰਤ ਵਿੱਚ ਸੰਘ ਅਤੇ ਰਾਜਾਂ ਦੇ ਪਰਸਪਰ ਸੰਬੰਧ

(Union-State Relations in India)

ਤੁਸੀਂ ਭਾਰਤੀ ਸੰਘਵਾਦ ਦੇ ਸਰੂਪ ਤੇ ਲੱਛਣ ਬਾਰੇ ਜਾਣਦੇ ਹੋ। ਤੁਸੀਂ ਦੇਖਿਆ ਹੈ ਕਿ ਭਾਰਤੀ ਸੰਘਾਤਮਕ ਸਰਕਾਰ ਦੇ ਭਾਵੇਂ ਸਾਰੇ ਲੱਛਣ ਮਿਲਦੇ ਹਨ ਤਾਂ ਵੀ ਸੰਘਵਾਦ ਦੀਆਂ ਹੱਦਾਂ ਵਿੱਚ ਰਹਿੰਦੀਆਂ ਹੋਇਆ ਕੇਂਦਰ ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਾਉਣ ਦਾ ਯਤਨ ਕੀਤਾ ਗਿਆ ਹੈ। ਇਸ ਪਾਠ ਵਿੱਚ ਅਸੀਂ ਸੰਘ ਅਤੇ ਰਾਜਾਂ ਵਿਚਕਾਰ ਉਨ੍ਹਾਂ ਦੇ ਪਰਸਪਰ ਸੰਬੰਧਾਂ ਤੇ ਵਿਚਾਰ ਕਰਾਂਗੇ।

ਵਿਧਾਨਿਕ ਸੰਬੰਧ (Legislative Relations)

ਇਕ ਸੰਘਵਾਦੀ ਰਾਜ ਵਿੱਚ ਸੰਘ ਅਤੇ ਰਾਜਾਂ ਦੇ ਪਰਸਪਰ ਵਿਧਾਨਿਕ ਸੰਬੰਧ, ਸੰਵਿਧਾਨ, ਦੁਆਰਾ ਕੀਤੀਆਂ ਗਈਆਂ ਸ਼ਕਤੀਆਂ ਦੀ ਵੰਡ ਉੱਤੇ ਨਿਰਭਰ ਹੁੰਦੇ ਹਨ। ਆਮ ਤੌਰ ਤੇ ਇਸ ਦੀਆਂ ਦੋ ਵਿਧੀਆਂ ਹਨ, ਇਕ ਹੈ ਅਮਰੀਕਨ ਵਿਧੀ, ਜਿੱਥੇ ਸੰਘ ਦੀਆਂ ਸ਼ਕਤੀਆਂ ਦੀ ਵਿਆਖਿਆ ਸੰਵਿਧਾਨ ਵਿੱਚ ਕੀਤੀ ਹੈ ਅਤੇ ਬਾਕੀ ਸ਼ਕਤੀਆਂ ਇਕਾਈਆਂ ਨੂੰ ਦਿੱਤੀਆਂ ਗਈਆਂ ਹਨ। ਅਜਿਹੀ ਵਿਧੀ ਵਿੱਚ ਕੇਂਦਰ ਆਮ ਤੌਰ ਤੇ ਕਮਜ਼ੋਰ ਹੁੰਦਾ ਹੈ। ਦੂਜੀ ਵਿਧੀ ਕੈਨੇਡੀਅਨ ਹੈ ਜੋ ਇਸ ਤੋਂ ਬਿਲਕੁਲ ਉਲਟ ਹੈ ਉਥੇ ਬਾਕੀ ਦੀਆਂ ਸ਼ਕਤੀਆਂ ਕੇਂਦਰ ਪਾਸ ਰਹਿੰਦੀਆਂ ਹਨ। ਪ੍ਰਣਾਮ ਸਰੂਪ ਅਜਿਹੇ ਸੰਘਰਾਜ ਵਿੱਚ ਕੇਂਦਰ ਸ਼ਕਤੀਸ਼ਾਲੀ ਹੁੰਦਾ ਹੈ।

ਭਾਰਤੀ ਸੰਘ ਵਿੱਚ ਇਨ੍ਹਾਂ ਦੋਹਾਂ ਵਿਧੀਆਂ ਵਿੱਚੋਂ ਕੋਈ ਵੀ ਨਹੀਂ ਅਪਣਾਈ ਗਈ ਭਾਵੇਂ ਕਿ ਕੈਨੇਡਾ ਵਾਂਗ ਭਾਰਤੀ, ਸੰਘਵਾਦ ਵੀ ਕੇਂਦਰਗਤ ਸੰਘ ਵਰਗਾ ਹੀ ਹੈ। ਅਸਲੀਅਤ ਇਹ ਹੈ ਕਿ ਭਾਰਤੀ ਸੰਘ ਕੁਝ ਅਜਿਹੇ ਵਿਸ਼ੇਸ਼ ਲੱਛਣਾਂ ਵਾਲਾ ਸੰਘ ਹੈ ਜੋ ਸਾਡੇ ਇਤਿਹਾਸ ਦੇ ਵਿਕਾਸ ਵਿੱਚ ਪ੍ਰਾਪਤ ਹੋਏ ਸਾਡੇ ਅਦੁੱਤੀ ਅਨੁਭਵ ਦਾ ਨਤੀਜਾ ਹੈ।

ਭਾਰਤ ਵਿਚ ਅੰਗਰੇਜ਼ੀ ਹਕੂਮਤ ਦੇ ਕਾਇਮ ਹੋਣ ਸਮੇਂ ਕੇਂਦਰੀ ਸਰਕਾਰ ਨੂੰ ਬਹੁਤ ਜ਼ਿਆਦਾ ਸ਼ਕਤੀਆਂ ਪ੍ਰਾਪਤ ਸਨ ਪਰ ਹੌਲੀ-ਹੌਲੀ ਇਸ ਤੋਂ ਉਲਟ ਪ੍ਰਕ੍ਰਿਆ ਸ਼ੁਰੂ ਹੋ ਗਈ ਜਿਸ ਵਿੱਚੋਂ ਅੰਤ ਵਿੱਚ 1935 ਦੇ ਐਕਟ ਨੇ ਜਨਮ ਲਿਆ। ਇਸ ਐਕਟ ਨੇ ਭਾਰਤ ਦੀਆਂ ਦੋ ਸਮੱਸਿਆਵਾਂ ਦੇਸੀ ਰਿਆਸਤਾਂ ਅਤੇ ਫਿਰਕਾਪ੍ਰਸਤੀ ਹੱਲ ਕਰਨ ਲਈ ਇਕ ਸੰਘ ਕਾਇਮ ਕਰਨ ਦਾ ਉਪਬੰਧ ਕੀਤਾ। ਭਾਵੇਂ ਐਕਟ ਵਿੱਚ ਦਿੱਤਾ ਗਿਆ ਸੰਘ ਪ੍ਰਵਾਨ ਨਾ ਚੜ੍ਹ ਸਕਿਆ ਪਰ ਐਕਟ ਵਿੱਚ ਕੀਤੀ ਗਈ ਵਿਸ਼ਿਆਂ ਦੀ ਵੰਡ ਨੇ ਸਵਤੰਤਰ ਭਾਰਤ ਦੇ ਗਣਤੰਤਰੀ ਵਿਧਾਨ ਦੇ ਰਚਣਹਾਰਿਆਂ ਲਈ ਇਕ ਆਦਰਸ਼ ਕੰਮ ਕੀਤਾ। 1935 ਦੇ ਐਕਟ ਵਾਂਗ ਸਾਡੇ ਵਰਤਮਾਨ ਸੰਵਿਧਾਨ ਵਿੱਚ ਤਿੰਨ ਵਿਧਾਨਿਕ ਸੂਚੀਆਂ ਹਨ ਅਰਥਾਤ ਸੰਘ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ। ਕਿਉਂਕਿ ਬਾਕੀ ਦੀਆਂ ਸ਼ਕਤੀਆਂ ਕੇਂਦਰ ਪਾਸ ਹਨ, ਇਸ ਲਈ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਰਾਜਾਂ ਦੀਆਂ ਸ਼ਕਤੀਆਂ ਅਤੇ ਸਮਵਰਤੀ ਸ਼ਕਤੀਆਂ ਦੀ ਗਿਣਤੀ ਦੇਣੀ ਹੀ ਕਾਫੀ ਸੀ। ਇਸ ਤੋਂ ਵਧੇਰੇ ਕੁਝ ਦੇਣ ਦੀ ਲੋੜ ਹੀ ਨਹੀਂ ਸੀ। ਇਸ ਨਾਲ ਤਿੰਨਾਂ ਸੂਚੀਆਂ ਦੇ ਵਿਸਥਾਰ ਪੂਰਵਕ ਦਰਜ਼ ਕੀਤੇ ਜਾਣ ਨਾਲ ਸ਼ਕਤੀਆਂ ਦੀ ਵੰਡ ਸੰਬੰਧੀ ਕੋਈ ਭੁਲੇਖਾ ਨਹੀਂ ਰਹੇਗਾ ਜੋ ਕਿ ਸੰਘਵਾਦੀ ਸੰਵਿਧਾਨ, ਖਾਸ ਕਰਕੇ ਕੈਨੇਡਾ ਦਾ ਆਮ ਔਗੁਣ ਹੈ। ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਵਾਲ ਕਿ ਸ਼ਕਤੀਆਂ ਦੀ ਵੰਡ ਕਿਵੇਂ ਕੀਤੀ ਜਾਵੇ ਅਤੇ ਬਾਕੀ ਬਚੀਆਂ ਸ਼ਕਤੀਆਂ ਕੇਂਦਰ ਨੂੰ ਦਿੱਤੀਆਂ ਜਾਣ ਜਾਂ ਇਕਾਈਆਂ ਨੂੰ ਇਸ ਆਧਾਰ ਤੇ ਦੇਸ਼ ਵਿਆਪਕ ਰਾਜਸੀ ਸਥਿਤੀਆਂ ਤੇ ਹੈ। ਮਿਸਾਲ ਵਜੋਂ ਸੰਯੁਕਤ ਰਾਜ ਅਮਰੀਕਾ ਵਿੱਚ, ਪ੍ਰਭੂਸੱਤਾ ਰਾਜ ਵਿੱਚ ਜਿਹੜੇ ਕਿ ਸੰਘ ਬਣਾਉਣ ਲਈ ਉਤਸੁਕ ਸਨ, ਕੇਂਦਰੀ ਸਰਕਾਰ ਦੀ ਪੂਰਣ ਅਧੀਨਤਾ

ਅੰਦਰ ਰਹਿਣਾ ਪਸੰਦ ਨਹੀਂ ਸਨ ਕਰਦੇ। ਉਨ੍ਹਾਂ ਲਈ ਉਸਦਾ ਵਿਸ਼ਵਾਸ ਸੀ ਕਿ ਸਾਂਝੀ ਪ੍ਰਕਾਰ ਦੇ ਮਸਲੇ ਕੇਂਦਰੀ ਸਰਕਾਰ ਨੂੰ ਦਿੱਤੇ ਜਾਣ ਤੇ ਬਾਕੀ ਦੇ ਆਪਣੇ ਪਾਸ ਰੱਖੇ ਜਾਣ। ਇਸ ਲਈ ਅਮਰੀਕਨ ਸੰਵਿਧਾਨ ਵਿੱਚ ਸੰਘ ਦੀਆਂ ਸੰਵਿਧਾਨਕ ਸ਼ਕਤੀਆਂ ਦੀ ਸੂਚੀ ਦਿੱਤੀ ਗਈ। ਬਾਕੀ ਦੀਆਂ ਸ਼ਕਤੀਆਂ ਇਕਾਈਆਂ ਨੂੰ ਦਿੱਤੀਆਂ ਗਈਆਂ ਹਨ। ਸਾਡੇ ਸੰਵਿਧਾਨ ਨਿਰਮਾਤਾ ਕਮਜ਼ੋਰ ਕੇਂਦਰ ਦੇ ਔਗੁਣਾਂ ਤੋਂ ਸੁਚੇਤ ਸਨ। ਭਾਰਤੀ ਇਤਿਹਾਸ ਵਿੱਚ (Disitengration) ਦੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ, ਜਿਹੜੀਆਂ ਕਿ ਕੇਂਦਰ ਦੀ ਅਧਿਕਾਰ ਸੱਤਾ ਦੇ ਕਮਜ਼ੋਰ ਹੋਣ ਉੱਤੇ ਹੋਂਦ ਵਿੱਚ ਆਈਆਂ। ਇਸ ਲਈ ਉਨ੍ਹਾਂ ਨੇ ਸ਼ਕਤੀਸ਼ਾਲੀ ਕੇਂਦਰ ਨੂੰ ਤਰਜੀਹ ਦਿੱਤੀ।

ਭਾਰਤੀ ਸੰਵਿਧਾਨ ਅਨੁਸਾਰ ਸ਼ਕਤੀਆਂ ਦੀ ਵੰਡ (Division of the Powers under the Indian Contitution) : ਭਾਰਤੀ ਸੰਵਿਧਾਨ ਅਨੁਸਾਰ ਸੰਘ ਅਤੇ ਰਾਜਾਂ ਵਿਚਲੇ ਵਿਧਾਨਿਕ ਸੰਬੰਧਾਂ ਦਾ ਅਧਿਐਨ ਸ਼ਕਤੀਸ਼ਾਲੀ ਕੇਂਦਰ ਸੰਬੰਧੀ ਸਾਡੇ ਵਿਚਾਰਾਂ ਦੀ ਪ੍ਰੋੜਤਾ ਕਰੇਗੀ।

1. ਸੰਘ ਸੂਚੀ (Union List)

ਇਸ ਸੂਚੀ ਵਿੱਚ ਸਤਾਨਵੇਂ (97) ਵਿਸ਼ੇ ਹਨ ਅਤੇ ਤਿੰਨਾਂ ਸੂਚੀਆਂ ਵਿਚੋਂ ਸਭ ਤੋਂ ਵੱਡੀ ਸੂਚੀ ਹੈ। ਇਸ ਸੂਚੀ ਵਿੱਚ ਦਰਜ ਮਾਮਲਿਆਂ ਬਾਰੇ ਕੇਵਲ ਸੰਘੀ ਸੰਸਦ ਹੀ ਕਾਨੂੰਨ ਬਣਾ ਸਕਦੀ ਹੈ।

2. ਰਾਜ ਸੂਚੀ (State List)

ਇਸ ਵਿੱਚ 66 ਵਿਸ਼ੇ ਹਨ। ਇਹ ਮਾਮਲੇ ਸਥਾਨਿਕ ਹਿੱਤਾਂ ਵਾਲੇ ਹਨ ਜਿਨ੍ਹਾਂ ਬਾਰੇ ਰਾਜ ਆਪਣੇ ਆਪਣੇ ਹਾਲਾਤਾਂ ਅਨੁਸਾਰ ਕਾਨੂੰਨ ਬਣਾ ਸਕਦੇ ਹਨ। ਸਾਧਾਰਣ ਅਵਸਥਾ ਵਿੱਚ ਕੇਂਦਰ ਰਾਜ ਸੂਚੀ ਵਿਚ ਸਮਿਲਤ ਕਿਸੇ ਮਾਮਲੇ ਸੰਬੰਧੀ ਕਾਨੂੰਨ ਨਹੀਂ ਬਣਾ ਸਕਦਾ ਪਰ ਸੰਵਿਧਾਨ ਦੇ ਅਨੁਛੇਦ 249, 253 ਸੰਘੀ ਸੰਸਦ ਨੂੰ ਹੇਠ ਲਿਖੀਆਂ ਸਥਿਤੀਆਂ ਵਿੱਚ ਰਾਜ ਸੂਚੀ ਵਿੱਚ ਦਿੱਤੇ ਗਏ ਮਾਮਲਿਆਂ ਸੰਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਦੇਂਦੇ ਹਨ।

ਰਾਜ ਸੂਚੀ ਸੰਬੰਧੀ ਕੇਂਦਰ ਦੀਆਂ ਵਿਧਾਨਿਕ ਸ਼ਕਤੀਆਂ (Legislative Powers of the Union in the State List) :

1. ਅਨੁਛੇਦ 249 ਅਨੁਸਾਰ ਜੇ ਰਾਜ ਸਭਾ ਹਾਜ਼ਰ ਮੈਂਬਰਾਂ ਦੀ ਘੱਟ ਤੋਂ ਘੱਟ ਦੋ ਤਿਹਾਈ ਬਹੁਗਿਣਤੀ ਨਾਲ ਇਹ ਪਾਸ ਕਰ ਦੇਵੇ ਕਿ ਰਾਸ਼ਟਰੀ ਹਿੱਤ ਵਿੱਚ ਜ਼ਰੂਰੀ ਹੈ ਕਿ ਰਾਜ-ਸੂਚੀ ਦੇ ਫਲਾਣੇ ਵਿਸ਼ਿਆਂ ਬਾਰੇ ਸੰਸਦ ਕਾਨੂੰਨ ਬਣਾਵੇ ਤਾਂ ਸੰਸਦ ਸਾਰੇ ਭਾਰਤ ਜਾਂ ਭਾਰਤ ਦੇ ਕਿਸੇ ਇਕ ਹਿੱਸੇ ਲਈ ਅਜਿਹੇ ਕਾਨੂੰਨ ਬਣਾ ਸਕਦੀ ਹੈ ਪਰ ਕੇਂਦਰ ਨੂੰ ਮਿਲਿਆ ਇਹਾ ਅਖ਼ਤਿਆਰ ਸਾਧਾਰਨ ਅਵਸਥਾ ਵਿੱਚ ਕੇਵਲ ਇਕ ਸਾਲ ਵਾਸਤੇ ਹੀ ਹੁੰਦਾ ਹੈ। ਫਿਰ ਵੀ ਜੇ ਉਹ ਅਵਸਥਾ ਜਿਸ ਲਈ ਇਹ ਮਤਾ ਪਾਸ ਕੀਤਾ ਗਿਆ ਸੀ ਵੱਧ ਹੋ ਜਾਵੇ ਤਾਂ ਇਸੇ ਪ੍ਰਕਾਰ ਦਾ ਇਕ ਹੋਰ ਮਤਾ ਪਾਸ ਕਰਕੇ ਇਸਦੀ ਮਿਆਦ ਵਧਾਈ ਜਾ ਸਕਦੀ ਹੈ। ਪਰ ਜੇ ਸਾਲ ਦੇ ਖ਼ਤਮ ਹੋਣ ਸਮੇਂ ਇਹ ਮਤਾ ਪਾਸ ਨਾ ਕੀਤਾ ਜਾਵੇ ਤਾਂ ਇਸ ਸੰਬੰਧ ਵਿੱਚ ਪਾਸ ਕੀਤਾ ਗਿਆ ਸੰਸਦੀ ਕਾਨੂੰਨ ਇਕ ਸਾਲ ਬੀਤ ਜਾਣ ਤੋਂ ਪਿੱਛੋਂ ਛੇ ਮਹੀਨਿਆਂ ਤੱਕ ਲਾਗੂ ਰਹਿ ਸਕਦਾ ਹੈ ਅਤੇ ਇਸ ਤੋਂ ਬਾਅਦ ਆਪਣੇ ਆਪ ਖਤਮ ਹੋ ਜਾਂਦਾ ਹੈ।
2. ਅਨੁਛੇਦ 250 ਅਨੁਸਾਰ ਸੰਕਟ ਕਾਲ ਦਾ ਐਲਾਨ ਕੀਤੇ ਜਾਣ ਦੇ ਦੌਰਾਨ ਸੰਸਦ ਨੂੰ ਰਾਜ ਸੂਚੀ ਦੇ ਕਿਸੇ ਵੀ ਮਾਮਲੇ ਸੰਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਅਜਿਹੇ ਕਾਨੂੰਨ ਦੀ ਮਿਆਦ ਸੰਕਟ ਕਾਲ ਤੱਕ ਅਤੇ ਉਸ ਤੋਂ ਛੇ ਮਹੀਨੇ ਬਾਦ ਵੀ ਰਹਿੰਦੀ ਹੈ।
3. ਅਨੁਛੇਦ 252 ਅਨੁਸਾਰ ਜੇ ਦੋ ਜਾਂ ਦੋ ਤੋਂ ਵੱਧ ਵਿਧਾਨ ਮੰਡਲ ਇਹ ਮਤਾ ਪਾਸ ਕਰ ਦੇਣ ਕਿ ਰਾਜ ਸੂਚੀ ਵਿੱਚ ਸ਼ਾਮਲ ਕਿਸੇ ਇਕ ਮਾਮਲੇ ਬਾਰੇ ਸੰਸਦੀ ਕਾਨੂੰਨ ਦੀ ਲੋੜ ਹੈ ਤਾਂ ਕੇਂਦਰ ਅਜਿਹਾ ਕਾਨੂੰਨ ਬਣਾ ਸਕਦਾ ਹੈ ਅਤੇ ਜੇ ਕੋਈ ਹੋਰ ਰਾਜ ਮਤੇ ਦੁਆਰਾ ਇਹ ਇੱਛਾ ਪ੍ਰਗਟ ਕਰੇ ਕਿ

ਉਸਨੂੰ ਵੀ ਕਾਨੂੰਨ ਦੀ ਲੋੜ ਹੈ ਤਾਂ ਉਸ ਉੱਤੇ ਵੀ ਉਹ ਕਾਨੂੰਨ ਲਾਗੂ ਹੋ ਸਕਦਾ ਹੈ ਸਿਰਫ ਸੰਸਦ ਹੀ ਅਜਿਹੇ ਕਾਨੂੰਨਾਂ ਵਿੱਚ ਤਰਮੀਮ ਕਰਨ ਜਾਂ ਇਨ੍ਹਾਂ ਨੂੰ ਖ਼ਤਮ ਕਰਨ ਦਾ ਅਧਿਕਾਰ ਰੱਖਦੀ ਹੈ।

4. ਅਨੁਛੇਦ 253 ਅਨੁਸਾਰ ਸੰਸਦ ਨੂੰ ਇਹ ਅਧਿਕਾਰ ਹੈ ਕਿ ਉਹ ਉਨ੍ਹਾਂ ਸੰਧੀਆਂ ਅਤੇ ਅੰਤਰ ਰਾਸ਼ਟਰੀ ਅਹਿਦਨਾਮੀਆਂ ਜਿਨ੍ਹਾਂ ਵਿੱਚ ਭਾਰਤ ਸ਼ਾਮਿਲ ਹੈ, ਨੂੰ ਸਮੁੱਚੇ ਦੇਸ਼ ਜਾ ਦੇਸ਼ ਦੇ ਕਿਸੇ ਇਕ ਇਲਾਕੇ ਉਤੇ ਲਾਗੂ ਕਰਨ ਲਈ ਕਾਨੂੰਨ ਬਣਾ ਸਕਦੀ ਹੈ। ਅਨੁਛੇਦ 249-250 ਤੇ ਰਾਜ ਵਿਧਾਨ ਮੰਡਲਾਂ ਵਲੋਂ ਬਣਾਏ ਗਏ ਕਾਨੂੰਨ ਵਿੱਚ ਜੇ ਕੋਈ ਅਸਹਿਮਤੀ ਹੋਵੇ ਤਾਂ ਇਸਨੂੰ ਦੂਰ ਕਰਨ ਲਈ ਅਨੁਛੇਦ 251 ਵਿੱਚ ਉਪਬੰਧ ਕੀਤਾ ਗਿਆ ਹੈ। ਇਸ ਅਨੁਸਾਰ ਕਿਸੇ ਰਾਜ ਦਾ ਵਿਧਾਨ ਮੰਡਲ ਸੰਕਟ ਕਾਲ ਦੇ ਦੌਰਾਨ ਜਾਂ ਉਨ੍ਹਾਂ ਮਾਮਲਿਆਂ ਬਾਰੇ ਜਿਨ੍ਹਾਂ ਨੂੰ ਰਾਜ ਸਭਾ ਨੇ ਅਨੁਛੇਦ 249 ਦੁਆਰਾ ਸੰਸਦ ਨੂੰ ਦੇ ਦਿੱਤਾ ਹੋਵੇ ਕੋਈ ਐਸਾ ਕਾਨੂੰਨ ਪਾਸ ਕਰੇ ਜਿਹੜਾ ਕਿ ਸੰਸਦ ਦੇ ਕਾਨੂੰਨ ਨਾਲ ਨਾ ਰਲਦਾ ਹੋਵੇ ਤਾਂ ਸੰਘ ਦਾ ਕਾਨੂੰਨ ਅੰਤਿਮ ਮੰਨਿਆ ਜਾਵੇਗਾ, ਇਸ ਲਈ ਇਹ ਬਿਲਕੁਲ ਸਪਸ਼ਟ ਹੈ ਕਿ ਰਾਜਾਂ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਮਾਮਲਿਆਂ ਸੰਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਅੰਤਿਮ ਨਹੀਂ। ਇਸ ਗੱਲੋਂ ਕੇਂਦਰ ਪ੍ਰਸੰਸਾ ਦਾ ਅਧਿਕਾਰੀ ਹੈ ਕਿ ਉਸ ਨੇ ਚੀਨੀ ਅਤੇ ਪਾਕਿਸਤਾਨ ਹਮਲੇ ਸਮੇਂ ਵੀ ਸੰਕਟ ਕਾਲ ਦਾ ਐਲਾਨ ਕੀਤੇ ਜਾਣ ਦੇ ਬਾਵਜੂਦ ਇਨ੍ਹਾਂ ਉਪਬੰਧਾਂ ਦਾ ਨਾਜਾਇਜ਼ ਫਾਇਦਾ ਨਹੀਂ ਉਠਾਇਆ ਅਤੇ ਰਾਜਾਂ ਦੇ ਵਿਧਾਨ ਮੰਡਲਾਂ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਨਹੀਂ ਦਿੱਤਾ ਰਾਜ ਵਿਧਾਨ ਸਭਾਵਾਂ ਬਗੈਰ ਕਿਸੇ ਰੋਕ-ਰੁਕਾਵਟ ਦੇ ਰਾਜ ਸੂਚੀ ਵਿੱਚ ਸ਼ਾਮਲ ਮਾਮਲਿਆਂ ਸੰਬੰਧੀ ਕਾਨੂੰਨ ਬਣਾਉਂਦੀਆਂ ਰਹੀਆਂ।

3. ਸਮਵਰਤੀ ਸੂਚੀ (Concurrent List)

ਇਸ ਸੂਚੀ ਵਿੱਚ 47 ਵਿਸ਼ੇ ਸ਼ਾਮਿਲ ਹਨ ਇਨ੍ਹਾਂ ਸੰਬੰਧੀ ਸੰਘ ਅਤੇ ਰਾਜ ਵਿਧਾਨ ਮੰਡਲ ਦੋਹਾਂ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਪਾਇਲੀ (Pylee) ਅਨੁਸਾਰ, ''ਸਮਵਰਤੀ ਸੂਚੀ ਇਕ ਪ੍ਰਕਾਰ ਦਾ ਦੋ-ਮੁੱਖੀ ਖੇਤਰ ਹੈ ਕਿਉਂਕਿ ਇਸ ਖੇਤਰ ਵਿੱਚ ਸੰਘ ਦੇ ਰਾਜ ਦੋਵੇਂ ਬਗੈਰ ਕਿਸੇ ਝਗੜੇ ਦੇ ਕਾਨੂੰਨ ਬਣਾਉਣ ਦੇ ਅਧਿਕਾਰੀ ਹਨ।''

ਸਮਵਰਤੀ ਸੂਚੀ ਕਾਰਣ ਇਕ ਦੂਜੇ ਦੇ ਖੇਤਰ ਵਿੱਚ ਦਖਲ ਦੇਣ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ ਕਿਉਂਕਿ ਇਸੇ ਵਿੱਚ ਅਜਿਹੇ ਮਾਮਲੇ ਸ਼ਾਮਿਲ ਹਨ ਜਿਨ੍ਹਾਂ ਉੱਤੇ ਅਧਿਕਾਰ-ਖੇਤਰ ਬਾਰੇ ਝਗੜੇ ਉਤਪੰਨ ਹੋ ਸਕਦੇ ਹਨ। ਇਸ ਵਿੱਚ ਉਹ ਮਾਮਲੇ ਰੱਖੇ ਹੋਏ ਹਨ ਜਿਨ੍ਹਾਂ ਦਾ ਸੰਬੰਧ ਕਿਸੇ ਨਾ ਕਿਸੇ ਹੱਦ ਤੱਕ ਸਥਾਨਿਕ ਅਤੇ ਰਾਸ਼ਟਰੀ ਹਿੱਤਾਂ ਨਾਲ ਹੈ। ਪਾਇਲੀ ਦੇ ਸ਼ਬਦਾਂ ਵਿੱਚ, ''ਸਮਵਰਤੀ ਸੂਚੀ ਇਸ ਪ੍ਰਕਾਰ ਦੀ ਹੈ ਜੋ ਝਟਕਿਆਂ ਨੂੰ ਪੀ ਜਾਂਦੀ (Shock Absorber) ਹੈ, ਅਤੇ ਲੋੜ ਪੈਣ ਤੇ ਸੰਘ ਅਤੇ ਰਾਜ ਦੋਹਾਂ ਨੂੰ ਆਪਣੇ ਮਖ਼ਸੂਸ ਵਿਧਾਨਿਕ ਖੇਤਰਾਂ ਤੋਂ ਬਾਹਰ ਕੱਢ ਕੇ ਕੰਮ ਕਰਨ ਯੋਗ ਬਣਾਉਂਦੀ ਹੈ ਤਾਂ ਜੋ ਸੰਕਟ ਕਾਲ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਦੋਵੇਂ ਇਕ ਦੂਜੇ ਦੇ ਅਧਿਕਾਰ ਖੇਤਰਾਂ ਦੀ ਉਲੰਘਣਾ ਵੀ ਨਾ ਕਰਨ।''

4. ਬਾਕੀ ਰਹਿੰਦੀਆਂ ਸ਼ਕਤੀਆਂ (Residuary Powers)

ਉਹ ਸ਼ਕਤੀਆਂ ਜਿਨ੍ਹਾਂ ਬਾਰੇ ਤਿੰਨਾਂ ਸੂਚੀਆਂ ਵਿੱਚ ਵਿਸ਼ੇਸ਼ ਤੌਰ ਤੇ ਜ਼ਿਕਰ ਨਹੀਂ ਕੀਤਾ ਗਿਆ। ਕੇਂਦਰ ਨੂੰ ਦਿੱਤੀਆਂ ਗਈਆਂ ਹਨ। ਸਪੱਸ਼ਟ ਹੈ ਕਿ ਇਹ ਧਾਰਾ ਅਮਰੀਕਾ, ਸਵਿਟਜ਼ਰਲੈਂਡ ਅਤੇ ਆਸਟਰੇਲੀਆ ਦੀਆਂ ਰਵਾਇਤਾਂ ਤੋਂ ਵੱਖਰੀ ਹੈ। ਵਿਦਿਆਰਥੀਆਂ ਲਈ ਇਹ ਗੱਲ ਬੜੀ ਦਿਲਚਸਪੀ ਦਾ ਕਾਰਣ ਹੋਵੇਗੀ ਕਿ 1935 ਦੇ ਇੰਡੀਆ ਐਕਟ ਨੇ ਬਾਕੀ ਰਹਿੰਦੀਆਂ ਸ਼ਕਤੀਆਂ ਨੂੰ ਨਾ ਕੇਂਦਰ ਤੇ ਨਾਂ ਹੀ ਪ੍ਰਾਂਤਾਂ ਨੂੰ ਦਿੱਤੀਆਂ ਸਨ। ਲੋੜ ਪੈਣ ਤੇ ਭਾਰਤ ਦਾ ਗਵਰਨਰ ਜਨਰਲ ਹੀ ਇਸ ਗੱਲ ਦਾ ਨਿਰਣਾ ਕਰਦਾ ਸੀ। ਕਿ ਇਹ ਮਾਮਲਾ ਕੇਂਦਰ ਨੂੰ ਦੇਣਾ ਹੈ ਜਾਂ ਕਿ ਪ੍ਰਾਂਤਾਂ ਨੂੰ।

ਸਿੱਟਾ (Conclusion)

ਵਿਧਾਨਿਕ ਸ਼ਕਤੀਆਂ ਦੀ ਵੰਡ ਦੀ ਉੱਪਰ, ਦਿੱਤੀ ਗਈ ਯੋਜਨਾ ਉੱਚੇ ਦਰਜ਼ੇ ਦੇ ਕੇਂਦਰੀਕਰਨ ਵੱਲ ਸਪੱਸ਼ਟ ਸੰਕੇਤ ਕਰਦੀ ਹੈ। ਇਹ ਇਸ ਲਈ ਕੀਤਾ ਗਿਆ ਜਾਪਦਾ ਹੈ ਕਿਉਂਕਿ ਸੰਵਿਧਾਨ ਦੇ ਨਿਰਮਾਤਿਆਂ ਨੇ ਦੇਖ ਲਿਆ ਸੀ ਕਿ ਕੇਂਦਰੀ ਸਰਕਾਰ ਨੂੰ ਵੱਧ ਤੋਂ ਵੱਧ ਸ਼ਕਤੀਆਂ ਦੇਣ ਦੀ ਸੂਚੀ ਸੰਸਾਰ ਦੇ ਸਾਰੇ ਸੰਘਰਾਜਾਂ ਵਿੱਚ ਪੈਦਾ ਹੋ ਗਈ ਹੈ, ਭਾਵੇਂ ਕੁਝ ਆਲੋਚਕਾਂ ਨੇ ਇਸ ਯੋਜਨਾ ਉੱਤੇ ਇਹ ਨੁਕਤਾਚੀਨੀ ਕੀਤੀ ਕਿ ਵਿਧਾਨਿਕ ਸ਼ਕਤੀਆਂ ਦੀ ਇਹ ਵੰਡ ਪੱਕੇ ਸੰਘਵਾਦੀ ਢਾਂਚੇ ਨਾਲੋਂ ਵਿਭਿੰਨ ਹੈ। ਪਰ ਚੌਥੀਆਂ ਆਮ ਚੋਣਾਂ ਤੋਂ ਪਿੱਛੋਂ ਇਹ ਵਿਸ਼ਾ ਬੜੇ ਜ਼ੋਰ ਨਾਲ ਸਾਡੇ ਸਾਹਮਣੇ ਆਇਆ। ਕਈ ਰਾਜਾਂ ਵਿੱਚ ਸੱਤਾ ਰਾਜਾਂ ਦੀਆਂ ਉਹਨਾਂ ਪਾਰਟੀਆਂ ਦੇ ਹੱਥ ਵਿੱਚ ਆ ਗਈ ਜੋ ਕੇਂਦਰ ਵਿਚਲੀ ਸੱਤਾਧਾਰੀ ਪਾਰਟੀ ਅਰਥਾਤ ਕਾਂਗਰਸ ਪਾਰਟੀ ਦੇ ਵਿਰੁੱਧ ਸਨ। ਇਸ ਨਾਲ ਕਈ ਮਾਮਲਿਆਂ ਵਿੱਚ ਸੰਘ ਤੇ ਰਾਜਾਂ ਵਿੱਚ ਖੁੱਲ੍ਹਾ ਵਾਦ-ਵਿਵਾਦ ਸ਼ੁਰੂ ਹੋ ਗਿਆ। ਦੂਜੀਆਂ ਪਾਰਟੀਆਂ ਅਤੇ ਖਾਸ ਕਰਕੇ ਤਾਮਿਲਨਾਡੂ ਦੀ ਡੀ.ਐਮ.ਕੇ. ਸਰਕਾਰ ਅਤੇ ਸਾਮਵਾਦੀ ਦਲ ਦੀਆਂ ਸਰਕਾਰਾਂ ਨੇ ਸ਼ਕਤੀ ਦੀ ਪੁਨਰ ਵੰਡ ਦਾ ਸਵਾਲ ਉਠਾਇਆ ਅਤੇ ਰਾਜਾਂ ਲਈ ਵਧੇਰੇ ਸ਼ਕਤੀਆਂ ਦੀ ਮੰਗ ਕੀਤੀ ਪਰ ਦੂਜੇ ਦਲ ਦਾ ਵਿਚਾਰ ਹੈ ਕਿ ਅਜਿਹਾ ਕਰਨ ਨਾਲ ਸਾਰਾ ਢਾਂਚਾ ਹੀ ਉਖੜ-ਪੁਖੜ ਜਾਵੇਗਾ ਅਤੇ ਇਹ ਗੱਲ ਰਾਸ਼ਟਰ ਦੇ ਹਿੱਤਾਂ ਦੇ ਉਲਟ ਹੋਵੇਗੀ।

ਇਸ ਅਵਸਥਾ ਦੀ ਰੋਸ਼ਨੀ ਵਿੱਚ ਕਈ ਆਲੋਚਕ ਇਹ ਕਹਿੰਦੇ ਹਨ ਕਿ ਵਿਧਾਨਿਕ ਸਥਿਤੀ ਤੋਂ ਰਾਜਾਂ ਸਰਕਾਰ ਨੂੰ ''ਸਨਮਾਨਿਤ ਨਗਰ-ਪਾਲਿਕਾ'' ਵਰਗਾ ਆਖਣਾ ਉੱਚਿਤ ਹੀ ਹੋਵੇਗਾ। ਇਸ ਕਥਨ ਤੋਂ ਭਾਵ ਹੈ ਕਿ ਰਾਜ-ਵਿਧਾਨ ਮੰਡਲ ਦਾ ਦਰਜਾ ਬੁਨਿਆਦੀ ਤੌਰ ਤੇ ਰਾਜ ਦੀ ਇਕ ਨਗਰ ਪਾਲਿਕਾ ਵਰਗਾ ਹੀ ਹੈ। ਕਿਉਂਕਿ ਰਾਜ ਵਿਧਾਨ ਮੰਡਲਾਂ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਕੇਂਦਰੀ ਸਰਕਾਰ ਤੇ ਰਹਿਮ ਤੇ ਹੀ ਨਿਰਭਰ ਹਨ। ਇਹ ਇਲਜ਼ਾਮ ਅਨੁਛੇਦ 240-253 ਅਧੀਨ ਆਉਂਦੇ ਉਪਬੰਧਾਂ ਦੀ ਰੋਸ਼ਨੀ ਵਿਚ ਹੀ ਲਾਇਆ ਜਾਂਦਾ ਹੈ ਇਨ੍ਹਾਂ ਅਨੁਛੇਦਾਂ ਕਾਰਣ ਹੀ ਸੰਸਦ ਆਪਣੀਆਂ ਸ਼ਕਤੀਆਂ ਦੁਆਰਾ ਅਜਿਹੇ ਮਾਮਲਿਆਂ ਬਾਰੇ ਕਾਨੂੰਨ ਪਾਸ ਕਰ ਸਕਦੀ ਹੈ ਜੋ ਰਾਜ-ਸੂਚੀ ਵਿੱਚ ਆਉਂਦੇ ਹਨ। ਇਤਰਾਜ਼ ਕੀਤਾ ਜਾਂਦਾ ਹੈ ਕਿ ਇਹ ਸੰਘਵਾਦ ਦੀ ਆਤਮਾ ਦੇ ਅਨੁਕੂਲ ਨਹੀਂ ਹੈ। ਉੱਚਿਤ ਇਹ ਹੈ ਕਿ ਦੋਹਾਂ ਸਰਕਾਰੀ ਢਾਂਚਿਆਂ, ਸੰਘ ਅਤੇ ਰਾਜ ਨੂੰ ਅਧਿਕਾਰ ਖੇਤਰ ਦੀ ਅਜਿਹੀ ਸੁਰੱਖਿਆ ਦਿੱਤੀ ਜਾਵੇ ਜਿਸ ਵਿੱਚ ਦੂਜੀ ਧਿਰ ਸੰਵਿਧਾਨ ਵਿੱਚ ਤਰਮੀਮ ਕੀਤੇ ਬਗੈਰ ਦਖ਼ਲ ਹੀ ਨਾ ਦੇ ਸਕੇ।

ਇਹ ਠੀਕ ਹੈ ਕਿ ਭਾਰਤੀ ਸੰਵਿਧਾਨ ਵਿੱਚ 249-253 ਅਨੁਛੇਦਾਂ ਅਧੀਨ ਆਉਂਦੇ ਉਪਬੰਧ ਸੰਘ ਦਾ ਆਮ ਲੱਛਣ ਨਹੀਂ ਹਨ ਪਰ ਇਨ੍ਹਾਂ ਨੂੰ ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਕਰਕੇ ਸੰਘਵਾਦ ਦੀ ਰਵਾਇਤ ਨਾਲੋਂ ਵੱਖਰੀ ਪਰੰਪਰਾ ਜ਼ਰੂਰੀ ਹੈ। ਫਿਰ ਵੀ, ਭਾਰਤ ਦੇ ਸੰਘ ਵਿੱਚ ਰਾਜਾਂ ਨੂੰ ''ਸਨਮਾਨਿਤ ਨਗਰ ਪਾਲਿਕਾ'' ਆਖਣਾ ਉਨ੍ਹਾਂ ਦੇ ਦਰਜ਼ੇ ਨੂੰ ਘੱਟ ਕਰਕੇ ਦੱਸਣਾ ਹੈ। ਨਗਰ ਪਾਲਿਕਾ ਨੂੰ ਸ਼ਕਤੀਆਂ ਰਾਜ ਸਰਕਾਰ ਵੱਲੋਂ ਮਿਲੀਆਂ ਹੁੰਦੀਆਂ ਹਨ ਅਤੇ ਸਰਕਾਰ ਆਪਣੀ ਮਰਜ਼ੀ ਅਨੁਸਾਰ ਉਨ੍ਹਾਂ ਨੂੰ ਘੱਟਾ ਵਧਾ ਸਕਦੀ ਹੈ। ਇਸ ਦੇ ਉਲਟ ਰਾਜਾਂ ਨੂੰ ਸ਼ਕਤੀਆਂ ਸੰਵਿਧਾਨ ਵੱਲੋਂ ਮਿਲੀਆਂ ਹੋਈਆਂ ਹਨ। ਜਿਨ੍ਹਾਂ ਨੂੰ ਕੇਂਦਰੀ ਸਰਕਾਰ ਖੋਹ ਜਾਂ ਘਟਾ ਨਹੀਂ ਸਕਦੀ। ਸੰਸਦ ਨੂੰ ਰਾਜ ਸੂਚੀ-ਵਾਲੇ ਮਾਮਲਿਆਂ ਸੰਬੰਧੀ ਵਿਧਾਨ ਬਣਾਉਣ ਦਾ ਅਧਿਕਾਰ ਸੰਵਿਧਾਨ ਵੱਲੋਂ ਹੀ ਦਿੱਤਾ ਗਿਆ ਹੈ ਅਤੇ ਕੇਂਦਰ ਰਾਜਾਂ ਵਿੱਚ ਕੋਈ ਅਜਿਹਾ ਦਖਲ ਨਹੀਂ ਦੇ ਸਕਦਾ ਜੋ ਸੰਵਿਧਾਨਕ ਕਾਨੂੰਨ ਦੀ ਅਵੱਗਿਆ ਕਰਦਾ ਹੋਵੇ। ਇਸ ਵਿਚਾਰ ਅਨੁਸਾਰ ਰਾਜਾਂ ਨੂੰ ਏਕਾਤਮਿਕ ਰਾਜ ਦੀਆਂ ਇਕਾਈਆਂ ਨਾਲੋਂ ਸੰਘ ਦੀਆਂ ਇਕਾਈਆਂ ਆਖਣਾ ਵਧੇਰੇ ਉੱਚਿਤ ਹੈ।

ਵਿੱਤੀ ਸੰਬੰਧ (Financial Relations)

ਭੂਮਿਕਾ (Introduction)

ਭਾਰਤ ਇਕ ਸੰਘਰਾਜ ਹੈ ਅਤੇ ਸੰਘਰਾਜ ਵਿੱਚ ਕੇਂਦਰ ਅਤੇ ਰਾਜਾਂ ਦੇ ਆਮਦਨੀ ਦੇ ਸਾਧਨਾਂ ਨੂੰ ਅਲੱਗ ਅਲੱਗ ਵੰਡ ਦਿੱਤਾ ਜਾਂਦਾ ਹੈ। ਭਾਰਤੀ ਸੰਵਿਧਾਨ ਤੇ 268 ਤੋਂ 291 ਤੱਕ ਅਨੁਛੇਦ ਆਮਦਨੀ ਦੇ

ਸ਼ਰੋਤਾਂ ਨੂੰ ਕੇਂਦਰ ਅਤੇ ਰਾਜਾਂ ਵਿੱਚ ਵੰਡਦੇ ਹਨ, ਪਰ ਇਹ ਵੰਡ ਇਸ ਤਰੀਕੇ ਨਾਲ ਕੀਤੀ ਗਈ ਹੈ ਕਿ ਰਾਜਾਂ ਨੂੰ ਆਪਣੇ ਗੁਜ਼ਾਰੇ ਲਈ ਕਾਫੀ ਹੱਦ ਤੱਕ ਕੇਂਦਰ ਤੇ ਨਿਰਭਰ ਕਰਨਾ ਪੈਂਦਾ ਹੈ। ਆਮਦਨੀ ਦੇ ਜੋ ਹੈਡ (Heads of Income) ਰਾਜਾਂ ਨੂੰ ਮਿਲੇ ਹੋਏ ਉਨ੍ਹਾਂ ਤੋਂ ਜਮ੍ਹਾਂ ਹੋਣ ਵਾਲੀ ਸਾਰੀ ਧਨ ਰਾਸ਼ੀ ਰਾਜਾਂ ਪਾਸ ਰਹਿੰਦੀ ਹੈ, ਅਤੇ ਕੇਂਦਰ ਨੂੰ ਮਿਲੇ ਹੋਏ ਆਮਦਨੀ ਸ੍ਰੋਤਾਂ ਦਾ ਵਰਨਣ ਵੱਖਰਾ ਕੀਤਾ ਗਿਆ ਹੈ, ਪਰ ਕਿਉਂਕਿ ਰਾਜਾਂ ਦੀ ਆਮਦਨੀ ਦੇ ਸਾਧਨ ਕਾਫੀ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਕੇਂਦਰ ਉੱਤੇ ਕਾਫੀ ਹੱਦ ਤੱਕ ਨਿਰਭਰ ਰਹਿਣਾ ਪੈਂਦਾ ਹੈ।

ਆਮਦਨੀ ਦੇ ਸ੍ਰੋਤਾਂ ਦੀ ਵੰਡ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿੱਚ ਦਰਜ ਸੂਚੀਆਂ ਵਿੱਚ ਕੀਤੀ ਗਈ ਹੈ ਜਿਹੜੀ ਭਾਰਤੀ ਸਰਕਾਰ ਦੇ 1935 ਦੇ ਐਕਟ ਨਾਲ ਮਿਲਦੀ ਜੁਲਦੀ ਹੈ। ਕੇਂਦਰੀ ਸਰਕਾਰ ਉਨ੍ਹਾਂ ਸਾਰੇ ਮਾਮਲਿਆਂ ਤੇ ਟੈਕਸ ਲਾਉਂਦੀ ਹੈ ਜਿਹੜੇ ਕੇਂਦਰੀ ਸੂਚੀ ਵਿੱਚ ਲਿਖੇ ਗਏ ਹਨ ਤੇ ਰਾਜ ਸਰਕਾਰਾਂ ਦੇ ਖੇਤਰ ਉਨ੍ਹਾਂ ਵਿਸ਼ਿਆਂ ਤੱਕ ਹੀ ਸੀਮਿਤ ਹੈ ਜਿਹੜੇ ਰਾਜ-ਸੂਚੀ ਵਿੱਚ ਦਰਜ ਹਨ। ਸਾਂਝੀ ਸੂਚੀ ਵਿੱਚ ਕੋਈ ਟੈਕਸ ਸ਼ਾਮਲ ਨਹੀਂ ਕੀਤੇ ਗਏ। ਇਹ ਗੱਲ ਧਿਆਨ ਯੋਗ ਹੈ ਕਿ ਜਦ ਕਿ ਰਾਜਾਂ ਵੱਲੋਂ ਆਪਣੇ ਅਧਿਕਾਰ-ਖੇਤਰ ਵਿੱਚ ਲਾਏ ਟੈਕਸਾਂ ਦੀ ਸਾਰੀ ਆਮਦਨੀ ਰਾਜਾਂ ਦੇ ਪਾਸ ਹੀ ਰਹਿੰਦੀ ਹੈ, ਕੇਂਦਰੀ ਸੂਚੀ ਦੇ ਕਈ ਟੈਕਸਾਂ ਦੀ ਆਮਦਨੀ ਪੂਰੇ ਰੂਪ ਵਿੱਚ ਜਾਂ ਕੁਝ ਹੱਦ ਤੱਕ ਰਾਜਾਂ ਨੂੰ ਜਾਂਦੀ ਹੈ।

ਸੰਘ ਸਰਕਾਰ ਦੀ ਆਮਦਨੀ ਦੇ ਮੁੱਖ ਸਾਧਨ ਹੇਠ ਲਿਖੇ ਹਨ :-

ਕੇਂਦਰ ਦੁਆਰਾ ਲਗਾਏ ਜਾਣ ਵਾਲੇ ਟੈਕਸ (Taxes imposed by the Centre)

ਖੇਤੀ ਦੀ ਆਮਦਨ ਤੋਂ ਇਲਾਵਾ ਬਾਕੀ ਆਮਦਨੀ ਤੇ ਮੁਨਾਫੇ ਉੱਤੇ ਕਸਟਮੱਜ਼ (Customs) ਰਾਜ ਸੂਚੀ ਵਿੱਚ ਦਿੱਤੀਆਂ ਵਸਤਾਂ ਜਿਵੇਂ - ਸ਼ਰਾਬ, ਅਫੀਮ, ਗਾਂਜਾ ਨੂੰ ਛੱਡ ਕੇ ਹੋਰ ਸਭ ਚੀਜ਼ਾਂ ਤੇ ਉਤਪਾਦਨ ਉਤੇ ਟੈਕਸ (Excise duties), ਕਾਰਪੋਰੇਸ਼ਨ ਟੈਕਸ ਗੈਰ-ਜ਼ਰਾਇਤੀ ਭੂਮੀ ਅਤੇ ਹੋਰ ਸੰਪਤੀ ਅਤੇ ਕਾਰੋਬਾਰ ਵਿੱਚ ਲੱਗੀ ਪੂੰਜੀ ਉੱਤੇ ਟੈਕਸ, ਐਸਟੇਟ ਡਿਊਟੀ (Estate duty), ਸਮਾਚਾਰ ਪੱਤਰਾਂ ਦੀ ਵਿਕਰੀ ਅਤੇ ਖਰੀਦ ਅਤੇ ਉਨ੍ਹਾਂ ਵਿੱਚ ਛਪੇ ਹੋਏ ਵਿਗਿਆਨਾਂ ਉੱਤੇ ਟੈਕਸ ਵਿਨਿਯਮ ਪੱਤਰਾਂ (Bill of Exchange), ਚੈਕਾਂ (Cheques), ਪ੍ਰਨੋਟ (Promissory Notes), ਕ੍ਰੈਡਿਟ ਪੱਤਰਾਂ (Letters of Credit), ਬੀਮਾ ਪਾਲਸੀਆਂ (Insuraces Policies) ਰਿਣ ਪੱਤਰਾਂ (Debentures) ਅਤੇ ਰਸੀਦਾਂ ਉੱਤੇ ਸਟੈਂਪ ਡਿਊਟੀ ਦੀ ਦਰ, ਰੇਲ ਦੇ ਕਿਰਾਏ ਅਤੇ ਵਸਤੂ-ਭਾਵੇ (Freights) ਉੱਤੇ ਟੈਕਸ। ਇਨ੍ਹਾਂ ਟੈਕਸਾਂ ਤੋਂ ਇਲਾਵਾ ਕੇਂਦਰੀ ਸਰਕਾਰ ਦੀ ਆਮਦਨੀ ਦੇ ਸਾਧਨਾਂ ਵਿੱਚ ਰੇਲ, ਡਾਕ, ਟੈਲੀਫੋਨ, ਹਵਾਈ ਜਹਾਜ਼ ਅਤੇ ਨਾਲ ਹੀ ਬਹੁਤ ਸਾਰੇ ਉਦਯੋਗ, ਕਾਰਖਾਨੇ, ਬੈਂਕ, ਬੀਮਾ ਆਦਿ ਧੰਦੇ ਵੀ ਹਨ। ਇਨ੍ਹਾਂ ਤੋਂ ਇਲਾਵਾ ਪਾਰਲੀਮੈਂਟ ਨੂੰ ਬਾਕੀ ਬਚੇ ਵਿਸ਼ਿਆਂ (Residuary Powers) ਨੂੰ ਚਾਲੂ ਕਰਨ ਲਈ ਵੀ ਟੈਕਸ ਲਾਉਣ ਦਾ ਅਧਿਕਾਰ ਹੈ ਕੇਂਦਰ ਨੂੰ ਰਾਜ-ਸੂਚੀ ਦੇ ਕਿਸੇ ਵੀ ਵਿਸ਼ੇ ਤੇ ਟੈਕਸ ਲਾਉਣ ਦਾ ਅਧਿਕਾਰ ਦੇਂਦਾ ਹੈ।

ਰਾਜਾਂ ਦੁਆਰਾ ਲਗਾਏ ਜਾਣ ਵਾਲੇ ਟੈਕਸ (Taxes imposed by the States)

ਰਾਜਾਂ ਦੀ ਆਮਦਨੀ ਦੇ ਸਾਧਨ ਮਾਲਗੁਜਾਰੀ, ਖੇਤੀ ਦੀ ਆਮਦਨੀ ਉਤੇ ਟੈਕਸ, ਖੇਤੀ ਦੀ ਜ਼ਮੀਨ ਉੱਤੇ ਵਿਰਾਸਤ ਸੰਬੰਧੀ ਟੈਕਸ, ਇਮਾਰਤਾਂ ਉਤੇ ਟੈਕਸ, ਸ਼ਰਾਬ, ਅਫੀਮ, ਗਾਂਜਾ ਤੇ ਹੋਰ ਨਸ਼ੀਲੀਆਂ ਚੀਜ਼ਾਂ ਉੱਤੇ ਟੈਕਸ, ਖਨਿਜ ਪਦਾਰਥ ਉੱਤੇ ਟੈਕਸ, ਬਿਜਲੀ ਦੇ ਪ੍ਰਯੋਗ ਅਤੇ ਵਿਕਰੀ ਟੈਕਸ, ਵਪਾਰਾਂ ਅਤੇ ਧੰਦਿਆਂ ਉੱਤੇ ਟੈਕਸ, ਸੜਕਾਂ ਅਤੇ ਰਾਜਾਂ ਦੇ ਅੰਦਰੂਨੀ ਜਲ ਮਾਰਗਾਂ ਰਾਹੀਂ ਯਾਤਰਾ ਕਰਨ ਵਾਲੇ ਮੁਸਾਫਿਰਾਂ ਅਤੇ ਢੋਏ ਜਾਣ ਵਾਲੇ ਮਾਲ ਤੇ ਟੈਕਸ, ਵਿਲਾਸ ਦੀਆਂ ਵਸਤੂਆਂ (Luxuries) ਉੱਤੇ ਟੈਕਸ ਆਦਿ। ਇਸ ਤੋਂ ਇਲਾਵਾ ਰਾਜ ਦੀ ਆਮਦਨੀ ਦੇ ਸਾਧਨ ਉਹ ਕਾਰੋਬਾਰ ਅਤੇ ਕਾਰਖਾਨੇ ਵੀ ਹਨ ਜਿਹੜੇ ਇਨ੍ਹਾਂ ਦੁਆਰਾ ਚਲਾਏ ਜਾਂਦੇ ਹਨ। ਕਈ ਰਾਜਾਂ ਵਿੱਚ ਮੋਟਰ ਬੱਸ ਸਰਵਿਸ ਪੂਰੇ ਤੌਰ ਤੇ ਜਾਂ ਕਾਫੀ ਹੱਦ ਤੱਕ ਸਰਕਾਰ ਦੁਆਰਾ ਚਲਾਈ ਜਾਂਦੀ ਹੈ ਤੇ ਇਨ੍ਹਾਂ ਦੀ ਆਮਦਨੀ ਰਾਜ ਦੇ ਖਜ਼ਾਨੇ ਭਰਦੀ ਹੈ।

ਸੰਘ ਤੇ ਰਾਜਾਂ ਵਿੱਚ ਟੈਕਸਾਂ ਦੀ ਵੰਡ (Distribution of Taxes between the Centre and the States)

ਪਰ ਟੈਕਸਾਂ ਦੁਆਰਾ ਜਾਂ ਕਈ ਪ੍ਰਕਾਰ ਦੇ ਧੰਦਿਆਂ ਰਾਹੀਂ ਰਾਜਾਂ ਨੂੰ ਜੋ ਆਮਦਨ ਪ੍ਰਾਪਤ ਹੁੰਦੀ ਹੈ, ਉਹ ਉਨ੍ਹਾਂ ਦੇ ਖਰਚ ਲਈ ਕਾਫੀ ਨਹੀਂ ਹੈ ਕਿਉਂਕਿ ਸਿੱਖਿਆ, ਡਾਕਟਰੀ, ਲੋਕ-ਸਾਹਿਤ, ਮਜ਼ਦੂਰਾਂ ਦਾ ਕਲਿਆਣ, ਖੇਤੀਬਾੜੀ ਸਮਾਜਿਕ ਭਲਾਈ ਆਦਿ ਵਿਸ਼ੇ ਰਾਜਾਂ ਕੋਲ ਹਨ ਅਤੇ ਇਨ੍ਹਾਂ ਕੰਮਾਂ ਉੱਤੇ ਬੜਾ ਖ਼ਰਚ ਆਉਂਦਾ ਹੈ। ਸੋ ਇਸ ਵਾਸਤੇ ਕਿ ਰਾਜ ਸਰਕਾਰਾਂ ਨੂੰ ਆਪਣਾ ਖ਼ਰਚ ਚਲਾਉਣ ਵਾਸਤੇ ਕੋਈ ਮੁਸ਼ਕਿਲ ਪੇਸ਼ ਨਾ ਆਵੇ ਇਹ ਵਿਵਸਥਾ ਕੀਤੀ ਗਈ ਹੈ ਕਿ ਕੇਂਦਰੀ ਸਰਕਾਰ ਆਪਣੀ ਆਮਦਨੀ ਦਾ ਕੁੱਝ ਹਿੱਸਾ ਰਾਜ ਸਰਕਾਰਾਂ ਨੂੰ ਦੇਂਦੀ ਹੈ। ਇਸ ਸੰਬੰਧ ਵਿੱਚ ਹੇਠ ਲਿਖੀ ਵਿਵਸਥਾ ਕੀਤੀ ਗਈ ਹੈ।

1. ਕੁਝ ਐਸੇ ਟੈਕਸ ਹਨ ਜੋ ਕਿ ਕੇਂਦਰੀ ਸਰਕਾਰ ਦੇ ਅਧਿਕਾਰ-ਖੇਤਰ ਅੰਦਰ ਹਨ, ਉਹ ਕੇਂਦਰ ਸਰਕਾਰ ਦੁਆਰਾ ਲਾਏ ਜਾਂਦੇ ਹਨ, ਪਰ ਉਨ੍ਹਾਂ ਦੀ ਵਸੂਲੀ ਰਾਜ ਸਰਕਾਰਾਂ ਦੁਆਰਾ ਕੀਤੀ ਜਾਂਦੀ ਹੈ, ਤੇ ਉਹੀ ਇਨ੍ਹਾਂ ਨੂੰ ਖਰਚ ਕਰਦੀਆਂ ਹਨ। ਇਹ ਟੈਕਸ ਹਨ ਦਵਾਈਆਂ ਅਤੇ ਸ਼ਿੰਗਾਰ ਦੀਆਂ ਵਸਤੂਆਂ ਉੱਤੇ ਲਾਏ ਗਏ ਉਤਪਾਦਨ ਕਰ, ਚੈਕ ਹੁੰਡੀ, ਪ੍ਰਮਿਸਰੀ ਨੋਟ, ਬਿਲ ਆਫ ਲੈਂਡਿੰਗ, ਲੈਟਰਜ਼ ਆਫ ਕਰੈਡਿਟ, ਬੀਮਾ ਪਾਲਿਸੀ, ਪ੍ਰਾਕਸੀ (Proxy) ਅਤੇ ਰਸੀਦਾਂ ਉੱਤੇ ਲਾਏ ਜਾਣ ਵਾਲੇ ਸਟੈਂਪ।
2. ਕੁਝ ਇਹੋ ਜਿਹੇ ਟੈਕਸ ਹਨ ਜੋ ਕੇਂਦਰੀ ਸਰਕਾਰ ਦੇ ਖੇਤਰ ਵਿੱਚ ਹਨ ਅਤੇ ਜਿਨ੍ਹਾਂ ਨੂੰ ਕੇਂਦਰ ਸਰਕਾਰ ਹੀ ਲਗਾਉਂਦੀ ਤੇ ਵਸੂਲ ਕਰਦੀ ਹੈ, ਪਰ ਕੇਂਦਰੀ ਪਾਰਲੀਮੈਂਟ ਦੁਆਰਾ ਨਿਯਤ ਕੀਤੇ ਗਏ ਨਿਯਮਾਂ ਅਨੁਸਾਰ ਰਾਜਾਂ ਨੂੰ ਦੇ ਦਿੱਤੇ ਜਾਂਦੇ ਹਨ। ਇਹ ਟੈਕਸ ਹੇਠ ਲਿਖੇ ਹਨ :- (ੳ) ਖੇਤੀ ਸੰਬੰਧੀ ਜਾਇਦਾਦ ਦੇ ਇਲਾਵਾ ਹੋਰ ਜਾਇਦਾਦ ਦੀ ਵਿਰਾਸਤ ਸੰਬੰਧੀ ਟੈਕਸ (ਅ) ਖੇਤੀ ਸੰਬੰਧੀ ਜ਼ਾਇਦਾਦ ਤੋਂ ਇਲਾਵਾ ਹੋਰ ਜ਼ਾਇਦਾਦ ਉੱਤੇ ਐਸਟੇਟ ਡਿਊਟੀ, (ੲ) ਰੇਲਵੇ ਸਮੁੰਦਰੀ ਤੇ ਹਵਾਈ ਜਹਾਜ਼ ਰਾਹੀਂ ਸਫ਼ਰ ਕਰਨ ਵਾਲਿਆਂ ਮੁਸਾਫਿਰਾਂ ਉੱਤੇ ਉਨ੍ਹਾਂ ਰਾਹੀਂ ਲਿਆਏ ਜਾਣ ਵਾਲੇ ਮਾਲ ਉੱਤੇ ਟਰਮੀਨਲ ਟੈਕਸ, (ਸ) ਰੇਲਵੇ ਦੇ ਕਿਰਾਏ ਭਾੜਿਆਂ ਉੱਤੇ ਟੈਕਸ, (ਹ) ਸਟਾਕ ਐਕਸਚੈਂਜ ਅਤੇ ਵਾਇਦੇ ਦੇ ਸੌਂਕੇ ਉੱਤੇ ਲਾਏ ਜਾਣ ਵਾਲੇ ਸਟੈਂਪ ਤੋਂ ਇਲਾਵਾ ਹੋਰ ਸਟੈਂਪ ਟੈਕਸ ਆਦਿ।
3. ਕੁਝ ਇਹੋ ਜਿਹੇ ਟੈਕਸ ਹਨ ਜੋ ਕੇਂਦਰੀ ਸਰਕਾਰ ਹੀ ਲਾਉਂਦੀ ਅਤੇ ਵਸੂਲ ਕਰਦੀ ਹੈ, ਪਰ ਇਹ ਟੈਕਸ ਕੇਂਦਰੀ ਸਰਕਾਰ ਅਤੇ ਰਾਜਾਂ ਵਿੱਚ ਵੰਡੇ ਜਾਂਦੇ ਹਨ। ਆਮਦਨੀ ਟੈਕਸ (Income Tax) ਇਹੋ ਜਿਹਾ ਟੈਕਸ ਹੈ। ਪਟਸਨ ਦੇ ਨਿਰਯਾਤ (Export) ਉੱਤੇ ਜੋ ਟੈਕਸ ਵਸੂਲ ਹੁੰਦਾ ਹੈ, ਇਹ ਉਨ੍ਹਾਂ ਰਾਜਾਂ ਵਿੱਚ ਵੰਡਿਆ ਜਾਂਦਾ ਹੈ, ਜਿੱਥੇ ਕਿ ਪਟਸਨ ਦੀ ਨਿਰਯਾਤ ਡਿਊਟੀ (Export duty) ਦਾ ਕੁੱਝ ਹਿੱਸਾ, ਬਿਹਾਰ, ਪੱਛਮੀ ਬੰਗਾਲ, ਆਸਾਮ ਅਤੇ ਉੜੀਸਾ ਵਰਗੇ ਰਾਜਾਂ ਨੂੰ ਦਿੱਤਾ ਜਾਵੇਗਾ।

ਸਹਾਇਤਾ ਗਰਾਂਟਾਂ (Grants-in-Aid)

ਉੱਪਰ ਦਿੱਤੇ ਹੋਏ ਆਮਦਨੀ ਦੇ ਸਾਧਨ ਸਭ ਰਾਜਾਂ ਲਈ ਇਕੋ ਜਿਹੇ ਹਨ। ਵਿੱਤ ਕਮਿਸ਼ਨ ਦੇ ਅਸੂਲ ਸਭ ਰਾਜਾਂ ਲਈ ਇਕੋ ਤਰ੍ਹਾਂ ਲਾਗੂ ਹੁੰਦੇ ਹਨ। ਪਰ ਸਭ ਰਾਜਾਂ ਦੀਆਂ ਜ਼ਰੂਰਤਾਂ ਇਕੋ ਜਿਹੀਆਂ ਨਹੀਂ ਹੁੰਦੀਆਂ ਕੁਝ ਰਾਜਾਂ ਦੀਆਂ ਜ਼ਰੂਰਤਾਂ ਦੂਜੇ ਨਾਲੋਂ ਜ਼ਿਆਦਾ ਜ਼ਰੂਰੀ ਹੁੰਦੀਆਂ ਹਨ। ਇਨ੍ਹਾਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਆਮਦਨੀ ਦੇ ਇਨ੍ਹਾਂ ਸਾਧਨਾਂ ਤੋਂ ਇਲਾਵਾ ਰਾਜਾਂ ਨੂੰ ਕੇਂਦਰ ਵੱਲੋਂ ਕੁਝ ਮਾਲੀ ਅਨੁਦਾਨ ਵੀ ਦਿੱਤੇ ਜਾਂਦੇ ਹਨ।

ਸੰਵਿਧਾਨ ਦੇ 27ਵੇਂ ਅਨੁਛੇਦ ਅਨੁਸਾਰ ਪਾਰਲੀਮੈਂਟ ਨੂੰ ਇਹ ਹੱਕ ਹੈ ਕਿ ਉਹ ਕੇਂਦਰੀ ਸਰਕਾਰ ਦੁਆਰਾ ਵਸੂਲ ਕੀਤੇ ਗਏ ਟੈਕਸਾਂ ਅਤੇ ਆਮਦਨੀ ਵਿੱਚੋਂ ਰਾਜਾਂ ਨੂੰ ਮਾਲੀ ਅਨੁਦਾਨ (Grants) ਦੇਵੇ। ਪਰ

ਦੋ ਸ਼ਰਤਾਂ ਇਹੋ ਜਿਹੀਆਂ ਹਨ ਜਿਨ੍ਹਾਂ ਵਿੱਚ ਸੰਵਿਧਾਨ ਦੇ ਅਨੁਸਾਰ ਜ਼ਰੂਰੀ ਤੌਰ ਤੇ ਕੇਂਦਰ ਰਾਜਾਂ ਨੂੰ ਮਾਲੀ ਸਹਾਇਤਾ ਦੇਵੇਗਾ, ਇਹ ਦੋ ਵਿਸ਼ੇ ਹੇਠ ਲਿਖੇ ਹਨ :

ਅਗਰ ਕੋਈ ਰਾਜ ਅਨੁਸੂਚਿਤ ਜਾਤੀਆਂ (Scheduled Tribes) ਦੇ ਕਲਿਆਣ ਲਈ ਜਾਂ ਆਪਣੇ ਰਾਜ ਖੇਤਰ ਵਿੱਚ ਕਿਸੇ ਅਨੁਸੂਚਿਤ ਕਬਾਇਲੀ ਖੇਤਰ (Tribal Area) ਦੇ ਪ੍ਰਸ਼ਾਸਨ ਨੂੰ ਉੱਚਾ ਉਠਾਉਣ ਲਈ ਕੋਈ ਅਜਿਹੀ ਯੋਜਨਾ ਬਣਾਏ, ਜਿਸਦੇ ਲਈ ਕੇਂਦਰੀ ਸਰਕਾਰ ਦੀ ਮਨਜ਼ੂਰੀ ਮਿਲ ਗਈ ਹੋਵੇ ਤਾਂ ਸੰਘ ਸਰਕਾਰ ਨੂੰ ਉਸ ਦੇ ਲਈ ਮਾਲੀ ਸਹਾਇਤਾ ਦੇਣੀ ਹੀ ਹੋਵੇਗੀ। ਆਸਾਮ ਸਰਕਾਰ ਨੂੰ ਕਬਾਇਲੀ ਇਲਾਕਿਆ ਦੇ ਵਿਕਾਸ ਲਈ ਕੇਂਦਰੀ ਸਰਕਾਰ ਵੱਲੋਂ ਮਾਲੀ ਸਹਾਇਤਾ ਮਿਲਦੀ ਹੈ।

ਇਸ ਤੋਂ ਇਲਾਵਾ, ਕੇਂਦਰ ਦੇ ਰਾਜਾਂ ਦੀਆਂ ਸਰਕਾਰਾਂ ਆਪਣੀ ਸੰਚਿਤ ਨਿਧੀ ਦੀ ਜ਼ਮਾਨਤ ਉੱਤੇ ਉਸੇ ਹੱਦ ਤੱਕ ਕਰਜ਼ਾ ਲੈ ਸਕਦੀਆਂ ਹਨ ਜਿਸ ਦੀ ਇਜਾਜ਼ਤ ਉਨ੍ਹਾਂ ਦੇ ਵਿਧਾਨ ਮੰਡਲ ਨੇ ਦਿੱਤੀ ਹੋਈ ਹੈ। ਕੇਂਦਰੀ ਸਰਕਾਰ ਵਿਦੇਸ਼ਾਂ ਤੋਂ ਵੀ ਕਰਜ਼ਾ ਲੈ ਸਕਦੀ ਹੈ, ਪਰ ਰਾਜਾਂ ਦੀਆਂ ਸਰਕਾਰਾਂ ਨਹੀਂ।

ਕੇਂਦਰ ਦਾ ਰਾਜਾਂ ਉੱਤੇ ਕੰਟਰੋਲ (Central Control over the States)

ਪਰ ਏਨਾ ਕੁੱਝ ਹੋਣ ਦੇ ਬਾਵਜੂਦ ਵੀ ਰਾਜਾਂ ਦੀ ਆਮਦਨੀ ਤੇ ਸਾਧਨ ਕਾਫ਼ੀ ਨਹੀਂ ਹਨ। ਕੌਮ ਵੀ ਉਸਾਰੂ ਧੰਦਿਆਂ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਿਰ ਤੇ ਹੈ, ਪਰ ਉਨ੍ਹਾਂ ਨੂੰ ਪੈਸੇ ਦੀ ਥੁੜ ਰਹਿੰਦੀ ਹੈ, ਇਸ ਲਈ ਉਨ੍ਹਾਂ ਨੂੰ ਕੋਈ ਵੀ ਯੋਜਨਾ ਸ਼ੁਰੂ ਕਰਨ ਵਾਸਤੇ ਕੇਂਦਰੀ ਸਰਕਾਰ ਵੱਲ ਤੱਕਣਾ ਪੈਂਦਾ ਹੈ। ਕੇ. ਸਨਥਾਨਮ (K. Santhanam) ਨੇ ਕਿਹਾ ਹੈ ਕਿ ਰਾਜ ਕੇਂਦਰ ਦੇ ਬੂਹੇ ਤੇ ਭਿਖਾਰੀ ਦੀ ਤਰ੍ਹਾਂ ਮੰਗਦੇ ਰਹਿੰਦੇ ਹਨ। ਲੋਕ-ਹਿੱਤ ਦੇ ਲੋਕ-ਕਲਿਆਣ ਦੇ ਕੰਮਾਂ ਲਈ ਰਾਜਾਂ ਦੀ ਆਮਦਨੀ ਵਧੀਕ ਹੋਣੀ ਚਾਹੀਦੀ ਹੈ ਤਾਂ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਬਾਹ ਸਕਣ। ਪੰਜ ਸਾਲਾ ਯੋਜਨਾਵਾਂ ਦੇ ਸ਼ੁਰੂ ਹੋਣ ਕਰਕੇ ਯੋਜਨਾ (Planning Commission) ਦਾ ਮਹੱਤਵ ਬੜਾ ਵੱਧ ਗਿਆ ਹੈ। ਵਿੱਤੀ ਮਾਮਲਿਆਂ ਵਿੱਚ ਰਾਜ ਸਰਕਾਰਾਂ ਨੂੰ ਬਲਕਿ ਕੇਂਦਰੀ ਮੰਤਰੀਆਂ ਨੂੰ ਵੀ ਕਮਿਸ਼ਨ ਦੇ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ। ਇਸ ਦੀ ਸਥਾਪਨਾ ਵਜੋਂ ਵਿੱਤੀ ਮਾਮਲਿਆਂ ਵਿੱਚ ਕੇਂਦਰ ਦਾ ਕੰਟਰੋਲ ਰਾਜਾਂ ਤੇ ਬਹੁਤ ਜ਼ਿਆਦਾ ਹੋ ਗਿਆ ਹੈ। ਸਿੱਖਿਆ, ਡਾਕਟਰੀ, ਖੇਤੀਬਾੜੀ, ਸਹਿਕਾਰਤਾ ਅਤੇ ਸਮਾਜ ਕਲਿਆਣ ਚਾਹੇ ਰਾਜਾਂ ਦੇ ਵਿਸ਼ੇ ਹਨ ਪਰ ਇਹ ਸਾਰੇ ਕੇਂਦਰੀ ਯੋਜਨਾ (Central Planning) ਅਧੀਨ ਆ ਗਏ ਹਨ ਅਤੇ ਇਸ ਕਰਕੇ ਰਾਜਾਂ ਦੀ ਸਾਰੀ ਆਜ਼ਾਦੀ ਖ਼ਤਮ ਹੋ ਗਈ ਹੈ। ਭਾਵੇਂ ਸੰਵਿਧਾਨ ਵੱਲੋਂ ਹਰ ਪੰਜ ਸਾਲ ਮਗਰੋਂ ਵਿੱਤ ਕਮਿਸ਼ਨ ਨਿਯੁਕਤ ਕਰਨ ਦੀ ਵਿਵਸਥਾ ਹੈ ਅਤੇ ਇਸ ਕਮਿਸ਼ਨ ਦਾ ਕੰਮ ਕੇਂਦਰ ਤੇ ਰਾਜਾਂ ਦੇ ਵਿੱਤੀ ਸੰਬੰਧਾਂ ਨੂੰ ਨਿਯਮਿਤ ਕਰਨਾ ਅਤੇ ਇਹ ਨਿਸ਼ਚਿਤ ਕਰਨਾ ਹੈ ਕਿ ਰਾਜਾਂ ਨੂੰ ਕਿੰਨੀ ਮਾਲੀ ਸਹਾਇਤਾ ਦੀ ਜ਼ਰੂਰਤ ਹੈ ਪਰ ਯੋਜਨਾ ਕਮਿਸ਼ਨ ਨੇ ਅਸਲ ਵਿੱਚ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪਰ੍ਹੇ ਸੁੱਟ ਕੇ ਨਿਰੰਕੁਸ਼ ਤਰੀਕੇ ਨਾਲ ਰਾਜਾਂ ਲਈ ਮਾਲੀ ਗਰਾਂਟਾਂ ਦੀਆਂ ਸਿਫਾਰਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਕਰਕੇ ਅਸੀਂ ਵੇਖਦੇ ਹਾਂ ਕਿ ਕੇਂਦਰ ਤੇ ਰਾਜ ਸਰਕਾਰਾਂ ਦੇ ਅਫਸਰਾਂ ਦੇ ਅਨੇਕ ਸੰਮੇਲਨ ਆਏ ਦਿਨ ਹੁੰਦੇ ਰਹਿੰਦੇ ਹਨ, ਤੇ ਕੇਂਦਰ ਰਾਜਾਂ ਨੂੰ ਛੋਟੀਆਂ-ਛੋਟੀਆਂ ਗੱਲਾਂ ਵਿੱਚ ਸਹਾਇਤਾ ਦੇਂਦਾ ਰਹਿੰਦਾ ਹੈ।

ਪਰ ਅਸ਼ੋਕ ਚੰਦਾ (Ashok Chanda) ਦਾ ਵਿਚਾਰ ਹੈ ਕਿ ਰਾਜ ਕੇਂਦਰ ਦਾ ਨਾਜਾਇਜ਼ ਫਾਇਦਾ ਉਠਾ ਰਹੇ ਹਨ। ਰਾਜਾਂ ਨੂੰ ਕੇਂਦਰ ਉੱਤੇ ਨਿਰਭਰ ਰਹਿਣ ਦੀ ਆਦਤ ਪੈ ਗਈ ਹੈ। ਹਰ ਪ੍ਰਾਜੈਕਟ ਲਈ ਉਹ ਕੇਂਦਰ ਦੀ ਮਦਦ ਮੰਗਦੇ ਹਨ। ਰਾਜ ਕੋਈ ਖ਼ਾਸ ਟੈਕਸ ਨਹੀਂ ਲਾਉਂਦੇ ਤੇ ਨਾ ਹੀ ਖ਼ਰਚ ਉੱਤੇ ਕੰਟਰੋਲ ਕਰਦੇ ਹਨ। ਇਸ ਲਈ ਅਸ਼ੋਕ ਚੰਦਾ ਦਾ ਵਿਚਾਰ ਹੈ ਕਿ ਜਿੰਨਾ ਚਿਰ ਕੇਂਦਰ ਤੇ ਰਾਜਾਂ ਦੇ ਵਿੱਤੀ ਸਾਧਨ ਇਕ ਦੂਜੇ ਉੱਤੇ ਨਿਰਭਰ ਰਹਿਣਗੇ ਤਦੋਂ ਤੱਕ ਰਾਜਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਠੀਕ ਤਰ੍ਹਾਂ ਪੂਰੀਆਂ ਕਰਨ ਦਾ ਅਹਿਸਾਸ ਨਹੀਂ ਹੋਵੇਗਾ। ਉਸ ਦੇ ਵਿਚਾਰ ਅਨੁਸਾਰ ਪਲੈਨਿੰਗ ਕਮਿਸ਼ਨ ਨੂੰ ਰਾਜਾਂ ਲਈ ਪਲੈਨਾਂ ਨਹੀਂ ਬਣਾਈਆਂ ਚਾਹੀਦੀਆਂ। ਰਾਜਾਂ ਨੂੰ ਆਪਣੀ ਜ਼ਰੂਰਤ ਮੁਤਾਬਿਕ ਸਮਾਜਿਕ ਅਤੇ ਆਰਥਿਕ

ਪ੍ਰੋਗਰਾਮ ਆਪ ਬਣਾਉਣੇ ਚਾਹੀਦੇ ਹਨ। ਇਸ ਤਰ੍ਹਾਂ ਨਾਲ ਰਾਜ ਸਭਾ ਵਕਤੇ ਕੇਂਦਰ ਤੇ ਆਰੋਪ ਨਹੀਂ ਲਾਉਂਦੇ ਰਹਿਣਗੇ। ਚੋਣ ਸਮੇਂ ਲੋਕਾਂ ਨਾਲ ਵੱਧ ਚੜ੍ਹ ਕੇ ਵਾਇਦੇ ਨਹੀਂ ਕਰਨਗੇ। ਸੋ ਜੇਕਰ ਰਾਜਾਂ ਨੇ ਵਿੱਤੀ ਮਾਮਲੇ ਵਿੱਚ ਕੋਈ ਤਰੱਕੀ ਕਰਨੀ ਹੈ, ਤਾਂ ਉਨ੍ਹਾਂ ਨੂੰ ਆਪਣੀ ਆਮਦਨੀ ਦੇ ਸਾਧਨ ਵਧਾਉਣੇ ਪੈਣਗੇ ਅਤੇ ਆਪਣੇ ਖ਼ਰਚ ਵਿੱਚ ਬੱਚਤ ਕਰਨੀ ਪਵੇਗੀ। ਕੇਂਦਰ ਵੱਲੋਂ ਵੀ ਜ਼ਿਆਦਾ ਤੋਂ ਜ਼ਿਆਦਾ ਉਤਪਾਦਨ ਕਰਨ ਦਾ ਹਿੱਸਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਸੰਵਿਧਾਨ ਵੱਲੋਂ ਵਿੱਤ ਕਮਿਸ਼ਨ ਦੀ ਵਿਵਸਥਾ ਕੀਤੀ ਗਈ ਹੈ ਜਿਹੜਾ ਸਮੇਂ ਸਮੇਂ ਤੇ ਕੇਂਦਰ ਤੇ ਰਾਜਾਂ ਦੇ ਵਿੱਤੀ ਸੰਬੰਧਾਂ ਦਾ ਅਧਿਐਨ ਕਰਦਾ ਹੈ ਤੇ ਲੋੜੀਂਦੀਆਂ ਤਬਦੀਲੀਆਂ ਦੀ ਸਿਫਾਰਸ਼ ਕਰਦਾ ਹੈ।

ਵਿੱਤ ਕਮਿਸ਼ਨ (Finance Commission)

ਭਾਰਤ ਦੇ ਵਿਸ਼ੇਸ਼ ਸੰਘੀ ਢਾਂਚੇ ਨੂੰ ਮੁੱਖ ਰੱਖਦੀਆਂ ਹੋਇਆਂ ਇਸ ਵਿੱਚ ਇਸ ਕਮਿਸ਼ਨ ਦਾ ਉਪਬੰਧ ਕੀਤਾ ਗਿਆ ਹੈ। ਭਾਰਤ ਦੇ ਸੰਵਿਧਾਨ ਦੇ 280 ਅਨੁਛੇਦ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਸ਼ਟਰਪਤੀ ਸੰਵਿਧਾਨ ਦੇ ਲਾਗੂ ਹੋਣ ਦੇ ਦੋ ਸਾਲ ਦੇ ਅੰਦਰ ਅਤੇ ਫਿਰ ਪੰਜ ਸਾਲ ਪਿਛੋਂ ਜਾਂ ਉਸ ਤੋਂ ਪਹਿਲੇ ਇਕ ਵਿੱਤ ਕਮਿਸ਼ਨ ਦੀ ਨਿਯੁਕਤੀ ਕਰੇ। ਵਿੱਤ ਕਮਿਸ਼ਨ ਸੰਘੀ ਖੇਤਰ ਵਿੱਚ ਭਾਰਤ ਦੀ ਇਕ ਨਵੀਂ ਦੇਣ ਹੈ, ਕਿਉਂਕਿ ਇਹੋ ਜਿਹਾ ਕਮਿਸ਼ਨ ਹੋਰ ਕਿਸੇ ਸੰਘ ਸਰਕਾਰ ਵਿੱਚ ਨਹੀਂ ਮਿਲਦਾ। 1933 ਵਿੱਚ ਆਸਟਰੇਲੀਆਂ ਵਿੱਚ ਇਕ ਆਸਟਰੇਲੀਅਨ ਕਾਮਨਵੈਲਥ ਗਰਾਂਟਸ ਕਮਿਸ਼ਨ (Australian Commonwealth Grants Commission) ਬਣਾਇਆ ਗਿਆ ਸੀ ਪਰ ਇਸ ਦੀ ਕੋਈ ਸੰਵਿਧਾਨਿਕ ਬੁਨਿਆਦ ਨਹੀਂ ਸੀ, ਇਹ ਕਾਰਜਕਾਰੀ ਦੇ ਆਦੇਸ਼ ਥੱਲੇ ਬਣਾਇਆ ਗਿਆ ਸੀ। 1940 ਵਿੱਚ ਕਨੇਡੀਅਨ ਰਾਇਲ ਕਮਿਸ਼ਨ ਨੇ (Canadian Royal Commission) ਕਨੇਡਾ ਵਾਸਤੇ ਇਕ ਕਮਿਸ਼ਨ ਦੀ ਸਿਫਾਰਸ਼ ਕੀਤੀ ਪਰ ਇਸਨੂੰ ਲਾਗੂ ਨਾ ਕੀਤਾ ਗਿਆ।

ਚਾਹੇ ਸੰਵਿਧਾਨ ਵਿੱਚ ਸੰਘ ਅਤੇ ਰਾਜਾਂ ਦੀ ਆਮਦਨੀ ਦੇ ਸਾਧਨ ਵੱਖੋ-ਵੱਖ ਹਨ ਸੰਵਿਧਾਨ ਨਿਰਮਾਤਾਵਾਂ ਨੇ ਇਹ ਸੋਚਿਆ ਕਿ ਕੋਈ ਵੀ ਵੰਡ ਚਾਹੇ ਜਿੰਨੀ ਮਰਜ਼ੀ ਦੂਰਦਰਸ਼ੀ ਨਾਲ ਕੀਤੀ ਜਾਵੇ ਆਉਣ ਵਾਲੇ ਸਮੇਂ ਲਈ ਸੰਤੋਖ ਜਨਕ ਨਹੀਂ ਹੋ ਸਕਦੀ। ਇਸ ਲਈ ਸੰਵਿਧਾਨ ਵਿੱਚ ਵਿੱਤ ਆਯੋਗ ਦੀ ਵਿਵਸਥਾ ਕੀਤੀ ਗਈ ਹੈ ਜਿਹੜਾ ਕਿ ਸੰਘ ਅਤੇ ਰਾਜਾਂ ਦੇ ਵਿੱਤੀ ਸੰਬੰਧਾਂ ਨੂੰ ਨਿਯਮਿਤ ਕਰਦਾ ਹੈ ਅਤੇ ਉਨ੍ਹਾਂ ਦਾ ਆਪਸ ਵਿਚ ਸੰਤੁਲਨ ਰੱਖਦਾ ਹੈ। B.N. Rao ਲਿਖਦਾ ਹੈ ਕਿ ਵਿੱਤ ਕਮਿਸ਼ਨ ਦਾ ਕੰਮ ਸੰਘ ਅਤੇ ਰਾਜਾਂ ਦੇ ਵਿੱਤੀ ਸੰਬੰਧਾਂ ਬਾਰੇ ਨਿਆਂ ਕਰਨਾ ਹੈ।

ਕਮਿਸ਼ਨ ਦੀ ਬਣਤਰ (Its Composition)

ਵਿੱਤ ਕਮਿਸ਼ਨ ਦਾ ਇਕ ਚੈਅਰਮੈਨ ਅਤੇ ਚਾਰ ਹੋਰ ਮੈਂਬਰ ਹੁੰਦੇ ਹਨ। ਚੇਅਰਮੈਨ ਲਈ ਇਹ ਜ਼ਰੂਰੀ ਹੈ ਕਿ ਉਹਨਾਂ ਨੂੰ ਲੋਕ ਕਾਰਵਿਹਾਰ (Public Affairs) ਦਾ ਤਜ਼ਰਬਾ ਹੋਵੇ। ਬਾਕੀ ਮੈਂਬਰਾਂ ਵਿੱਚੋਂ ਹਰ ਇਕ ਲਈ ਜ਼ਰੂਰੀ ਹੈ ਕਿ ਉਹ ਹਾਈ ਕੋਰਟ ਦੇ ਜੱਜ ਬਣਨ ਦੇ ਲਾਇਕ ਹੋਣ। ਦੂਜੇ, ਉਸ ਨੂੰ ਵਿੱਤੀ ਮਾਮਲਿਆਂ ਦਾ ਗਿਆਨ ਹੋਵੇ ਅਤੇ ਤੀਜਾ, ਹਿਸਾਬ ਵਿੱਚ ਨਿੰਪੁਨ ਹੋਵੇ ਤੇ ਉਸ ਨੂੰ ਅਰਥ ਸ਼ਾਸਤਰ ਦਾ ਖਾਸ ਗਿਆਨ ਹੋਵੇ। ਕਮਿਸ਼ਨ ਨੂੰ 1908 ਦੇ ਸਿਵਲ ਪ੍ਰੋਸੀਜ਼ਰ ਕੋਡ (Civil Procedure Code of 1908) ਅਧੀਨ ਸਿਵਲ ਕੋਰਟ ਦੀਆਂ ਸਾਰੀਆਂ ਸ਼ਕਤੀਆਂ ਪ੍ਰਾਪਤ ਹਨ। ਇਹ ਨੂੰ ਗਵਾਹ ਬੁਲਾਉਣ ਦਾ ਹੱਕ ਹੈ। ਇਹ ਕਿਸੇ ਵੀ ਦਫ਼ਤਰ ਜਾਂ ਕੋਰਟ ਤੋਂ ਵੀ ਮਿਸਲ (File) ਮੰਗਵਾ ਸਕਦਾ ਹੈ। ਕਮਿਸ਼ਨਰ ਇਕ ਸਲਾਹਕਾਰੀ ਸੰਸਥਾ ਹੈ, ਪਰ ਆਮ ਤੌਰ ਤੇ ਇਸ ਦੀਆਂ ਸਿਫਾਰਸ਼ਾਂ ਸੰਘੀ ਸਰਕਾਰ ਵੱਲੋਂ ਮੰਨੀਆਂ ਜਾਂਦੀਆਂ ਹਨ।

ਕਮਿਸ਼ਨ ਦੇ ਕੰਮ (Functions of the Commission)

ਵਿੱਤ ਕਮਿਸ਼ਨ ਦੇ ਕੰਮ ਸੰਵਿਧਾਨ ਦੇ 280 (3) ਅਨੁਛੇਦ ਥੱਲੇ ਲਿਖੇ ਗਏ ਹਨ। ਇਸ ਦਾ ਅਸਲੀ ਕੰਮ ਸਮੇਂ ਸਮੇਂ ਤੇ ਰਾਜਾਂ ਵਿੱਚ ਵਿੱਤੀ ਸੰਬੰਧਾਂ ਦਾ ਪੁਨਰ ਨਿਰੀਖਣ ਕਰਨਾ ਅਤੇ ਹੇਠ ਲਿਖੇ ਵਿਸ਼ਿਆਂ ਉੱਤੇ ਸੁਝਾਅ ਦੇਣਾ ਹੈ :

1. ਸੰਘ ਅਤੇ ਰਾਜਾਂ ਦੇ ਵਿੱਤ ਟੈਕਸ ਦੁਆਰਾ ਆਮਦਨੀ ਦੀ ਵੰਡ।
2. ਸੰਘ ਵਲੋਂ ਰਾਜਾਂ ਨੂੰ ਕਿੰਨਾ ਸਿਧਾਂਤਾਂ ਅਨੁਸਾਰ ਅਨੁਦਾਨ ਦਿੱਤਾ ਜਾਵੇ।
3. ਕੋਈ ਵੀ ਵਿੱਤੀ ਮਾਮਲਾ ਜਿਹੜਾ ਰਾਸ਼ਟਰਪਤੀ ਦੁਆਰਾ ਕਮਿਸ਼ਨ ਨੂੰ ਸੌਂਪਿਆ ਜਾਵੇ।

ਹੁਣ ਤੱਕ ਰਾਸ਼ਟਰਪਤੀ ਨੇ 14 ਵਿੱਤ ਕਮਿਸ਼ਨਾਂ ਦੀ ਨਿਯੁਕਤੀ ਕੀਤੀ ਜਾ ਚੁੱਕੀ ਹੈ। ਤੇਰਹਵੇਂ ਵਿੱਤ ਕਮਿਸ਼ਨ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਹੈ ਜਿਸ ਅਨੁਸਾਰ ਰਾਜਾਂ ਅਤੇ ਕੇਂਦਰ ਦੇ ਵਿਚਕਾਰ ਵੰਡੇ ਵਾਲੇ ਟੈਕਸਾਂ ਦਾ 32% ਹਿੱਸਾ ਰਾਜਾਂ ਦਾ ਹੋਵੇਗਾ ਜਦੋਂ ਕਿ 12ਵੇਂ ਕਮਿਸ਼ਨ ਨੇ ਇਹ ਹਿੱਸਾ 30.5% ਕਰਨ ਦੀ ਸਿਫਾਰਿਸ਼ ਕੀਤੀ ਸੀ। 14ਵੇਂ ਕਮਿਸ਼ਨ ਦੇ ਚੇਅਰਮੈਨ ਰਿਜ਼ਰਵ ਬੈਂਕ ਦੇ ਪੂਰਵ ਗਵਰਨਰ ਸ੍ਰੀ ਵਾਈ.ਵੀ.ਰੈਡੀ. ਨਿਯੁਕਤ ਕੀਤੇ ਗਏ ਹਨ। ਇਨ੍ਹਾਂ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਕਰਕੇ ਰਾਜਾਂ ਦਾ ਇਨਕਮ ਟੈਕਸ (Income Tax) ਵਿੱਚ ਹਿੱਸਾ ਵੱਧਦਾ ਗਿਆ। ਪਹਿਲੇ ਕਮਿਸ਼ਨ ਅਨੁਸਾਰ ਰਾਜਾਂ ਦਾ ਹਿੱਸਾ 50% ਸੀ, ਹੁਣ 75% ਹੈ। ਕੇਂਦਰੀ ਉਤਪਾਦਨ ਦਾ ਕਰਾਂ ਵਿੱਚ ਹਿੱਸਾ ਵੱਧਦਾ ਗਿਆ ਹੈ। ਪਹਿਲੇ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ ਕਿ ਵਸਤਾਂ ਦੇ ਉਤਪਾਦਨ ਕਰ ਦਾ 40% ਹਿੱਸਾ ਰਾਜਾਂ ਨੂੰ ਦਿੱਤਾ ਜਾਵੇ। ਦੂਜੇ ਕਮਿਸ਼ਨ ਨੇ ਪੰਜ ਵਸਤੂਆਂ ਹੋਰ ਵਧਾ ਦਿੱਤੀਆਂ। ਚੀਨੀ, ਕਾਫੀ, ਕਾਗਜ਼, ਚਾਹ, ਬਨਾਸਪਤੀ ਤੇਲ (Vegetable nonessential oils) ਅਤੇ ਰਾਜਾਂ ਦਾ ਉਤਪਾਦਨ ਕਰ ਦਾ ਹਿੱਸਾ 25% ਕਰ ਦਿੱਤਾ। ਤੀਜੇ ਕਮਿਸ਼ਨ ਨੇ ਰਾਜਾਂ ਦਾ ਹਿੱਸਾ ਹੋਰ ਵਧਾ ਦਿੱਤਾ ਤੇ ਚੌਥੇ ਨੇ ਇਹ ਸਿਫਾਰਸ਼ ਕੀਤੀ ਕਿ ਸਾਰੇ ਕੇਂਦਰੀ ਉਤਪਾਦਨ ਕਰ ਸੰਘ ਅਤੇ ਰਾਜਾਂ ਵਿੱਚ ਵੰਡੇ ਜਾਣ। ਪੰਜਵਾਂ ਕਮਿਸ਼ਨ ਸੰਨ 1968 ਵਿੱਚ ਸ੍ਰੀ ਤਿਆਗੀ ਦੀ ਪ੍ਰਧਾਨਗੀ ਹੇਠ ਨਿਯੁਕਤ ਕੀਤਾ ਗਿਆ, ਇਸ ਦੇ ਨਿਯੁਕਤ ਕਰਨ ਦਾ ਮੰਤਵ ਚੌਥੀ ਪੰਜ ਸਾਲਾਂ ਪਲਾਨ ਦੀ ਆਮਦਨੀ ਦੇ ਸਾਧਨਾਂ ਦੇ ਬਾਰੇ ਵਿਚਾਰ ਕਰਨਾ ਸੀ ਇਸ ਕਮਿਸ਼ਨ ਨੇ ਆਪਣੀ ਰਿਪੋਰਟ 1969 ਵਿੱਚ ਰਾਸ਼ਟਰਪਤੀ ਨੂੰ ਭੇਜੀ।

2. ਵਿੱਤ ਕਮਿਸ਼ਨ ਰਾਜਾਂ ਨੂੰ ਗਰਾਂਟਾਂ (Grants-in-aids) ਦੇਣ ਲਈ ਕੇਂਦਰ ਨੂੰ ਸਿਫਾਰਸ਼ ਕਰਦਾ ਹੈ। 1952 ਤੋਂ ਪਹਿਲਾਂ ਕੇਂਦਰ ਵੱਲੋਂ ਨਾ ਮਾਤਰ ਦੀਆਂ ਹੀ ਗਰਾਂਟਾਂ ਦਿੱਤੀਆਂ ਜਾਂਦੀਆਂ ਸਨ ਪਰ ਹੁਣ ਤਾਂ ਹਰ ਵਿੱਤ ਕਮਿਸ਼ਨ ਵੱਧ ਤੋਂ ਵੱਧ ਅਨੁਦਾਨ ਦੇਣ ਲਈ ਕੇਂਦਰ ਨੂੰ ਸਿਫਾਰਸ਼ ਕਰਦਾ ਰਿਹਾ ਹੈ। ਪਹਿਲੇ ਵਿੱਤ ਕਮਿਸ਼ਨ ਨੇ ਰਾਜਾਂ ਲਈ ਪੰਜ ਕਰੋੜ ਗਰਾਂਟ ਦੇ ਰੁਪਇਆ ਦੀ ਸਿਫਾਰਸ਼ ਕੀਤੀ ਦੂਜੇ ਨੇ 37 ਕਰੋੜ, ਤੀਜੇ ਨੇ 58 ਕਰੋੜ ਤੇ ਚੌਥੇ ਨੇ 63.75 ਕਰੋੜ ਦੀ, ਅਤੇ ਪੰਜਵੇਂ ਨੇ ਹਰ ਸਾਲ ਲਈ ਘਟਦੀ ਮਾਤਰਾ ਵਿੱਚ ਵੱਖ-ਵੱਖ ਰਕਮ ਦੀ ਸਿਫਾਰਸ਼ ਕੀਤੀ ਜਾਵੇ ਜਿਵੇਂ ਰਾਜਾਂ ਨੂੰ 1969-70 ਵਿੱਚ 153 ਕਰੋੜ ਤੋਂ 1973-74 ਵਿੱਚ 102 ਕਰੋੜ ਦੀ। ਇਸ ਤੋਂ ਇਲਾਵਾ ਕੇਂਦਰ ਦੀ ਰਾਜਸਵ ਦਾ 23.5 ਰਾਜਾਂ ਨੂੰ ਦਿੱਤਾ ਗਿਆ।

ਵਿੱਤ ਕਮਿਸ਼ਨਾਂ ਨੇ ਰਾਜਾਂ ਦੀ ਆਮਦਨੀ ਦੀ ਘਾਟ ਨੂੰ ਮਹਿਸੂਸ ਕੀਤਾ ਹੈ। ਇਸ ਵਾਸਤੇ ਹਰ ਕਮਿਸ਼ਨ ਨੇ ਵੱਧ ਤੋਂ ਵੱਧ ਅਨੁਦਾਨ ਦੇਣ ਦਾ ਅਤੇ ਉਤਪਾਦਨ ਕਰ ਦਾ ਜ਼ਿਆਦਾ ਹਿੱਸਾ ਦੇਣ ਲਈ ਸਿਫਾਰਸ਼ ਕੀਤੀ। ਪਰ ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਰਾਜ ਆਪਣੀ ਆਰਥਿਕ ਹਾਲਤ ਨੂੰ ਚੰਗਾ ਕਰਨ ਲਈ ਕੋਈ ਬਹੁਤਾ ਯਤਨ ਨਹੀਂ ਕਰਦੇ ਤੇ ਨਾ ਹੀ ਆਪਣੇ ਖ਼ਰਚ ਉੱਤੇ ਕੰਟਰੋਲ ਕਰਦੇ ਹਨ। ਪਰ ਇਨ੍ਹਾਂ ਤਰੁੱਟੀਆਂ ਨੂੰ ਸਾਹਮਣੇ ਰੱਖਦਿਆਂ ਹੋਇਆ ਵੀ ਰਾਜਾਂ ਦੇ ਸਾਧਨ ਘੱਟ ਹਨ, ਤੇ ਇਹ ਕੇਂਦਰ ਉੱਤੇ ਨਿਰਭਰ ਰਹਿੰਦੇ ਹਨ, ਜਿਸ ਕਰਕੇ ਰਾਜਾਂ ਦੀ ਆਜ਼ਾਦੀ ਖ਼ਤਮ ਹੋ ਗਈ ਹੈ ਤੇ ਕੇਂਦਰ ਵਿੱਤੀ ਮਾਮਲਿਆਂ ਵਿੱਚ ਰਾਜਾਂ ਤੇ ਪੂਰਣ ਤੌਰ ਤੇ ਕੰਟਰੋਲ ਕਰਦਾ ਹੈ।

ਵਿੱਤ ਕਮਿਸ਼ਨ ਦਾ ਕੰਮ ਕੇਂਦਰ ਤੇ ਰਾਜਾਂ ਦੀਆਂ ਆਮਦਨੀ ਤੇ ਸਾਧਨਾਂ ਦਾ ਸਮਾਯੋਜਨ ਕਰਨਾ ਹੈ ਪਰ ਪਲੈਨਿੰਗ ਕਮਿਸ਼ਨ ਕਰਕੇ ਇਸ ਦੇ ਕੰਮਾਂ ਅਤੇ ਖੇਤਰ ਵਿੱਚ ਕਾਫ਼ੀ ਫਰਕ ਪੈ ਗਿਆ ਹੈ। ਪਲੈਨਿੰਗ ਕਮਿਸ਼ਨ ਯੋਜਨਾਵਾਂ ਸੰਬੰਧੀ ਸਾਰੀਆਂ ਪਾਲਿਸੀਆਂ ਪ੍ਰੋਗਰਾਮ ਬਣਾਉਂਦਾ ਹੈ ਅਤੇ ਇਹ ਵੀ ਫੈਸਲਾ ਕਰਦਾ ਹੈ ਕਿ ਰਾਜਾਂ ਨੂੰ ਕਿੰਨੀਆਂ ਗਰਾਂਟਾਂ ਅਤੇ ਕਰਜ਼ੇ (Loans) ਦੇਣੇ ਹਨ। ਸੋ ਇਸ ਕਰਕੇ ਵਿੱਤ ਕਮਿਸ਼ਨ ਦੇ ਬਹੁਤ ਸਾਰੇ ਕੰਮ ਪਲੈਨਿੰਗ ਕਮਿਸ਼ਨਰ ਨੇ ਲੈ ਲਏ ਹਨ। ਜਦ ਵਿੱਤ ਕਮਿਸ਼ਨ ਆਪਣਾ ਕੰਮ ਕਰਦਾ ਹੈ ਤਾਂ ਇਸ ਨੂੰ ਪਲੈਨ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ ਤੇ ਇਸ ਨੂੰ ਪਲੈਨਿੰਗ ਕਮਿਸ਼ਨ ਦੀਆਂ ਲਾਈਨਾਂ ਉੱਤੇ ਚੱਲਣਾ ਪੈਂਦਾ ਹੈ।

(ii) ਪ੍ਰਸ਼ਾਸਕੀ ਸੰਬੰਧ
(Administrative Relations)

ਹੁਣ ਅਸੀਂ ਕੇਂਦਰ ਅਤੇ ਰਾਜਾਂ ਦੇ ਪਰਸਪਰ ਪ੍ਰਸ਼ਾਸਕੀ ਸੰਬੰਧਾਂ ਵੱਲ ਆਉਂਦੇ ਹਾਂ :

ਭਾਰਤ ਇਕ ਵਿਸ਼ਾਲ ਦੇਸ਼ ਹੈ ਅਤੇ ਏਥੇ ਵੱਖ-ਵੱਖ ਭਾਸ਼ਾਵਾਂ, ਧਰਮਾਂ, ਸੰਸਕ੍ਰਿਤੀਆਂ ਅਤੇ ਨਸਲਾਂ ਦੇ ਲੋਕ ਵਸਦੇ ਹਨ। ਇਸ ਵੰਨ ਸੁਵੰਨਤਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਇਹ ਪ੍ਰੇਰਣਾ ਦਿੱਤੀ ਕਿ ਏਥੇ ਇਕਾਤਮਕ ਸਰਕਾਰ ਦੀ ਥਾਂ ਸੰਘਾਤਮਕ ਸਰਕਾਰ ਦੀ ਸਥਾਪਨਾ ਕਰਨ ਪਰ ਭਾਰਤ ਦੀਆਂ ਵਿਸ਼ੇਸ਼ ਸਮਾਜਿਕ ਪਰਿਸਥਿਤੀਆਂ ਨੇ ਇਥੋਂ ਦੀ ਸੰਘਾਤਮਕ ਸਰਕਾਰ ਨੂੰ ਆਪਣੀ ਛਾਪ ਪ੍ਰਦਾਨ ਕਰਕੇ ਇਕ ਨਵੀਂ ਕੜੀ ਕਿਸਮ ਦੀ ਸੰਘਾਤਮਕ ਸਰਕਾਰ ਦਾ ਰੂਪ ਬਖਸਿਆ।

ਸੰਘਾਤਮਕ ਸਰਕਾਰ ਦੀ ਪ੍ਰਥਮ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਕੇਂਦਰ ਅਤੇ ਰਾਜਾਂ ਲਈ ਵੱਖ-ਵੱਖ ਸਰਕਾਰਾਂ ਹੋਣ। ਭਾਰਤ ਵਿੱਚ ਕੇਂਦਰੀ ਅਤੇ ਰਾਜ ਸਰਕਾਰਾਂ ਕਾਇਮ ਕੀਤੀਆਂ ਗਈਆਂ ਹਨ ਪਰ ਹਰੇਕ ਸੰਘਾਤਮਕ ਵਿੱਚ ਕੁਝ ਪ੍ਰਤੱਖ ਜਾਂ ਅਪ੍ਰਤੱਖ ਸ਼ਕਤੀਆਂ ਕੰਮ ਕਰਦੀਆਂ ਹਨ ਜਿਨ੍ਹਾਂ ਨੂੰ ਜੇ ਰੋਕਿਆ ਜਾਵੇ ਤਾਂ ਦੇਸ਼ ਦੀ ਏਕਤਾ ਨੂੰ ਖਤਰਾ ਪੈਂਦਾ ਹੋ ਸਕਦਾ ਹੈ। ਜ਼ਰੂਰੀ ਹੈ ਕਿ ਕੇਂਦਰ ਅਤੇ ਰਾਜਾਂ ਵਿੱਚਕਾਰ ਇਕ ਅਜਿਹਾ ਸੰਪਰਕ ਸਥਾਪਿਤ ਕੀਤਾ ਜਾਏ ਜਿਸ ਦਾ ਮੂਲ ਆਧਾਰ ਮਿਲਵਰਤਣ ਅਤੇ ਸਦ ਭਾਵਨਾ ਹੋਵੇ। ਸੰਘਾਤਮਕ ਸਰਕਾਰ ਨੂੰ ਅਮਲੀ ਰੂਪ ਵਿੱਚ ਅਜਿਹੀਆਂ ਔਕੜਾਂ ਵੀ ਪੇਸ਼ ਆ ਸਕਦੀਆਂ ਸਨ ਜਿਨ੍ਹਾਂ ਨੂੰ ਦੂਰ ਕਰਨ ਲਈ ਸੰਵਿਧਾਨ ਵਿੱਚ ਉਪਬੰਧ ਹੋਣੇ ਚਾਹੀਦੇ ਹਨ। ਰਾਜਾਂ ਅਤੇ ਕੇਂਦਰੀ ਸਰਕਾਰਾਂ ਵਿੱਚ ਸੁਤੰਤਰ ਰੂਪ ਵਿਚ ਕੰਮ ਕਰਦਿਆਂ, ਅਜਿਹੇ ਭੁਲੇਖੇ ਉਤਪੰਨ ਹੋਣੇ ਸੁਭਾਵਿਕ ਹਨ ਅਤੇ ਸੰਕਟ ਪੈਦਾ ਹੋਣ ਦੀ ਸੰਭਾਵਨਾ ਹੁੰਦੀ ਹੈ। ਇਨ੍ਹਾਂ ਸੰਕਟਾਂ ਦਾ ਮੁਕਾਬਲਾ ਕਰਨ ਲਈ ਵੀ ਸੰਵਿਧਾਨ ਵਿੱਚ ਉਪਾਅ ਦਰਜ ਹੋਣੇ ਚਾਹੀਦੇ ਹਨ। ਕੇਂਦਰੀ ਸਰਕਾਰ ਦਾ ਸਭ ਨਾਲੋਂ ਮਹੱਤਵਪੂਰਨ ਕੰਮ ਇਹ ਦੇਖਣਾ ਹੈ ਕਿ ਦੇਸ਼ ਵਿੱਚ ਅਮਨ ਚੈਨ ਕਾਇਮ ਰਹੇ, ਸ਼ਾਸਨ ਚੰਗਾ ਹੋਵੇ ਅਤੇ ਦੇਸ਼ ਬਾਹਰਲੇ ਖਤਰਿਆਂ ਤੋਂ ਸੁਰੱਖਿਅਤ ਰਹੇ। ਇਸ ਕੰਮ ਦੀ ਪੂਰਤੀ ਲਈ ਕੇਂਦਰ ਅਤੇ ਰਾਜ ਦੇ ਪ੍ਰਸ਼ਾਸਨ ਵਿੱਚ ਪਰਸਪਰ ਸਹਿਯੋਗ ਤੇ ਤਾਲਮੇਲ ਦੀ ਜ਼ਰੂਰਤ ਹੋਰ ਵੀ ਵੱਧ ਜਾਂਦੀ ਹੈ। ਜੇ ਸੰਵਿਧਾਨ ਵਿਚ ਸਪੱਸ਼ਟ ਤੌਰ ਤੇ ਉਪਬੰਧ ਨਾ ਹੋਣ ਤਾਂ ਇਨ੍ਹਾਂ ਕਰਤੱਵਾਂ ਦੀ ਪਾਲਣਾ ਕਰਨ ਵਿੱਚ ਕਾਫ਼ੀ ਦਿੱਕਤ ਪੇਸ਼ ਆਉਂਦੀ ਹੈ। ਇਸੇ ਲਈ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੇ ਸੰਵਿਧਾਨ ਵਿੱਚ ਵਿਸਤਾਰ ਸਹਿਤ ਦਰਜ ਕਰ ਦਿੱਤਾ ਹੈ ਕਿ ਪ੍ਰਸ਼ਾਸਨੀ ਖੇਤਰ ਵਿੱਚ ਕੇਂਦਰ ਅਤੇ ਰਾਜਾਂ ਦੇ ਕੀ ਸੰਬੰਧ ਹੋਣਗੇ।

ਭਾਰਤ ਵਿੱਚ ਕੇਂਦਰ ਤੇ ਰਾਜਾਂ ਵਿਚਕਾਰ ਪ੍ਰਸ਼ਾਸਕੀ ਸੰਬੰਧ ਵੀ 1935 ਦੇ ਗੌਰਮਿੰਟ ਆਫ ਇੰਡੀਆ ਐਕਟ ਤੇ ਆਧਾਰਿਤ ਹਨ।

ਅਸੀਂ ਇਸ ਸੰਬੰਧ ਨੂੰ ਦੋ ਪੱਖਾਂ ਤੋਂ ਵੇਖਾਂਗੇ (1) ਕੇਂਦਰ ਰਾਜ ਸਰਕਾਰ ਉੱਤੇ ਕਿਵੇਂ ਨਿਯੰਤ੍ਰਣ ਰੱਖਦਾ ਹੈ, ਅਤੇ (2) ਰਾਜਾ ਵਿੱਚ ਪਰਸਪਰ ਮਿੱਤਰਤਾ ਨੂੰ ਕਾਇਮ ਰੱਖਣ ਲਈ ਕੀ ਪ੍ਰਬੰਧ ਹੈ ?

ਕੇਂਦਰ ਦਾ ਰਾਜਾਂ ਉੱਪਰ ਨਿਯੰਤਰਣ (Control of Centre on the States)

ਸੰਕਟ ਵੇਲੇ ਕੇਂਦਰੀ ਸਰਕਾਰ ਰਾਜ ਸਰਕਾਰ ਉਪਰ ਪੂਰਾ ਪੂਰਾ ਨਿਯੰਤਰਣ ਰੱਖਦੀ ਹੈ ਅਤੇ ਸਰਕਾਰ ਦਾ ਰੂਪ ਏਕਤਾਮਿਕ ਬਣ ਜਾਂਦਾ ਹੈ। ਸਾਧਾਰਣ ਤੌਰ ਤੇ ਕੇਂਦਰੀ ਸਰਕਾਰ ਰਾਜ ਸਰਕਾਰ ਉੱਪਰ ਕਈ ਢੰਗਾਂ ਦੁਆਰਾ ਨਿਯੰਤਰਣ ਰੱਖਦੀ ਹੈ, ਜਿਨ੍ਹਾਂ ਦਾ ਅਧਿਐਨ ਅਸੀਂ ਵੱਖ ਵੱਖ ਸਿਰਲੇਖਾਂ ਹੇਠ ਕਰਾਂਗੇ :-

ਹਦਾਇਤਾਂ (Instructions)

ਭਾਵੇਂ ਸੰਵਿਧਾਨ ਵਿੱਚ ਕੇਂਦਰ ਅਤੇ ਰਾਜਾਂ ਦੇ ਵਿਧਾਨਿਕ ਖੇਤਰਾਂ ਨੂੰ ਸਪੱਸ਼ਟ ਤੌਰ ਨਿਸ਼ਚਿਤ ਕੀਤਾ ਹੋਇਆ ਹੈ ਪਰ ਸ਼ਾਸ਼ਕੀ ਮਸ਼ੀਨਰੀ ਦੀ ਇਸ ਭਾਂਤ ਕੋਈ ਵੰਡ ਨਹੀਂ ਕੀਤੀ ਹੋਈ। ਆਪਣੇ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਕੇਂਦਰ ਦੀ ਕੋਈ ਨਿਰੋਲੀ ਆਪਣੀ ਏਜੰਸੀ ਨਹੀਂ। ਰਾਜ ਹੀ ਕੇਂਦਰ ਦੇ ਪ੍ਰਸ਼ਾਸਕੀ ਏਜੰਟਾਂ ਦੇ ਦੌਰ ਤੇ ਕੰਮ ਕਰਦੇ ਹਨ।

ਸੰਵਿਧਾਨ ਦੇ ਅਨੁਛੇਦ 256 ਅਨੁਸਾਰ ਹਰੇਕ ਰਾਜ ਨੂੰ ਕਾਰਜਕਾਰੀ ਸ਼ਕਤੀ ਇੰਝ ਵਰਤਣੀ ਚਾਹੀਦੀ

ਹੈ ਕਿ ਸੰਸਦ ਵੱਲੋਂ ਬਣਾਏ ਕਾਨੂੰਨਾਂ ਦੀ ਪਾਲਣਾ ਹੋਵੇ। ਕੇਂਦਰੀ ਕਾਰਜਪਾਲਿਕਾ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਆਪਣੇ ਕਾਨੂੰਨਾਂ ਦੀ ਪਾਲਣਾ ਲਈ ਰਾਜ ਸਰਕਾਰ ਨੂੰ ਯੋਗ ਹਦਾਇਤਾ ਦੇ ਸਕੇ। ਰਾਜ ਸਰਕਾਰ ਦਾ ਇਹ ਵੀ ਸੰਵਿਧਾਨਕ ਫਰਜ਼ ਹੈ ਕਿ ਉਹ ਆਪਣੇ ਇਲਾਕੇ ਵਿੱਚ ਕੇਂਦਰੀ ਕਾਰਜਪਾਲਿਕਾ ਦੀ ਸ਼ਕਤੀ ਦੀ ਵਰਤੋਂ ਵਿੱਚ ਰੁਕਾਵਟ ਨਾ ਬਣੇ ਤੇ ਇਸ ਮੰਤਵ ਲਈ ਅਨੁਛੇਦ 257 ਅਨੁਸਾਰ ਕੇਂਦਰੀ ਸਰਕਾਰ ਰਾਜ ਸਰਕਾਰ ਨੂੰ ਹਦਾਇਤਾਂ ਦੇਣ ਦੀ ਸ਼ਕਤੀ ਰੱਖਦੀ ਹੈ। ਸਪੱਸ਼ਟ ਹੈ ਕਿ ਇਸ ਤਰ੍ਹਾਂ ਕੇਂਦਰੀ ਸਰਕਾਰ ਨੂੰ ਇਹ ਦੂਹਰੀ ਸੰਸਦ ਵੱਲੋਂ ਬਣਾਏ ਕਾਨੂੰਨਾਂ ਦੀ ਪਾਲਣਾ ਲਈ ਹਦਾਇਤਾਂ ਵੀ ਕਰ ਸਕੇ ਤੇ ਆਪਣੇ ਰਸਤੇ ਵਿੱਚ ਔਕੜ ਬਣਨੋ ਵਰਜ ਸਕੇ। ਇਸ ਤਰ੍ਹਾਂ ਦੀਆਂ ਹਦਾਇਤਾਂ ਦੇਣ ਦੀ ਸ਼ਕਤੀ ਇੰਨੀ ਪ੍ਰਬਲ ਹੈ ਕਿ ਰਾਜ ਵੱਲੋਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਹੋਣ ਦੀ ਸੂਰਤ ਵਿੱਚ ਰਾਸ਼ਟਰਪਤੀ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਉਸ ਰਾਜ ਦੇ ਸ਼ਾਸਨ ਦੇ ਸਾਰੇ ਜਾਂ ਕੁਝ ਕੰਮ ਆਪਣੇ ਹੱਥ ਵਿਚ ਲੈ ਲਵੇ। ਇਸ ਤਰ੍ਹਾਂ ਭਾਰਤ ਦੇ ਸੰਵਿਧਾਨ ਵਿੱਚ ਰਾਜਾਂ ਦੇ ਪ੍ਰਸ਼ਾਸਨ ਉੱਤੇ ਕੇਂਦਰੀ ਕੰਟਰੋਲ ਅਤੇ ਨਿਰਦੇਸ਼ਨ ਦੇ ਵਿਸਤ੍ਰਿਤ ਪ੍ਰਬੰਧ ਦਾ ਉਪਬੰਧ ਕੀਤਾ ਹੋਇਆ ਹੈ। ਇਸ ਪ੍ਰਸ਼ਾਸਨੀ ਕੰਟਰੋਲ ਦਾ ਮੁੱਖ ਮਨੋਰਥ ਇਕਾਇਆਂ ਦੇ ਪ੍ਰਸ਼ਾਸਨ ਵਿੱਚ ਇਕਸਾਰਤਾ ਲਿਆਉਣਾ ਹੈ।

ਕੇਂਦਰੀ ਸਰਕਾਰ, ਰਾਜ ਸਰਕਾਰ ਨੂੰ ਇਹ ਹਦਾਇਤ ਕਰ ਸਕਦੀ ਹੈ ਕਿ ਉਹ ਰਾਸ਼ਟਰੀ ਜਾਂ ਫੌਜੀ ਮਹੱਤਤਾ ਦੇ ਸੰਚਾਰ ਸਾਧਨਾਂ ਦਾ ਨਿਰਮਾਣ ਤੇ ਦੇਖ ਭਾਲ ਕਰੇ ਅਤੇ ਰਾਜ ਵਿੱਚ ਕਾਇਮ ਰੇਲ ਦੀ ਰੱਖਿਆ ਲਈ ਪ੍ਰਬੰਧ ਕਰੇ। ਪਰ ਇਨ੍ਹਾਂ ਦੋਹਾਂ ਹਾਲਤਾਂ ਵਿੱਚ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਜੋ ਵਾਧੂ ਖਰਚ ਆਵੇ, ਉਹ ਮੁਆਵਜ਼ੇ ਵਜੋਂ ਰਾਜ ਨੂੰ ਦੇਵੇ। ਇਹ ਮੁਆਵਜ਼ਾ ਕੇਂਦਰ ਅਤੇ ਰਾਜ ਸਰਕਾਰ ਵਿੱਚ ਸਮਝੌਤੇ ਦੁਆਰਾ ਨੱਜੀਠਿਆ ਜਾਂਦਾ ਹੈ ਅਤੇ ਜੇ ਕੋਈ ਸਮਝੌਤਾ ਨਾ ਹੋ ਸਕੇ ਤਾਂ ਭਾਰਤ ਦੇ ਚੀਫ਼ ਜਸਟਿਸ ਵੱਲੋਂ ਨਿਯੁਕਤ ਸਾਲਸ ਦੁਆਰਾ ਇਹ ਨਿਰਣਾ ਕੀਤਾ ਜਾਵੇਗਾ ਕਿ ਕੇਂਦਰੀ ਸਰਕਾਰ ਰਾਜ ਨੂੰ ਕਿਤਨਾ ਖ਼ਰਚਾ ਦੇਵੇ। ਇੱਥੇ ਇਹ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਸਾਧਾਰਣ ਤੌਰ ਤੇ ਸੰਚਾਰ ਦਾ ਵਿਸ਼ਾ ਰਾਜ ਸੂਚੀ ਸ਼ਾਮਿਲ ਹੈ ਪਰ ਕੇਂਦਰ ਨੂੰ ਅਧਿਕਾਰ ਪ੍ਰਾਪਤ ਹੈ ਕਿ ਰਾਜ ਸਰਕਾਰ ਨੂੰ ਹਦਾਇਤ ਦੇਣ ਤੋਂ ਇਲਾਵਾ ਜਲ-ਸੈਨਾ, ਥਲ ਸੈਨਾ ਅਤੇ ਹਵਾਈ-ਸੈਨਾ ਨਾਲ ਸੰਬੰਧਿਤ ਸੰਚਾਰ ਸਾਧਨਾਂ ਦਾ ਨਿਰਮਾਣ ਤੇ ਦੇਖਭਾਲ ਆਪ ਹੀ ਕਰ ਸਕੇ। ਇਸ ਤਰ੍ਹਾਂ ਰੇਲਾਂ ਦਾ ਵਿਸ਼ਾ ਕੇਂਦਰੀ ਸੂਚੀ ਵਿੱਚ ਹੈ ਪਰ ਪੁਲਿਸ ਦਾ ਰਾਜ-ਸੂਚੀ ਵਿੱਚ। ਰੇਲਾਂ ਦੀ ਹਿਫਾਜ਼ਤ ਲਈ ਕੇਂਦਰੀ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਹਿਦਾਇਤਾਂ ਦਾ ਅਰਥ ਸਪੱਸ਼ਟ ਰੂਪ ਵਿੱਚ ਰਾਜ ਨੂੰ ਇਸ ਗੱਲ ਦੀ ਹਦਾਇਤ ਹੈ ਕਿ ਸੁਰੱਖਿਆ ਲਈ ਲੋੜੀਂਦੀ ਪੁਲਿਸ ਨਿਯੁਕਤ ਕੀਤੀ ਜਾਵੇ।

ਕੇਂਦਰੀ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਕੰਮ ਸੌਂਪਣ ਦਾ ਅਧਿਕਾਰ
(Powers of the Union to confer on States in certain cases)

ਸੰਵਿਧਾਨ ਦੇ ਅਨੁਛੇਦ 258 ਕੇਂਦਰੀ ਕਾਰਜ-ਪਾਲਿਕਾ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਰਾਜ ਸਰਕਾਰ ਦੀ ਸਹਿਮਤੀ ਨਾਲ ਸ਼ਰਤਾਂ ਅਧੀਨ ਜਾਂ ਬਿਨਾਂ ਸ਼ਰਤ ਦੇ, ਉਸ ਸਰਕਾਰ ਨੂੰ ਜਾਂ ਉਸ ਦੇ ਅਫ਼ਸਰ ਨੂੰ ਇਹ ਕੰਮ ਸੌਂਪ ਦੇਵੇ ਜੋ ਕੇਂਦਰੀ ਕਾਰਜਪਾਲਿਕਾ ਦੇ ਖੇਤਰ ਵਿੱਚ ਆਉਂਦੇ ਹਨ। ਸੰਸਦ ਨੂੰ ਵੀ ਅਧਿਕਾਰ ਹੈ ਕਿ ਕਾਨੂੰਨ ਪਾਸ ਕਰਕੇ ਰਾਜ ਸਰਕਾਰ ਜਾਂ ਇਸ ਦੇ ਅਫਸਰਾਂ ਨੂੰ ਅਜਿਹੀ ਸ਼ਕਤੀ ਜਾਂ ਫਰਜ਼ ਸੌਂਪ ਦੇਵੇ ਜੋ ਰਾਜ ਵਿਧਾਨ ਮੰਡਲ ਦੇ ਖੇਤਰ ਵਿੱਚ ਨਾ ਹੋਣ। ਇਸ ਕਾਰਜ ਲਈ ਕੇਂਦਰੀ ਸਰਕਾਰ ਰਾਜ ਸਰਕਾਰ ਨੂੰ ਖਰਚਾ ਦੇਵੇਗੀ।

ਸਰਵ ਭਾਰਤੀ ਸੇਵਾਵਾਂ (All India Services)

ਹਰੇਕ ਸੰਘਾਤਮਕ ਰਾਜ ਵਿੱਚ ਸਿਵਲ ਸੇਵਾਵਾਂ ਦੀ ਦੂਹਰੀ-ਪ੍ਰਨਾਲੀ ਹੁੰਦੀ ਹੈ। ਜਿਸ ਦੇ ਫਲਸਰੂਪ ਕੇਂਦਰ ਅਤੇ ਰਾਜ ਦੇ ਆਪਣੇ ਆਪਣੇ ਕਰਮਚਾਰੀ ਹੁੰਦੇ ਹਨ। ਭਾਰਤ ਦੇ ਸੰਵਿਧਾਨ ਵਿੱਚ ਵੀ ਇਨ੍ਹਾਂ ਭਿੰਨ ਭਿੰਨ ਸੇਵਾਵਾਂ ਦਾ ਉਪਬੰਧ ਕੀਤਾ ਗਿਆ ਹੈ ਅਤੇ ਹਰੇਕ ਰਾਜ ਪਾਸ ਆਪਣੇ ਕਾਰਜਾਂ ਲਈ ਲੋਕ ਸੇਵਾ ਪ੍ਰਨਾਲੀ ਹੈ। ਪਰ ਅਜਿਹੀਆਂ ਸਰਵ ਭਾਰਤੀ ਸੇਵਾਵਾਂ ਕੇਵਲ ਭਾਰਤੀ ਪ੍ਰਸ਼ਾਸ਼ਨੀ ਸੇਵਾ ਅਤੇ ਭਾਰਤੀ ਪੁਲਿਸ

ਸੇਵਾ ਤੱਕ ਸੀਮਤ ਸਨ ਪਰ ਅਨੁਛੇਦ 312 ਦੇ ਅਧੀਨ ਸੰਸਦ ਨੂੰ ਇਹ ਅਧਿਕਾਰ ਹੈ ਕਿ ਲੋੜ ਪੈਣ ਤੇ ਹੋਰ ਸਰਵ ਭਾਰਤੀ ਸੇਵਾਵਾਂ ਕਾਇਮ ਕਰ ਸਕੇ ਅਤੇ ਇਸ ਵੇਲੇ ਭਾਰਤੀ ਪ੍ਰਸ਼ਾਸਨੀ ਸੇਵਾ (I.A.S.) ਅਤੇ ਭਾਰਤੀ ਪੁਲਿਸ ਸੇਵਾ (I.P.S.) ਤੋਂ ਇਲਾਵਾ ਭਾਰਤੀ ਵਣ ਸੇਵਾ ਵੀ ਹੈ। ਭਾਰਤੀ ਇੰਜੀਨੀਅਰ ਸੇਵਾ ਅਤੇ ਭਾਰਤੀ ਸੰਵਿਧਾਨ ਦੀ ਇਕ ਆਸਾਧਾਰਣ ਵਿਸ਼ੇਸ਼ਤਾ ਹੈ ਅਤੇ ਸੰਸਾਰ ਦੇ ਹੋਰ ਸੰਘਾਤਮਕ ਸ਼ਾਸ਼ਨਾਂ ਵਿੱਚ ਇਸ ਪ੍ਰਕਾਰ ਦੀ ਕੋਈ ਸੰਸਥਾ ਮੌਜੂਦ ਨਹੀਂ। ਡਾਕਟਰ ਅੰਬੇਦਕਰ ਨੇ ਪ੍ਰਸ਼ਾਸਨ ਵਿੱਚ ਅਹਿਮ ਆਸਾਮੀਆਂ ਦਾ ਜ਼ਿਕਰ ਕੀਤਾ ਤੇ ਇਸ ਪ੍ਰਕਾਰ ਦੀ ਸਰਵ-ਭਾਰਤੀ ਸੇਵਾ ਦੀ ਸਥਾਪਨਾ ਤੇ ਹੱਕ ਵਿੱਚ ਇਹ ਆਖਿਆ ਸੀ..... ਇਸ ਵਿੱਚ ਕੋਈ ਸੰਦੇਹ ਨਹੀਂ ਕਿ ਪ੍ਰਸ਼ਾਸਨ ਦਾ ਮਿਆਰ ਉਨ੍ਹਾਂ ਸਿਵਲ ਕਰਮਚਾਰੀਆਂ ਦੀ ਸੂਝ ਬੂਝ ਤੇ ਨਿਰਭਰ ਹੁੰਦਾ ਹੈ ਜੋ ਇਨ੍ਹਾਂ ਮਹੱਤਵਪੂਰਣ ਅਸਾਮੀਆਂ ਤੇ ਲੱਗੇ ਹੋਣ....... ਸੰਵਿਧਾਨ ਵਿੱਚ ਇਹ ਦਰਜ ਹੈ ਕਿ ਰਾਜਾਂ ਨੂੰ ਆਪਣੀ ਸਿਵਲ ਸੇਵਾ ਰੱਖਣ ਦੇ ਅਧਿਕਾਰ ਤੋਂ ਵਾਂਝੇ ਕੀਤੇ ਬਿਨਾਂ ਇੱਕ ਅਜਿਹੀ ਸਰਵ-ਭਾਰਤੀ ਸੇਵਾ ਵੀ ਹੋਵੇਗੀ ਜਿਸ ਦੀ ਭਰਤੀ ਸਮੁੱਚੇ ਭਾਰਤੀ ਪੱਧਰ ਤੇ ਕੀਤੀ ਜਾਵੇਗੀ, ਜਿਨ੍ਹਾਂ ਦੀਆਂ ਯੋਗਤਾਵਾ ਇਕਸਾਰ ਹੋਣਗੀਆਂ, ਤਨਖਾਹ ਇਕਸਾਰ ਹੋਵੇਗੀ ਅਤੇ ਇਸ ਦੇ ਮੈਂਬਰ ਹੀ ਸਮੁੱਚੀ ਯੂਨੀਅਨ ਵਿੱਚ ਇਨ੍ਹਾਂ ਆਸਾਮੀਆਂ ਤੇ ਲਗਾਏ ਜਾ ਸਕਣਗੇ। ਸਪਸ਼ਟ ਹੈ ਕਿ ਇਸ ਪ੍ਰਕਾਰ ਦੀ ਸੇਵਾ ਦੇ ਉਪਬੰਧ ਦਾ ਮੰਤਵ ਇਕ ਤਕੜਾ ਕੇਂਦਰ ਸਥਾਪਤ ਕਰਨ ਤੋਂ ਇਲਾਵਾ ਸਥਾਨਿਕ ਤੇ ਸੰਕੀਰਣ ਦ੍ਰਿਸ਼ਟੀਕੋਣ ਸਮਾਪਤ ਕਰਨਾ ਹੈ। ਸਰਵ ਭਾਰਤੀ ਸਿੱਖਿਆ ਸੇਵਾ ਦੀ ਸਥਾਪਨਾ ਦਾ ਯਤਨ ਹਾਲੇ ਸਿਰੇ ਨਹੀਂ ਚੜ੍ਹਿਆ ਅਤੇ ਰਾਜਾਂ ਵਲੋਂ ਇਨ੍ਹਾਂ ਸੇਵਾਵਾਂ ਦੇ ਵਿਰੁੱਧ ਆਵਾਜ਼ ਉਠਾਉਣੀ ਕੁਦਰਤੀ ਹੈ, ਕਿਉਂਕਿ ਇਨ੍ਹਾਂ ਨਾਲ ਰਾਜ-ਸਰਕਾਰ ਦੇ ਬਜਟ ਤੇ ਭਾਰ ਵੱਧ ਜਾਂਦਾ ਹੈ ਅਤੇ ਰਾਜ-ਪੱਧਰ ਦੀਆਂ ਸੇਵਾਵਾਂ ਅਤੇ ਸਰਵ-ਭਾਰਤੀ ਸੇਵਾਵਾਂ ਵਿੱਚ ਜੋ ਵਿਧ ਕਾਇਮ ਹੋ ਚੁਕੀ ਹੈ ਉਸ ਨਾਲ ਇਕ ਅਨੋਖੇ ਪ੍ਰਕਾਰ ਦੀ ਖਿਚੋਤਾਣ ਹੋਂਦ ਵਿੱਚ ਆ ਗਈ ਹੈ ਜੋ ਰਾਜ ਦੀ ਭਲਾਈ ਦੇ ਉਲਟ ਹੈ। ਰਾਜ ਦੀ ਸੰਵਿਧਾਨਤਾ ਤੇ ਵੀ ਇਹ ਸੇਵਾਵਾਂ ਅਸਰ ਪਾਉਂਦੀਆਂ ਹਨ। ਪਰ ਸਰਵ-ਭਾਰਤੀ ਸੇਵਾਵਾਂ ਰਾਜ ਵਿੱਚ ਵਿਦਰੋਹ ਦੀ ਭਾਵਨਾ ਨੂੰ ਕੁਚਲਣ ਦਾ ਇਕ ਵਧੀਆਂ ਸਾਧਨ ਹਨ ਅਤੇ ਇੰਜ ਰਾਸ਼ਟਰੀ ਏਕਤਾ ਕਾਇਮ ਰੱਖਣ ਦਾ ਇਕ ਸਾਕਾਰਤਮਕ ਵਸੀਲਾ ਹੈ।

ਮਾਲੀ ਸਹਾਇਤਾ (Financial Assistance)

ਸਾਧਾਰਣ ਤੌਰ ਤੇ ਇਕ ਸੰਘਾਤਮਕ ਸਰਕਾਰ ਦੀ ਭਲਾਈ ਵੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਕੇਂਦਰ ਅਤੇ ਰਾਜਾਂ ਦੇ ਵਿੱਤੀ ਸਾਧਨ ਨਿਵੇਕਲੇ ਹੋਣ ਤਾਂ ਜੋ ਉਨ੍ਹਾਂ ਨੂੰ ਇਕ ਦੂਜੇ ਵੱਲ ਵੇਖਣਾ ਨਾ ਪਵੇ। ਪਰ ਇਸ ਤਰ੍ਹਾਂ ਦੀ ਵਿੱਤੀ ਸਥਿਰਤਾ ਸੰਭਵ ਨਹੀਂ ਹੁੰਦੀ ਹੈ ਹਰ ਸੰਘਾਤਮਕ ਪ੍ਰਣਾਲੀ ਵਿੱਚ ਸੰਵਿਧਾਨ ਦੁਆਰਾ ਰਾਜ ਅਤੇ ਕੇਂਦਰ ਵਿੱਚਕਾਰ ਆਮਦਨੀ ਦੀ ਵੰਡ ਸੰਬੰਧੀ ਉਪਬੰਧ ਬਣਾਇਆ ਜਾਂਦਾ ਹੈ। ਰਾਜ ਦੀਆਂ ਦਿਨ ਪ੍ਰਤੀ ਦਿਨ ਵਧਦੀਆਂ ਲੋੜਾਂ ਇਸ ਤਰ੍ਹਾਂ ਦੀ ਆਮਦਨ ਵੰਡ ਤੇ ਆਧਾਰ ਤੇ ਪੂਰੀਆਂ ਨਹੀਂ ਹੋ ਸਕਦੀਆਂ ਤੇ ਰਾਜ ਸਰਕਾਰ ਨੂੰ ਬਹੁਤ ਹੱਦ ਤੱਕ ਕੇਂਦਰ ਵਲੋਂ ਗਰਾਂਟਾਂ ਉੱਪਰ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਭਾਰਤੀ ਸੰਵਿਧਾਨ ਨੇ ਅਨੁਛੇਦ 275 ਦੁਆਰਾ ਸੰਸਦ ਨੂੰ ਇਹ ਅਧਿਕਾਰ ਹੈ, ਕਿ ਉਹ ਕਿਸੇ ਰਾਜ ਨੂੰ ਮਾਲੀ ਸਹਾਇਤਾ ਦੇ ਤੌਰ ਤੇ ਗਰਾਂਟ ਦੇ ਸਕੇ ਅਤੇ ਗਰਾਂਟ ਭਾਰਤ ਦੇ ਸੰਚਿਤ ਫੰਡ (Consolidated Fund) ਵਿੱਚੋਂ ਲਈ ਜਾਂਦੀ ਹੈ। ਸਹਾਇਤਾ ਸੰਬੰਧੀ ਗਰਾਂਟਾਂ ਤੋਂ ਛੁਟ ਸੰਵਿਧਾਨ ਵਿੱਚ ਦੋ ਵਿਸ਼ੇਸ਼ ਕਾਰਜਾਂ ਲਈ ਗਰਾਂਟਾ ਦਾ ਜ਼ਿਕਰ ਹੈ। (1) ਉਹ ਗਰਾਂਟਾ ਜੋ ਅਨੁਸੂਚਿਤ ਕਬੀਲਿਆਂ ਦੇ ਕਲਿਆਣ ਲਈ ਅਜਿਹੀਆਂ ਯੋਜਨਾਵਾਂ ਦੇ ਵਿਕਾਸ ਹੋਣ ਲਈ ਜਾਂ ਅਨੁਸੂਚਿਤ ਇਲਾਕਿਆਂ ਤੇ ਪ੍ਰਸ਼ਾਸਨ ਵਿੱਚ ਉੱਨਤੀ ਲਈ ਹੋਣ ਜੋ ਰਾਜ ਨੇ ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਸ਼ੁਰੂ ਕੀਤੀਆਂ ਹਨ, ਅਤੇ (2) ਉਹ ਗਰਾਂਟਾ ਜੋ ਰਾਜ ਵਿੱਚ ਅਨੁਸੂਚਿਤ ਇਲਾਕਿਆਂ ਦੇ ਵਿਕਾਸ ਲਈ ਆਸਾਮ ਰਾਜ ਨੂੰ ਦਿੱਤੀਆਂ ਜਾਣ।

ਮਾਲੀ ਸਹਾਇਤਾ ਕੇਂਦਰ ਪਾਸ ਰਾਜ ਸਰਕਾਰ ਉੱਪਰ ਨਿਯੰਤਰਣ ਰੱਖਣ ਦਾ ਇਕ ਸਾਧਨ ਹੈ। ਇਹ ਸਹਾਇਤਾ ਕੁਝ ਸ਼ਰਤਾਂ ਅਧੀਨ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨਾ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਤਰ੍ਹਾਂ ਕੇਂਦਰੀ ਸਰਕਾਰ ਨੂੰ ਰਾਜਾਂ ਦੇ ਕਾਰਜਾਂ ਉੱਪਰ ਦੇਖ ਭਾਲ ਅਤੇ

ਨਿਯੰਤਰਣ ਰੱਖਣ ਦਾ ਹੱਕ ਪ੍ਰਾਪਤ ਹੋ ਜਾਂਦਾ ਹੈ।

ਰਾਜਾਂ ਦਾ ਪਰਸਪਰ ਸਹਿਯੋਗ (Inter-State Co-operation)

ਸੰਘਾਤਮਕ ਪ੍ਰਣਾਲੀ ਵਿੱਚ ਰਾਜ ਆਪਣੇ-ਆਪਣੇ ਖੇਤਰ ਵਿੱਚ ਸਾਧਾਰਣ ਤੌਰ ਤੇ ਸਵਾਧੀਨ ਹੁੰਦੇ ਹਨ ਪਰ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਵਿੱਚ ਪਰਸਪਰ ਸਹਿਯੋਗ ਦੀ ਭਾਵਨਾ ਨਾ ਹੋਵੇ ਤਾਂ ਸੰਘਾਤਮਕ ਢਾਂਚਾ ਤਬਾਹ ਹੋ ਸਕਦਾ ਹੈ। ਸਾਰੀਆਂ ਇਕਾਇਆਂ ਦੀ ਭਲਾਈ ਇਸੇ ਗੱਲ ਵਿੱਚ ਹੁੰਦੀ ਹੈ ਕਿ ਉਹ ਇਕ ਦੂਜੇ ਪ੍ਰਤੀ ਸਦ-ਭਾਵਨਾ ਤੋਂ ਕੰਮ ਲੈਣ ਪਰ ਇਨ੍ਹਾਂ ਵਿੱਚਕਾਰ ਮਤਭੇਦ ਹੋਣ ਦੀ ਸੂਰਤ ਵਿੱਚ ਨਿਹਾਇਤ ਜ਼ਰੂਰੀ ਹੈ ਕਿ ਮਤਭੇਦ ਦੂਰ ਕਰਨ ਲਈ ਸੰਵਿਧਾਨਕ ਵਿਵਸਥਾ ਹੋਵੇ। ਭਾਰਤ ਦੇ ਸੰਵਿਧਾਨ ਨੇ ਇਸ ਪਾਸੇ ਪੂਰਾ ਧਿਆਨ ਦਿੱਤਾ ਅਤੇ ਅਨੁਛੇਦ 262 ਰਾਹੀਂ ਸੰਸਦ ਨੂੰ ਇਹ ਸ਼ਕਤੀ ਪ੍ਰਾਪਤ ਹੋਈ ਹੈ ਕਿ ਉਹ ਕਿਸੇ ਅੰਤਰ-ਰਾਜੀ ਨਦੀ ਤੇ ਪਾਣੀ ਦੀ ਵਰਤੋਂ ਅਤੇ ਨਿਯੰਤਰਣ ਸੰਬੰਧੀ ਸ਼ਕਾਇਤਾਂ ਜਾਂ ਝਗੜੇ ਦੇ ਨਿਰਣੇ ਲਈ ਪ੍ਰਬੰਧ ਕਰੇ। ਸੰਸਦ ਇਹ ਕਾਨੂੰਨ ਪਾਸ ਕਰ ਸਕਦੀ ਹੈ ਕਿ ਸੁਪਰੀਮ ਕੋਰਟ ਜਾਂ ਕੋਈ ਹੋਰ ਅਦਾਲਤ ਇਹੋ ਜਿਹੇ ਝਗੜੇ ਜਾਂ ਸ਼ਕਾਇਤ ਉੱਪਰ ਅਧਿਕਾਰ ਖੇਤਰ ਨਹੀਂ ਰੱਖੇਗੀ। ਇਸ ਉਪਬੰਧ ਦੀ ਮਹੱਤਤਾ ਦਮੋਦਰ ਘਾਟੀ ਅਤੇ ਭਾਖੜਾ ਆਦਿ ਜਿਹੇ ਪ੍ਰੋਜੈਕਟਾਂ ਦੀ ਸਥਾਪਨਾ ਤੋਂ ਉਤਪੰਨ ਹੋਏ ਝਗੜਿਆਂ ਤੋਂ ਸਪਸ਼ਟ ਹੋ ਜਾਂਦੀ ਹੈ।

ਸਮੁੱਚੇ ਦੇਸ਼ ਦੇ ਪ੍ਰਸ਼ਾਸਨ ਨੂੰ ਚੰਗੀ ਤਰ੍ਹਾਂ ਚਲਾਉਣ ਅਤੇ ਰਾਜ ਕੇਂਦਰ ਵਿੱਚ ਸੁਮੇਲ ਪੈਦਾ ਕਰਨ ਲਈ ਅਨੁਛੇਦ 263 ਦੇ ਅਨੁਸਾਰ ਰਾਸ਼ਟਰਪਤੀ ਨੂੰ ਇਹ ਅਧਿਕਾਰ ਹੈ ਲੋੜ ਪੈਣ ਤੇ ਅੰਤਰ-ਰਾਜੀ ਪਰਿਸ਼ਦ (Inter-State Council) ਸਥਾਪਿਤ ਕਰ ਸਕੇ। ਇਸ ਦੇ ਕਰਤੱਵ ਹੋਣਗੇ :-

1. ਰਾਜਾਂ ਦੇ ਪਰਸਪਰ ਝਗੜਿਆਂ ਦੀ ਜਾਂਚ ਪੜਤਾਲ ਕਰਕੇ ਸਲਾਹ ਦੇਣਾ।
2. ਅਜਿਹੇ ਵਿਸ਼ਿਆਂ ਦੀ ਘੋਖ ਤੇ ਜਾਂਚ ਪੜਤਾਲ ਕਰਨਾ ਜਿਨ੍ਹਾਂ ਵਿੱਚ ਕੁਝ ਜਾਂ ਸਾਰੇ ਰਾਜ ਜਾਂ ਕੇਂਦਰ ਅਤੇ ਇਕ ਜਾਂ ਵਧੇਰੇ ਰਾਜ ਸਾਂਝੀ ਦਿਲਚਸਪੀ ਰੱਖਦੇ ਹੋਣ।
3. ਉਪਰੋਕਤ ਵਿਸ਼ਿਆਂ ਬਾਰੇ ਸਿਫਾਰਸ਼ ਕਰਨਾ ਅਤੇ ਖਾਸ ਤੌਰ ਤੇ ਅਜਿਹੇ ਵਿਸ਼ਿਆਂ ਦੀ ਨੀਤੀ ਅਤੇ ਕਾਰਵਾਈ ਬਾਰੇ ਚੰਗੇਰਾ ਤਾਲ-ਮੇਲ ਕਾਇਮ ਰੱਖਣ ਸੰਬੰਧੀ ਸਿਫਾਰਸ ਕਰਨਾ।

ਰਾਸ਼ਟਰਪਤੀ ਨੂੰ ਇਹ ਕਾਨੂੰਨੀ ਹੱਕ ਹੈ ਕਿ ਅਜਿਹੀ ਪਰਿਸ਼ਦ ਤੋਂ ਇਲਾਵਾ ਇਸ ਦਾ ਸੰਗਠਨ ਕਾਰਜ ਪ੍ਰਣਾਲੀ ਦੇ ਕਰਤੱਵਾਂ ਦਾ ਨਿਰਣਾ ਕਰ ਸਕੇ।

ਪ੍ਰਸ਼ਾਸਨੀ ਵਿਹਾਰ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਇਕ ਹੋਰ ਉਪਬੰਧ ਵੱਲ ਧਿਆਨ ਦੇਣਾ ਉੱਚਿਤ ਹੈ। ਅਨੁਛੇਦ 261 ਅਨੁਸਾਰ ਕੇਂਦਰੀ ਜਾਂ ਰਾਜ ਸਰਕਾਰ ਵੱਲੋਂ ਕੀਤੀ ਗਈ ਸਰਕਾਰੀ ਕਾਰਵਾਈ, ਸਰਕਾਰੀ ਰਿਕਾਰਡ ਅਤੇ ਅਦਾਲਤੀ ਕਾਰਵਾਈ ਨੂੰ ਭਾਰਤ ਦੇ ਸਾਰੇ ਇਲਾਕਿਆਂ ਵਿੱਚ ਪੂਰਣ ਮਾਣਤਾ ਤੇ ਸਤਿਕਾਰ ਪ੍ਰਾਪਤ ਹੋਵੇਗਾ। ਸੰਵਿਧਾਨ ਦੇ ਅਨੁਸਾਰ ਅਦਾਲਤਾਂ ਦੇ ਅੰਤਿਮ ਫੈਸਲੇ ਦੇ ਹਰ ਹਿੱਸੇ ਵਿੱਚ ਲਾਗੂ ਹੋਣਗੇ।

ਸੰਵਿਧਾਨ ਅਨੁਸਾਰ ਸਾਰੇ ਭਾਰਤ ਵਿੱਚ ਵਪਾਰ, ਤਜਾਰਤ ਅਤੇ ਮੇਲ ਜੋਲ ਸੁਤੰਤਰ ਰੂਪ ਵਿੱਚ ਹੋ ਸਕਦਾ ਹੈ ਪਰ ਸੰਸਦ ਨੂੰ ਜਨਤਕ ਹਿੱਤ ਨੂੰ ਮੁੱਖ ਰੱਖਦਿਆਂ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਬੰਦਿਸ਼ਾਂ ਲਗਾ ਸਕੇ। ਜਨਤਕ ਹਿੱਤ ਸ਼ਬਦ ਇੰਨਾ ਵਿਸ਼ਾਲ ਅਰਥ ਰੱਖਦਾ ਹੈ ਕਿ ਇਸ ਦੀ ਓਟ ਹੇਠਾਂ ਸੰਸਦ ਦੇ ਹੱਥਾਂ ਵਿੱਚ ਅਸੀਮ ਸ਼ਕਤੀਆਂ ਆ ਜਾਂਦੀਆਂ ਹਨ। ਸੰਸਦ ਰਾਜ ਦੇ ਵਪਾਰ ਉੱਪਰ ਬੰਦਿਸ਼ ਲਗਾ ਸਕਦੀ ਹੈ ਅਤੇ ਭਾਵੇਂ ਸੰਵਿਧਾਨ ਦੁਆਰਾ ਸੰਸਦ ਅਤੇ ਰਾਜ ਵਿਧਾਨ ਮੰਡਲਾਂ ਨੂੰ ਇਸ ਗੱਲ ਦੀ ਮਨਾਹੀ ਹੈ ਕਿ ਵਪਾਰ ਦੇ ਖੇਤਰ ਵਿੱਚ ਇਕ ਰਾਜ ਅਤੇ ਦੂਜੇ ਰਾਜ ਵਿੱਚਕਾਰ ਵਿਤਕਰਾ ਕੀਤਾ ਜਾਵੇ ਪਰ ਵਸਤਾਂ ਦੀ ਥੁੜ ਦੀ ਹਾਲਤ ਵਿੱਚ ਸੰਸਦ ਨੂੰ ਇਹ ਖੁੱਲ੍ਹ ਪ੍ਰਾਪਤ ਹੈ ਕਿ ਉਹ ਅਜਿਹਾ ਵਿਤਕਰਾ ਕਰ ਸਕੇ। ਰਾਜ ਵਿਧਾਨ-ਮੰਡਲ ਵਿੱਚ ਵਪਾਰ ਆਦਿ ਦੀ ਸੁਤੰਤਰਤਾ ਉੱਪਰ ਬੰਦਿਸ਼ ਲਾਉਣ ਵਾਲੇ ਬਿਲ ਜਾਂ ਸੰਸ਼ੋਧਨ ਨੂੰ ਪੇਸ਼ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ। ਅਨੁਛੇਦ 307 ਅਨੁਸਾਰ ਸੰਸਦ ਨੂੰ ਅੰਤਰ-ਰਾਜੀ ਵਪਾਰ ਅਤੇ ਤਜਾਰਤ ਸੰਬੰਧੀ ਕਿਸੇ ਅਧਿਕਾਰੀ ਨੂੰ ਨਿਯੁਕਤ ਕਰਨ ਅਤੇ ਇਸ ਦੇ ਕਰਤੱਵਾਂ ਨੂੰ ਨਿਸ਼ਚਿਤ ਕਰਨ ਦਾ

ਅਧਿਕਾਰ ਵੀ ਪ੍ਰਾਪਤ ਹੈ।

ਆਲੋਚਨਾ

ਉਪਰੋਕਤ ਵਰਣਨ ਤੋਂ ਸਪਸ਼ਟ ਹੈ ਕਿ ਭਾਰਤ ਦੇ ਪ੍ਰਸ਼ਾਸਨਿਕ ਖੇਤਰ ਵਿੱਚ ਵੀ ਕੇਂਦਰ ਨੂੰ ਰਾਜ ਦੇ ਮਾਮਲਿਆਂ ਵਿੱਚ ਬਹੁਤ ਸਾਰੀਆਂ ਸ਼ਕਤੀਆਂ ਪ੍ਰਾਪਤ ਹਨ। ਸੰਸਾਰ ਦੇ ਹੋਰ ਸੰਘਾਤਮਕ ਸ਼ਾਸਨਾਂ ਵਿੱਚ ਕੇਂਦਰ ਵਲੋਂ ਰਾਜਾਂ ਦੇ ਕੰਮਾਂ ਵਿੱਚ ਦਖਲ ਦੇਣ ਦੀ ਸ਼ਕਤੀ ਦੇਣ ਤੋਂ ਸੰਕੋਚ ਕੀਤਾ ਗਿਆ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਕੇਂਦਰ ਨੂੰ ਕੋਈ ਅਧਿਕਾਰ ਨਹੀਂ ਕਿ ਰਾਜਾਂ ਨੂੰ ਹਦਾਇਤ ਦੇ ਸਕੇ। ਆਸਟਰੇਲੀਆ ਵਿੱਚ ਵੀ ਇਸ ਤਰ੍ਹਾਂ ਦਾ ਕੋਈ ਉਪਬੰਧ ਨਹੀਂ ਹੈ। ਭਾਰਤ ਦੇ ਸੰਵਿਧਾਨ ਦੇ ਨਿਰਮਾਤਾਵਾਂ ਤੇ ਸਾਹਮਣੇ ਭਿੰਨਤਾ ਵਿੱਚ ਏਕਤਾ ਕਾਇਮ ਕਰਨਾ ਹੀ ਲਕਸ਼ ਸੀ ਤੇ ਭਾਵੇਂ ਭਿੰਨਤਾ ਨੂੰ ਕੁੱਝ ਹੱਦ ਤੱਕ ਉਤਸ਼ਾਹ ਦੇਣਾ ਜ਼ਰੂਰੀ ਹੈ ਪਰ ਇਸ ਖਾਸ ਸੀਮਾ ਤੋਂ ਅੱਗੇ ਇਹ ਖਲਬਲੀ ਦਾ ਕਾਰਣ ਬਣ ਸਕਦੀ ਹੈ। ਸੰਵਿਧਾਨ ਦੇ ਨਿਰਮਾਤਾ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ ਸਨ ਕਿ ਸੰਘਾਤਮਕ ਸ਼ਾਸ਼ਨ ਕਾਨੂੰਨੀ ਝਗੜਿਆਂ ਨੂੰ ਜਨਮ ਦੇਂਦਾ ਹੈ ਅਤੇ ਦੇਸ਼ ਦੀ ਏਕਤਾ ਨੂੰ ਕਮਜ਼ੋਰ ਕਰਦਾ ਹੈ।

ਜਿਨ੍ਹਾਂ ਪ੍ਰਸਥਿਤੀਆਂ ਵਿੱਚ ਭਾਰਤ ਆਜ਼ਾਦ ਹੋਇਆ ਹੈ ਉਨ੍ਹਾਂ ਵਿੱਚ ਜ਼ਰੂਰੀ ਸੀ ਕਿ ਅਜਿਹੇ ਵਿਸ਼ੇਸ਼ ਉਪਾਅ ਸੋਚੇ ਜਾਂਦੇ ਜਿਨ੍ਹਾਂ ਨਾਲ ਸੈਂਕੜੇ ਵਰ੍ਹਿਆਂ ਦੀ ਏਕਤਾ ਪੈਦਾ ਕਰਨ ਦੀ ਕੋਸ਼ਿਸ਼ ਵਿਅਰਥ ਨਾ ਜਾਂਦੀ। ਇਸ ਏਕਤਾ ਨੂੰ ਕਾਇਮ ਰੱਖਣ ਲਈ ਹੀ ਕੇਂਦਰ ਨੂੰ ਅਜਿਹੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨਾਲ ਰਾਜ ਨੂੰ ਨਿਯੰਤਰਣ ਅਧੀਨ ਰੱਖਿਆ ਜਾ ਸਕੇ। ਪ੍ਰੋ. ਪਾਲ ਐਪਲਬੀ ਭਾਰਤ ਦੀ ਪ੍ਰਸ਼ਾਸ਼ਨੀ ਪ੍ਰਣਾਲੀ ਨੂੰ ਘੋਖਣ ਮਗਰੋਂ ਕੇਂਦਰ ਤੇ ਪ੍ਰਭਾਵ ਨੂੰ ਸ਼ਕਤੀ ਕਹਿਣ ਦੀ ਥਾਂ ਪ੍ਰਭਾਵ ਆਖਦੇ ਹਨ, ਕਿਉਂਕਿ ਇਸ ਦੀ ਵਰਤੋਂ ਯੋਜਨਾਵਾਂ, ਐਲਾਨਾਂ ਤੇ ਕਾਨਫਰੰਸਾਂ ਦੁਆਰਾ ਹੁੰਦੀ ਹੈ।

ਕੇਂਦਰ ਅਤੇ ਰਾਜਾਂ ਵਿੱਚਕਾਰ ਪ੍ਰਸ਼ਾਸਕੀ ਸੰਬੰਧਾਂ ਦੇ ਇਸ ਸਰਵੇਖਣ ਤੋਂ ਸਾਨੂੰ ਪਤਾ ਲਗਦਾ ਹੈ ਕਿ ਭਾਰਤ ਦੇ ਸੰਵਿਧਾਨ ਨੇ ਕੇਂਦਰ ਨੂੰ ਬਹੁਤ ਜ਼ਿਆਦਾ ਪ੍ਰਸ਼ਾਸਕੀ ਸ਼ਕਤੀਆਂ ਦਿੱਤੀਆਂ ਹੋਈਆਂ ਹਨ। ਅਨੁਛੇਦ 267 ਅਤੇ 257 ਵਿੱਚ ਰਾਜਾਂ ਉੱਤੇ ਪ੍ਰਸ਼ਾਸ਼ਕੀ ਕੰਟਰੋਲ ਅਤੇ ਨਿਰਦੇਸ਼ਨ ਦੇ ਵਿਸਤ੍ਰਿਤ ਪ੍ਰਬੰਧ ਦਾ ਵਰਨਣ ਕੀਤਾ ਹੋਇਆ ਹੈ। ਇਨ੍ਹਾਂ ਪ੍ਰਸ਼ਾਸਕੀ ਸੰਬੰਧਾਂ ਉੱਤੇ ਕਰੜੀ ਆਲੋਚਨਾ ਹੋਈ ਹੈ। ਆਲੋਚਕਾਂ ਦੀ ਦਲੀਲ ਇਹ ਹੈ ਕਿ ਸੰਵਿਧਾਨ ਵੱਲੋਂ ਕੇਂਦਰ ਨੂੰ ਰਾਜਾਂ ਉੱਤੇ ਦਿੱਤਾ ਇੰਨ੍ਹਾਂ ਜ਼ਿਆਦਾ ਪ੍ਰਸ਼ਾਸਕੀ ਕੰਟਰੋਲ, ਜਿਸ ਵਿੱਚ ਅਨੁਛੇਦ 365 ਵਿੱਚ ਦਿੱਤੇ ਗਏ ਜਬਰੀ ਕਦਮਾਂ ਨੂੰ ਚੁੱਕਣ ਦੀ ਸ਼ਕਤੀ ਵੀ ਹੈ, ਰਾਜਾਂ ਦੀ ਖੁਦਮੁਖਤਾਰੀ ਨੂੰ, ਜੋ ਸੰਘਵਾਦ ਦੀ ਜਾਨ ਹੁੰਦੀ ਹੈ, ਤਬਾਹ ਕਰਦਾ ਹੈ। ਪਰ ਅਮਲੀ ਤੌਰ ਤੇ ਚੌਥੀ ਆਮ ਚੋਣ ਤਕ ਕੇਂਦਰ ਤੇ ਰਾਜਾਂ ਦੇ ਸੰਬੰਧ ਨਿਰਵਿਘਨ ਚਲਦੇ ਰਹੇ ਹਨ, ਕਿਉਂਕਿ ਦੋਹਾਂ ਵਿੱਚ ਹੀ ਕਾਂਗਰਸ ਪਾਰਟੀ ਦੀ ਸਰਕਾਰ ਸੀ। ਚੌਥੀ ਆਮ ਚੋਣ ਤੋਂ ਬਾਅਦ ਕੇਂਦਰ ਤੇ ਰਾਜਾਂ ਦੇ ਪਰਸਪਰ ਸੰਬੰਧਾਂ ਵਿੱਚ ਇਕ ਨਵਾਂ ਮੋੜ ਆਇਆ ਕਿਉਂਕਿ ਕਈ ਰਾਜਾਂ ਵਿੱਚ ਗੈਰ ਕਾਂਗਰਸੀ ਤੇ ਮਿਲੀਆਂ ਜੁਲੀਆਂ ਸਰਕਾਰਾਂ ਹੋਂਦ ਵਿੱਚ ਆਈਆ। ਚੌਥੀ ਆਮ ਚੋਣ ਵਿੱਚ ਕਾਂਗਰਸ ਦੀ ਵੀਹ ਸਾਲ ਪੁਰਾਣੀ ਪ੍ਰਬਲਤਾ ਨੂੰ ਇਕ ਵੱਡਾ ਧੱਕਾ ਪੁੱਜਾ। ਉਸ ਵੇਲੇ ਤੱਕ ਕੇਂਦਰ ਤੇ ਰਾਜਾਂ ਵਿੱਚ ਇੱਕੋ ਪਾਰਟੀ ਅਥਵਾ ਕਾਂਗਰਸ ਦੀ ਹਕੂਮਤ ਹੋਣ ਕਾਰਨ ਅੰਤਰ ਰਾਜੀ ਝਗੜੇ ਪਾਰਟੀ ਦੇ ਆਧਾਰ ਤੇ ਨਜਿੱਠ ਲਏ ਜਾਂਦੇ ਸਨ। ਆਮ ਤੌਰ ਤੇ ਇਹ ਝਗੜੇ ਪਾਰਟੀ ਵਿੱਚਲੀ ਗੁਟਬੰਦੀ ਕਾਰਣ ਹੁੰਦੇ ਸਨ, ਇਸ ਤਰ੍ਹਾਂ ਇਹ ਇਕ ਪ੍ਰਕਾਰ ਨਾਲ ਘਰੇਲੂ ਲੜਾਈਆਂ ਦਾ ਰੂਪ ਧਾਰ ਲੈਂਦੇ ਸਨ ਅਤੇ ਉਨ੍ਹਾਂ ਨੂੰ ਨਜਿੱਠਣਾ ਆਸਾਨ ਹੁੰਦਾ ਹੈ। ਉਦੋਂ ਇਹ ਜਾਪਦਾ ਸੀ ਕਿ ਸੰਘੀ ਢਾਂਚਾ ਇੱਕ ਦਲ ਪ੍ਰਣਾਲੀ ਦੇ ਆਧਾਰ ਉੱਤੇ ਚਲ ਰਿਹਾ ਹੈ ਤੇ ਮਨ ਵਿੱਚ ਇਹ ਸ਼ੰਕਾ ਉਪਜਦੀ ਸੀ ਕਿ ਕਿਧਰੇ ਇਹ ਇੱਕ ਦਲੀ ਆਧਾਰ ਸੰਘਾਤਮਕ ਰਾਜ ਦੀ ਉੱਨਤੀ ਦੇ ਰਾਹ ਵਿੱਚ ਰੁਕਾਵਟ ਤੇ ਨਹੀਂ ਬਣ ਰਿਹਾ। ਚੌਥੀ ਆਮ ਚੋਣ ਤੋਂ ਬਾਅਦ ਰਾਜਾਂ ਵਿੱਚ ਗੈਰ ਸਰਕਾਰੀ ਪਾਰਟੀਆਂ ਦੇ ਜ਼ੋਰ ਫੜ ਜਾਣ ਨਾਲ ਦੇਸ਼ ਦੇ ਰਾਜਨੀਤਕ ਢਾਂਚੇ ਵਿੱਚ ਤਬਦੀਲੀ ਆ ਗਈ ਤੇ ਇਸ ਨੂੰ ਬਹੁ-ਪਾਰਟੀ ਆਧਾਰ ਤੇ ਚੱਲਣਾ ਪਿਆ। ਸਾਡੇ ਦੇਸ਼ ਦਾ ਸਮਾਜਿਕ ਪਿਛੋਕੜ ਬਹੁਮੁਖੀ ਹੋਣ ਕਰਕੇ ਇਸ ਸਥਿਤੀ ਦੀ ਸੰਭਾਵਨਾ ਵਧੇਰੇ ਹੈ। ਚੌਥੀ ਆਮ ਚੋਣ ਤੋਂ ਬਾਅਦ ਜਿਹੜੀ ਰਾਜਨੀਤਿਕ

ਖਿਚੋਤਾਣ ਪੈਦਾ ਹੋਈ ਇਸਦਾ ਕਾਰਨ ਇਹ ਸੀ ਕਿ ਇਕ ਪਾਰਟੀ ਦੀ ਇਜਾਰੇਦਾਰੀ ਖ਼ਤਮ ਹੋ ਗਈ ਸੀ ਅਤੇ ਦੂਜੀਆਂ ਪਾਰਟੀਆਂ ਵੀ ਮੁਕਾਬਲੇ ਵਿੱਚ ਆ ਗਈਆਂ ਸਨ।

ਇਸ ਖਿਚੋਤਾਣ ਦਾ ਇੱਕ ਆਧਾਰ ਸਰਵ ਭਾਰਤੀ ਸੇਵਾਵਾਂ ਦੀ ਹੋਂਦ ਅਤੇ ਇਨ੍ਹਾਂ ਦਾ ਰੋਲ ਹੈ। ਕਈ ਰਾਜਾਂ ਵਲੋਂ ਇਹ ਆਲੋਚਨਾ ਕੀਤੀ ਜਾਂਦੀ ਹੈ ਕਿ ਜਦ ਸੰਘਾਤਮਕ ਰਾਜ ਵਿੱਚ ਕੇਂਦਰ ਤੇ ਇਕਾਇਆਂ ਤੇ ਖੇਤਰ ਪਹਿਲਾਂ ਹੀ ਨਿਸ਼ਚਿਤ ਕਰ ਦਿੱਤਾ ਜਾਂਦਾ ਹੈ ਤਾਂ ਫਿਰ ਸਰਵ ਭਾਰਤੀ ਸੇਵਾਵਾਂ ਦੀ ਕੀ ਲੋੜ ਹੈ। ਕੀ ਹਰ ਇਕ ਰਾਜ ਦੀ ਆਪਣੀ ਆਪਣੀ ਪ੍ਰਸ਼ਾਸਨੀ ਸੇਵਾ ਹੋਣੀ ਕਾਫ਼ੀ ਨਹੀਂ। ਕਈ ਵਾਰ ਇਨ੍ਹਾਂ ਦੀ ਨਿਰਪੱਖਤਾ ਬਾਰੇ ਸ਼ੱਕ ਕਰਦੇ ਹੋਏ ਇਹ ਵੀ ਕਿਹਾ ਜਾਂਦਾ ਹੈ ਕਿ ਹੁਣ ਤੱਕ ਕਾਂਗਰਸ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਹੀ ਕਾਰਜ ਰੂਪ ਵਿੱਚ ਲਿਆਣ ਵਾਲੀ ਪ੍ਰਸ਼ਾਸਨੀ ਸੇਵਾ ਸ਼ਾਇਦ ਹੋਰ ਪਾਰਟੀਆਂ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਉਸੇ ਜੋਸ਼ ਤੇ ਈਮਾਨਦਾਰੀ ਨਾਲ ਨਾ ਨਿਭਾ ਸਕੇ। ਪਰ ਹੁਣ ਤਕ ਸਰਬ ਭਾਰਤੀ ਸੇਵਾਵਾਂ ਨੇ ਜਿਸ ਨਿਰਪੱਖਤਾ ਦਾ ਸਬੂਤ ਦਿੱਤਾ ਹੈ ਉਸ ਨੇ ਇਸ ਡਰ ਨੂੰ ਕਾਫੀ ਹੱਦ ਤੱਕ ਨਿਰਮੂਲ ਸਿੱਧ ਕਰ ਦਿੱਤਾ ਹੈ। ਉਨ੍ਹਾਂ ਨੇ ਹਰ ਪਾਰਟੀ ਦੀਆਂ ਨੀਤੀਆਂ ਉੱਤੇ ਸਦਭਾਵਨਾ ਨਾਲ ਅਮਲ ਕਰਨ ਦਾ ਜਤਨ ਕੀਤਾ ਹੈ।

ਸੰਵਿਧਾਨ ਆਪ ਹੀ ਖਿਚੋਤਾਣ ਦਾ ਇਕ ਹੋਰ ਵਿਸ਼ਾ ਹੈ। ਕਿਹਾ ਜਾਂਦਾ ਹੈ ਕਿ ਬਾਹਰੀ ਰੂਪ ਵਿੱਚ ਸੰਘਾਤਮਕ ਢਾਂਚਾ ਮੂਲ ਰੂਪ ਵਿੱਚ ਇਕਾਤਮਕ ਹੋਣ ਕਰਕੇ ਇਹ ਆਪ ਹੀ ਕਈ ਸਾਰੇ ਭੁਲੇਖਿਆਂ ਦੀ ਜੜ੍ਹ ਹੈ। ਇਸ ਸੰਬੰਧੀ ਭਿੰਨ ਭਿੰਨ ਅਵਾਜ਼ਾਂ ਉੱਠ ਰਹੀਆਂ ਹਨ। ਕੁਝ ਤਾਂ ਇਸ ਨੂੰ ਬਿਲਕੁਲ ਹੀ ਬਦਲ ਦੇਣਾ ਚਾਹੁੰਦੇ ਹਨ ਅਤੇ ਕੁਝ ਇਸ ਵਿਚ ਕੁਝ ਮੋਟੀਆਂ ਮੋਟੀਆਂ ਤਬਦੀਲੀਆਂ ਦੀ ਮੰਗ ਕਰਦੇ ਹਨ ਜਿਨ੍ਹਾਂ ਨਾਲ ਇਕਾਤਮਕ ਝੁਕਾ ਨੂੰ ਖਤਮ ਕਰਕੇ ਕੇਂਦਰ ਤੇ ਰਾਜ ਦੇ ਸੰਬੰਧਾਂ ਨੂੰ ਬਦਲਦੀਆਂ ਹਾਲਾਤਾਂ ਅਨੁਸਾਰ ਢਾਲ ਲਿਆ ਜਾਏ। ਅਸਲ ਵਿੱਚ ਚੌਥੀ ਆਮ ਚੋਣ ਤੋਂ ਪਹਿਲਾਂ ਇਕ ਪਾਰਟੀ ਦੇ ਗਲਬੇ ਕਾਰਨ ਸਾਡਾ ਸੰਘੀ ਢਾਚਾ ਬਿਨਾ ਕਿਸੇ ਰੁਕਾਵਟ ਤੋਂ ਚੰਗੀ ਤਰ੍ਹਾਂ ਕੰਮ ਕਰਦਾ ਰਿਹਾ ਸੀ ਪਰ ਹੁਣ ਬਹੁਤ ਸਾਰੀਆਂ ਪਾਰਟੀਆਂ ਦੇ ਮੁਕਾਬਲੇ ਵਿੱਚ ਆ ਜਾਣ ਕਾਰਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੁਝ ਉਸਾਰੂ ਰਵਾਇਤਾਂ ਦੇ ਟੀਚੇ ਮਿਥ ਲਏ ਜਾਣ ਤਾਂ ਜੋ ਸੰਘੀ ਢਾਂਚਾ ਸਫਲਤਾ ਪੂਰਵਕ ਚਲ ਸਕੇ।

ਇਕ ਹੋਰ ਸਮੱਸਿਆਂ ਸ਼ਾਂਤੀ ਤੇ ਵਿਵਸਥਾ ਦੇ ਖੇਤਰ ਵਿੱਚ ਖਿਚੋਤਾਣ ਦੀ ਹੈ। ਕਈ ਘਟਨਾਵਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਰਾਜ ਸਰਕਾਰਾਂ ਸ਼ਾਂਤੀ ਤੇ ਵਿਵਸਥਾ ਦੇ ਮਾਮਲੇ ਵਿੱਚ ਕੇਂਦਰ ਦੀਆਂ ਹਦਾਇਤਾਂ ਮੰਨਣ ਦੀ ਥਾਂ ਆਪਣੀ ਨੀਤੀ ਅਨੁਸਾਰ ਚੱਲਣਾ ਚਾਹੁੰਦੀਆਂ ਹਨ, ਜਿਵੇਂ 1968 ਵਿੱਚ ਕੇਰਲਾ ਸਰਕਾਰ ਨੇ ਕੇਂਦਰੀ ਕਰਮਚਾਰੀਆਂ ਦੀ ਹੜਤਾਲ ਵਿੱਚ ਕੇਂਦਰੀ ਸਰਕਾਰ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸੇ ਤਰ੍ਹਾਂ ਪੱਛਮੀ ਬੰਗਾਲ ਵਿੱਚ ਸੰਯੁਕਤ ਮੋਰਚੇ ਦੀ ਸਰਕਾਰ, ਜਿਸ ਵਿੱਚ ਮਾਰਕਸਵਾਦੀ ਕਮਿਉਨਿਸਟ ਪਾਰਟੀ ਦੀ ਗਲਬਾ ਸੀ, ਦੇ ਸਮੇਂ ਸ਼ਾਂਤੀ ਤੇ ਵਿਵਸਥਾ ਦੇ ਮਾਮਲੇ ਉੱਤੇ ਕੇਂਦਰ ਤੇ ਰਾਜ ਸਰਕਾਰ ਵਿੱਚ ਕਾਫੀ ਖਿਚੋਤਾਣ ਰਹੀ। ਸੰਘ ਸੰਪਤੀ ਦੀ ਸੁਰੱਖਿਆ ਲਈ ਕੇਂਦਰੀ ਸਰਕਾਰ ਨੂੰ ਆਪਣੀ ਰਿਜ਼ਰਵ ਪੁਲਿਸ ਭੇਜਣੀ ਪਈ ਸੀ। ਸੋ ਸਮੱਸਿਆ ਇਹ ਹੈ ਕਿ ਇਕ ਪਾਸੇ ਰਾਜਾਂ ਵਿੱਚ ਸੱਤਾਧਾਰੀ ਪਾਰਟੀਆਂ ਦੇ ਆਪਣੇ ਪ੍ਰੋਗਰਾਮ ਦੇ ਆਦਰਸ਼ ਹਨ ਤੇ ਇਨ੍ਹਾਂ ਨਾਲ ਸ਼ਾਂਤੀ ਤੇ ਵਿਵਸਥਾ ਕਾਇਮ ਰੱਖਣ ਦੀ ਜ਼ਿੰਮੇਵਾਰੀ ਹੈ ਅਤੇ ਦੂਜੇ ਪਾਸੇ ਕੇਂਦਰ ਦੀ ਕਾਨੂੰਨੀ ਜ਼ਿੰਮੇਵਾਰੀ ਹੈ। ਇਨ੍ਹਾਂ ਵਿੱਚ ਸੁਮੇਲ ਕਿਵੇਂ ਪ੍ਰਾਪਤ ਕੀਤਾ ਜਾਵੇ ? ਪਰ ਕੁਝ ਕੁ ਘਟਨਾਵਾਂ ਦੇ ਹੀ ਨਤੀਜੇ ਵਜੋਂ ਰਾਜ ਸਰਕਾਰਾਂ ਨੂੰ ਪਤਾ ਲੱਗ ਗਿਆ ਹੈ ਕਿ ਸ਼ਾਂਤੀ ਦੀ ਵਿਵਸਥਾ ਦੀ ਜ਼ਿੰਮੇਵਾਰੀ ਵਲੋਂ ਅਵੇਸਲਾ ਹੋਣਾ ਉਨ੍ਹਾਂ ਦੇ ਆਪਣੇ ਲਈ ਹੀ ਹਾਨੀਕਾਰਕ ਹੈ। ਇਸ ਦੀ ਮਹੱਤਵਪੂਰਨ ਉਦਾਹਰਣ ਪੱਛਮੀ ਬੰਗਾਲ ਵਿੱਚ ਨਕਸਲਵਾਦੀ ਤੇ ਕੇਰਲਾ ਵਿੱਚ ਆਤੰਕਵਾਦੀ ਲਹਿਰ (Terrorist Movement) ਦਾ ਹੋਂਦ ਵਿੱਚ ਆਉਣਾ ਹੈ।

ਇਹ ਸੱਚ ਹੈ ਕਿ ਰਾਜਾਂ ਉੱਤੇ ਕੰਟਰੋਲ ਅਤੇ ਨਿਰਦੇਸ਼ਨ ਸੰਬੰਧੀ ਸੰਵਿਧਾਨ ਵਿੱਚ ਦਿੱਤੇ ਗਏ ਉਪਬੰਧਾਂ ਵਿੱਚ ਅਜਿਹੀ ਸੰਭਾਵਨਾ ਲੁਕੀ ਹੋਈ ਹੈ, ਜਿਸ ਨਾਲ ਰਾਜਾਂ ਦੀ ਖੁਦ ਮੁਖਤਿਆਰੀ ਦੀ ਪ੍ਰਵਾਹ ਨਾ

ਕਰਦਿਆਂ ਹੋਇਆ ਇਨ੍ਹਾਂ ਦੀ ਕੁਵਰਤੋਂ ਕੀਤੀ ਜਾ ਸਕਦੀ ਹੈ। ਪਰ ਜਿਸ ਦੇਸ਼ ਦਾ ਉਦੇਸ਼ ਕਲਿਆਣਕਾਰੀ ਰਾਜ ਦੀ ਸਥਾਪਨਾ ਹੋਵੇ ਅਤੇ ਜਿਸ ਵਿੱਚ ਅਲਹਿਦਗੀ ਪਸੰਦ ਸ਼ਕਤੀਆਂ ਸਰਗਰਮ ਹੋਣ ਉਥੇ ਅਜਿਹੇ ਉਪਬੰਧਾਂ ਨੂੰ ਇਕ ਆਵੱਸ਼ਕ ਬੁਰਾਈ ਸਮਝ ਕੇ ਪ੍ਰਵਾਨ ਕਰਨਾ ਪਵੇਗਾ। ਇਸ ਤੋਂ ਇਲਾਵਾ ਦੇਸ਼ ਵਿੱਚ ਅਲਹਿਦਗੀ ਪਸੰਦ ਸ਼ਕਤੀਆਂ ਨੂੰ ਰੋਕਣ ਲਈ ਇਕਸਾਰਤਾ ਦੀ ਲੋੜ ਹੈ। ਏਥੋਂ ਤੱਕ ਅੱਜ ਅਮਰੀਕਾ ਜਿਹੇ ਪੁਰਾਣੇ ਸੰਘ ਰਾਜ ਵਿੱਚ ਰਾਜਾਂ ਨੂੰ ਕੇਂਦਰ ਦੇ ਪ੍ਰਸ਼ਾਸਕੀ ਏਜੰਟ ਤੇ ਵਰਤਣਾ ਅਤੇ ਰਾਜਾਂ ਉੱਤੇ ਕੇਂਦਰ ਦਾ ਪ੍ਰਸ਼ਾਸਕੀ ਕੰਟਰੋਲ ਇਕ ਲੱਛਣ ਬਣ ਗਿਆ ਹੈ। ਇਸ ਤਰ੍ਹਾਂ ਖਰਚ ਕਰਨ ਦੀ ਸ਼ਕਤੀ ਦੀ ਵਰਤੋਂ ਅਮਰੀਕਾ ਵਰਗੀ ਸੰਘ ਸਰਕਾਰ ਵੀ ਰਾਜਾਂ ਉੱਤੇ ਬਹੁਤ ਜ਼ਿਆਦਾ ਪ੍ਰਸ਼ਾਸਕੀ ਕੰਟਰੋਲ ਅਤੇ ਨਿਗਰਾਨੀ ਰੱਖਦੀ ਹੈ। ਰਾਜਾਂ ਨੂੰ ਇਸ ਕੰਟਰੋਲ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ ਤਾਂ ਜੋ ਇਹ ਨਾ ਹੋਵੇ ਕਿ ਵਿੱਤੀ ਸਹਾਇਤਾ ਰੋਕ ਲਈ ਜਾਵੇ। ਭਾਰਤੀ ਸੰਵਿਧਾਨ ਅਧੀਨ ਜਿੱਥੋਂ ਤੱਕ ਕੇਂਦਰ ਵੱਲੋਂ ਅਨੁਛੇਦ 356 ਦੇ ਸੰਕਟਕਾਲੀਨ ਉਪਬੰਧਾਂ ਨੂੰ ਲਾਗੂ ਕਰਨ ਦੀ ਧਮਕੀ ਰਾਹੀਂ ਆਪਣੇ ਨਿਰਦੇਸ਼ਾਂ ਨੂੰ ਲਾਗੂ ਕਰਨ ਦਾ ਸਵਾਲ ਹੈ, ਇਸ ਬਾਰੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਲਾਗੂ ਕਰਵਾਉਣ ਦੀ ਤਾਕਤ ਤੋਂ ਬਿਨਾਂ ਨਿਰਦੇਸ਼ਾਂ ਦਾ ਕੋਈ ਫਾਇਦਾ ਨਹੀਂ। ਰਾਜਾ ਨੂੰ ਕੇਂਦਰ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਅਤੇ ਉਨ੍ਹਾਂ ਵਿੱਚ ਅਲਹਿਦਗੀ ਦੀ ਰੁਚੀ ਨੂੰ ਰੋਕਣ ਲਈ ਇਹ ਉਪਬੰਧ ਜ਼ਰੂਰੀ ਹੈ ਅਤੇ ਇਨ੍ਹਾਂ ਨੂੰ ਉਚਿਤ ਕਿਹਾ ਜਾ ਸਕਦਾ ਹੈ।

ਕੇਂਦਰੀ ਰਾਜਾਂ ਦੇ ਸੰਬੰਧਾਂ ਦਾ ਆਲੋਚਨਾਤਮਕ ਮੁਲਾਂਕਣ
(Critical Evaluation of the Centre State Relations)

ਕੇਂਦਰ ਰਾਜਾਂ ਦੇ ਸੰਬੰਧਾਂ ਦੇ ਹਰੇਕ ਖੇਤਰ ਵਿੱਚ ਰਾਜਾਂ ਦੇ ਮੁਕਾਬਲੇ ਕੇਂਦਰ ਦਾ ਪਲੜਾ ਭਾਰੀ ਹੈ। ਇਹੀ ਕਾਰਨ ਹੈ ਕਿ ਕੁਝ ਆਲੋਚਕ ਭਾਰਤ ਦੀ ਸੰਘਾਤਮਕ ਪ੍ਰਣਾਲੀ ਨੂੰ ਇਕ ਸੱਚੀ ਪ੍ਰਣਾਲੀ ਨਹੀਂ ਮੰਨਦੇ। ਕੇਂਦਰ ਰਾਜ ਦੇ ਸੰਬੰਧਾਂ ਦੇ ਪ੍ਰਬੰਧ ਵਿੱਚ ਕੁਝ ਮਹੱਤਵਪੂਰਨ ਦੋਸ਼ ਹਨ ਜਿਹਨਾਂ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ।

1. **ਵਿਧਾਨਿਕ ਖੇਤਰ ਵਿੱਚ ਕੇਂਦਰ ਦੀ ਪ੍ਰਮੁੱਖਤਾ (Dominance of the Centre in legislative field) :** ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਆਪਸੀ ਵਿਧਾਨਿਕ ਸੰਬੰਧਾਂ ਦਾ ਅਧਿਐਨ ਕਰਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੰਵਿਧਾਨ ਨੇ ਕੇਂਦਰ ਨੂੰ ਵਿਧਾਨਿਕ ਖੇਤਰ ਵਿੱਚ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਬਣਾਇਆ ਹੈ। ਸੰਘ ਸੂਚੀ ਵਿੱਚ ਦਰਜ ਵਿਸ਼ੇ ਗਿਣਤੀ ਵਿੱਚ ਕਾਫੀ ਜ਼ਿਆਦਾ ਹਨ ਅਤੇ ਮਹੱਤਤਾ ਦੇ ਪੱਖ ਤੋਂ ਵੀ ਇਹ ਰਾਜ ਸੂਚੀ ਵਿੱਚ ਦਿੱਤੇ ਵਿਸ਼ਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹਨ। ਰਾਜ ਸੂਚੀ ਵਿੱਚ ਦਿੱਤੇ ਵਿਸ਼ੇ ਵੀ ਕੇਂਦਰ ਸਰਕਾਰ ਦੇ ਨਿਯੰਤਰਣ ਤੋਂ ਬਾਹਰ ਨਹੀਂ ਹਨ। ਅਨੇਕਾਂ ਪਰਸਥਿਤੀਆਂ ਵਿੱਚ ਕੇਂਦਰ ਸਰਕਾਰ ਉਹਨਾਂ ਵਿਸ਼ਿਆਂ ਸੰਬੰਧੀ ਕਾਨੂੰਨ ਦਾ ਨਿਰਮਾਣ ਕਰ ਸਕਦੀ ਹੈ। ਸਮਵਰਤੀ ਸੂਚੀ ਵਿੱਚ ਦਿੱਤੇ ਵਿਸ਼ਿਆਂ ਸੰਬੰਧੀ ਵੀ ਕੇਂਦਰ ਸਰਕਾਰ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਹਨਾਂ ਸਾਰੀਆਂ ਗੱਲਾਂ ਤੋਂ ਇਲਾਵਾ ਬਚੀਆਂ ਸ਼ਕਤੀਆਂ (Residuart Powers) ਵੀ ਕੇਂਦਰ ਸਰਕਾਰ ਨੂੰ ਸੌਂਪਣ ਨਾਲ ਰਾਜ ਸਰਕਾਰਾਂ ਦੀਆਂ ਵਿਧਾਨਿਕ ਸ਼ਕਤੀਆਂ ਦਾ ਖੇਤਰ ਬਿਲਕੁਲ ਹੀ ਸੀਮਿਤ ਕਰ ਦਿੱਤਾ ਗਿਆ ਹੈ। ਰਾਜ ਸਰਕਾਰਾਂ ਦੀ ਸਥਿਤੀ ਸੰਘਾਤਮਕ ਪ੍ਰਣਾਲੀ ਦੀ ਆਤਮਾ ਦੇ ਵਿਰੁੱਧ ਹੈ।

2. **ਰਾਜ ਸਰਕਾਰਾਂ ਦੇ ਕਾਨੂੰਨ ਨੂੰ ਰਾਸ਼ਟਰਪਤੀ ਲਈ ਰਾਖਵੇਂ ਰੱਖਣ ਦੀ ਵਿਵਸਥਾ (Provision for reserving state laws for the President's consideration) :** ਵਿਧਾਨਿਕ ਸ਼ਕਤੀਆਂ ਦੀ ਵੰਡ ਸੰਬੰਧੀ ਇਕ ਹੋਰ ਪੱਖ ਵਿਚਾਰਯੋਗ ਹੈ। ਰਾਸ਼ਟਰਪਤੀ ਉਹਨਾਂ ਬਿਲਾਂ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਵੀ ਕਰ ਸਕਦਾ ਹੈ। ਰਾਜਪਾਲ ਕੇਂਦਰ ਸਰਕਾਰ ਦੀ ਸਲਾਹ ਤੇ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਕੇਂਦਰ ਦੁਆਰਾ ਨਿਯੁਕਤ ਹੋਏ ਰਾਜਪਾਲ ਕੇਂਦਰ ਸਰਕਾਰ ਨੂੰ ਪ੍ਰਸੰਨ ਕਰਨ ਲਈ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਕਿਸੇ ਵੀ ਕਾਨੂੰਨ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖ ਸਕਦੇ ਹਨ।

3. **ਸੰਵਿਧਾਨ ਵਿੱਚ ਤਰਮੀਮ ਕਰਨ ਦੀ ਸ਼ਕਤੀ ਕੇਂਦਰ ਕੋਲ (Powers of Amending the Constitution with the centre) :** ਸੰਵਿਧਾਨ ਵਿਚ ਤਰਮੀਮ ਕਰਨ ਸੰਬੰਧੀ ਰਾਜ ਵਿਧਾਨ ਮੰਡਲ ਪਹਿਲ ਨਹੀਂ ਕਰ ਸਕਦੇ, ਸੰਵਿਧਾਨ ਦੇ ਥੋੜ੍ਹੇ ਜਿਹੇ ਅਨੁਛੇਦ ਹਨ ਜਿਹਨਾਂ ਵਿੱਚ ਤਰਮੀਮ ਕਰਨ ਸੰਬੰਧੀ ਰਾਜ ਵਿਧਾਨ ਮੰਡਲਾਂ ਦੀ ਪ੍ਰਵਾਨਗੀ ਲਈ ਜਾਂਦੀ ਹੈ। ਸੰਵਿਧਾਨ ਦੇ ਕਾਫੀ ਵੱਡੇ ਭਾਗ ਵਿੱਚ ਤਰਮੀਮ ਕਰਨ ਲਈ ਰਾਜ ਵਿਧਾਨ ਮੰਡਲ ਕੋਲ ਕੋਈ ਸ਼ਕਤੀ ਪ੍ਰਾਪਤ ਨਹੀਂ ਹੈ ਇੱਥੋਂ ਤੱਕ ਕਿ ਨਵੇਂ ਰਾਜ ਦਾ ਨਿਰਮਾਣ ਕਰਨ, ਰਾਜਾਂ ਦੇ ਨਾਂ ਵਿੱਚ ਤਬਦੀਲੀ ਕਰਨ ਜਾ ਉਹਨਾਂ ਦੀਆਂ ਸੀਮਾਵਾਂ ਵਿੱਚ ਪਰਿਵਰਤਨ ਕਰਨ ਦਾ ਅਧਿਕਾਰ ਵੀ ਕੇਂਦਰੀ ਸੰਸਦ ਕੋਲ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਵਿਧਾਨਿਕ ਅਤੇ ਸੰਵਿਧਾਨਕ ਖੇਤਰ ਵਿੱਚ ਰਾਜਾਂ ਦੇ ਮੁਕਾਬਲੇ ਕੇਂਦਰ ਸਰਕਾਰ ਦੀ ਸਥਿਤੀ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੈ।

4. **ਪ੍ਰਸ਼ਾਸਨਿਕ ਸੰਬੰਧਾਂ ਵਿੱਚ ਕੇਂਦਰ ਦੀ ਸ਼੍ਰੇਸ਼ਠਤਾ (Supremacy of the Centre in Administrative Relations) :-** ਵਿਧਾਨਿਕ ਖੇਤਰ ਦੀ ਤਰ੍ਹਾਂ ਪ੍ਰਸ਼ਾਸਨਿਕ ਖੇਤਰ ਵਿੱਚ ਵੀ ਕੇਂਦਰ ਸਰਕਾਰ ਦੀ ਸਥਿਤੀ ਪ੍ਰਮੁੱਖਤਾ (Dominance) ਵਾਲੀ ਹੈ। ਰਾਜਪਾਲ ਰਾਜਾਂ ਦੇ ਭਾਵੇਂ ਸੰਵਿਧਾਨਿਕ ਮੁੱਖੀ ਹੁੰਦੇ ਹਨ, ਪ੍ਰੰਤੂ ਕੇਂਦਰ ਦੁਆਰਾ ਨਿਯੁਕਤ ਹੋਣ ਕਾਰਨ ਉਹ ਮੁੱਖ ਰੂਪ ਵਿੱਚ ਕੇਂਦਰ ਸਰਕਾਰ ਦੀ ਪ੍ਰਤੀਨਿਧੀ ਹੁੰਦੇ ਹਨ। ਕੇਂਦਰ ਸਰਕਾਰ ਰਾਹੀਂ ਰਾਜ ਦੇ ਪ੍ਰਸ਼ਾਸਨ ਵਿੱਚ ਦਖਲ ਦੇ ਸਕਦੀ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਦੀਆਂ ਉਚ ਪਦਵੀਆਂ ਉਤੇ ਲੱਗੇ ਅਧਿਕਾਰੀ ਸਰਵ ਭਾਰਤੀ ਸੇਵਾਵਾਂ ਦੇ ਅਧਿਕਾਰੀ ਹੁੰਦੇ ਹਨ। ਸਰਵ ਭਾਰਤੀ ਸੇਵਾਵਾਂ ਦੇ ਅਧਿਕਾਰੀ ਦਰਅਸਲ ਕੇਂਦਰ ਸਰਕਾਰ ਦੇ ਅਧੀਨ ਹੁੰਦੇ ਹਨ। ਇਹਨਾਂ ਅਧਿਕਾਰੀਆਂ ਰਾਹੀਂ ਕੇਂਦਰ ਸਰਕਾਰ ਰਾਜ ਸਰਕਾਰਾਂ ਉੱਤੇ ਆਪਣਾ ਪ੍ਰਭਾਵ ਬਣਾਈ ਰੱਖਦੀ ਹੈ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਸਮੁੱਚੇ ਦੇਸ਼ ਦਾ ਜਾਂ ਕਿਸੇ ਵਿਸ਼ੇਸ਼ ਰਾਜ ਵਿੱਚ ਸੰਕਟਕਾਲੀ ਘੋਸ਼ਣਾ ਕਰਕੇ ਰਾਜਾਂ ਦੇ ਪ੍ਰਸ਼ਾਸਨ ਨੂੰ ਹੱਥ ਵਿੱਚ ਲੈ ਸਕਦਾ ਹੈ। ਜੇਕਰ ਕੇਂਦਰ ਵਿਸ਼ੇਸ਼ ਅਨੁਭਵ ਕਰੇ ਕਿ ਕਿਸੇ ਰਾਜ ਵਿੱਚ ਕੇਂਦਰ ਸਰਕਾਰ ਦੀ ਸੰਪੱਤੀ ਸੁਰੱਖਿਅਤ ਨਹੀਂ ਹੈ ਤਾਂ ਕੇਂਦਰ ਸਰਕਾਰ ਕੇਂਦਰੀ ਸੁਰੱਖਿਆ ਪੁਲਿਸ ਨੂੰ ਲਗਾ ਸਕਦੀ ਹੈ।

5. **ਅਨੁਛੇਦ 356 ਦੀ ਕੁਵਰਤੋਂ (Misuse of Article 356) :** ਸੰਵਿਧਾਨ 356 ਅਨੁਸਾਰ ਰਾਸ਼ਟਰਪਤੀ ਕਿਸੇ ਰਾਜ ਵਿੱਚ ਸੰਵਿਧਾਨਿਕ ਪ੍ਰਬੰਧ ਅਸਫਲ ਹੋਣ ਦੀ ਹਾਲਤ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਰਾਸ਼ਟਰਪਤੀ ਰਾਜ ਲਾਗੂ ਹੋਣ ਦੀ ਅਵਸਥਾ ਵਿੱਚ ਰਾਜ ਸਰਕਾਰ ਭੰਗ ਕਰ ਦਿੱਤੀ ਜਾਂਦੀ ਹੈ। ਅਨੁਛੇਦ 356 ਰਾਜਾਂ ਦੇ ਪ੍ਰਸ਼ਾਸਨ ਨੂੰ ਕੇਂਦਰੀ ਸਰਕਾਰ ਦੇ ਰਹਿਮ ਤੇ ਨਿਰਭਰ ਕਰਨ ਦਾ ਜ਼ਿੰਮੇਵਾਰ ਹੈ। ਇਸ ਅਨੁਛੇਦ ਦਾ ਸਹਾਰਾ ਲੈ ਕੇ ਕੇਂਦਰੀ ਸਰਕਾਰ ਕਿਸੇ ਨਾ ਕਿਸੇ ਬਹਾਨੇ ਕਿਸੇ ਵੀ ਰਾਜ ਸਰਕਾਰ ਨੂੰ ਭੰਗ ਕਰ ਸਕਦੀ ਹੈ। 1994 ਦੇ ਐਸ.ਆਰ. ਬੋਮਦੀ ਕੇਸ ਵਿੱਚ ਸੁਪਰੀਮ ਕੋਟ ਨੇ ਜੋ ਫੈਸਲਾ ਦਿਤਾ ਗਿਆ ਉਸ ਨਾਲ ਧਾਰਾ 356 ਦੀ ਦੁਰਵਰਤੋਂ ਉੱਤੇ ਕਾਫ਼ੀ ਰੋਕ ਲਗ ਗਈ ਹੈ।

6. **ਗਵਰਨਰ ਕੇਂਦਰ ਸਰਕਾਰ ਦੇ ਪ੍ਰਤੀਨਿਧੀ (Governors as Agent of the Central Government) :** ਰਾਜਪਾਲ ਦੀ ਨਿਯੁਕਤੀ ਕੇਂਦਰ ਸਰਕਾਰ ਦੀ ਸਲਾਹ ਅਨੁਸਾਰ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ ਅਤੇ ਉਹ ਰਾਸ਼ਟਰਪਤੀ ਪ੍ਰਤੀ ਹੀ ਉੱਤਰਦਾਈ ਹੁੰਦੇ ਹਨ। ਭਾਰਤੀ ਰਾਜਨੀਤਿਕ ਪ੍ਰਣਾਲੀ ਦਾ 52 ਸਾਲ ਦਾ ਇਤਿਹਾਸ ਇਸ ਸੱਚਾਈ ਦੀ ਪੁਸ਼ਟੀ ਕਰਦਾ ਹੈ ਕਿ ਅਨੇਕਾਂ ਗਵਰਨਰਾਂ ਨੇ ਕੇਂਦਰ ਸਰਕਾਰ ਦੇ ਇਸ਼ਾਰਿਆਂ ਤੇ ਅਜਿਹੀਆਂ ਕਾਰਵਾਈਆਂ ਕੀਤੀਆਂ ਹਨ ਜੋ ਸੰਸਦੀ ਲੋਕਤੰਤਰ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ ਸਨ। ਗਵਰਨਰ ਦੀ ਪਦਵੀਂ ਦੀ ਵਿਵਸਥਾ ਰਾਜ ਦੇ ਸੰਵਿਧਾਨਿਕ ਮੁੱਖੀ ਦੇ ਰੂਪ ਵਿੱਚ ਕੀਤੀ ਗਈ ਹੈ, ਪਰ ਕਈ ਗਵਰਨਰਾਂ ਨੇ ਸੰਵਿਧਾਨਿਕ ਮੁੱਖੀ ਦੇ ਰੂਪ ਵਿੱਚ ਘੱਟ ਅਤੇ ਕੇਂਦਰੀ ਸਰਕਾਰ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

7. **ਵਿੱਤੀ ਸੰਬੰਧਾਂ ਵਿੱਚ ਕੇਂਦਰ ਦੀ ਪ੍ਰਮੁੱਖਤਾ (Dominance of the Centre in Financial Relations) :** ਵਿੱਤੀ ਖੇਤਰ ਵਿੱਚ ਰਾਜਾਂ ਦੀ ਸਥਿਤੀ ਕੇਂਦਰ ਸਰਕਾਰ ਦੀ ਸਥਿਤੀ ਦੇ

ਮੁਕਾਬਲੇ ਮਹੱਤਵਹੀਣ ਹੈ। ਰਾਜ ਸਰਕਾਰਾਂ ਨੂੰ ਦਿੱਤੇ ਗਏ ਆਮਦਨ ਦੇ ਸੋਮੇ ਇੰਨੇ ਥੋੜੇ ਹਨ ਕਿ ਰਾਜ ਸਰਕਾਰਾਂ ਆਪਣੀਆਂ ਵਿਕਾਸੀ ਯੋਜਨਾਵਾਂ ਅਤੇ ਦੂਸਰੀਆਂ ਲੋੜਾਂ ਨੂੰ ਆਸਾਨੀ ਨਾਲ ਪੂਰੀਆਂ ਨਹੀਂ ਕਰ ਸਕਦੀਆਂ। ਅਜਿਹੀ ਸਥਿਤੀ ਹੋਣ ਕਾਰਨ ਰਾਜ ਸਰਕਾਰਾਂ ਨੂੰ ਕੇਂਦਰ ਸਰਕਾਰ ਕੋਲੋਂ ਸਹਾਇਤਾ ਦੀ ਮੰਗ ਕਰਨੀ ਪੈਂਦੀ ਹੈ। ਜੇਕਰ ਕੇਂਦਰ ਅਤੇ ਰਾਜਾਂ ਵਿੱਚ ਇੱਕ ਹੀ ਦਲ ਦੀਆਂ ਸਰਕਾਰਾਂ ਹੋਣ ਤਾਂ ਕੰਮ ਵਿੱਚ ਰੁਕਾਵਟ ਪੈਣ ਦੀ ਘੱਟ ਸੰਭਾਵਨਾ ਹੈ ਪਰੰਤੂ ਜੇਕਰ ਕੇਂਦਰ ਵਿੱਚ ਕਿਸੇ ਹੋਰ ਦਲ ਦੀ ਅਤੇ ਰਾਜ ਵਿੱਚ ਕਿਸੇ ਹੋਰ ਦਲ ਦੀ ਸਰਕਾਰ ਹੋਵੇ ਤਾਂ ਵਿੱਤੀ ਸਹਾਇਤਾ ਸੰਬੰਧੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿੱਚ ਤਣਾਉ ਪੈਦਾ ਹੋ ਸਕਦਾ ਹੈ।

8. **ਕੇਂਦਰੀਕ੍ਰਿਤ ਯੋਜਨਾਬੰਦੀ (Centralised Planning) :** ਸਾਡੇ ਦੇਸ਼ ਵਿੱਚ ਯੋਜਨਾਬੰਦੀ ਦਾ ਕੇਂਦਰੀਕ੍ਰਿਤ ਹੋਣਾ ਕੇਂਦਰ ਸਰਕਾਰ ਦੀ ਸ੍ਰੇਸ਼ਠਤਾ ਤੇ ਰਾਜ ਸਰਕਾਰਾਂ ਦੀ ਕਮਜ਼ੋਰ ਸਥਿਤੀ ਪ੍ਰਗਟਾਉਂਦਾ ਹੈ ਸਾਡੇ ਦੇਸ਼ ਵਿੱਚ ਇਕ ਯੋਜਨਾ ਆਯੋਗ (Planning Commission) ਹੈ ਜਿਸ ਦੇ ਮੈਂਬਰ ਸਰਕਾਰ ਦੁਆਰਾ ਨਿਸ਼ਚਿਤ ਕੀਤੇ ਜਾਂਦੇ ਹਨ। ਰਾਜਾਂ ਦੀ ਪ੍ਰਮੁੱਖ ਵਿਕਾਸੀ ਯੋਜਨਾਵਾਂ ਦਾ ਅੰਤਿਮ ਨਿਰਣਾ ਵੀ ਇਸ ਆਯੋਗ ਦੁਆਰਾ ਕੀਤਾ ਜਾਂਦਾ ਹੈ। ਰਾਜ ਸਰਕਾਰਾਂ ਨੂੰ ਮਹੱਤਵਪੂਰਨ ਵਿਕਾਸੀ ਯੋਜਨਾਂਵਾਂ ਸੰਬੰਧੀ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਕਈ ਮਾਮਲਿਆਂ ਵਿੱਚ ਕੇਂਦਰ ਦੀ ਪ੍ਰਵਾਨਗੀ ਪ੍ਰਾਪਤ ਨਾ ਹੋਣ ਕਾਰਣ ਕਈ ਰਾਜਾਂ ਵਿੱਚ ਮਹੱਤਵਪੂਰਨ ਵਿਕਾਸੀ ਯੋਜਨਾਵਾਂ ਕਾਫ਼ੀ ਲੰਬੇ ਸਮੇਂ ਤੱਕ ਲਟਕਦੀਆਂ ਰਹਿੰਦੀਆਂ ਹਨ। ਅਜਿਹੀ ਹਾਲਤ ਵਿੱਚ ਰਾਜਾਂ ਦਾ ਵਿਕਾਸ ਕੇਂਦਰ ਦੀ ਇੱਛਾ ਤੇ ਨਿਰਭਰ ਹੋ ਕੇ ਰਹਿ ਜਾਂਦਾ ਹੈ। ਅਜਿਹੀ ਸਥਿਤੀ ਕੇਂਦਰ ਰਾਜ ਦੇ ਸੰਬੰਧਾਂ ਵਿੱਚ ਇੱਕ ਤਣਾਅ ਪੈਦਾ ਕਰਨ ਲਈ ਜ਼ਿੰਮੇਵਾਰ ਬਣਦੀ ਹੈ।

9. **ਨਵੇਂ ਰਾਜਾਂ ਦੀ ਸਥਾਪਨਾ ਅਤੇ ਰਾਜਾਂ ਦੀਆਂ ਸੀਮਾਵਾਂ ਵਿੱਚ ਤਬਦੀਲੀ ਕਰਨ ਦੀ ਸ਼ਕਤੀ (Powers of the formation of new states and the alteration of the boundaries) :** ਨਵੇਂ ਰਾਜਾਂ ਦੀ ਸਥਾਪਨਾ ਕਰਨ ਅਤੇ ਉਹਨਾਂ ਨੂੰ ਸੰਘ ਵਿੱਚ ਸ਼ਾਮਿਲ ਕਰਨ ਦੀ ਸ਼ਕਤੀ ਵੀ ਕੇਂਦਰੀ ਸੰਸਦ ਨੂੰ ਪ੍ਰਦਾਨ ਕੀਤੀ ਗਈ ਹੈ। ਇਸ ਸੰਬੰਧੀ ਰਾਜ ਵਿਧਾਨ ਮੰਡਲਾਂ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਹੈ। ਕੇਂਦਰੀ ਸੰਸਦ (1) ਕਿਸੇ ਰਾਜ ਦਾ ਖੇਤਰ ਘਟਾ ਜਾਂ ਵਧਾ ਸਕਦੀ ਹੈ (2) ਕਿਸੇ ਰਾਜ ਦੀਆਂ ਸੀਮਾਵਾਂ ਬਦਲ ਸਕਦੀ ਹੈ। (3) ਕਿਸੇ ਰਾਜ ਦਾ ਨਾਂ ਬਦਲ ਸਕਦੀ ਹੈ। (4) ਕਿਸੇ ਰਾਜ ਦਾ ਕੋਈ ਭਾਗ ਕੱਟ ਕੇ ਦੂਸਰੇ ਰਾਜ ਨਾਲ ਮਿਲਾ ਸਕਦੀ ਹੈ। (5) ਇਕ ਰਾਜ ਨੂੰ ਵੰਡ ਕੇ ਦੋ ਰਾਜਾਂ ਦਾ ਨਿਰਮਾਣ ਕਰ ਸਕਦੀ ਹੈ।

ਉਪਰੋਕਤ ਗੱਲਾਂ ਸੰਬੰਧੀ ਕਾਨੂੰਨ ਦਾ ਨਿਰਮਾਣ ਕਰਨ ਲਈ ਕੇਂਦਰੀ ਸੰਸਦ ਨੂੰ ਸੰਬੰਧਿਤ ਰਾਜ ਵਿਧਾਨ ਮੰਡਲ ਦੀ ਸਹਿਮਤੀ ਪ੍ਰਾਪਤ ਕਰਨ ਦੀ ਲੋੜ ਨਹੀਂ ਹੈ। ਰਾਜਾਂ ਦੇ ਨਿਰਮਾਣ ਸੰਬੰਧੀ ਜਾਂ ਉਹਨਾਂ ਦੀਆਂ ਹੱਦਾਂ ਵਿੱਚ ਤਬਦੀਲੀ ਕਰਨ ਲਈ ਸੰਬੰਧਿਤ ਰਾਜਾਂ ਦੇ ਵਿਚਾਰ ਜਾਣਨ ਲਈ ਉਹਨਾਂ ਪਾਸ ਬਿੱਲ ਦਾ ਭੇਜਣਾ ਜ਼ਰੂਰੀ ਹੈ, ਪਰੰਤੂ ਉਹਨਾਂ ਦੇ ਵਿਚਾਰਾਂ ਨੂੰ ਪ੍ਰਵਾਨ ਕਰਨਾ ਕੇਂਦਰੀ ਸੰਸਦ ਲਈ ਕੋਈ ਜ਼ਰੂਰੀ ਨਹੀਂ ਹੈ।

ਸਿੱਟਾ : ਉਪਰੋਕਤ ਤੱਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕੇਂਦਰ ਦੇ ਸੰਬੰਧਾਂ ਵਿੱਚ ਕੇਂਦਰ ਹਰ ਪੱਖੋਂ ਸ੍ਰੇਸ਼ਟ ਹੈ ਅਤੇ ਰਾਜਾਂ ਨੂੰ ਕੇਂਦਰ ਸਰਕਾਰ ਦੀ ਕਿਰਪਾ ਦ੍ਰਿਸ਼ਟੀ ਤੇ ਨਿਰਭਰ ਹੋਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਇਸੇ ਕਾਰਨ ਕਈ ਰਾਜਨੀਤਿਕ ਦਲਾਂ ਨੇ ਰਾਜਾਂ ਨੂੰ ਵਧੇਰੇ ਸ਼ਕਤੀਆਂ ਦੇਣ ਦੀ ਮੰਗ ਕੀਤੀ ਹੈ। ਸਾਡੇ ਸੰਵਿਧਾਨ ਦਾ ਢਾਂਚਾ ਕੇਂਦਰ ਤੇ ਰਾਜਾਂ ਦੇ ਆਪਸੀ ਸਹਿਯੋਗ ਤੇ ਨਿਰਭਰ ਕਰਦਾ ਹੈ। ਕੇਂਦਰ ਤੇ ਰਾਜਾਂ ਦਾ ਆਪਸੀ ਤਣਾਉ ਸੰਵਿਧਾਨਕ ਢਾਂਚੇ ਦੀ ਅਸਫਲਤਾ ਦਾ ਕਾਰਨ ਬਣ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਰਾਜਾਂ ਦੇ ਪ੍ਰਬੰਧ ਵਿੱਚ ਸੰਬੰਧਾਂ ਵਿੱਚ ਅਜਿਹੇ ਸੁਧਾਰ ਕੀਤੇ ਜਾਣ ਜਿਨ੍ਹਾਂ ਨਾਲ ਰਾਜਾਂ ਨੂੰ ਵਧੇਰੇ ਸ਼ਕਤੀਆਂ ਅਤੇ ਆਮਦਨ ਦੇ ਸਾਧਨ ਮਿਲ ਸਕਣ ਤੇ ਕੇਂਦਰ ਉੱਤੇ ਰਾਜਾਂ ਦੀ ਨਿਰਭਰਤਾ ਘੱਟ ਸਕੇ। ਅਜਿਹੇ ਸੁਧਾਰ ਕਰਨ ਨਾਲ ਹੀ ਰਾਜ ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਆਪਣਾ ਮਹੱਤਵਪੂਰਨ

ਯੋਗਦਾਨ ਦੇਣ ਦੇ ਯੋਗ ਹੋ ਸਕਣਗੇ।

ਸਰਕਾਰੀਆ ਆਯੋਗ
(Sarkaria Commission)

ਭਾਰਤੀ ਸੰਵਿਧਾਨ ਨੇ ਸੰਘਾਤਮਕ ਪ੍ਰਣਾਲੀ ਦੀ ਵਿਵਸਥਾ ਕੀਤੀ ਹੈ, ਪਰ ਇਹ ਸੰਵਿਧਾਨ ਵਿੱਚ ਅਜਿਹੀਆਂ ਵਿਵਸਥਾਵਾਂ ਹਨ ਜੋ ਰਾਜਾਂ ਦੇ ਮੁਕਾਬਲੇ ਦੀ ਸਥਿਤੀ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦੀਆਂ ਹਨ। ਜਦੋਂ ਵੀ ਕੋਈ ਸੰਵਿਧਾਨ ਲਾਗੂ ਹੋਇਆ ਹੈ ਕੇਂਦਰ ਸਰਕਾਰ ਵਧੇਰੇ ਸ਼ਕਤੀਸ਼ਾਲੀ ਅਤੇ ਰਾਜ ਸਰਕਾਰਾਂ ਕਮਜ਼ੋਰ ਹੁੰਦੀਆਂ ਗਈਆਂ ਹਨ। ਕਾਫੀ ਦੇਰ ਤੋਂ ਰਾਜਨੀਤਿਕ ਦਲਾਂ ਵੱਲੋਂ ਕੇਂਦਰ ਰਾਜ ਪ੍ਰਬੰਧ ਨੂੰ ਪੂਰੇ ਤੌਰ ਤੇ ਮੁੜ ਵਿਚਾਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਮੰਗ ਨੂੰ ਮੁੱਖ ਰੱਖਕੇ ਮਾਰਚ, 1983 ਵਿੱਚ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਕੇਂਦਰ ਰਾਜ ਸੰਬੰਧਾਂ ਦੇ ਸਮੁੱਚੇ ਪ੍ਰਬੰਧ ਨੂੰ ਮੁੜ ਵਿਚਾਰਣ ਲਈ ਇਕ ਆਯੋਗ (Commission) ਨਿਯੁਕਤ ਕਰਨ ਦੀ ਘੋਸ਼ਣਾ ਕੀਤੀ ਸੀ।

ਪ੍ਰਧਾਨ ਮੰਤਰੀ ਦੀ ਇਸ ਘੋਸ਼ਣਾ ਅਨੁਸਾਰ ਇਕ ਮੈਂਬਰੀ ਕਮਿਸ਼ਨ ਅਪ੍ਰੈਲ 1983 ਵਿੱਚ ਸਥਾਪਿਤ ਕਰ ਦਿੱਤਾ ਗਿਆ ਸੀ। ਇਸ ਕਮਿਸ਼ਨ ਦੇ ਇਕੋ ਇਕ ਸੁਪਰੀਮ ਕੋਰਟ ਦੇ ਰਿਟਾਇਰ ਹੋਏ ਜੱਜ ਸਰਦਾਰ ਰਣਜੀਤ ਸਿੰਘ ਸਰਕਾਰੀਆ ਸਨ। ਕੁਝ ਸਮੇਂ ਮਗਰੋਂ ਇਸ ਕਮਿਸ਼ਨ ਵਿੱਚ ਦੋ ਹੋਰ ਮੈਂਬਰ ਸ੍ਰੀ. ਬੀ. ਸ਼ਿਵਰਮਨ (Mr. B. Shivraman) ਅਤੇ ਸ੍ਰੀ ਐਸ.ਆਰ. ਸੈਨ (Mr. S.R. Sen) ਸ਼ਾਮਿਲ ਕੀਤਾ ਗਿਆ ਸੀ। ਇਨਾਂ ਮੈਂਬਰਾਂ ਤੋਂ ਇਲਾਵਾ ਇਸ ਕਮਿਸ਼ਨ ਵਿੱਚ ਇੱਕ ਸਕੱਤਰ (Secretary), ਇੱਕ ਸੰਯੁਕਤ ਸਕੱਤਰ (Joint Secretary), ਚਾਰ ਨਿਰਦੇਸ਼ਕ (Directors) ਸਨ। ਇਸ ਕਮਿਸ਼ਨ ਦੇ ਅਧਿਅਕਸ਼ ਸਰਕਾਰ ਰਣਜੀਤ ਸਿੰਘ ਸਰਕਾਰੀਆ ਸਨ ਤੇ ਇਸੇ ਕਾਰਨ ਇਸ ਕਮਿਸ਼ਨ ਨੂੰ ਸਰਕਾਰੀਆ ਆਯੋਗ (Sarkaria Commission) ਕਿਹਾ ਜਾਂਦਾ ਹੈ।

ਸਰਕਾਰੀਆ ਆਯੋਗ ਦੀਆਂ ਮੁੱਖ ਸਿਫਾਰਸ਼ਾਂ
(Main Recommendations of Sarkaria Commission)

ਸਰਕਾਰੀਆ ਆਯੋਗ ਦੇ ਅਧਿਅਕਸ਼ ਜਸਟਿਸ ਆਰ. ਐਸ. ਸਰਕਾਰੀਆ ਨੇ ਆਯੋਗ ਦੀ ਰਿਪੋਰਟ 27 ਅਕਤੂਬਰ 1987 ਵਿੱਚ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਪੇਸ਼ ਕੀਤੀ ਸੀ। ਆਯੋਗ ਦੀ ਰਿਪੋਰਟ ਵਿੱਚ ਕੁੱਲ 247 ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਹ ਸਿਫਾਰਸ਼ਾਂ ਕੇਂਦਰ ਅਤੇ ਰਾਜਾਂ ਦੇ ਵਿਧਾਨਿਕ, ਪ੍ਰਸ਼ਾਸਨਿਕ ਅਤੇ ਮਾਲੀ ਸੰਬੰਧਾਂ ਦੇ ਨਾਲ ਸੰਬੰਧਿਤ ਹਨ। ਸਰਕਾਰੀਆਂ ਆਯੋਗ ਦੀਆਂ ਕੁਝ ਮਹੱਤਵਪੂਰਨ ਸਿਫਾਰਸ਼ਾਂ ਇਹ ਹਨ।

1. **ਸ਼ਕਤੀਸ਼ਾਲੀ ਕੇਂਦਰ (Strong Centre) :** ਇਸ ਆਯੋਗ ਨੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਨੂੰ ਘੱਟ ਕਰਨ ਦੀ ਮੰਗ ਰੱਦ ਕਰ ਦਿੱਤੀ ਹੈ। ਆਯੋਗ ਨੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਅਖੰਡਤਾ ਨੂੰ ਬਣਾਏ ਰੱਖਣ ਲਈ ਸ਼ਕਤੀਸ਼ਾਲੀ ਕੇਂਦਰ ਦਾ ਹੋਣਾ ਜ਼ਰੂਰੀ ਹੈ।

2. **ਅੰਤਰਰਾਜ਼ੀ ਪਰਿਸ਼ਦ ਦੀ ਸਥਾਪਨਾ (Establishment of Inter-State Council) :** ਸਰਕਾਰੀਆਂ ਆਯੋਗ ਨੇ ਸੰਵਿਧਾਨ ਦੇ ਅਨੁਛੇਦ 263 ਅਧੀਨ ਅੰਤਰਰਾਜ਼ੀ ਪਰਿਸ਼ਦ ਸਥਾਪਿਤ ਕਰਨ ਦੀ ਸਿਫਾਰਸ਼ ਕੀਤੀ ਹੈ। ਆਯੋਗ ਨੇ ਇਸ ਪਰਿਸ਼ਦ ਨੂੰ ਅੰਤਰ-ਸਰਕਾਰ ਪਰਿਸ਼ਦ (Inter Government Council) ਦਾ ਨਾਂ ਦਿੱਤਾ ਹੈ। ਇਹ ਪਰਿਸ਼ਦ ਰਾਜਾਂ ਵਿਚ ਉਤਪੰਨ ਹੋਣ ਵਾਲੇ ਪਰਸਪਰ ਝਗੜਿਆਂ ਨੂੰ ਛਾਣਬੀਣ ਕਰੇਗੀ ਅਤੇ ਉਹਨਾਂ ਨੂੰ ਠੀਕ ਰੂਪਾਂ ਵਿੱਚ ਹੱਲ ਕਰਨ ਲਈ ਲੋੜੀਂਦੀਆਂ ਸਿਫਾਰਸ਼ਾਂ ਸੰਬੰਧਿਤ ਸਰਕਾਰਾਂ ਨੂੰ ਪੇਸ਼ ਕਰੇਗੀ। ਆਯੋਗ ਦੀ ਸਿਫਾਰਸ਼ ਅਨੁਸਾਰ ਕੇਂਦਰ ਅਤੇ ਰਾਜ ਦਾ ਝਗੜਾ ਵੀ ਪਰਿਸ਼ਦ ਨੂੰ ਸੌਂਪਿਆ ਜਾ ਸਕਦਾ ਹੈ।

3. **ਰਾਸ਼ਟਰੀ ਵਿਕਾਸ ਪਰਿਸ਼ਦ (National Development Council) :** ਵਰਤਮਾਨ ਸਮੇਂ ਸਾਡੇ ਦੇਸ਼ ਵਿੱਚ ਰਾਸ਼ਟਰੀ ਵਿਕਾਸ ਪਰਿਸ਼ਦ ਨਾਂ ਦੀ ਇਕ ਸੰਸਥਾ ਹੈ। ਇਸ ਸੰਸਥਾ ਦੀਆਂ ਬੈਠਕਾਂ ਯੋਜਨਾਬੰਦੀ ਆਯੋਗ (Planning Commission) ਦੁਆਰਾ ਬੁਲਾਈਆਂ ਜਾਂਦੀਆਂ ਹਨ। ਪਰਿਸ਼ਦ ਦੀਆਂ

ਬੈਠਕਾਂ ਉਸ ਸਮੇਂ ਬੁਲਾਈਆਂ ਜਾਂਦੀਆਂ ਹਨ, ਜਦੋਂ ਵਿਕਾਸੀ ਯੋਜਨਾ ਨੂੰ ਅੰਤਿਮ ਰੂਪ ਦੇਣਾ ਹੋਵੇ ਸਰਕਾਰੀਆਂ ਆਯੋਗ ਨੇ ਇਸ ਪ੍ਰਥਾ ਨੂੰ ਦੋਸ਼ ਪੂਰਨ ਸਮਝਿਆ ਹੈ ਅਤੇ ਇਹ ਸਿਫਾਰਸ਼ ਕੀਤੀ ਕਿ ਰਾਸ਼ਟਰੀ ਵਿਕਾਸ ਪਰਿਸ਼ਦ ਦੀਆਂ ਸਾਲ ਵਿੱਚ ਘੱਟੋ-ਘੱਟ ਦੋ ਬੈਠਕਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਵੀ ਕੀਤੀ ਹੈ ਕਿ ਇਸ ਆਰਥਿਕ ਵਿਕਾਸ ਪਰਿਸ਼ਦ (National Development Council) ਦੀ ਬਜਾਇ ਰਾਸ਼ਟਰੀ ਆਰਥਿਕ ਵਿਕਾਸ ਪਰਿਸ਼ਦ (National Economic and Development Council) ਰੱਖਿਆ ਜਾਣਾ ਚਾਹੀਦਾ ਹੈ।

4. ਖੇਤਰੀ ਪਰਿਸ਼ਦ (Zonal Councils) : 1956 ਵਿੱਚ ਭਾਰਤੀ ਰਾਜਾਂ ਦੇ ਪੁਨਰਗਠਨ ਮਗਰੋਂ ਪੰਜ ਖੇਤਰੀ ਪਰਿਸ਼ਦ ਸਥਾਪਿਤ ਕੀਤੀਆਂ ਗਈਆਂ ਹਨ। ਹਰੇਕ ਪਰਿਸ਼ਦ ਵਿੱਚ ਉਸ ਖੇਤਰ ਦੇ ਰਾਜ ਸ਼ਾਮਿਲ ਕੀਤੇ ਗਏ ਹਨ। ਇਹਨਾਂ ਖੇਤਰੀ ਪਰਿਸ਼ਦਾਂ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਮੰਤਰੀ ਕਰਦਾ ਹੈ। ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਹਰੇਕ ਖੇਤਰੀ ਪਰਿਸ਼ਦ ਦਾ ਆਪਣਾ ਵੱਖਰਾ ਸਕੱਤਰੇਤ (Secretariat) ਹੋਣਾ ਚਾਹੀਦਾ ਹੈ ਅਤੇ ਹਰੇਕ ਪਰਿਸ਼ਦ ਦੀਆਂ ਬੈਠਕਾਂ ਦੀ ਪ੍ਰਧਾਨਗੀ ਉਸ ਪਰਿਸ਼ਦ ਵਿੱਚ ਸ਼ਾਮਿਲ ਰਾਜਾਂ ਦੇ ਮੁੱਖ ਮੰਤਰੀਆਂ ਦੁਆਰਾ ਵਾਰੋ ਵਾਰ ਕਰਨੀ ਚਾਹੀਦੀ ਹੈ।

5. ਜੱਜਾਂ ਦੀ ਤਬਦੀਲੀ ਦੀ ਵਿਰੋਧਤਾ (Transfer of Judges Opposed) : ਸਰਕਾਰੀਆਂ ਆਯੋਗ ਨੇ ਉੱਚ ਅਦਾਲਤਾਂ ਦੇ ਜੱਜਾਂ ਦੀਆਂ ਤਬਦੀਲੀਆਂ ਦੀ ਵਿਰੋਧਤਾ ਕੀਤੀ ਹੈ। ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿਸੇ ਵੀ ਜੱਜ ਨੂੰ ਉਸ ਦੀ ਸਹਿਮਤੀ ਤੋਂ ਬਿਨਾਂ ਕਿਸੇ ਇਕ ਉੱਚ ਅਦਾਲਤ ਤੋਂ ਦੂਜੀ ਉੱਚ ਅਦਾਲਤ ਵਿੱਚ ਤਬਦੀਲ ਨਹੀਂ ਕੀਤਾ ਜਾਣਾ ਚਾਹੀਦਾ। ਆਯੋਗ ਨੇ ਇਹ ਵੀ ਕਿਹਾ ਕਿ ਭਾਰਤ ਦੀ ਸਰਵ-ਉੱਚ ਅਦਾਲਤ ਤੇ ਮੁੱਖ ਜੱਜ ਨੂੰ ਚਾਹੀਦਾ ਹੈ ਕਿ ਉਹ ਕਿਸੇ ਉੱਚ ਅਦਾਲਤ ਦੇ ਜੱਜ ਦੀ ਤਬਦੀਲ ਸੰਬੰਧੀ ਆਪਣੀ ਰਾਇ ਤੋਂ ਪਹਿਲਾਂ ਸਰਵ-ਉੱਚ ਅਦਾਲਤ ਦੇ ਦੋ ਸੀਨੀਅਰ ਜੱਜਾਂ ਦੀ ਸਲਾਹ ਲੈ ਲਵੇ।

6. ਭਿੰਨ-ਭਿੰਨ ਖੇਤਰਾਂ ਵਿੱਚ ਸਰਵ ਭਾਰਤੀ ਸੇਵਾਵਾਂ (All India Services in various Sectors) : ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਵੱਿਦਿਆ, ਡਾਕਟਰੀ ਅਤੇ ਸਿਹਤ ਅਤੇ ਹੋਰ ਅਨੇਕਾਂ ਖੇਤਰਾਂ ਵਿੱਚ ਸਰਵ ਭਾਰਤੀ ਸੇਵਾਵਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ। ਸਰਕਾਰੀਆ ਆਯੋਗ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਦੇਸ਼ ਦੀ ਏਕਤਾ ਨੂੰ ਕਾਇਮ ਰੱਖਣ ਲਈ ਭਾਰਤੀ ਸੇਵਾਵਾਂ ਬਹੁਤ ਲਾਭਦਾਇਕ ਸੰਸਥਾ ਦੇ ਰੂਪ ਵਿੱਚ ਕੰਮ ਕਰ ਰਹੀਆਂ ਹਨ। ਇਸ ਲਈ ਅਜਿਹੀਆਂ ਸੇਵਾਵਾਂ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ।

7. ਸਥਾਨਿਕ ਭਾਸ਼ਾਵਾਂ ਉੱਪਰ ਜ਼ੋਰ (Stress on local language) : ਸਰਕਾਰੀਆ ਆਯੋਗ ਨੇ ਇਹ ਸਿਫਾਰਸ਼ ਕੀਤਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਦਫਤਰਾਂ ਵਿੱਚ ਸਥਾਨਿਕ ਭਾਸ਼ਾਵਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਆਯੋਗ ਦਾ ਵਿਚਾਰ ਹੈ ਕਿ ਇੱਕ ਕਲਿਆਣਕਾਰੀ ਰਾਜ ਵਿੱਚ ਲੋਕਾਂ ਨੂੰ ਆਪਣੀ ਭਾਸ਼ਾ ਦੀ ਵਰਤੋਂ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਸਾਰੇ ਬਿਨੈ-ਪੱਤਰ, ਚਿੱਠੀਆਂ ਆਦਿ ਸਥਾਨਿਕ ਭਾਸ਼ਾਵਾਂ ਵਿੱਚ ਲਿਖੇ ਜਾਣੇ ਚਾਹੀਦੇ ਹਨ। ਇਸ ਦੇ ਨਾਲ ਭਾਸ਼ਾਈ ਘੱਟ ਗਿਣੀਆਂ ਦੇ ਹਿੱਤਾਂ ਦੀ ਸੁਰੱਖਿਆ ਪ੍ਰਤੀ ਵੀ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ। ਆਯੋਗ ਨੇ ਇਹ ਸਿਫਾਰਸ਼ ਵੀ ਕੀਤੀ ਹੈ ਕਿ ਤਿੰਨ ਭਾਸ਼ਾਈ ਫ਼ਾਰਮੂਲਾ ਸਮੁੱਚੇ ਭਾਰਤ ਵਿੱਚ ਠੀਕ ਰੂਪ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਸੇਵਾਵਾਂ ਵਿੱਚ ਭਰਤੀ ਕਰਨ ਸਮੇਂ ਕਿਸੇ ਵਿਸ਼ੇਸ਼ ਭਾਸ਼ਾ ਵਿੱਚ ਯੋਗਤਾ ਹੋਣ ਦੀ ਸ਼ਰਤ ਉੱਤੇ ਜ਼ੋਰ ਨਾ ਦੇਣ।

8. ਯੋਜਨਾਬੰਦੀ ਆਯੋਗ (Planning Commission) : ਸਰਕਾਰੀਆ ਆਯੋਗ ਨੇ ਯੋਜਨਾ ਬੰਦੀ ਆਯੋਗ ਨੂੰ ਇਕ ਸਵਾਧੀਨ ਸੰਸਥਾ (Autonomous Body) ਬਣਾਉਣ ਦੀ ਵਿਰੋਧਤਾ ਕੀਤੀ ਹੈ। ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਅਜਿਹੀ ਵਿਧੀ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਜਿਸ ਦੁਆਰਾ ਯੋਜਨਾਬੰਦੀ ਦੀ ਸਮੁੱਚੀ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਉੱਪਰ ਰਾਜ ਸਰਕਾਰਾਂ ਦੀ ਰਾਇ ਲਈ ਜਾਂ ਸਕੇ।

ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਵਾਰਸ਼ਿਕ ਜਾਂ ਪੰਜ ਸਾਲਾਂ ਯੋਜਨਾਂਵਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਯੋਜਨਾਬੰਦੀ ਦੀ ਆਯੋਗ ਨੂੰ ਰਾਜ ਸਰਕਾਰਾਂ ਤੋਂ ਪ੍ਰਾਪਤ ਹੋਏ ਵਿਚਾਰਾਂ ਜਾਂ ਸੁਝਾਵਾਂ ਨੂੰ ਉੱਚਿਤ ਮਹੱਤਵ ਦੇਣਾ ਚਾਹੀਦਾ ਹੈ।

9. **ਸ਼ਕਤੀਆਂ ਦੀ ਵੰਡ (Division of Powers) :** ਸਰਕਾਰੀਆ ਆਯੋਗ ਨੇ ਇਹ ਮੰਗ ਰੱਦ ਕਰ ਦਿੱਤੀ ਹੈ ਕਿ ਕੇਂਦਰੀ ਸਰਕਾਰ ਸ਼ਕਤੀਆਂ ਨੂੰ ਕੇਵਲ ਰੱਖਿਆ, ਵਿਦੇਸ਼ੀ ਮਾਮਲਿਆਂ, ਮੁਦਰਾ ਅਤੇ ਸੰਚਾਰ ਦੇ ਸਾਧਨਾਂ ਤੱਕ ਹੀ ਸੀਮਿਤ ਰੱਖਿਆ ਜਾਵੇ। ਦੂਜੇ ਸ਼ਬਦਾਂ ਵਿੱਚ ਇਸ ਆਯੋਗ ਨੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਨੂੰ ਕੁਝ (Concurrent List) ਤੋਂ ਵਿੱਦਿਆ ਅਤੇ ਜੰਗਲਾਤ ਦੇ ਵਿਸ਼ਿਆਂ ਨੂੰ ਰਾਜ ਸੂਚੀ (State List) ਵਿੱਚ ਤਬਦੀਲ ਕਰਨ ਦੀ ਵਿਰੋਧਤਾ ਕੀਤੀ ਹੈ। ਆਯੋਗ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਅਜਿਹੀਆਂ ਤਬਦੀਲੀਆਂ ਕਰਨ ਨਾਲ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਹੋ ਸਕਦਾ ਹੈ। ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਸਮਵਰਤੀ ਸੂਚੀ ਵਿੱਚ ਅੰਕਿਤ ਵਿਸ਼ਿਆਂ ਸੰਬੰਧੀ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਨਾਲ ਸਮੇਂ-ਸਮੇਂ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ।

10. **ਰਾਜਾਂ ਵਿੱਚ ਰਾਸ਼ਟਰਪਤੀ ਰਾਜ (President's Rule in States) :** ਸਰਕਾਰੀਆ ਆਯੋਗ ਨੇ ਰਾਜਾਂ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਕੇਂਦਰ ਸਰਕਾਰ ਦੀ ਸ਼ਕਤੀ ਨੂੰ ਉੱਚਿਤ ਠਹਿਰਾਇਆ ਹੈ, ਪਰ ਇਸ ਦੇ ਨਾਲ ਆਯੋਗ ਨੇ ਕੇਂਦਰ ਸਰਕਾਰ ਨੂੰ ਇਹ ਚੇਤਾਵਨੀ ਦਿੱਤੀ ਹੈ ਕਿ ਇਸ ਸ਼ਕਤੀ ਦੀ ਵਰਤੋਂ ਬਹੁਤ ਘੱਟ ਅਤੇ ਕੇਵਲ ਉਸ ਸਮੇਂ ਕੀਤੀ ਜਾਣੀ ਚਾਹੀਦੀ ਹੈ ਜਦੋਂ ਸਥਾਈ ਅਤੇ ਜਨਤਕ ਸਰਕਾਰ ਨੂੰ ਕਾਇਮ ਰੱਖਣ ਦੇ ਦੂਜੇ ਸਾਰੇ ਸਾਧਨ ਅਸਫਲ ਹੋ ਗਏ ਹੋਣ। ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਕਿਸੇ ਰਾਜ ਵਿੱਚ ਰਾਸ਼ਟਰਪਤੀ ਰਾਜ ਤਾਂ ਲਾਗੂ ਕੀਤਾ ਜਾਣਾ ਚਾਹੀਦਾ ਹੈ ਜੇਕਰ ਉਸ ਦੀ ਜ਼ਰੂਰਤ ਨੂੰ ਸਿੱਧ ਕਰਨ ਲਈ ਠੋਸ ਅਤੇ ਮਜ਼ਬੂਤ ਤੱਥ ਹੋਣ। ਰਾਜ ਦੇ ਰਾਜਪਾਲ ਨੂੰ ਅਜਿਹੇ ਸਾਰੇ ਤੱਥ ਰਿਪੋਰਟ ਵਿੱਚ ਵਰਣਨ ਕਰਨੇ ਚਾਹੀਦੇ ਹਨ ਜਿਹੜੀ ਰਿਪੋਰਟ ਰਾਜ ਦਾ ਗਵਰਨਰ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਸੰਬੰਧੀ ਰਾਸ਼ਟਰਪਤੀ ਨੂੰ ਭੇਜਦਾ ਹੈ। ਅਜਿਹੀ ਰਿਪੋਰਟ ਨੂੰ ਗੁਪਤ ਰੱਖਿਆ ਜਾਣਾ ਚਾਹੀਦਾ ਹੈ, ਸਗੋਂ ਉਸ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀਆਂ ਆਯੋਗ ਨੇ ਇਹ ਵੀ ਕਿਹਾ ਹੈ ਕਿ ਅਨੁਛੇਦ 356 ਵਿੱਚ ਤਰਮੀਮ ਕਰਕੇ ਇਹ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਕਿ ਰਾਜਪਾਲ ਦੀ ਰਿਪੋਰਟ ਵਿੱਚ ਵਰਣਨ ਕੀਤੇ ਗਏ ਸਾਰੇ ਤੱਥ ਰਾਸ਼ਟਰਪਤੀ ਦੁਆਰਾ ਜਾਰੀ ਕੀਤੀ ਜਾਣ ਵਾਲੀ ਘੋਸ਼ਣਾ ਦਾ ਹਿੱਸਾ ਹੋਣੇ ਚਾਹੀਦੇ ਹਨ। ਆਯੋਗ ਨੇ ਇਹ ਵੀ ਕਿਹਾ ਕਿ ਕਿਸੇ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਘੋਸ਼ਣਾ ਜਾਰੀ ਕਰਨ ਤੋਂ ਪਹਿਲਾਂ ਉਸ ਰਾਜ ਦੀ ਸਰਕਾਰਾਂ ਨੂੰ ਇਹ ਵੀ ਕਿਹਾ ਕਿ ਕਿਸੇ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਘੋਸ਼ਣਾ ਜਾਰੀ ਕਰਨ ਤੋਂ ਪਹਿਲਾਂ ਉਸ ਰਾਜ ਦੀ ਸਰਕਾਰ ਨੂੰ ਚੇਤਾਵਨੀ ਦੇਣੀ ਚਾਹੀਦੀ ਹੈ। ਜੇਕਰ ਚਿਤਾਵਨੀ ਦੇਣ ਦੇ ਬਾਵਜੂਦ ਵੀ ਉਹ ਰਾਜ ਸਰਕਾਰ ਆਪਣੀਆਂ ਤਰੁੱਟੀਆਂ ਨੂੰ ਦੂਰ ਨਹੀਂ ਕਰਦਾ ਤਾਂ ਫਿਰ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਸਕਦਾ ਹੈ। ਸਰਕਾਰੀਆ ਆਯੋਗ ਨੇ ਇਕ ਹੋਰ ਮਹੱਤਵਪੂਰਨ ਸਿਫਾਰਸ਼ ਇਹ ਕੀਤੀ ਹੈ ਕਿ ਰਾਜ ਵਿਧਾਨ ਸਭਾ ਨੂੰ ਸੰਸਦ ਦੀ ਪ੍ਰਵਾਨਗੀ ਤੋਂ ਮਗਰੋਂ ਹੀ ਭੰਗ ਕੀਤਾ ਜਾ ਸਕਦਾ ਹੈ।

11. **ਰਾਜਪਾਲਾਂ ਦੀ ਨਿਯੁਕਤੀ (Appointment of Governors) :** ਸਰਕਾਰੀਆ ਆਯੋਗ ਨੇ ਰਾਜਪਾਲਾਂ ਦੀ ਨਿਯੁਕਤੀ ਸੰਬੰਧੀ ਵੀ ਕੁਝ ਮਹੱਤਵਪੂਰਨ ਸਿਫਾਰਸ਼ਾਂ ਕੀਤੀਆਂ। ਆਯੋਗ ਨੇ ਇਹ ਵੀ ਕਿਹਾ ਕਿ ਕਿਸੇ ਰਾਜਪਾਲ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਉਸ ਦੇ ਮੁੱਖ ਮੰਤਰੀ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਹੈ। ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਮੁੱਖ ਮੰਤਰੀ ਨਾਲ ਸਲਾਹ ਮਸ਼ਵਰਾ ਕਰਨ ਦੀ ਸ਼ਰਤ ਦੀ ਸੰਵਿਧਾਨ ਵਿੱਚ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਸਰਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਸਰਗਰਮ ਸਿਆਸਤਦਾਨਾਂ ਨੂੰ ਗਵਰਨਰ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ। ਆਯੋਗ ਨੇ ਇਹ ਵੀ ਕਿਹਾ ਹੈ ਕਿ ਜਿਸ ਵਿੱਚ ਕਿਸੇ ਵਿਰੋਧੀ ਦਲ ਦੀ ਸਰਕਾਰ ਹੋਵੇ ਉੱਥੇ ਕੇਂਦਰ ਵਿਚ

ਸ਼ਾਸਕ ਦਲ ਦੇ ਕਿਸੇ ਵਿਅਕਤੀ ਨੂੰ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ।

12. **ਜੱਜਾਂ ਦੀ ਨਿਯੁਕਤੀ (Appointment of Judges) :** ਸਰਕਾਰੀਆ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਸੰਵਿਧਾਨ ਵਿੱਚ ਤਰਮੀਮ ਕਰਦੇ ਸਮੇਂ ਹੱਦ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ। ਜਿਸ ਵਿੱਚ ਵੱਖ-ਵੱਖ ਅਧਿਕਾਰੀਆਂ ਕੋਲੋਂ ਰਾਇ ਲੈਣ ਦੀ ਸਾਰੀ ਪ੍ਰਕਿਰਿਆ ਪੂਰੀ ਕੀਤੀ ਜਾਣੀ ਜ਼ਰੂਰੀ ਹੈ। ਇਥੇ ਇਹ ਵਰਣਨ ਯੋਗ ਹੈ ਕਿ ਜੱਜਾਂ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਦੁਆਰਾ ਸਰਵ-ਉੱਚ ਅਦਾਲਤ ਦਾ ਮੁੱਖ ਜੱਜ ਕੁਝ ਦੂਜੇ ਜੱਜਾਂ ਆਦਿ ਦੀ ਸਲਾਹ ਲਈ ਜਾਂਦੀ ਹੈ, ਪਰ ਸਮੇਂ ਦੀ ਅਜਿਹੀ ਕੋਈ ਸੀਮਾ ਨਿਸ਼ਚਿਤ ਨਹੀਂ ਹੈ ਜਿਸ ਅੰਦਰ ਸਲਾਹ ਲੈਣ ਦੀ ਇਹ ਪ੍ਰਕਿਰਿਆ ਪੂਰੀ ਕਰਨੀ ਜ਼ਰੂਰੀ ਹੋਵੇ। ਸਰਕਾਰੀਆਂ ਆਯੋਗ ਨੇ ਇਸ ਮੰਤਵ ਲਈ ਸਮੇਂ-ਸਮੇਂ ਦੀ ਸੀਮਾ ਨਿਸ਼ਚਿਤ ਕਰਨ ਦੀ ਸਿਫਾਰਸ਼ ਕੀਤੀ ਹੈ।

13. **ਵਿੱਤ ਸੰਬੰਧੀ (Financial Matters) :** ਸਰਕਾਰੀਆ ਆਯੋਗ ਨੇ ਵਿੱਤੀ ਮਾਮਲਿਆਂ ਸੰਬੰਧੀ ਕੁਝ ਮਹੱਤਵਪੂਰਨ ਸਿਫਾਰਸ਼ਾਂ ਕੀਤੀਆਂ ਹਨ। ਵਰਤਮਾਨ ਸਮੇਂ ਹਰੇਕ ਪੰਜ ਸਾਲਾਂ ਮਗਰੋਂ ਰਾਸ਼ਟਰਪਤੀ ਦੁਆਰਾ ਵਿੱਤ ਆਯੋਗ (Finance Commission) ਦੀ ਨਿਯੁਕਤੀ ਕੀਤੀ ਜਾਂਦੀ ਹੈ। ਸਰਕਾਰੀਆ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਹਰੇਕ ਰਾਜ ਵਿੱਚ ਵੀ ਨਿਸ਼ਚਿਤ ਸਮੇਂ ਮਗਰੋਂ ਵਿੱਤ ਆਯੋਗ ਨਿਸ਼ਚਿਤ ਕੀਤੇ ਜਾਣੇ ਚਾਹੀਦੇ ਹਨ। ਆਯੋਗ ਨੇ ਇਹ ਸਿਫਾਰਸ਼ ਵੀ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਵਿਦੇਸ਼ੀ ਮੁਦਰਾ ਵਿੱਚੋਂ ਕੁਝ ਹਿੱਸਾ ਰਾਜਾਂ ਨੂੰ ਦੇਣਾ ਚਾਹੀਦਾ ਹੈ ਅਤੇ ਰਾਜਾਂ ਨੂੰ ਦੇਣਾ ਚਾਹੀਦਾ ਹੈ ਅਤੇ ਰਾਜ ਨੂੰ ਵਿਉਪਾਰੀ ਬੈਂਕਾਂ ਕੋਲੋਂ ਇਕ ਸਾਲ ਤੋਂ ਘੱਟ ਸਮੇਂ ਲਈ ਕਰਜ਼ੇ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ। ਸਰਕਾਰੀਆਂ ਆਯੋਗ ਨੇ ਰਾਜਾਂ ਦੀ ਮਾਲੀ ਹਾਲਤ ਨੂੰ ਚੰਗਾ ਬਣਾਉਣ ਸੰਬੰਧੀ ਇਹ ਵੀ ਸਿਫਾਰਸ਼ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਰੇਲ-ਮੁਸਾਫਿਰ ਕਿਰਾਏ ਦੇ ਕਰ ਬਦਲੇ ਗ੍ਰਾਂਟਾਂ ਦੇਣੀਆਂ ਚਾਹੀਦੀਆਂ ਹਨ। ਵਿੱਤੀ ਮਾਮਲਿਆਂ ਸੰਬੰਧੀ ਆਯੋਗ ਨੇ ਕੁਝ ਅਜਿਹੀਆਂ ਸਿਫਾਰਸਾਂ ਵੀ ਕੀਤੀਆਂ ਹਨ ਜਿਸ ਨਾਲ ਸਰਕਾਰ ਨੂੰ ਵਧੇਰੇ ਧਨ ਪ੍ਰਾਪਤ ਹੋ ਸਕੇ।

14. **ਕੇਂਦਰੀ ਵਿੱਤੀ ਆਯੋਗ (Union Finance Commission) :** ਹੁਣ ਤੱਕ ਕੇਂਦਰ ਸਰਕਾਰ 13 ਵਿੱਤ ਆਯੋਗ ਨਿਯੁਕਤ ਕਰ ਚੁੱਕੀ ਹੈ। ਹਰੇਕ ਵਿੱਤ ਆਯੋਗ ਦਾ ਅਧਿਕਾਰ ਖੇਤਰ ਕੇਂਦਰ ਸਰਕਾਰ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ। ਸਹਕਾਰੀਆਂ ਆਯੋਗ ਨੇ ਇਹ ਸਿਫਾਰਸ਼ ਕੀਤੀ ਹੈ ਕਿ ਵਿੱਤ ਆਯੋਗ ਦਾ ਅਧਿਕਾਰ ਖੇਤਰ ਨਿਸ਼ਚਿਤ ਕਰਨ ਲਈ ਰਾਜਾਂ ਨਾਲ ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ।

15. **ਹਥਿਆਰਬੰਦ ਸ਼ਕਤੀਆਂ ਨੂੰ ਲਗਾਉਣ ਸੰਬੰਧੀ (Deployment of Armed Forces) :** ਸਰਕਾਰੀਆ ਆਯੋਗ ਨੇ ਇਹ ਮੰਨਿਆ ਹੈ ਕਿ ਇਸ ਗੱਲ ਦਾ ਨਿਰਣਾ ਕਰਨਾ ਕੇਂਦਰ ਸਰਕਾਰ ਦਾ ਅਧਿਕਾਰ ਹੈ ਕਿ ਕਿਸੇ ਰਾਜ ਵਿੱਚ ਅਜਿਹੀ ਸਥਿਤੀ ਉਤਪੰਨ ਹੋ ਰਹੀ ਹੈ ਜਿੱਥੇ ਹਥਿਆਰਬੰਦ ਸ਼ਕਤੀਆਂ ਦਾ ਲਗਾਉਣਾ ਜ਼ਰੂਰੀ ਹੈ ਪਰ ਇਸ ਦੇ ਨਾਲ ਆਯੋਗ ਨੇ ਇਹ-ਸਿਫਾਰਸ਼ ਕੀਤੀ ਹੈ ਕਿ ਅਜਿਹੀਆਂ ਸ਼ਕਤੀਆਂ ਜਾਂ ਸੈਨਾਵਾਂ ਨੂੰ ਕਿਸੇ ਰਾਜ ਵਿੱਚ ਲਗਾਉਣ ਤੋਂ ਪਹਿਲਾਂ ਸੰਬੰਧਿਤ ਰਾਜ ਸਰਕਾਰ ਨਾਲ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ।

ਉੱਪਰ ਦਿੱਤੀਆਂ ਸਿਫਾਰਸ਼ਾਂ ਕੁਝ ਮਹੱਤਵਪੂਰਨ ਸਿਫਾਰਸ਼ਾਂ ਹਨ। ਕੇਂਦਰ ਸਰਕਾਰ ਦੁਆਰਾ ਸਰਕਾਰੀਆਂ ਆਯੋਗ ਦੀ ਰਿਪੋਰਟ ਪ੍ਰਵਾਨ ਕਰਨ ਮਗਰੋਂ ਹੀ ਆਯੋਗ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ।

ਉਪਰੋਕਤ ਤੱਥਾਂ ਦੁਆਰਾ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਾਰਤ ਵਿੱਚ ਕੇਂਦਰੀਕਰਣ ਦੀ ਹੋਂਦ ਬਾਰੇ ਕੋਈ ਸ਼ੰਕਾ ਨਹੀਂ ਹੈ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਕਮਜ਼ੋਰ ਕੇਂਦਰ ਦੇ ਪੱਖ ਵਿੱਚ ਨਹੀਂ ਸਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਅਨੁਭਵ ਸੀ ਕਿ ਭਾਰਤ ਵਰਗੇ ਵਿਕਸਿਤ ਹੋ ਰਹੇ ਦੇਸ਼ ਵਿੱਚ ਬਹੁ-ਭਾਸ਼ਾਈ, ਬਹੁ-ਧਰਮੀ, ਬਹੁ-ਸੱਭਿਆਚਾਰਕ ਸਰੂਪ ਖੇਤਰਾਂ ਵਾਲੇ ਦੇਸ਼ ਲਈ ਕਮਜ਼ੋਰ ਕੇਂਦਰ ਦੀ ਵਿਵਸਥਾ ਖਤਰਨਾਕ ਸਿੱਧ ਹੋ ਸਕਦੀ ਹੈ। ਸੰਵਿਧਾਨ ਸਭਾ ਦੇ ਮੈਂਬਰ ਕੇ. ਐਮ. ਮੁਨਸ਼ੀ (K.M. Munshi) ਨੇ

ਸੰਵਿਧਾਨ ਸਭਾ ਵਿੱਚ ਕਿਹਾ ਸੀ ਕਿ ਇਹ ਇਤਿਹਾਸਕ ਸੱਚਾਈ ਹੈ ਕਿ ਭਾਰਤ ਦੇ ਸੁਨਹਿਰੀ ਦਿਨ ਉਹ ਸਨ ਜਦੋਂ ਦੇਸ਼ ਵਿੱਚ ਸ਼ਕਤੀਸ਼ਾਲੀ ਕੇਂਦਰ ਸਰਕਾਰ ਕੰਮ ਕਰ ਰਹੀ ਸੀ ਅਤੇ ਭਾਰਤ ਦੇ ਸਭ ਤੋਂ ਜ਼ਿਆਦਾ ਦੁੱਖ ਦਾਇਕ ਉਹ ਸਨ ਜਦੋਂ ਸ਼ਕਤੀਸ਼ਾਲੀ ਕੇਂਦਰੀ ਸਰਕਾਰਾਂ ਦਾ ਵਿਘਟਨ ਹੋ ਗਿਆ ਸੀ। ਇਸ ਲਈ ਇਤਿਹਾਸਕ ਸੱਚ ਨੂੰ ਵੇਖਦੇ ਹੋਏ ਸੰਵਿਧਾਨਕਾਰਾਂ ਲਈ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਕਾਫੀ ਹੱਦ ਤੱਕ ਸੁਭਾਵਿਕ ਸੀ।

ਅੰਤਿਕਾ

ਇਸ ਪਾਠ ਵਿੱਚ ਅਸੀਂ ਸਰਕਾਰ ਅਤੇ ਰਾਜਾਂ ਵਿਚਾਲੇ ਵਿਧਾਨਿਕ, ਵਿੱਤੀ ਅਤੇ ਪ੍ਰਸ਼ਾਸਨੀ ਸੰਬੰਧਾਂ ਬਾਰੇ ਪੜ੍ਹਿਆ ਹੈ। ਅਸੀਂ ਦੇਖਿਆ ਹੈ ਕਿ ਹਰ ਖੇਤਰ ਵਿੱਚ ਕੇਂਦਰੀ ਸਰਕਾਰ ਰਾਜ ਸਰਕਾਰ ਨਾਲੋਂ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੈ। ਕੇਂਦਰ ਨੂੰ ਨਾ ਕੇਵਲ ਰਾਜਾਂ ਨਾਲੋਂ ਵਧੇਰੇ ਵਿਸ਼ੇ ਹੀ ਦਿੱਤੇ ਗਏ ਹਨ ਸਗੋਂ ਕਈ ਹਾਲਤਾਂ ਵਿੱਚ ਕੇਂਦਰੀ ਸੰਸਦ ਨੂੰ ਰਾਜ ਵਿੱਚ ਦਿੱਤੇ ਵਿਸ਼ਿਆਂ ਉੱਤੇ ਕਾਨੂੰਨ ਬਣਾਉਣ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਜੋ ਸਮਵਰਤੀ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ ਸੰਬੰਧੀ ਬਣੇ ਕਿਸੇ ਕੇਂਦਰੀ ਕਾਨੂੰਨ ਤੇ ਰਾਜ ਤੇ ਕਾਨੂੰਨ ਵਿੱਚ ਵਿਰੋਧ ਹੋਵੇ ਕੇਂਦਰ ਦਾ ਕਾਨੂੰਨ ਰਾਜ ਦੇ ਕਾਨੂੰਨ ਉੱਤੇ ਹਾਵੀ ਹੋਵੇਗਾ। ਵਿੱਤੀ ਖੇਤਰ ਵਿੱਚ ਰਾਜਾਂ ਦੀ ਆਮਦਨੀ ਦੇ ਸਾਧਨ ਬਹੁਤ ਘੱਟ ਹਨ ਜਿਸ ਕਾਰਨ ਉਹ ਨਿਰੋਲ ਆਪਣੀ ਆਮਦਨੀ ਅਨੁਸਾਰ ਲੋਕ ਭਲਾਈ ਦੇ ਕੰਮਾਂ ਨੂੰ ਸਿਰੇ ਚਾੜ੍ਹਨ ਤੋਂ ਅਸਮਰਥ ਹਨ। ਇਸ ਲਈ ਉਨ੍ਹਾਂ ਨੂੰ ਮਾਲੀ ਸਹਾਇਤਾ ਲਈ ਕੇਂਦਰ ਵੱਲ ਦੇਖਣਾ ਪੈਂਦਾ ਹੈ। ਇਸ ਸਥਿਤੀ ਨੂੰ ਕੇਂਦਰ ਨੂੰ ਹੋਰ ਸ਼ਕਤੀਸ਼ਾਲੀ ਬਣਾ ਦਿੱਤਾ ਹੈ ਤੇ ਰਾਜਾਂ ਉੱਤੇ ਕੰਟਰੋਲ ਮਜ਼ਬੂਤ ਕਰ ਦਿੱਤਾ ਹੈ। ਕੇਂਦਰ ਰਾਜਾਂ ਨੂੰ ਹਦਾਇਤ ਦੇ ਸਕਦਾ ਹੈ ਜਿਨ੍ਹਾਂ ਦੀ ਪਾਲਣਾ ਕਰਨੀ ਰਾਜਾਂ ਲਈ ਜ਼ਰੂਰੀ ਹੈ ਵਿੱਤੀ ਗਰਾਂਟਾਂ ਨਾਲ ਕੇਂਦਰ ਕੁਝ ਸ਼ਰਤਾਂ ਵੀ ਲਾ ਸਕਦਾ ਹੈ। ਪ੍ਰਸ਼ਾਸਕੀ ਖੇਤਰ ਵਿੱਚ ਵੀ ਕੇਂਦਰ ਰਾਜਾਂ ਨੂੰ ਹਦਾਇਤਾਂ ਭੇਜ ਸਕਦਾ ਹੈ। ਭਾਰਤੀ ਸਰਕਾਰ ਦੀ ਜਾਇਦਾਦ ਦੀ ਸੁਰੱਖਿਆ ਲਈ ਕੇਂਦਰੀ ਸਰਕਾਰ ਰਾਜ ਸਰਕਾਰਾਂ ਉੱਤੇ ਜ਼ਿੰਮੇਵਾਰੀਆਂ ਆਦਿ ਕਰ ਸਕਦਾ ਹੈ ਅਤੇ ਲੋੜ ਪੈਣ ਤੇ ਰਾਜਾਂ ਵਿੱਚ ਆਪਣੀ ਪੁਲਿਸ ਭੇਜ ਵੀ ਸਕਦੀ ਹੈ। ਗੱਲ ਕੀ ਵਿਧਾਨਿਕ, ਵਿੱਤੀ ਤੇ ਪ੍ਰਸ਼ਾਸਕੀ ਪੱਖਾਂ ਤੋਂ ਕੇਂਦਰੀ ਸਰਕਾਰ ਰਾਜ ਸਰਕਾਰਾਂ ਤੇ ਪ੍ਰਬਲ ਹੈ ਅਤੇ ਉਨ੍ਹਾਂ ਦੇ ਕੰਮਾਂ ਵਿੱਚ ਦਖ਼ਲ ਦੇ ਸਕਦੀ ਹੈ।

SUGGESTED QUESTIONS

1. What justification would you give for the centralization of administrative relations between the Union and States in India ?
2. How does financial depenence of the states on the centre affect upon the administrative relations between the two.
3. Discuss the distribution of the economic resources between the Union and the States in India. How far do they make the centre strong ?
4. Discuss the special features of the Financial Relations between Union and the States in India. What are the stressess and strains on the constitutional provisions in this regard as experienced since the constitution came into force ?

SUGGESTED BOOKS

1. Inter Government Relations in Inida by Amal Ray pp. 45-59.
2. Union State Relations in India by Institute of Constitutional and Parliamentary Studies pp 175-194.
3. Union State Relations in India by S.A. Haqqi pp. 58-60 and 177-185.

SUGGESTED QUESTIONS

ਭਾਰਤ ਵਿੱਚ ਸੰਘ ਅਤੇ ਰਾਜਾਂ ਵਿੱਚਕਾਰ ਪ੍ਰਸ਼ਾਸਕੀ ਤੇ ਵਿਧਾਨਕ ਸੰਬੰਧਾਂ ਤੇ ਵਿਚਾਰ ਕਰੋ। ਆਪਣੇ ਗਿਆਨ ਨੂੰ ਪਰਖੋ। ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਹਾਂ ਜਾਂ ਨਾ ਵਿੱਚ ਦਿਉ :

1. ਕੇਂਦਰੀ ਸੰਸਦ ਨੂੰ ਕੁਝ ਸ਼ਰਤ ਅਧੀਨ ਰਾਜ ਦੇ ਮਾਮਲਿਆਂ ਉੱਤੇ ਕਾਨੂੰਨ ਬਣਾਉਣ ਦਾ ਅਧਿਕਾਰ ਹੈ।
2. ਭਾਰਤੀ ਸੰਵਿਧਾਨ ਅਨੁਸਾਰ ਬਾਕੀ ਬਚੀਆਂ ਸ਼ਕਤੀਆਂ (Residuary Powers) ਰਾਜਾਂ ਪਾਸ ਹਨ।
3. ਕੇਂਦਰ ਤੇ ਰਾਜ ਦੋਵੇਂ ਹੀ ਸਮਵਰਤੀ ਸੂਚੀ ਵਿੱਚ ਦਿੱਤੇ ਹੋਏ ਵਿਸ਼ਿਆਂ ਤੇ ਕਰ ਲਗਾ ਸਕਦੇ ਹਨ।
4. ਸੰਵਿਧਾਨ ਦੀ ਧਾਰਾ 257 ਪਾਰਲੀਮੈਂਟ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਕੇਂਦਰ ਵਲੋਂ ਇਕੱਠੇ ਕੀਤੇ ਟੈਕਸਾਂ ਤੇ ਆਮਦਨੀ ਵਿੱਚੋਂ ਰਾਜਾਂ ਅਨੁਦਾਨ ਦੇ ਸਕਦੀ ਹੈ।
5. ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਮੰਨਣਾ ਕੇਂਦਰੀ ਸਰਕਾਰ ਲਈ ਜ਼ਰੂਰੀ ਹੁੰਦਾ ਹੈ।
6. ਸੰਘਾਤਮਕ ਪ੍ਰਣਾਲੀ ਦੀ ਸਫਲਤਾ ਲਈ ਰਾਜਾਂ ਵਿੱਚ ਪਰਸਪਰ ਸਹਿਯੋਗ ਦਾ ਹੋਣਾ ਬਹੁਤ ਜ਼ਰੂਰੀ ਹੈ।
7. ਪ੍ਰਸ਼ਾਸਕੀ ਮਾਮਲਿਆਂ ਵਿੱਚ ਰਾਜ ਕੇਂਦਰੀ ਕੰਟਰੋਲ ਤੋਂ ਆਜ਼ਾਦ ਹਨ।
8. ਰਾਜਾਂ ਲਈ ਕੇਂਦਰੀ ਸਰਕਾਰ ਦੀਆਂ ਹਦਾਇਤਾਂ ਨੂੰ ਮੰਨਣਾ ਲਾਜ਼ਮੀ ਹੈ।
9. ਆਮਦਨੀ ਟੈਕਸ ਰਾਜਾਂ ਵੱਲੋਂ ਲਾਇਆ ਜਾਂਦਾ ਹੈ।

ਉੱਤਰः- 1. ਹਾਂ, 2. ਨਹੀਂ, 3. ਨਹੀਂ, 4. ਹਾਂ, 5. ਨਹੀਂ, 6. ਹਾਂ, 7. ਨਹੀਂ, 8. ਹਾਂ, 9. ਨਹੀਂ।

ਪਾਠ ਨੰ: 1.5 ਲੇਖਕ : ਡਾ.ਐਸ. ਐਸ. ਜੰਜੂਆ

ਭਾਰਤੀ ਸੰਘਾਤਮਕ ਪ੍ਰਣਾਲੀ ਦਾ ਸਰੂਪ

(Nature of Indian Federation)

ਪਾਠ ਦਾ ਵਿਸ਼ਾ-ਵਸਤੂ

1.5.0 ਪਾਠ ਦਾ ਉਦੇਸ਼
1.5.1 ਜਾਣ-ਪਛਾਣ
1.5.2 ਸੰਘਾਤਮਕ ਪ੍ਰਣਾਲੀ ਦਾ ਸਰੂਪ ਅਤੇ ਵਿਸ਼ੇਸ਼ਤਾਈਆਂ
1.5.3 ਭਾਰਤੀ ਸੰਘਵਾਦ ਦਾ ਸਰੂਪ (Nature of Indian Federalism)
1.5.4 ਸੰਘੀ ਸਿਧਾਂਤਾਂ ਦੀ ਉਲੰਘਣਾ
1.5.5 ਸੰਕਟਕਾਲੀਨ ਵਿਵਸਥਾਵਾਂ ਦਾ ਪ੍ਰਭਾਵ
1.5.6 ਸਵੈ-ਪਰਖ ਅਭਿਆਸ
1.5.7 ਸੰਵਿਧਾਨਿਕ ਵਿਵਸਥਾ ਅਨੁਸਾਰ ਕੰਟਰੋਲਰ ਅਤੇ ਆਡੀਟਰ ਜਨਰਲ
1.5.8 ਭਾਰਤੀ ਸੰਘੀ-ਢਾਂਚਾ ਅਤੇ ਸੰਕਟਕਾਲੀਨ ਵਿਵਸਥਾਵਾਂ
1.5.9 ਸਿੱਟਾ
1.5.10 ਸਵੈ-ਪਰਖ ਅਭਿਆਸ
1.5.10.1ਜ਼ਰੂਰੀ ਪੁਸਤਕਾਂ

1.5.0 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਭਾਰਤੀ ਸੰਘਾਤਮਕ ਪ੍ਰਣਾਲੀ ਦਾ ਸਰੂਪ, ਸੰਘ ਦੀਆਂ ਵਿਸ਼ੇਸ਼ਤਾਈਆਂ, ਸੰਘੀ ਸਿਧਾਂਤਾਂ ਦੀ ਉਲੰਘਣਾ, ਸੰਕਟਕਾਲੀਨ ਵਿਵਸਥਾਵਾਂ ਦਾ ਪ੍ਰਭਾਵ, ਕੰਟਰੋਲਰ ਅਤੇ ਅਡੀਟਰ ਜਨਰਲ ਦੀ ਸਥਿਤੀ, ਭਾਰਤੀ ਸੰਘੀ ਢਾਂਚਾ ਅਤੇ ਸੰਕਟਕਾਲੀਨ ਵਿਵਸਥਾਵਾਂ ਦੇ ਅਧਿਐਨ ਦਾ ਮੁਲਾਂਕਣ ਕਰਨਾ ਹੈ ?

ਭਾਰਤੀ ਸੰਘੀ ਪ੍ਰਣਾਲੀ ਦਾ ਉਦੇਸ਼ ਸ਼ਕਤੀਆਂ ਦਾ ਵਿਕੇਂਦਰੀਕਰਣ ਤੇ ਪ੍ਰਸ਼ਾਸ਼ਨ ਵਿੱਚ ਵਿਭਿੰਨਤਾ ਲਿਆਉਣਾ ਹੈ ਫਿਰ ਵੀ ਭਾਰਤੀ ਸੰਘ ਪ੍ਰਣਾਲੀ ਵਿੱਚ ਸੱਤਾ ਦਾ ਕੇਂਦਰੀਕਰਣ ਹੈ ਤਾਂ ਜੋ ਵੱਖ-ਵੱਖ ਰਾਜਨੀਤਿਕ ਅਤੇ ਆਰਥਿਕ ਪ੍ਰਸ਼ਾਸਨ ਦੇ ਖੇਤਰਾਂ ਵਿੱਚ ਇਕਸਾਰਤਾ ਨੂੰ ਕਾਇਮ ਕੀਤਾ ਜਾ ਸਕੇ। ਸਿੱਟੇ ਵਜੋਂ ਭਾਰਤੀ ਪ੍ਰਣਾਲੀ ਨੂੰ ਇਕਾਤਮਕ ਲੱਛਣ ਵਾਲਾ ਸੰਘਾਤਮਕ ਸ਼ਾਸਨ ਕਹਿ ਸਕਦੇ ਹਾਂ। ਕੇਂਦਰੀਕਰਣ ਦੇ ਮੁੱਖ ਲੱਛਣ ਹਨ : (a) ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਅਸਮਾਨ ਵੰਡ (b) ਰਾਜਾਂ ਦੀ ਵਿੱਤੀ ਸਹਾਇਤਾ ਲਈ ਕੇਂਦਰ ਉੱਤੇ ਨਿਰਭਰ ਕਰਨਾ, (c) ਤਰਮੀਮ ਦੀ ਵਿਧੀ ਸੰਬੰਧੀ ਕੇਂਦਰ ਕੋਲ ਵੱਧ ਤੋਂ ਵੱਧ ਸ਼ਕਤੀਆਂ ਦਾ ਹੋਣਾ, (d) ਕੇਂਦਰੀ ਸਰਕਾਰ ਦੁਆਰਾ ਰਾਜ ਦੀਆਂ ਹੱਦਾਂ ਨੂੰ ਬਦਲਣਾ, (e) ਸੰਯੁਕਤ ਰਾਜ ਅਮਰੀਕਾ, ਆਸਟਰੇਲੀਆ ਅਤੇ ਦੂਜੀ ਸੰਘੀ ਪ੍ਰਣਾਲੀਆਂ ਤੋਂ ਉਲਟ ਭਾਰਤ ਵਿੱਚ ਰਾਜਾਂ ਦੀ ਰਾਜ ਸਭਾ ਵਿੱਚ ਅਸਮਾਨ ਪ੍ਰਤੀਨਿਧਤਾ, (f) ਕੇਂਦਰ ਦਾ ਰਾਜਾਂ ਨੂੰ ਆਦੇਸ਼ ਦੇਣਾ, (g) ਰਾਜ ਦੀ ਕਾਰਜਕਾਰੀ ਸ਼ਕਤੀ ਕੇਂਦਰੀ ਪ੍ਰਸ਼ਾਸਨ ਦੇ ਰਸਤੇ ਵਿੱਚ ਦਖਲ-ਅੰਦਾਜ਼ੀ ਨਹੀਂ ਕਰ ਸਕਦੀ, (h) ਰਾਜਾਂ ਦੁਆਰਾ ਬਣਾਏ ਕਾਨੂੰਨ ਤੇ ਰਾਸ਼ਟਰਪਤੀ ਦਾ ਵੀਟੋ (veto) ਕਰਨਾ, (i) ਸਾਧਾਰਣ ਹਾਲਤ ਵਿਚ ਕੇਂਦਰ ਦਾ ਰਾਜਾਂ ਦੇ ਪ੍ਰਸ਼ਾਸਨ ਵਿੱਚ ਦਖਲ, (j) ਕੇਂਦਰਿਤ ਅਸੈਨਿਕ ਸੇਵਾਵਾਂ ਅਤੇ (k) ਇਕਹਿਰਾ ਅਸੈਨਿਕ ਅਤੇ ਫੌਜ਼ਦਾਰੀ ਮੁਕੱਦਮਿਆਂ ਲਈ ਕਾਨੂੰਨ ਦਾ ਪ੍ਰਬੰਧ।

1.5.1 ਜਾਣ-ਪਛਾਣ

ਭਾਰਤੀ ਸੰਵਿਧਾਨ ਪ੍ਰਣਾਲੀ ਦਾ ਸਰੂਪ (Form of Indian Constitutional System) :- ਭਾਰਤੀ ਸੰਵਿਧਾਨ ਦਾ ਇਕ ਸਾਧਾਰਨ ਅਧਿਐਨ ਵੀ ਇਸ ਸੱਚਾਈ ਨੂੰ ਸਪੱਸ਼ਟ ਕਰ ਦਿੰਦਾ ਹੈ ਕਿ ਸੰਘਵਾਦ (Federalism) ਅਤੇ ਸੰਸਦੀ ਪ੍ਰਣਾਲੀ (Parliamentary System) ਬਣਤਰ ਦੇ ਪੱਖ ਤੋਂ ਇਸ ਦੀਆਂ ਮੂਲ ਵਿਸ਼ੇਸ਼ਤਾਵਾਂ ਹਨ। **ਡਾ. ਅੰਬੇਦਕਰ** ਨੇ ਵੀ ਸੰਵਿਧਾਨ ਸਭਾ ਵਿਚ ਕਿਹਾ ਸੀ, ''ਅਮਰੀਕਾ ਦੀ ਸ਼ਾਸਨ ਪ੍ਰਣਾਲੀ ਨੂੰ ਪ੍ਰਧਾਨਗੀ ਸ਼ਾਸਨ ਪ੍ਰਣਾਲੀ ਕਿਹਾ ਜਾਂਦਾ ਹੈ, ਪਰੰਤੂ ਭਾਰਤ ਲਈ ਜਿਹੜੀ ਸਾਸਨ ਪ੍ਰਣਾਲੀ ਇਸ ਸੰਵਿਧਾਨ ਵਿੱਚ ਨਿਸ਼ਚਿਤ ਕੀਤੀ ਗਈ ਹੈ। ਉਹ ਸੰਸਦੀ ਪ੍ਰਣਾਲੀ ਹੈ।''[1] ਸੰਵਿਧਾਨ ਦੇ ਸਰੂਪ ਸੰਬੰਧੀ ਸੰਵਿਧਾਨ ਸਭਾ ਵਿਚ ਬੋਲਦਿਆਂ 4 ਨਵੰਬਰ, 1948 ਨੂੰ ਸਵਿਧਾਨ ਸਭਾ ਸੰਮਤੀ ਦੇ ਪ੍ਰਧਾਨ **ਡਾ. ਅੰਬੇਦਕਰ** ਨੇ ਕਿਹਾ, ''ਮਸੌਦਾ ਸੰਵਿਧਾਨ ਸੰਘਾਤਮਕ ਸੰਵਿਧਾਨ ਹੈ ਕਿਉਂਕਿ ਦੋਹਰੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕਰਦੀ ਹੈ। ਇਸ ਪ੍ਰਸਤਾਵਿਤ ਸੰਵਿਧਾਨ ਅਧੀਨ ਦੋਹਰੀ; ਸ਼ਾਸਨ ਪ੍ਰਣਾਲੀ ਕੇਂਦਰ ਵਿਚ ਸੰਘ ਸਰਕਾਰ ਅਤੇ ਇਸਦੇ ਘੇਰੇ ਵਿਚ ਰਾਜ ਸਰਕਾਰਾਂ ਹੋਣਗੀਆਂ ਜੋ ਆਪਣੇ-ਆਪਣੇ ਨਿਸ਼ਚਿਤ ਖੇਤਰ ਵਿਚ ਸੰਵਿਧਾਨ ਦੁਆਰਾ ਦਿੱਤੀਆਂ ਸੁਤੰਤਰ ਸ਼ਕਤੀਆਂ ਦੀ ਵਰਤੋਂ ਕਰਨਗੀਆਂ।''[2] ਇਸ ਤਰ੍ਹਾਂ ਸਪੱਸ਼ਟ ਹੈ ਕਿ ਭਾਰਤ ਵਿਚ ਸ਼ਾਸਨ ਦਾ ਰੂਪ ਸੰਸਦੀ ਹੈ ਅਤੇ ਭਾਰਤੀ ਰਾਜ ਦਾ ਸੰਗਠਨ ਇਕਾਤਮਕ (Unitary) ਆਧਾਰਾਂ ਤੇ ਨਹੀਂ ਹੈ ਸਗੋਂ ਸੰਘਾਤਮਕ (Federal) ਆਧਾਰਾਂ ਤੇ ਕੀਤਾ ਗਿਆ ਹੈ।

ਸੰਘਵਾਦ ਭਾਰਤੀ ਸ਼ਾਸਨ ਪ੍ਰਣਾਲੀ ਦਾ ਮੁੱਖ ਆਧਾਰ ਹੈ ਪਰੰਤੂ ਇਹ ਵਿਸ਼ਵ ਦੇ ਦੂਜੇ ਦੇਸ਼ਾਂ ਵਿਚ ਪ੍ਰਚੱਲਿਤ ਸੰਘਾਤਮਕ ਸ਼ਾਸਨ ਪ੍ਰਣਾਲੀ ਵਿਘਟਨ ਰਹਿਤ ਸੰਘ ਦੀ ਵਿਚਾਰਧਾਰਾ ਤੇ ਆਧਾਰਿਤ ਹੈ ਜਿਸ ਅਨੁਸਾਰ ਕੁਝ ਸੰਕਟਕਾਲੀਨ ਸਥਿਤੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਹਾਲਤਾਂ ਵਿਚ ਰਾਜ ਆਪਣੇ ਆਪਣੇ ਖੇਤਰ ਵਿੱਚ ਖੁਦਮੁਖਤਿਆਰ ਹੁੰਦੇ ਹਨ। ਭਾਰਤੀ ਸੰਘ ਅਮਰੀਕਾ ਵਾਂਗ ਸੁਤੰਤਰ ਰਾਜਾਂ ਦੇ ਇਕੱਠ ਦਾ ਪਰਿਣਾਮ ਨਹੀਂ, ਨਾ ਹੀ ਸੰਘ ਰਾਜਾਂ ਵਿਚਕਾਰ ਲਚਕੀਲੇ ਸੰਬੰਧਾਂ ਵਾਲਾ ਇਕ ਸੰਗਠਨ ਹੈ ਅਤੇ ਨਾ ਹੀ ਰਾਜ ਕੇਂਦਰ ਤੋਂ ਸ਼ਕਤੀਆਂ ਪ੍ਰਾਪਤ ਕਰਨ ਵਾਲੀਆਂ ਇਕਾਈਆਂ ਹਨ। ਸੰਘ ਅਤੇ ਰਾਜ ਕੇਂਦਰ ਤੋਂ ਸ਼ਕਤੀਆਂ ਪ੍ਰਾਪਤ ਕਰਨ ਵਾਲੀਆਂ ਇਕਾਈਆਂ ਹਨ। ਸੰਘ ਅਤੇ ਰਾਜਾਂ ਦੀ ਵਿਵਸਥਾ ਸੰਵਿਧਾਨ ਦੁਆਰਾ ਕੀਤੀ ਗਈ ਹੈ। ਦੋਨਾਂ ਵਿੱਚੋਂ ਕੋਈ ਵੀ ਆਪਣੇ ਖੇਤਰ ਵਿਚ ਦੂਜੇ ਦੇ ਅਧੀਨ ਨਹੀਂ। ਇੱਕ ਦੀ ਖੁਦਮੁਖਤਿਆਰੀ ਦੂਜੇ ਨਾਲ ਤਾਲਮੇਲ ਖਾਂਦੀ ਹੈ। ਸੰਵਿਧਾਨ ਦੀਆਂ ਧਾਰਾਵਾਂ ਦੇ ਅਨੁਸਾਰ ਭਾਵੇਂ ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਵਿੱਚ ਕਈ ਅਣਡਿੱਠੀਆਂ ਸਮੱਸਿਆਵਾਂ ਅਤੇ ਕਠਿਨਾਈਆਂ ਪੈਦਾ ਹੋ ਗਈਆਂ ਹਨ ?

ਰਾਜਾਂ ਦਾ ਵਰਗੀਕਰਣ ਕਰਨਾ ਇਕ ਗੁੰਝਲਦਾਰ ਸਮੱਸਿਆ ਹੈ। ਅਸਲ ਵਿੱਚ ਰਾਜਾਂ ਦਾ ਵਰਗੀਕਰਣ ਹੀ ਸਰਕਾਰਾਂ ਦਾ ਵਰਗੀਕਰਣ ਹੈ। ਇਥੇ ਕੋਈ ਵੀ ਇਹ ਨਿਸ਼ਚਿਤ ਆਧਾਰ ਨਹੀਂ ਹੈ ਜਿਸ ਦੇ ਦੁਆਰਾ ਅਸੀਂ ਰਾਜ ਦਾ ਵਰਗੀਕਰਣ ਕਰ ਸਕੀਏ। ਸੰਘਾਤਮਕ ਸ਼ਾਸਨ ਪ੍ਰਣਾਲੀ ਵਿੱਚ ਸ਼ਕਤੀਆਂ ਕੇਂਦਰ ਸਰਕਾਰ ਅਤੇ ਦੂਜੀਆਂ ਪ੍ਰਾਂਤਿਕ ਸਰਕਾਰਾਂ ਵਿਚਕਾਰ ਵੰਡੀਆਂ ਹੁੰਦੀਆਂ ਹਨ। ਇਸ ਤਰ੍ਹਾਂ ਰਾਜਾਂ ਨੂੰ ਅਸੀਂ ਇਕਾਤਮਕ ਅਤੇ ਸੰਘਾਤਮਕ ਪ੍ਰਣਾਲੀ ਦੇ ਅਧੀਨ ਵੰਡ ਸਕਦੇ ਹਾਂ ਜਿਥੇ ਸਰਕਾਰ ਦੀਆਂ ਸ਼ਕਤੀਆਂ ਇਕ ਕੇਂਦਰ ਸਰਕਾਰ ਅੰਗ ਜਾਂ ਅੰਗਾਂ ਨੂੰ ਦਿੱਤੀਆਂ ਜਾਣ ਅਤੇ ਅੰਗਾਂ ਕੋਲੋਂ ਸਥਾਨਕ ਸਰਕਾਰਾਂ ਆਪਣੀਆਂ

1. "The American form of Government is called the Presidential System of the Government. But what the Draft Constitution proposes is the Parliamentary System." **- Dr. Ambedkar C.A.D., Vol. VII (P-29)**
2. "The Draft Constitution is Federal Constitution as much as, it establishes what may be called a Dual Polity. This Dual Polity under the proposed constitution will consist of the Union at the Centre and the State at the periphery each endowed with sovereign power to be exercised in the field assigned to them respectively in the Constitution." **- Dr. Ambedkar.**

ਸ਼ਕਤੀਆਂ ਸਵਾਧੀਨਤਾ ਅਤੇ ਹੋਂਦ ਪ੍ਰਾਪਤ ਕਰਨ, ਉਹ ਇਕਾਤਮਕ ਸਰਕਾਰ ਹੁੰਦੀ ਹੈ।

ਜਦੋਂ ਦੋ ਜਾਂ ਦੋ ਤੋਂ ਜ਼ਿਆਦਾ ਸੁਤੰਤਰ ਗੁਆਂਢੀ ਰਾਜ ਪ੍ਰੰਪਰਾਗਤ ਤਰੀਕੇ ਨਾਲ ਆਪਣੇ ਸਾਂਝੇ ਉਦੇਸ਼ਾਂ ਅਤੇ ਹਿੱਤਾਂ ਲਈ ਮਿਲ ਜਾਣ ਤਾਂ ਉਸਨੂੰ ਸੰਘ ਕਹਿੰਦੇ ਹਨ। ਪ੍ਰਭੂਸੱਤਾ ਨੂੰ ਕਾਇਮ ਕਰਨ ਲਈ ਸਾਂਝੇ ਉਦੇਸ਼ਾਂ ਵਿਚਕਾਰ ਸੁਮੇਲ ਕਰ ਲੈਂਦੇ ਹਨ ਅਤੇ ਆਪਣੀਆਂ ਪ੍ਰਭੁਸੱਤਾ ਸੰਪੰਨ ਇਕ ਸੰਘ ਸਰਕਾਰ ਨੂੰ ਦੇ ਦਿੰਦੇ ਹਨ ਤਾਂ ਕਿ ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਅਤੇ ਯੁੱਧ ਤੋਂ ਸਮੂਹਿਕ ਸੁਰੱਖਿਆ ਕਰ ਸਕਣ ਅਤੇ ਇਸ ਤੋਂ ਇਲਾਵਾ ਉਹ ਸਾਂਝਾ ਆਰਥਿਕ ਮੇਲ ਪੱਕਾ ਕਰ ਸਕਣ। ਸੰਘ ਨੂੰ ਸਿਰਫ਼ ਵਿਸਤਰਿਤ ਸ਼ਕਤੀਆਂ ਹੀ ਦਿੱਤੀਆਂ ਜਾਂਦੀਆਂ ਹਨ ਅਤੇ ਪ੍ਰਾਂਤਿਕ ਸਰਕਾਰਾਂ ਆਪਣੇ ਨਿਸ਼ਚਿਤ ਖੇਤਰ ਵਿੱਚ ਸੰਵਿਧਾਨ ਦੁਆਰਾ ਸੁਤੰਤਰ ਹੁੰਦੀਆਂ ਹਨ। ਸੰਘ ਇਕ ਅਜਿਹੀ ਸ਼ਾਸਨ ਪ੍ਰਣਾਲੀ ਹੈ ਜਿਸ ਵਿਚ ਸੁਤੰਤਰ ਰਾਜ ਮਿਲ ਕੇ ਇਕ ਸੰਘ ਬਣਾਉਂਦੇ ਹਨ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਕਾਰਜ ਅਤੇ ਵਿੱਤੀ ਸੱਤਾ ਨਿਸ਼ਚਿਤ ਕਰਦੇ ਹਨ। ਦੋਨਾਂ ਸ਼ਕਤੀਆਂ ਦੀ ਵੰਡ ਇਕ ਹੀ ਸੰਵਿਧਾਨ ਦੇ ਆਧਾਰ ਤੇ ਕੀਤੀ ਜਾਂਦੀ ਹੈ।

1.5.2 ਸੰਘਾਤਮਕ ਪ੍ਰਣਾਲੀ ਦਾ ਸਰੂਪ ਅਤੇ ਵਿਸ਼ੇਸ਼ਤਾਈਆਂ

ਭਾਰਤੀ ਸੰਘਵਾਦ ਭਾਵੇਂ ਭਾਰਤੀ ਸੰਵਿਧਾਨ ਦੀ ਦੇਣ ਹੈ ਪਰੰਤੂ ਫਿਰ ਵੀ ਇਹ ਉੱਤਪਤੀ ਵਿਧੀ ਦੀਆਂ ਵੱਖ-ਵੱਖ ਸਥਿਤੀਆਂ-ਵਿਕੇਂਦਰੀਕਰਨ, ਉਤਾਰਾਧਿਕਰਨ ਅਤੇ ਸੰਘਵਾਦ ਦਾ ਸਿੱਟਾ ਹੈ।

ਸੰਘ ਦੀਆਂ ਕੁਝ ਜ਼ਰੂਰੀ ਵਿਸ਼ੇਸ਼ਤਾਈਆਂ ਹਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ :

(ੳ) ਦੋਹਰੀ ਸ਼ਾਸਨ ਪ੍ਰਣਾਲੀ ਭਾਵ ਇਕ ਕੇਂਦਰੀ ਸਰਕਾਰ ਅਤੇ ਕੁਝ ਪ੍ਰਾਂਤਕ ਸਰਕਾਰਾਂ, (ਅ) ਕੇਂਦਰੀ ਸਰਕਾਰ ਅਤੇ ਪ੍ਰਾਂਤਿਕ ਸਰਕਾਰਾਂ ਆਪਣੇ-ਆਪਣੇ ਖੇਤਰ ਵਿੱਚ ਸੁਤੰਤਰ ਹੁੰਦੀਆਂ ਹਨ ਅਤੇ ਇੱਕ ਦੂਜੇ ਨਾਲ ਤਾਲਮੇਲ ਰੱਖਦੀਆਂ ਹਨ, (ੲ) ਲਿਖਤੀ ਸੰਵਿਧਾਨ ਦੀ ਵਿਵਸਥਾ, (ਸ) ਕਠੋਰ ਸੰਵਿਧਾਨ, (ਹ) ਸੰਵਿਧਾਨਿਕ ਸ਼ਕਤੀਆਂ ਦੀ ਵੰਡ, (ਕ) ਨਿਆਂਪਾਲਿਕਾ ਦੀ ਵਿਵਸਥਾ। ਕੇ. ਸੀ. ਵੀਯਰ ਦੇ ਅਨੁਸਾਰ, ਸੰਘ ਦਾ ਅਰਥ ਹੈ ਸ਼ਕਤੀਆਂ ਦੀ ਵੰਡ ਇਸ ਤਰ੍ਹਾਂ ਹੋਵੇ ਕਿ ਪ੍ਰਾਂਤਿਕ ਸਰਕਾਰਾਂ ਇੱਕ ਨਿਸ਼ਚਿਤ ਸੀਮਾ ਵਿੱਚ ਸੁਤੰਤਰ ਹੋਣ ਅਤੇ ਨਾਲ ਹੀ ਦੂਜੀਆਂ ਸਰਕਾਰਾਂ ਨਾਲ ਤਾਲਮੇਲ ਬਣਾ ਕੇ ਰੱਖਣ।

ਸੰਘਵਾਦ ਵੱਖ-ਵੱਖ ਰਾਜਾਂ ਦੀਆਂ ਇਕਾਈਆਂ ਵਿੱਚ ਏਕਤਾ ਪ੍ਰਦਾਨ ਕਰਦਾ ਹੈ। ਅਸਲ ਵਿੱਚ ਸੰਘ ਸਮਾਜ ਬਹੁਵਾਦੀ ਸਮਾਜ ਹੈ। ਆਧੁਨਿਕ ਸੰਵਿਧਾਨਕ ਪ੍ਰਵਿਰਤੀ ਸੰਘ ਵੱਲ ਝੁਕਾਉ ਅਤੇ ਸ਼ਕਤੀਆਂ ਦੇ ਵਿਕੇਂਦਰੀਕਰਨ ਵੱਲ ਹੈ। ਭਾਰਤ ਵਿੱਚ ਖੇਤਰੀ-ਚੇਤੰਨਤਾ ਸੱਭਿਆਚਾਰਕ ਅਤੇ ਪ੍ਰਾਂਤਿਕ ਭਿੰਨਤਾਵਾਂ ਨੇ ਸਾਡੇ ਸੰਵਿਧਾਨ ਨਿਰਮਾਤਾਵਾਂ ਨੂੰ ਆਜ਼ਾਦ ਭਾਰਤ ਲਈ ਸੰਘੀ ਸੰਵਿਧਾਨ ਬਣਾਉਣ ਲਈ ਮਜ਼ਬੂਤ ਕੀਤਾ। ਸੰਘਾਤਮਕ ਇਕਾਈਆਂ ਵਿੱਚ ਭਿੰਨਤਾ ਕਰਕੇ ਹੀ ਸੰਘ ਨੂੰ ਰਾਜਾਂ ਨਾਲ ਸ਼ਕਤੀਸ਼ਾਲੀ ਸਥਿਤੀ ਦਿੱਤੀ ਗਈ। ਭਾਰਤ ਵਿੱਚ ਕੇਂਦਰ ਦੀ ਸਥਿਤੀ ਸ਼ਕਤੀਸ਼ਾਲੀ ਬਣਾਈ ਗਈ ਹੈ ਤਾਂ ਕਿ ਉਹ ਤੋੜਫੋੜ ਵਾਲੀਆਂ ਸ਼ਕਤੀਆਂ ਨਾਲ ਕਠੋਰ ਢੰਗ ਨਾਲ ਨਜਿੱਠ ਸਕੇ ਅਤੇ ਸੰਘਵਾਦ ਦੇ ਉਦੇਸ਼ਾਂ ਨੂੰ ਕਾਇਮ ਰੱਖ ਸਕੇ। ਸੰਵਿਧਾਨ ਨਿਰਮਾਤਾਵਾਂ ਦੇ ਮੁੱਖ ਉਦੇਸ਼ ਭਾਰਤ ਵਿੱਚ ਇਕਹਿਰੀ ਸੰਘਾਤਮਕ ਪ੍ਰਣਾਲੀ ਦੀ ਉਤਪੱਤੀ ਕਰਨਾ ਸੀ। ਭਾਰਤ ਵਿੱਚ ਕੇਂਦਰ ਅਤੇ ਇਸ ਦੀ ਇਕਾਈਆਂ ਲਈ ਇੱਕ ਹੀ ਸੰਵਿਧਾਨ ਦੀ ਵਿਵਸਥਾ ਕੀਤੀ ਗਈ ਹੈ। ਸੰਘਾਤਮਕ ਪ੍ਰਣਾਲੀ ਵਿੱਚ ਕੋਈ ਖਾਸ ਨਿਸ਼ਚਿਤ ਸਿਧਾਂਤ ਅਤੇ ਅਮਲੀ ਸੰਕੇਤ ਨਹੀਂ ਮਿਲਦੇ ਜਿਸ ਨਾਲ ਸੰਘਾਤਮਕ ਪ੍ਰਣਾਲੀ ਦੀਆਂ ਵਿਸ਼ੇਸ਼ਤਾਈਆਂ ਦਾ ਪਤਾ ਲਗਾਇਆ ਜਾ ਸਕੇ। ਕੇਂਦਰਿਤ ਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਹੀ ਸੰਘਾਤਮਕ ਪ੍ਰਣਾਲੀ ਨੂੰ ਦਰਸਾਉਂਦਾ ਹੈ ਜਿਹੜੀ ਕਿ ਇਤਿਹਾਸਕ ਪਿਛੋਕੜ ਤੇ ਦੂਜੇ ਸੰਬੰਧਿਤ ਤੱਤਾਂ ਕਾਰਣ ਵੱਖ-ਵੱਖ ਹੋ ਸਕਦੀ ਹੈ।

ਭਾਵੇਂ 1937 ਦੇ ਬਾਅਦ ਵੀ ਭਾਰਤ ਵਿੱਚ ਇਕਾਤਮਕ ਪ੍ਰਣਾਲੀ ਕਾਇਮ ਰੱਖੀ ਗਈ ਪ੍ਰੰਤੂ ਰਾਜਾਂ ਨੂੰ ਵੱਧ ਅਧਿਕਾਰ ਦੇਣ ਅਤੇ ਸਭਾ ਦੇ ਵਿਕੇਂਦਰੀਕਰਣ ਦੀ ਪ੍ਰਕਿਰਿਆ 19ਵੀਂ ਸਦੀ ਦੇ ਪਿਛਲੇ ਅੱਧ ਤੋਂ ਹੀ ਸ਼ੁਰੂ ਹੋ ਗਈ। 1919 ਦੇ (Montford Reforms Act) ਨੇ ਇਸ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ। 1928 ਦੀ ਨਹਿਰੂ ਕਮੇਟੀ ਦੀ ਰਿਪੋਰਟ ਨੇ ਵੀ ਕਨੇਡਾ ਵਰਗੇ ਸੰਘਾਤਮਕ ਢਾਂਚੇ ਨੂੰ ਭਾਰਤ ਵਿੱਚ ਅਪਨਾਉਣ ਦੀ

ਸਿਫਾਰਸ਼ ਕੀਤੀ। ਸਾਈਮਨ ਕਮਿਸ਼ਨ ਦੀ ਰਿਪੋਰਟ ਨੇ ਰਾਜਾਂ ਅਤੇ ਬਰਤਾਨਵੀ ਭਾਰਤ ਵਿਚ ਇਕ ਮੌਲਿਕ ਸੰਘਾਤਮਕ ਸੰਘ ਸਥਾਪਿਤ ਕਰਨ ਦੀ ਪੇਸ਼ਕਸ਼ ਕੀਤੀ। 1930 ਵਿੱਚ ਸਭ ਤੋਂ ਪਹਿਲੀ (Round Table Conference) ਲੰਦਨ ਵਿੱਚ ਹੋਈ ਅਤੇ 1935 ਦੇ ਭਾਰਤ ਸਰਕਾਰ ਕਾਨੂੰਨ ਨੂੰ ਭਾਰਤ ਵਿੱਚ ਸੰਘਵਾਦ ਦੀ ਸਥਾਪਨਾ ਦੀ ਤਜਵੀਜ਼ ਪੇਸ਼ ਕੀਤੀ। ਇਸ ਐਕਟ ਨੇ ਸੁਤੰਤਰ ਪ੍ਰਾਂਤਾਂ ਦੀ ਸਥਾਪਨਾ ਕੀਤੀ ਜੋ ਕਿ ਕੁਝ ਪ੍ਰਤੀਬੰਧਨਾਂ ਨਾਲ ਕੇਂਦਰ ਅਤੇ ਸੰਘਾਤਮਕ ਸਰਕਾਰ ਤੋਂ ਆਜ਼ਾਦ ਰਹਿ ਸਕਦੇ ਹਨ। ਦੇਸੀ ਰਿਆਸਤਾਂ ਦੇ ਸਾਸ਼ਕਾਂ ਨੇ ਪਹਿਲਾਂ ਸੰਘ ਵਿੱਚ ਸ਼ਾਮਿਲ ਹੋਣ ਸੰਬੰਧੀ ਪੱਤਰ ਉਤੇ ਹਸਤਾਖਰ ਕਰਕੇ ਬਾਅਦ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ ਤਾਂ ਕਿ ਉਹ ਸਾਂਝੇ ਵਿਧਾਨ ਤੋਂ ਆਪਣੇ ਆਪ ਨੂੰ ਮੁਕਤ ਰੱਖ ਸਕਣ। 1935 ਦਾ ਐਕਟ ਕਾਂਗਰਸ ਮੁਸਲਿਮ ਲੀਗ ਅਤੇ ਦੇਸੀ ਰਿਆਸਤਾਂ ਦੇ ਅਸਹਿਯੋਗ ਕਾਰਨ ਗੈਰ-ਸੰਚਾਲਕ ਹੀ ਰਿਹਾ। ਇਸ ਤਰ੍ਹਾਂ 1935 ਦੇ ਐਕਟ ਅਧੀਨ ਬਣਾਈ ਸੰਘ ਪ੍ਰਣਾਲੀ ਨੂੰ ਕਦੀ ਵੀ ਅਮਲੀ ਰੂਪ ਪ੍ਰਾਪਤ ਨਾ ਹੋ ਸਕਿਆ। 1946 ਵਿੱਚ ਕੈਬਨਿਟ ਕਮਿਸ਼ਨ ਅਧੀਨ ਸੰਵਿਧਾਨਿਕ ਸਭਾ ਸਥਾਪਿਤ ਕੀਤੀ ਜਿਸਨੇ ਕਿ ਭਾਰਤੀ ਸੰਵਿਧਾਨ ਦੁਆਰਾ ਭਾਰਤ ਲਈ ਸੰਘੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ।

1.5.3 ਭਾਰਤੀ ਸੰਘਵਾਦ ਦਾ ਸਰੂਪ (Nature of Indian Federalism)

ਭਾਰਤੀ ਸੰਘ ਪ੍ਰਣਾਲੀ ਸੰਵਿਧਾਨ ਦੀ ਦੇਣ ਹੈ ਪਰ ਸੰਘਾਤਮਕ ਸਰਕਾਰ ਵਿੱਚ ਦੂਹਰੇ ਸ਼ਾਸਨ ਦਾ ਪ੍ਰਬੰਧ ਹੈ। ਇਕ ਕੇਂਦਰੀ ਸ਼ਾਸਨ ਅਤੇ ਦੂਜਾ ਪ੍ਰਾਂਤਕ ਸ਼ਾਸਨ। ਦੋਨਾਂ ਸਰਕਾਰਾਂ ਨੂੰ ਸੰਵਿਧਾਨ ਦੁਆਰਾ ਆਪਣੇ ਆਪਣੇ ਖੇਤਰ ਵਿੱਚ ਸੰਪੂਰਨ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਭਾਰਤ ਦਾ ਲਿਖਤੀ ਸੰਵਿਧਾਨ ਹੈ ਜੋ ਕਿ ਵਿਸ਼ਵ ਦੇ ਸੰਵਿਧਾਨਾਂ ਨਾਲੋਂ ਲੰਬਾ ਤੇ ਵਿਸਤਰਿਤ ਹੈ। ਇਸ ਵਿੱਚ ਲਗਭਗ 9000 ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਅਮਰੀਕਾ ਦੇ ਸੰਵਿਧਾਨ ਦੇ ਮੁਕਾਬਲੇ ਭਾਰਤੀ ਸੰਵਿਧਾਨ ਬਹੁਤ ਵਿਸਤਰਿਤ ਹੈ ਜੋ ਕਿ ਵਿਸ਼ਵ ਅਤੇ ਰਾਜ ਦੇ ਵਿਧਾਨ ਮੰਡਲ ਦੀਆਂ ਵਿਧਾਨਿਕ ਸ਼ਕਤੀਆਂ ਦੀ ਵਿਆਖਿਆ ਵਿਸਤਰਿਤ ਰੂਪ ਵਿੱਚ ਕਰਦਾ ਹੈ। ਸੰਵਿਧਾਨ ਵਿੱਚ ਤਰਮੀਮ ਕਰਨ ਦੇ ਪੱਖ ਤੋਂ ਭਾਰਤੀ ਸੰਵਿਧਾਨ ਕਠੋਰ ਹੈ। ਭਾਰਤੀ ਸੰਵਿਧਾਨ ਕੇਂਦਰ ਲਈ ਕੇਂਦਰੀ ਸਰਕਾਰ ਅਤੇ ਰਾਜਾਂ ਲਈ ਰਾਜ ਸਰਕਾਰ ਦੀ ਵਿਵਸਥਾ ਕਰਦਾ ਹੈ ਜੋ ਕਿ ਇੱਕ ਦੂਜੇ ਨਾਲ ਤਾਲ ਮੇਲ ਰੱਖਦੇ ਹਨ ਅਤੇ ਆਪਣੇ-ਆਪਣੇ ਖੇਤਰ ਵਿਚ ਸੁਤੰਤਰ ਹਨ। ਭਾਰਤ ਦੇ ਸੰਵਿਧਾਨ ਵਿੱਚ ਵੱਖ-ਵੱਖ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ। ਸੰਘ ਸੂਚੀ, ਰਾਜ ਸੂਚੀ ਤੇ ਸਮਵਰਤੀ ਸੂਚੀ। ਇਨ੍ਹਾਂ ਸੂਚੀਆਂ ਵਿੱਚ ਰਾਸ਼ਟਰੀ ਮਹੱਤਤਾ, ਸਥਾਨਿਕ ਮਹੱਤਤਾ ਕੇਂਦਰ ਤੇ ਰਾਜਾਂ ਦੀ ਆਪਸੀ ਮਹੱਤਤਾ ਵਾਲੇ ਵਿਸ਼ੇ ਦਰਜ ਕੀਤੇ ਗਏ ਹਨ। ਭਾਰਤੀ ਸੰਵਿਧਾਨ ਸੁਤੰਤਰ ਨਿਆਂ ਪਾਲਿਕਾਂ ਦੀ ਵਿਵਸਥਾ ਕਰਦਾ ਹੈ ਜੋ ਸੰਵਿਧਾਨ ਦੀ ਵਿਆਖਿਆਕਾਰ ਤੇ ਰੱਖਿਅਕ ਹੈ। ਅਦਾਲਤਾਂ ਕੋਲ ਸੰਵਿਧਾਨਿਕ ਮਹੱਤਤਾ ਵਾਲੇ ਵਿਸ਼ੇਸ਼ ਫੈਸਲੇ ਭੇਜੇ ਜਾਂਦੇ ਹਨ। ਸੰਵਿਧਾਨ ਦੀ ਵਿਆਖਿਆ ਕਰਨ ਦੀ ਸ਼ਕਤੀ ਭਾਰਤ ਸਰਵ-ਉੱਚ ਅਦਾਲਤ ਨੂੰ ਸੰਵਿਧਾਨ ਦੁਆਰਾ ਪ੍ਰਦਾਨ ਕੀਤੀ ਗਈ ਹੈ ਤੇ ਨਿਆਂਪਾਲਿਕਾ ਦਾ ਫੈਸਲਾ ਸਰਕਾਰ ਅਤੇ ਲੋਕਾਂ ਲਈ ਅੰਤਿਮ ਹੁੰਦਾ ਹੈ ਅਤੇ ਉਨ੍ਹਾਂ ਦੇ ਫੈਸਲੇ ਨੂੰ ਸਰਕਾਰ ਅਤੇ ਲੋਕਾਂ ਨੂੰ ਮੰਨਣਾ ਪੈਦਾ ਹੈ।

ਅਸਲ ਵਿੱਚ ਭਾਰਤੀ ਸੰਵਿਧਾਨ ਪ੍ਰੰਪਰਾਗਤ ਸੰਘੀ ਸਰਕਾਰ ਦੇ ਸਾਰੇ ਲੱਛਣਾਂ ਦੀ ਵਿਵਸਥਾ ਕਰਦਾ ਹੈ। ਸੰਵਿਧਾਨ ਇਕ ਸੰਯੁਕਤ ਰਾਜ ਦੀ ਵਿਵਸਥਾ ਕਰਦਾ ਹੈ ਜੋ ਕਿ ਵੱਖ-ਵੱਖ ਇਕਾਈਆਂ ਤੋਂ ਬਣੀ ਹੋਈ ਹੈ ਅਤੇ ਜਿਸ ਰਾਹੀਂ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਠੀਕ ਢੰਗ ਨਾਲ ਕੀਤੀ ਗਈ ਹੈ। ਨਿਰਸੰਦੇਹ ਭਾਰਤ ਇਕ ਸੰਘੀ ਰਾਜ ਹੈ ਜਿਸ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਆਪਣੇ ਆਪਣੇ ਖੇਤਰ ਵਿੱਚ ਪ੍ਰਭੂਸੱਤਾ ਸੰਪਨ ਹਨ।

1.5.4 ਸੰਘੀ ਸਿਧਾਂਤਾਂ ਦੀ ਉਲੰਘਣਾ (Deviation from the Federal Principles)

ਭਾਰਤੀ ਸੰਵਿਧਾਨ ਵਿੱਚ ਸਰਕਾਰ ਦੀਆਂ ਵਿਸ਼ੇਸ਼ਤਾਈਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਸੰਵਿਧਾਨ ਉਨ੍ਹਾਂ ਅਨੇਕਾਂ ਉਪਬੰਧਾਂ ਦੀ ਵੀ ਵਿਵਸਥਾ ਕਰਦਾ ਹੈ ਜੋ ਸੰਘੀ ਸਰਕਾਰ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ। ਭਾਵੇਂ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਸੰਵਿਧਾਨ ਦੇ ਅਨੁਸਾਰ ਕੀਤੀ ਗਈ ਹੈ ਪ੍ਰੰਤੂ

ਕੇਂਦਰ ਸਰਕਾਰ ਦੀ ਸਥਿਤੀ ਰਾਜਾਂ ਦੇ ਮੁਕਾਬਲੇ ਜ਼ਿਆਦਾ ਸ਼ਕਤੀਸ਼ਾਲੀ ਹੈ। ਸ਼ਕਤੀਆਂ ਦੀ ਵੰਡ ਸਰੂਪ ਤੋਂ ਪਤਾ ਲਗਦਾ ਹੈ ਕਿ ਕੇਂਦਰ ਵੱਧ ਸ਼ਕਤੀਸ਼ਾਲੀ ਇਸ ਲਈ ਕੀਤਾ ਗਿਆ ਹੈ ਕਿ ਦੇਸ਼ ਦੀ ਏਕਤਾ ਅਖੰਡਤਾ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਦੇਸ਼ ਦੇ ਕਿਸੇ ਹਿੱਸੇ ਵਿੱਚ ਵੀ ਸੰਘ ਨੂੰ ਤੋੜਨ ਵਾਲੀਆਂ ਤਾਕਤਾਂ ਹਾਵੀ ਨਾ ਹੋ ਸਕਣ। ਇਸ ਪ੍ਰਕਾਰ ਇਹ ਉਪਬੰਧ ਸੰਵਿਧਾਨਕ ਮਸ਼ੀਨਰੀ ਦੀ ਕਾਰਜ ਕੁਸ਼ਲਤਾ ਅਤੇ ਸਥਿਰਤਾ ਨੂੰ ਯਕੀਨੀ ਬਣਾਉਂਦੇ ਹਨ।

ਸੰਵਿਧਾਨ ਵਿੱਚ ਸੰਕਟਕਾਲ ਦੀ ਵਿਵਸਥਾ ਨੇ ਵੀ ਭਾਰਤੀ ਸੰਘ ਨੂੰ ਇਕ ਲਚਕੀਲਾਪਨ ਪ੍ਰਦਾਨ ਕੀਤਾ ਗਿਆ ਹੈ। ਸੰਵਿਧਾਨ ਵਿੱਚ ਤਰਮੀਮ ਕੀਤੇ ਬਗੈਰ ਹੀ ਸਾਰੇ ਸੰਘੀ ਢਾਂਚੇ ਨੂੰ ਇਕਾਤਮਕ ਢਾਂਚੇ ਵਿੱਚ ਬਦਲਿਆ ਜਾ ਸਕਦਾ ਹੈ। ਸੰਵਿਧਾਨ ਦੇ ਬਹੁਤ ਸਾਰੇ ਉਪਬੰਧ ਸੰਸਦ ਦੁਆਰਾ ਪ੍ਰਸਥਿਤੀ ਦੇ ਅਨੁਸਾਰ ਸਾਧਾਰਣ ਬਹੁਮਤ ਨਾਲ ਹੀ ਤਰਮੀਮ ਕੀਤੇ ਜਾ ਸਕਦੇ ਹਨ। ਰਾਸ਼ਟਰਪਤੀ ਕੁੱਝ ਹਾਲਤਾਂ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਸੰਬੰਧੀ ਸੰਵਿਧਾਨਕ ਉਪਬੰਧਾਂ ਵਿੱਚ ਸੋਧ ਕਰ ਸਕਦਾ ਹੈ। ਯੋਜਨਾ ਆਯੋਗ ਕੇਂਦਰੀ ਸਰਕਾਰ ਦੇ ਜ਼ਰੀਏ ਰਾਜਾਂ ਨੂੰ ਅਨੁਦਾਨ ਦੇ ਰੂਪ ਵਿੱਚ ਵਿੱਤੀ ਸਹਾਇਤਾ ਦੇਣ ਦੀ ਸਿਫਾਰਸ਼ ਕਰਦਾ ਹੈ।

1.5.5 ਸੰਕਟਕਾਲੀਨ ਵਿਵਸਥਾਵਾਂ ਦਾ ਪ੍ਰਭਾਵ :

ਸੰਕਟਕਾਲੀਨ ਵਿਵਸਥਾਵਾਂ ਕੇਂਦਰ ਸਰਕਾਰ ਨੂੰ ਮਜ਼ਬੂਤੀ ਪ੍ਰਦਾਨ ਕਰਦੀਆਂ ਹਨ ਅਤੇ ਇਹੋ ਜਿਹੀਆਂ ਵਿਵਸਥਾਵਾਂ ਹੀ ਕੇਂਦਰ ਵਿੱਚ ਸੰਘ ਪ੍ਰਣਾਲੀ ਦੀ ਹੋਂਦ ਨੂੰ ਪ੍ਰਗਟਾਉਂਦੀਆਂ ਹਨ। ਕੇਂਦਰ ਦਾ ਇਹ ਕਰਤੱਵ ਹੈ ਕਿ ਉਹ ਸਰਕਾਰਾਂ ਦੇ ਅੰਗਾਂ ਦੀ ਰੱਖਿਆ ਕਰੇ। ਸੰਘੀ ਪ੍ਰਣਾਲੀ ਵਿੱਚ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀਆਂ ਹੁੰਦਾ ਹੈ ਅਤੇ ਉਸ ਨੂੰ ਸੰਕਟਕਾਲੀਨ ਸ਼ਕਤੀਆਂ ਪ੍ਰਦਾਨ ਕੀਤੀਆਂ ਹੁੰਦੀਆਂ ਹਨ, ਜਿਸ ਦੁਆਰਾ ਉਹ ਭਾਰਤ ਦੇ ਕੇਂਦਰੀ ਸਰਕਾਰ ਦੇ ਸੰਘੀ ਢਾਂਚੇ ਦੀ ਰੱਖਿਆ ਕਰ ਸਕਦਾ ਹੈ। ਜੇਕਰ ਕੋਈ ਵੀ ਰਾਜ ਸੰਘੀ ਪ੍ਰਣਾਲੀ ਦੇ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ ਕੇਂਦਰ ਉਸ ਰਾਜ ਵਿਚ ਦਖ਼ਲ ਅੰਦਾਜ਼ੀ ਕਰ ਸਕਦਾ ਹੈ। ਉਦਾਹਰਣ ਲਈ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਨੇ ਦੱਖਣੀ ਰਾਜਾਂ ਦੇ ਵਿਦਰੋਹ ਨੂੰ ਕੁਚਲਣ ਅਤੇ ਅਮਰੀਕੀ ਸੰਘ ਦੀ ਏਕਤਾ ਨੂੰ ਕਾਇਮ ਕਰਨ ਲਈ ਸੰਕਟਕਾਲ ਵਰਗੇ ਉਪਬੰਧਾਂ ਦੀ ਵਿਵਸਥਾ ਕੀਤੀ।

ਸੰਵਿਧਾਨ ਦੀ ਅਨੁਛੇਦ 356 ਅਨੁਸਾਰ ਭਾਰਤੀ ਰਾਸ਼ਟਰਪਤੀ ਨੂੰ ਜੇਕਰ ਰਾਜਪਾਲ ਦੀ ਰਿਪੋਰਟ ਮਿਲਣ ਤੇ ਜਾਂ ਵੈਸੇ ਇਹ ਵਿਸ਼ਵਾਸ ਹੋ ਜਾਵੇ ਕਿ ਕਿਸੇ ਰਾਜ ਅੰਦਰ ਸ਼ਾਸਨ ਸੰਵਿਧਾਨ ਨੇ ਉਪਬੰਧਾਂ ਅਨੁਸਾਰ ਨਹੀਂ ਚਲਾਇਆ ਜਾ ਸਕਦਾ ਤਾਂ ਰਾਸ਼ਟਰਪਤੀ ਉਸ ਰਾਜ ਵਿਚ ਸੰਕਟਕਾਲ ਦਾ ਐਲਾਨ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਅਨੁਛੇਦ 355 ਅਤੇ 256 ਦੀ ਵਿਆਖਿਆ ਕਰਦਾ ਹੈ। 355 ਅਨੁਸਾਰ ਕੇਂਦਰ ਦਾ ਫਰਜ਼ ਬਣਦਾ ਹੈ ਕਿ ਰਾਜ ਅੰਦਰ ਸ਼ਾਸਨ ਸੰਵਿਧਾਨ ਦੇ ਉਪਬੰਧਾਂ ਅਨੁਸਾਰ ਹੀ ਚਲਾਇਆ ਜਾਵੇ ਅਤੇ ਇਸ ਲਈ ਰਾਜ ਵਿੱਚ ਅੰਦਰੂਨੀ ਗੜਬੜੀ ਤੋਂ ਸੁਰੱਖਿਆ ਦੇਣਾ ਕੇਂਦਰ ਦਾ ਫਰਜ਼ ਹੈ। ਅਨੁਛੇਦ 256 ਅਨੁਸਾਰ ਕੇਂਦਰ ਦੁਆਰਾ ਜਾਰੀ ਕੀਤੇ ਹੁਕਮਾਂ ਅਤੇ ਸਲਾਹ ਨਾਲ ਹੀ ਰਾਸ਼ਟਰਪਤੀ ਇਹ ਸੰਕਟਕਾਲ ਦੀ ਘੋਸ਼ਣਾ ਕਰਦਾ ਹੈ। ਸੰਵਿਧਾਨ ਦੀ 42ਵੀਂ ਸੋਧ ਦੁਆਰਾ ਅਨੁਛੇਦ 74 ਨੂੰ ਸੋਧ ਕੀਤਾ ਗਿਆ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਰਾਸ਼ਟਰਪਤੀ ਉਸ ਸਲਾਹ ਨੂੰ ਮੰਨੇ। ਭਾਰਤੀ ਸੰਵਿਧਾਨ ਅਨੁਸਾਰ ਰਾਜਾਂ ਵਿੱਚ ਸੰਕਟਕਾਲ ਦੀ ਘੋਸ਼ਣਾ ਕਰਨ ਦਾ ਅਧਿਕਾਰ ਕੇਂਦਰੀ ਮੰਤਰੀ ਮੰਡਲ ਨੂੰ ਪ੍ਰਾਪਤ ਹੈ ਕਿਉਂਕਿ ਰਾਸ਼ਟਰਪਤੀ ਨਾਂ-ਮਾਤਰ ਦਾ ਕਾਰਜਕਾਰੀ ਮੁੱਖੀ ਹੁੰਦਾ ਹੈ। 44ਵੀਂ ਸੰਵਿਧਾਨਿਕ ਸੋਧ ਤੋਂ ਬਾਅਦ ਰਾਸ਼ਟਰਪਤੀ ਮੰਤਰੀ ਪਰੀਸ਼ਦ ਦੀ ਲਿਖਿਤ ਅਨੁਸਾਰ ਹੀ ਸੰਕਟਕਾਲ ਦੀ ਘੋਸ਼ਣਾ ਕਰਦਾ ਹੈ। ਅਨੁਛੇਦ 352 ਅਧੀਨ ਸੰਕਟਕਾਲੀ ਘੋਸ਼ਣਾ ਦੇ ਪ੍ਰਭਾਵਾਂ ਦਾ ਵਰਣਨ ਇਸ ਪ੍ਰਕਾਰ ਹੈ :

(1) ਰਾਸ਼ਟਰਪਤੀ ਦੇ ਆਦੇਸ਼ ਤੇ ਕੇਂਦਰ ਅਤੇ ਰਾਜਾਂ ਵਿਚਕਾਰ ਸੰਬੰਧਾਂ ਵਿਚ ਤਬਦੀਲੀ ਆ ਸਕਦੀ ਹੈ।

(2) ਰਾਸ਼ਟਰਪਤੀ ਰਾਜ ਸਰਕਾਰਾਂ ਨੂੰ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਬਾਰੇ ਹਦਾਇਤਾਂ ਦੇ ਸਕਦਾ ਹੈ।

(3) ਮੌਲਿਕ ਅਧਿਕਾਰ ਜੋ 19 ਅਤੇ 22 ਅਨੁਛੇਦ ਵਿੱਚ ਆਉਂਦੇ ਹਨ, ਉਨ੍ਹਾਂ ਦੇ ਕੁਝ ਹਿੱਸੇ ਜਾਂ ਸਾਰੇ ਨੂੰ ਖਾਰਿਜ ਕੀਤਾ ਜਾ ਸਕਦਾ ਹੈ।

ਸੰਵਿਧਾਨ ਦੀ 42ਵੀਂ ਸੋਧ ਦੀਆਂ ਕੁੱਲ 59 ਧਾਰਾਵਾਂ ਸਨ ਜਿਨ੍ਹਾਂ ਨੇ ਕੇਂਦਰ ਨੂੰ ਰਾਜਾਂ ਦੇ ਮੁਕਾਬਲੇ ਵੀ ਜ਼ਿਆਦਾ ਸ਼ਕਤੀਸ਼ਾਲੀ ਬਣਾ ਦਿੱਤਾ ਸੀ। ਭਾਵੇਂ ਬਾਅਦ ਵਿੱਚ ਇਸ ਸੋਧ ਦੀਆਂ ਬਹੁਤ ਸਾਰੀਆਂ ਧਾਰਾਵਾਂ ਅਨੁਸਾਰ ਕਿਸੇ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਗੰਭੀਰ ਅਵਸਥਾ ਨੂੰ ਨਜਿੱਠਣ ਲਈ ਭਾਰਤ ਸਰਕਾਰ ਸੰਘ ਦੀ ਕਿਸੇ ਹਥਿਆਰਬੰਦ ਸ਼ਕਤੀ ਜਾਂ ਸੰਘ ਦੇ ਨਿਯੰਤਰਣ ਅਧੀਨ ਕਿਸੇ ਦੂਸਰੀ ਸ਼ਕਤੀ ਨੂੰ ਲਗਾ ਸਕਦਾ ਹੈ। ਮੰਤਰੀ ਮੰਡਲ ਇਸ ਮਾਮਲੇ ਤੇ ਆਪਣਾ ਫੈਸਲਾ ਆਪਣੀ ਇੱਛਾ ਅਨੁਸਾਰ ਲੈਂਦਾ ਹੈ। ਮੰਤਰੀ ਮੰਡਲ ਦੀ ਸੰਘੀ ਪ੍ਰਣਾਲੀ ਉੱਤੇ ਹੋਰ ਕਿਧਰੇ ਵੀ ਇੰਨਾ ਡੂੰਘਾ ਪ੍ਰਭਾਵ ਨਹੀਂ ਹੁੰਦਾ। ਇਹ ਇਕ ਅਜਿਹੀ ਸਥਿਤੀ ਹੈ ਜਿਸ ਅਧੀਨ ਸ਼ਕਤੀਆਂ ਦੀ ਵੰਡ ਦਾ ਢਾਂਚਾ ਇੰਨਾ ਬਦਲ ਜਾਂਦਾ ਹੈ ਕਿ ਪੂਰਾ ਸਿਸਟਮ ਸੰਘਾਤਮਕ ਦੀ ਬਜਾਏ ਇਕਾਤਮਕ ਹੋ ਜਾਂਦਾ ਹੈ।

ਸਾਡੇ ਸੰਘੀ ਪ੍ਰਣਾਲੀ ਅਧੀਨ ਸੰਕਟਕਾਲੀ ਦੀ ਘੋਸ਼ਣਾ ਰਾਜਾਂ ਨੂੰ ਸਿਰਫ਼ ਪ੍ਰਸ਼ਾਸਨਿਕ ਇਕਾਈਆਂ ਵਿਚ ਬਦਲ ਦਿੰਦੀ ਹੈ। ਅਨੁਛੇਦ 250 ਅਨੁਸਾਰ ਕੇਂਦਰੀ ਸੰਸਦ ਰਾਜ ਸੂਚੀ ਵਿੱਚ ਸ਼ਾਮਿਲ ਸਭ ਵਿਸ਼ਿਆਂ ਉਤੇ ਕਾਨੂੰਨ ਬਣਾ ਸਕਦੀ ਹੈ। ਇਹੋ ਜਿਹੇ ਕਾਨੂੰਨ ਸਾਰੇ ਦੇਸ਼ ਤੇ ਜਾਂ ਦੇਸ਼ ਦੇ ਕਿਸੇ ਹਿੱਸੇ ਤੱਕ ਲਾਗੂ ਰਹਿ ਸਕਦੇ ਹਨ। ਇਸ ਤਰ੍ਹਾਂ ਦੇ ਸੰਸਦ ਵੱਲੋਂ ਬਣਾਏ ਹੋਏ ਕਾਨੂੰਨ ਸੰਕਟਕਾਲੀਨ ਘੋਸ਼ਣਾ ਸਮਾਪਤ ਹੋਣ ਮਗਰੋਂ ਕੇਵਲ 6 ਮਹੀਨੇ ਤੱਕ ਹੀ ਲਾਗੂ ਰਹਿ ਸਕਦੇ ਹਨ। ਇਸ ਸੰਬੰਧ ਵਿੱਚ ਜੇਕਰ ਰਾਜ ਸਰਕਾਰ ਦੁਆਰਾ ਬਣਾਇਆ ਕਾਨੂੰਨ ਸੰਸਦ ਦੇ ਬਣਾਏ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਰਾਜ ਸਰਕਾਰ ਦਾ ਕਾਨੂੰਨ ਰੱਦ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਰਾਜ ਦੀ ਕਾਰਜਕਾਰੀ ਸ਼ਕਤੀ ਕੇਂਦਰ ਦੀ ਕਾਰਜਕਾਰੀ ਸ਼ਕਤੀ ਤੇ ਨਿਰਭਰ ਕਰਦੀ ਹੈ। ਸੰਸਦ ਕਾਨੂੰਨ ਦੇ ਦੁਆਰਾ ਸੰਘ ਸੂਚੀ ਵਿੱਚ ਸ਼ਾਮਿਲ ਨਾ ਕੀਤੇ ਗਏ ਵਿਸ਼ਿਆਂ ਬਾਰੇ ਵੀ ਰਾਜ ਦੀਆਂ ਸ਼ਕਤੀਆਂ ਅਤੇ ਕੰਮਾਂ ਨੂੰ ਕੇਂਦਰ ਜਾਂ ਇਸ ਦੇ ਅਫਸਰਾਂ ਨੂੰ ਸੌਂਪ ਸਕਦੀ ਹੈ। ਆਮ ਹਾਲਤਾਂ ਵਿੱਚ ਭਾਵ ਸ਼ਾਂਤੀ ਦੇ ਸਮੇਂ ਵਿੱਚ ਵੀ ਅਨੁਛੇਦ 256 ਅਤੇ 257 ਅਧੀਨ ਕੇਂਦਰੀ ਕਾਰਜਕਾਰੀ ਅਤੇ ਰਾਜਾਂ ਦੀ ਕਾਰਜਕਾਰੀ ਸ਼ਕਤੀ ਵਿੱਚ ਪ੍ਰਸ਼ਾਸਨ ਅਤੇ ਕਾਨੂੰਨ ਨੂੰ ਲਾਗੂ ਕਰਨ ਵਿੱਚ ਤਾਲਮੇਲ ਕਾਇਮ ਰੱਖਣ ਸੰਬੰਧੀ ਸ਼ਕਤੀ ਕੇਂਦਰ ਕੋਲ ਹੈ।

ਯੋਜਨਾਂ (Planning) ਦੀ ਧਾਰਨਾ ਦਾ ਉਦੇਸ਼ ਹੀ ਕੇਂਦਰ ਨੂੰ ਸ਼ਕਤੀਸ਼ਾਲੀ ਬਣਾਉਣਾ ਸੀ। ਰਾਸ਼ਟਰੀ ਵਿਕਾਸ ਪ੍ਰੀਸ਼ਦ ਜਿਸ ਵਿੱਚ ਸਮੇਂ-ਸਮੇਂ ਤੇ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਰਾਜਾਂ ਦੇ ਮੁੱਖ ਮੰਤਰੀਆਂ ਦੁਆਰਾ ਯੋਜਨਾ ਦੇ ਕਾਰਜ ਢੰਗ ਦਾ ਨਿਰੀਖਣ ਕੀਤਾ ਜਾਂਦਾ ਹੈ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਾਡਾ ਸੰਘ ਇਕ ਸਹਿਕਾਰੀ ਸੰਘ ਹੈ ਜਿਸ ਅਧੀਨ ਕੇਂਦਰ ਅਤੇ ਰਾਜਾਂ ਨੂੰ ਇਕੱਠੇ ਕੰਮ ਕਰਨਾ ਚਾਹੀਦਾ ਹੈ ਤੇ ਜਿੱਥੇ ਦੋ ਸਹਿਯੋਗੀ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸ ਦਾ ਮਤਲਬ ਹੋਇਆ ਕਿ ਰਾਜਾਂ ਦੇ ਯੋਗਦਾਨ ਦਾ ਵੀ ਮਹੱਤਵ ਹੈ।

ਇਕੋ ਹੀ ਪਾਰਟੀ ਦੇ ਬਹੁਤ ਲੰਮੇ ਸਮੇਂ ਤੱਕ ਕੇਂਦਰ ਅਤੇ ਰਾਜਾਂ ਵਿੱਚ ਸੱਤਾ ਵਿੱਚ ਰਹਿਣ ਕਾਰਣ (1950-1967) ਭਾਰਤੀ ਸੰਘਾਤਮਕ ਪ੍ਰਣਾਲੀ ਦਾ ਸਰੂਪ ਇਕਾਤਮਕ ਬਣ ਗਿਆ ਹੈ। ਇਸ ਦੌਰਾਨ ਭਾਰਤ ਵਿੱਚ ਸਾਸ਼ਨ ਪ੍ਰਬੰਧ ਕਾਂਗਰਸ ਦਲ ਦੀ ਅਗਵਾਈ ਅਧੀਨ ਚਲਾਇਆ ਜਾਂਦਾ ਰਿਹਾ ਹੈ ਅਤੇ ਰਾਜਾਂ ਵਿੱਚ ਮੁੱਖ ਮੰਤਰੀ ਨੂੰ ਬਣਾਉਣ ਜਾਂ ਨਾ ਬਣਾਉਣ ਦਾ ਫੈਸਲਾ ਕਰਨ ਜਾਂ ਰਾਜਪਾਲਾਂ ਨੂੰ ਵਾਪਿਸ ਬੁਲਾਉਣ, ਅਨੁਛੇਦ 356 ਅਧੀਨ ਸੰਕਟਕਾਲ ਦੀ ਸਥਿਤੀ ਉਤਪੰਨ ਹੋਣ ਦੀ ਹਾਲਤ ਵਿੱਚ, ਸੰਕਟਕਾਲ ਦੀ ਘੋਸ਼ਣਾ ਕਰਨਾ ਆਦਿ ਫੈਸਲੇ ਕਾਂਗਰਸ ਦਲ ਦੇ ਹਾਈ ਕਮਾਂਡ ਦੁਆਰਾ ਕੀਤੇ ਜਾਂਦੇ ਰਹੇ। ਅਸਲ ਵਿੱਚ ਪ੍ਰਾਦੇਸ਼ਿਕ ਰਾਜਨੀਤੀ ਉੱਤੇ ਕਾਂਗਰਸ ਪਾਰਟੀ ਦੇ ਸੱਚਾਈ ਇਹ ਹੈ ਕਿ ਜਿਹੜੀ ਵੀ ਪਾਰਟੀ ਕੇਂਦਰ ਵਿੱਚ ਸੱਤਾ ਵਿੱਚ ਆਈ ਉਸ ਨੇ ਰਾਜਾਂ ਵਿੱਚ ਦਖਲ ਅੰਦਾਜ਼ੀ ਦੀ ਕੋਸ਼ਿਸ਼ ਕੀਤੀ। ਪਰੰਤੂ ਜਦੋਂ ਤੋਂ ਕੇਂਦਰ ਵਿੱਚ ਮਿਲੀਆਂ ਜੁਲੀਆਂ ਸਰਕਾਰਾਂ ਹੋਂਦ ਵਿੱਚ ਆਈਆਂ ਹਨ, ਜਿਹਨਾਂ ਵਿੱਚ ਕਈ ਖੇਤਰੀ ਪਾਰਟੀਆਂ ਸ਼ਾਮਿਲ

ਹਨ, ਇਸ ਪ੍ਰਵਿਰਤੀ ਉਤੇ ਕੁਝ ਰੋਕ ਲਗੀ ਹੈ। ਉੱਚ ਅਧਿਕਾਰੀ ਨਿਯੰਤਰਣ ਕਾਇਮ ਰੱਖਦੇ ਰਹੇ ਹਨ। ਜਨਤਾ ਦਲ ਸ਼ਾਸਨ ਦੇ ਸਮੇਂ ਵੀ ਕਾਫੀ ਹੱਦ ਤੱਕ ਪਾਰਟੀ ਦੇ ਹਾਈ ਕਮਾਂਡ ਨੇ ਕਾਂਗਰਸ ਦਲ ਦੀਆਂ ਨੀਤੀਆਂ ਨੂੰ ਅਪਣਾਇਆ।

1.5.6 ਸਵੈ-ਪਰਖ ਅਭਿਆਸ

(1) ਸੰਘਵਾਦੀ ਵਿਚਾਰਧਾਰਾਂ................ਵਿਚਾਰਧਾਰਾ ਹੈ ਜੇਕਰ ਇਹ ਰਾਸ਼ਟਰੀ ਪੱਧਰ ਤੇ ਸਫ਼ਲ ਹੋਵੇ ਤਦ .... ਵਿੱਚ ਪ੍ਰਯੋਗ ਕੀਤਾ ਜਾ ਸਕਦਾ ਹੈ ?

(2) ਸਮਾਜ ਨੂੰ ਆਪਣੀ ਪ੍ਰਬੰਧਕੀ ਉਚਿਤਤਾ ਬਰਕਰਾਰ ਰੱਖਣ ਲਈ.............ਅਪਨਾਉਣੀ ਚਾਹੀਦੀ ਹੈ?

(3) ਅਜੋਕਾ ਯੁੱਗ .... ਦਾ ਯੁੱਗ ਹੈ।

ਉੱਤਰ : (1) ਪ੍ਰਗਤੀਵਾਦੀ, ਅੰਤਰਰਾਸ਼ਟਰੀ ਖੇਤਰ (2) ਸੰਘੀ ਪ੍ਰਣਾਲੀ (3) ਸੰਘਵਾਦ

ਭਾਰਤੀ ਸੰਵਿਧਾਨ ਨੂੰ ਸੋਧ ਕਰਨ ਦੀ ਵਿਧੀ ਵੀ ਸੰਘੀ ਸਿਧਾਂਤਾਂ ਦੇ ਅਨੁਸਾਰ ਨਹੀਂ ਹੈ। ਕੁਝ ਤਰਮੀਮਾਂ ਨੂੰ ਛੱਡ ਕੇ ਬਾਕੀ ਸਭ ਤਰਮੀਮਾਂ ਸੰਸਦ ਦੁਆਰਾ ਇਕੱਲੇ ਹੀ ਕੀਤੀਆਂ ਜਾ ਸਕਦੀਆਂ ਹਨ। ਰਾਜ ਸਰਕਾਰ ਸੰਵਿਧਾਨ ਨੂੰ ਬਦਲਣ ਦੇ ਮੱਤੇ ਬਾਰੇ ਪਹਿਲ ਨਹੀਂ ਕਰ ਸਕਦੀ। ਕੇਂਦਰੀ ਸੰਸਦ ਦੁਆਰਾ ਜ਼ਿਆਦਾ ਮਾਮਲਿਆਂ ਵਿੱਚ ਤਰਮੀਮਾਂ ਨੂੰ ਸਵੀਕਾਰ ਅਤੇ ਆਰੰਭ ਵਿੱਚ ਰਾਜ ਸਰਕਾਰਾਂ ਨੂੰ ਦਖਲ ਦੇਣ ਦੀ ਕੋਈ ਸ਼ਕਤੀ ਪ੍ਰਾਪਤ ਨਹੀਂ ਹੈ। ਸੰਯੁਕਤ ਰਾਜ ਅਮਰੀਕਾ ਸੰਘ ਵਿੱਚ ਰਾਜਾਂ ਨੂੰ ਸਿਰਫ ਤਰਮੀਮਾਂ ਨੂੰ ਆਰੰਭ ਕਰਨ ਦਾ ਹੀ ਅਧਿਕਾਰ ਨਹੀਂ ਬਲਕਿ ਤਿੰਨ ਚੌਥਾਈ ਬਹੁਮਤ ਦੁਆਰਾ ਤਰਮੀਮ ਸੰਬੰਧੀ ਉਨ੍ਹਾਂ ਦੀ ਪ੍ਰਵਾਨਗੀ ਹੋਣੀ ਵੀ ਜ਼ਰੂਰੀ ਹੈ।

1.5.7 ਸੰਵਿਧਾਨਿਕ ਵਿਵਸਥਾ ਅਨੁਸਾਰ ਕੰਟਰੋਲਰ ਅਤੇ ਆਡੀਟਰ ਜਨਰਲ

ਰਾਸ਼ਟਰਪਤੀ ਦੁਆਰਾ ਇਕ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਨਿਯੁਕਤੀ ਕੀਤੀ ਜਾਂਦੀ ਹੈ ਜੋ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਲਈ ਵਿੱਤ ਸੰਬੰਧੀ ਹਿਸਾਬ ਕਿਤਾਬ ਰੱਖਦਾ ਹੈ। ਇਸ ਤੋਂ ਇਲਾਵਾ ਅਨੁਛੇਦ 324 ਅਧੀਨ ਸਾਰੇ ਰਾਜਾਂ ਲਈ ਇਕਹਿਰੇ ਚੋਣ ਕਮਿਸ਼ਨ ਦੀ ਵਿਵਸਥਾ ਕੀਤੀ ਗਈ ਹੈ ਜਿਸ ਦੇ ਮੈਂਬਰ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ ਜੋ ਕਿ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਪ੍ਰਬੰਧ ਅਤੇ ਦੇਖਭਾਲ ਕਰਦੇ ਹਨ।

ਉਪਰ ਲਿਖੀਆਂ ਵਿਸ਼ੇਸ਼ਤਾਈਆਂ ਦਾ ਵਿਸ਼ਲੇਸ਼ਣ ਕਰਨ ਤੋਂ ਪਤਾ ਲੱਗਦਾ ਹੈ ਕਿ ਰਾਜ ਸਿਰਫ ਨਗਰ ਪਾਲਿਕਾਵਾਂ ਮਾਤਰ ਦੇ ਰਹਿ ਗਏ ਹਨ। ਕੇਂਦਰ ਸਰਕਾਰ ਭਾਰਤ ਦੇ ਨਕਸ਼ੇ ਨੂੰ ਬਣਾ ਅਤੇ ਬਦਲ ਸਕਦੀ ਹੈ। ਨਿਆਂਪਾਲਿਕਾ ਵੀ ਕੇਂਦਰ ਨੂੰ ਵੱਧ ਸ਼ਕਤੀਆਂ ਦੇਣ ਦੇ ਪੱਖ ਵਿਚ ਹੈ। ਰਾਜ ਦਾ ਰਾਜਪਾਲ ਕੇਂਦਰ ਦਾ ਪ੍ਰਤਿਨਿਧ ਹੋਣ ਕਰਕੇ ਰਾਜਾਂ ਦੀਆਂ ਸਰਕਾਰਾਂ ਦੀ ਸਥਿਤੀ ਨੂੰ ਕਮਜ਼ੋਰ ਕਰਦੇ ਰਹੇ ਹਨ । 1994 ਤਕ, ਜਿਆਦਾਤਰ ਰਾਜਪਾਲ ਆਪਣੀ ਇੱਛਾ ਨਾਲ ਕਿਸੇ ਵੀ ਸਮੇਂ ਰਾਜ ਦੀ ਸੰਵਿਧਾਨਿਕ ਮਸ਼ੀਨਰੀ ਦੇ ਅਸਫਲ ਹੋਣ ਤੇ ਕੇਂਦਰੀ ਸਰਕਾਰ ਨੂੰ ਸਿਫ਼ਾਰਿਸ਼ ਭੇਜ ਦਿੰਦੇ ਸਨ। ਪਰੰਤੂ 1994 ਵਿੱਚ S.R. Bommai ਫੈਸਲੇ ਵਿੱਚ ਸੁਪਰੀਮ ਕੋਰਟ ਨੇ ਇਸ ਨੂੰ ਕਾਫ਼ੀ ਘਟਾ ਦਿੱਤਾ ਹੈ। ਰਾਜਾਂ ਵਿੱਚ ਦਖਲ-ਅੰਦਾਜ਼ੀ ਅਤੇ ਰਾਜਾਂ ਨੂੰ ਆਦੇਸ਼ ਜਾਰੀ ਕਰ ਸਕਦਾ ਹੈ। ਸੋ ਭਾਰਤੀ ਸੰਘ ਬਾਰੇ ਇਹ ਕਹਿਣਾ ਅਤਿਕਥਨੀ ਨਹੀਂ ਕਿ ਕੇਂਦਰ ਯੋਜਨਾ ਬਣਾਉਂਦਾ ਹੈ ਕੇਂਦਰ ਹੀ ਨਿਰਣੇ ਕਰਦਾ ਹੈ ਅਤੇ ਕੇਂਦਰ ਹੀ ਨਿਰਦੇਸ਼ ਦਿੰਦਾ ਹੈ। ਰਾਜ ਯੋਜਨਾ ਆਯੋਗ ਦੇ ਦਰਵਾਜ਼ੇ ਤੇ ਅਨੁਦਾਨ ਰਾਸ਼ੀ ਨੂੰ ਪ੍ਰਾਪਤ ਕਰਨ ਲਈ ਇੰਤਜ਼ਾਰ ਕਰਨ ਤੋਂ ਸਿਵਾ ਕੁਝ ਨਹੀਂ ਕਰ ਸਕਦੇ। ਆਪਣੇ 50 ਸਾਲਾਂ ਦੇ ਲੰਬੇ ਕਾਰਜ ਕਾਲ ਦੌਰਾਨ ਕਾਂਗਰਸ ਨੇ ਸੰਘੀ ਸਿਧਾਂਤ ਨੂੰ ਪੂਰੀ ਤਰ੍ਹਾਂ ਕਾਫੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਹੈ। ਭਾਰਤੀ ਸਮਾਵਾਦੀ ਦਲ (ਮਾਰਸਕਵਾਦੀ) ਦੀ ਮੰਗ ਸੀ ਕਿ ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਤੇ ਪੁਨਰ-ਵਿਚਾਰ ਕੀਤਾ ਜਾਵੇ। ਰਾਜਾਂ ਦੀ ਸੱਤਾ ਤੇ ਸ਼ਕਤੀ ਦੀ ਸੁਰੱਖਿਆ ਲਈ ਸੰਵਿਧਾਨ ਵਿੱਚ ਜ਼ਰੂਰੀ ਤਬਦੀਲੀਆਂ ਕੀਤੀਆਂ ਜਾਣ। ਦਰਾਵੜ ਮੁਨੇਤਰਾ ਕਾਜ਼ਿਗਮ (D.M.K.) ਨੇ ਮੰਗ ਕੀਤੀ ਕਿ ਕੇਂਦਰ ਦੀ ਸ਼ਕਤੀ ਰਾਜਾਂ ਦੀ ਸ਼ਕਤੀ ਵਿੱਚ ਹੈ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਕੇਂਦਰ ਦੀਆਂ ਸ਼ਕਤੀਆਂ ਨੂੰ ਰਾਜਾਂ ਵਿੱਚ

ਵੰਡਿਆ ਜਾਵੇ। ਕੇਂਦਰ ਨੂੰ ਕੇਵਲ ਉਹ ਸ਼ਕਤੀਆਂ ਆਪਣੇ ਕੋਲ ਰੱਖਣੀਆਂ ਚਾਹੀਦੀਆਂ ਹਨ ਜੋ ਰਾਸ਼ਟਰ ਦੀ ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਕਰਨ ਲਈ ਜ਼ਰੂਰੀ ਹਨ, ਬਾਕੀ ਸ਼ਕਤੀਆਂ ਰਾਜਾਂ ਨੂੰ ਹੀ ਦੇਣੀਆਂ ਚਾਹੀਦੀਆਂ ਹਨ। ਪ੍ਰਸਿੱਧ ਟਿੱਪਣੀਕਾਰ ਕੇ ਸਨਥਾਨਮ ਅਨੁਸਾਰ ਸਾਡੇ ਦੇਸ਼ ਵਿੱਚ ਖਾਸ ਕਿਸਮ ਦਾ ਸੰਘ ਹੈ। ਸਰਬ-ਉੱਚ ਅਦਾਲਤ ਨੇ ਬਹੁਮਤ ਫੈਸਲੇ ਵਿੱਚ ਪੱਛਮੀ ਬੰਗਾਲ ਬਨਾਮ ਭਾਰਤ ਸਰਕਾਰ ਵਿਚਕਾਰ (1964) ਵਿੱਚ ਕਿਹਾ ਸੀ ਕਿ ''ਭਾਰਤੀ ਸੰਘੀ ਰਾਜ ਕਿਸੇ ਪ੍ਰੰਪਰਾਗਤ ਸੰਘ ਦਾ ਨਮੂਨਾ ਨਹੀਂ'' ਇਕਾਤਮਕ ਜਾਂ ਸੰਘਾਤਮਕ ਸਰੂਪ ਪ੍ਰਦਾਨ ਕਰਦੇ ਹਨ। ਰਾਜ ਗੋਪਾਲਾਚਾਰੀ (Raj Gopalachari) ਨੇ ਜੋ ਵਿਚਾਰ (1962) ਵਿੱਚ ਦਿੱਤੇ ਉਹ ਇਥੇ ਵਰਣਨਯੋਗ ਹਨ। ਉਨ੍ਹਾਂ ਦੇ ਅਨੁਸਾਰ ਰਾਜਾਂ ਦੀ ਸੁਤੰਤਰਤਾ ਦੇ ਵਿਚਾਰ ਨੂੰ ਭੁਲਾਇਆ ਜਾ ਰਿਹਾ ਹੈ ਅਤੇ ਭਾਰਤ ਵਿੱਚ ਬਿਨ੍ਹਾਂ ਕੋਈ ਸੋਚੇ ਸਮਝੇ ਇਕਾਤਮਕ ਰਾਜ ਸਥਾਪਿਤ ਕੀਤਾ ਜਾ ਰਿਹਾ ਹੈ। ਸੋ ਸੱਚਾਈ ਇਹ ਹੈ ਕਿ ਭਾਰਤ ਵਿੱਚ ਨਾ ਕੋਈ ਸੰਘ ਹੈ ਤੇ ਨਾ ਸੰਘੀ ਸੰਵਿਧਾਨ''। ਅਸਲ ਵਿੱਚ ਸੰਘ ਸਿਧਾਂਤ ਦੀ ਪਰਿਭਾਸ਼ਾ ਦੇਣੀ ਜਾਂ ਸੰਘ ਦੇ ਲੱਛਣਾਂ ਦਾ ਵਰਣਨ ਕਰਨਾ ਬਹੁਤ ਮੁਸ਼ਕਿਲ ਹੈ। ਭਾਰਤੀ ਸੰਘ ਦੀਆਂ ਉਪਰੋਕਤ ਵਿਸ਼ੇਸ਼ਤਾਈਆਂ ਦਰਸਾਉਂਦੀਆਂ ਹਨ ਕਿ ਸਾਡੀ ਸਾਰੀ ਸੰਵਿਧਾਨਕ ਪ੍ਰਣਾਲੀ ਦਾ ਆਧਾਰ ਸਹਿਤਕਾਰੀ ਸੰਘ ਦਾ ਵਿਚਾਰ ਹੈ। ਜਿਸ ਵਿੱਚ ਰਾਸ਼ਟਰੀ ਸਥਾਨਕ ਸਰਕਾਰਾਂ ਇੱਕ ਦੂਜੇ ਤੇ ਨਿਰਭਰ ਕਰਦੀਆਂ ਹਨ। ਰਾਜਾਂ ਨੂੰ ਉਨ੍ਹਾਂ ਦੇ ਖੇਤਰਾਂ ਵਿੱਚ ਪੂਰੀ ਤਰ੍ਹਾਂ ਸੁਤੰਤਰਤਾ ਪ੍ਰਦਾਨ ਕੀਤੇ ਬਗੈਰ ਹੀ ਸੰਘ ਦੇ ਨਮੂਨੇ ਦੀ ਪ੍ਰੰਪਰਾਗਤ ਸੰਘੀ ਢਾਂਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ।

1967 ਤੋਂ ਪਹਿਲਾਂ ਕੇਂਦਰ ਤੇ ਲੱਗਭੱਗ ਸਾਰੇ ਹੀ ਰਾਜਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ ਜਿਸ ਕਾਰਨ ਭਾਰਤੀ ਸੰਘ ਵਿੱਚ ਰਾਜਾਂ ਤੇ ਕੇਂਦਰ 'ਤੇ ਕੇਂਦਰ ਦੇ ਆਪਸੀ ਝਗੜਿਆਂ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਜੇਕਰ ਇਹਨਾਂ ਦੋਹਾਂ ਵਿੱਚ ਸੰਘੀ ਢਾਂਚੇ ਸੰਬੰਧੀ ਕੋਈ ਝਗੜਾ ਪੈਦਾ ਵੀ ਹੋ ਜਾਂਦਾ ਹੈ ਤਾਂ ਉਸਨੂੰ ਦਲ ਦੇ ਪੱਧਰ ਉੱਤੇ ਹੀ ਨਜਿੱਠ ਲਿਆ ਜਾਂਦਾ ਹੈ। ਪਰ 1967 ਦੀਆਂ ਚੋਣਾਂ ਤੋਂ ਬਾਅਦ ਕਈ ਰਾਜਾਂ ਵਿੱਚ ਗੈਰ ਕਾਂਗਰਸੀ ਸਰਕਾਰਾਂ ਬਣਨ ਦੇ ਨਾਲ ਸਥਿਤੀ ਬਦਲ ਗਈ।

ਸੰਵਿਧਾਨ ਦੇ ਅਨੁਛੇਦ 256 ਅਨੁਸਾਰ ਹਰੇਕ ਰਾਜ ਨੂੰ ਆਪਣੀ ਕਾਰਜਕਾਰੀ ਸ਼ਕਤੀ ਦੀ ਵਰਤੋਂ ਅਜਿਹੇ ਢੰਗ ਨਾਲ ਕਰਨੀ ਚਾਹੀਦੀ ਹੈ ਜਿਸ ਨਾਲ ਸੰਸਦ ਦੇ ਦੁਆਰਾ ਬਣਾਏ ਗਏ ਕਾਨੂੰਨਾਂ ਦੀ ਪਾਲਣਾ ਜ਼ਰੂਰ ਹੋਵੇ ਅਤੇ ਇਸ ਸੰਬੰਧ ਵਿੱਚ ਸੰਘ ਦੀ ਕਾਰਜਪਾਲਿਕਾ ਰਾਜਾਂ ਨੂੰ ਆਦੇਸ਼ ਵੀ ਜਾਰੀ ਕਰ ਸਕਦੀ ਹੈ। ਜਦੋਂ ਤੱਕ ਕੇਂਦਰ ਤੇ ਰਾਜਾਂ ਵਿੱਚ ਇਕੋਂ ਹੀ ਪਾਰਟੀ ਦੀ ਸਰਕਾਰ ਸੀ ਤਾਂ ਇਹਨਾਂ ਆਦੇਸ਼ਾਂ ਦਾ ਕੋਈ ਮਹੱਤਵ ਨਹੀਂ ਸੀ ਪਰ ਚੋਣਾਂ (1967) ਤੋਂ ਸਥਿਤੀ ਬਦਲ ਗਈ ਹੈ ਕਿਉਂਕਿ ਹੁਣ ਕਾਫ਼ੀ ਸਮੇਂ ਸਾਰੇ ਰਾਜਾਂ ਵਿੱਚ ਗੈਰ ਕਾਂਗਰਸੀ ਸਰਕਾਰ ਹੋਂਦ ਵਿੱਚ ਹਨ ਤੇ ਸਥਿਤੀ ਕੇਂਦਰ ਤੇ ਰਾਜਾਂ ਵਿੱਚ ਪ੍ਰਸਪਰ ਗਤੀਰੋਧ ਦੀ ਸਥਿਤੀ ਪੈਦਾ ਕਰਦੀ ਹੈ। ਇੱਥੇ 1968 ਵਿੱਚ ਬੰਗਾਲ ਅਤੇ ਕੇਰਲਾ ਦੇ ਕੇਂਦਰ ਨਾਲ ਵਿਗੜੇ ਸੰਬੰਧਾਂ ਬਾਰੇ ਉਦਾਹਰਣ ਦੇਣਾ ਜਾਇਜ਼ ਹੋਵੇਗਾ। 1967 ਵਿੱਚ ਪੱਛਮੀ ਬੰਗਾਲ ਵਿੱਚ ਸਾਬਕਾ ਕਾਂਗਰਸੀ ਅਜੈ ਮੁਕਰਜੀ ਦੀ ਅਗਵਾਈ ਅਧੀਨ ਯੂਨਾਈਟਿਡ ਫਰੰਟ ਦੇ ਚੌਦਾਂ ਮੈਂਬਰਾਂ ਨੇ ਸਾਮਵਾਦੀ ਦਲ ਮਾਰਕਸਵਾਦੀ ਨਾਲ (ਜਿਸਦੀ ਸਥਿਤੀ ਇਸ ਸਰਕਾਰ ਵਿੱਚ ਵਧੇਰੇ ਹਾਵੀ ਤੇ ਮਜ਼ਬੂਤ ਸੀ) ਮਿਲ ਕੇ ਸਰਕਾਰ ਬਣਾਈ। ਇਸ ਦਲ (ਸਾਮਵਾਦੀ) ਨੇ ਆਪਣੇ ਵਿਚਾਰਾਂ ਤੇ ਨੀਤੀਆਂ ਦਾ ਲੋਕਾਂ ਵਿੱਚ ਜ਼ੋਰਦਾਰ ਪ੍ਰਚਾਰ ਕੀਤਾ ਜਿਸਦੇ ਫਲਸਰੂਪ ਰਾਜ ਵਿੱਚ ਉਦਯੋਗਿਕ ਇਕਾਈਆਂ ਦਾ ਘੇਰਾਉ ਸ਼ੁਰੂ ਹੋ ਗਿਆ ਅਤੇ ਰਾਜ ਵਿੱਚ ਕਾਫੀ ਅਵਿਵਸਥਾ ਤੇ ਘਬਰਾਹਟ ਫੈਲ ਗਈ। 27 ਅਗਸਤ 1967 ਦੇ ਇੱਕ ਆਦੇਸ਼ ਰਾਹੀਂ ਰਾਜ ਸਰਕਾਰ ਨੇ ਪ੍ਰਸ਼ਾਸਨ ਤੇ ਪੁਲਿਸ ਨੂੰ ਘੇਰਾਉ ਤੇ ਹੋਰ ਸਾਰੇ ਉਦਯੋਗਿਕ ਝਗੜਿਆਂ ਨੂੰ ਲਾਜ਼ਮੀ ਤੌਰ ਤੇ ਰਾਜ ਦੇ ਗ੍ਰਹਿ ਵਿਭਾਗ ਨੂੰ ਪੇਸ਼ ਕਰਨ ਲਈ ਕਿਹਾ ਤੇ ਇਹ ਵੀ ਹੁਕਮ ਦਿੱਤਾ ਕਿ ਪ੍ਰਸ਼ਾਸਨ ਤੇ ਪੁਲਿਸ ਉਦੋਂ ਤੱਕ ਦਖਲ-ਅੰਦਾਜ਼ੀ ਨਹੀਂ ਕਰੇਗੀ ਜਦੋਂ ਤੱਕ ਸਰਕਾਰ ਵੱਲੋਂ ਸਪੱਸ਼ਟ ਹਦਾਇਤਾਂ ਨਾ ਦਿੱਤੀਆਂ ਜਾਣ।

ਫਿਰ ਵੀ ਕਲਕੱਤਾ ਹਾਈ ਕੋਰਟ ਦੇ ਇਕ ਵਿਪਰੀਤ ਫੈਸਲੇ ਕਾਰਨ ਸਰਕਾਰ ਨੇ 3 ਜੂਨ 1967 ਨੂੰ ਫੈਸਲਾ ਕੀਤਾ ਕਿ ਉਹ ਆਪਣੇ 27 ਮਾਰਚ 1967 ਦੇ ਹੁਕਮ ਕੁਝ ਸਮੇਂ ਲਈ ਰੱਦ ਕਰ ਦੇਵੇਗੀ। ਕਾਨੂੰਨ

ਅਤੇ ਵਿਵਸਥਾ ਦੀ ਹਾਲਤ ਇਤਨੀ ਵਿਗੜ ਗਈ ਕਿ ਪ੍ਰਧਾਨ ਮੰਤਰੀ ਨੂੰ 22 ਜੂਨ 1967 ਨੂੰ ਰਾਜ ਦੇ ਮੁੱਖ-ਮੰਤਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਵਿਧਾਨ ਦੇ ਅਨੁਛੇਦ 256 ਦਾ ਸਹਾਰਾ ਨਾ ਲਿਆ। ਕਾਨੂੰਨ ਅਤੇ ਵਿਵਸਥਾ ਦੀ ਹਾਲਤ ਖਰਾਬ ਹੋਣ ਅਤੇ ਨਕਸਲਵਾਦੀ ਲਹਿਰ ਪੈਦਾ ਹੋਣ ਕਾਰਣ ਕੇਂਦਰੀ ਸਰਕਾਰ ਨੇ ਮੁੱਖ ਮੰਤਰੀ ਦੇ ਇਕ ਆਦੇਸ਼ ਰਾਹੀਂ ਹਥਿਆਰਾਂ ਨੂੰ ਲੈ ਕੇ ਘੁੰਮਣ ਤੇ ਪਾਬੰਦੀ ਲਗਾ ਦਿੱਤੀ। ਭਾਰਤੀ ਸਾਮਵਾਦੀ ਦਲ (ਮਾਰਕਸਵਾਦੀ) ਨੇ ਕੇਂਦਰ ਸਰਕਾਰ ਦੇ ਇਸ ਰਵੱਈਏ ਨੂੰ ਪੱਛਮੀ ਬੰਗਾਲ ਦੇ ਅੰਦਰੂਨੀ ਕੰਮਾਂ ਵਿੱਚ ਦਖਲ-ਅੰਦਾਜ਼ੀ ਦੱਸਿਆ ਕਿਉਂਕਿ ਆਰਮਜ਼ ਐਕਟ ਦੇ ਸੈਕਸ਼ਨ 4 ਹੇਠ ਜਾਰੀ ਕੀਤੇ ਗਏ ਇਸ ਆਦੇਸ਼ ਨੂੰ ਲਾਗੂ ਕਰਨ ਲਈ ਰਾਜਾਂ ਵਿੱਚ ਕੋਈ ਕੇਂਦਰੀ ਮਸ਼ੀਨਰੀ ਨਹੀਂ ਸੀ ਸੋ ਇਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਰਾਜਾਂ ਦੀ ਮੰਨੀ ਗਈ ਪਰ ਪੱਛਮੀ ਬੰਗਾਲ ਤੇ ਕੇਰਲਾ ਦੀਆਂ ਰਾਜ ਸਰਕਾਰਾਂ ਦਾ ਰਵੱਈਆ ਲਗਾਤਾਰ ਕਠੋਰ ਹੀ ਹੁੰਦਾ ਗਿਆ। ਉਹਨਾਂ ਨੇ ਅੰਦੋਲਨਕਾਰੀਆਂ ਦਾ ਸਾਥ ਦਿੱਤਾ ਅਤੇ ਨਤੀਜਾ ਇਹ ਹੋਇਆ ਕਿ ਅਰਾਜਕਤਾ ਦੀਆਂ ਕਾਰਵਾਈਆਂ ਕਾਰਨ ਰੇਲਵੇ ਤੇ ਹੋਰ ਏਜੰਸੀਆਂ ਦਾ ਕੰਮ ਬਿਲਕੁਲ ਠੱਪ ਹੋ ਗਿਆ। ਰਾਜ ਸਰਕਾਰਾਂ ਨੇ ਸਰਕਾਰ ਤੇ ਗੈਰ ਸਰਕਾਰੀ ਖੇਤਰਾਂ ਵਿੱਚ ਕਾਰਜ ਕਰਨ ਵਾਲੇ ਕਰਮਚਾਰੀਆਂ ਨੂੰ ਉਕਸਾਇਆ ਕਿ ਉਹ ਕੇਂਦਰ ਦੇ ਅੰਦੋਲਨਕਾਰੀਆਂ ਨੂੰ ਕੈਦ ਕਰਨ ਤੇ ਉਹਨਾਂ ਤੇ ਮੁਕੱਦਮੇ ਚਲਾਉਣ ਦੇ ਆਦੇਸ਼ਾਂ ਨੂੰ ਨਹੀਂ ਮੰਨਣਗੀਆਂ। ਉਹਨਾਂ ਕਿਹਾ ਕਿ ਸਿਰਫ਼ ਉਹਨਾਂ ਮਾਮਲਿਆਂ ਦੇ ਸੰਬੰਧ ਵਿੱਚ ਹੀ ਕਾਰਵਾਈ ਕੀਤੀ ਜਾਏਗੀ ਜੋ ਸਰਕਾਰ ਦੀ ਸੰਪਤੀ ਉੱਤੇ ਹਮਲਿਆਂ ਜਾਂ ਅਨਿਆਂ ਨਾਲ ਸਬੰਧਿਤ ਹਨ। ਇਹਨਾਂ ਦੋਹਾਂ ਰਾਜਾਂ ਵਿੱਚ ਆਮ ਹਾਲਤ ਬਹਾਲ ਕਰਨ ਲਈ ਕੇਂਦਰੀ ਰਿਜਰਵ ਪੁਲਿਸ ਫੋਰਸ ਨੂੰ ਤੈਨਾਤ ਕਰ ਦਿੱਤਾ ਗਿਆ। ਕੇਂਦਰੀ ਵਿਰੋਧ ਨੂੰ ਨਜ਼ਰ-ਅੰਦਾਜ਼ ਕਰਕੇ ਕੇਂਦਰ ਸਰਕਾਰ ਨੇ ਕੇਂਦਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਵਿਰੁੱਧ ਸਾਰੇ ਮੁਕੱਦਮੇ ਵਾਪਿਸ ਲੈ ਲਏ ਤੇ ਇਸੇ ਸੰਬੰਧੀ ਕੇਂਦਰੀ ਹਦਾਇਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਨਿਆਂ ਪਾਲਿਕਾ ਨੇ ਇਨਾਂ ਦੋਹਾਂ ਰਾਜਾਂ ਦੇ ਕੰਮ ਕਰਨ ਦੇ ਇਸ ਸਾਰੇ ਢੰਗ ਨੂੰ ਲਗਾਤਾਰ ਕੀਤੀ ਜਾ ਰਹੀ ਕਾਨੂੰਨ ਦੀ ਉਲੰਘਣਾ ਕਿਹਾ।

ਨਿਰਸੰਦੇਹ ਇਹੋ ਜਿਹੇ ਹਾਲਾਤਾਂ ਨੇ ਕੇਂਦਰੀ ਸਰਕਾਰ ਦਾ ਧਿਆਨ ਰਾਜਾਂ ਵਿੱਚ ਇਕ ਖਾਸ ਕਿਸਮ ਦੀ ਮਸ਼ਨੀਰੀ ਖਾਸ ਕਰਕੇ ਪੁਲਿਸ ਦੀ ਲੋੜ ਵੱਲ ਦਿਵਾਇਆ ਜੋ ਕੇਂਦਰ ਦੇ ਕਾਨੂੰਨਾਂ ਤੇ ਆਦੇਸ਼ਾਂ ਨੂੰ ਲਾਗੂ ਕਰਵਾ ਸਕੇ। ਉਪਰੋਕਤ ਮਾਮਲੇ ਵਿੱਚ ਕੇਵਲ ਸਰਕਾਰ ਨੇ ਨਾ ਕੇਵਲ ਕੇਂਦਰ ਦੇ ਕਾਨੂੰਨਾਂ ਦੀ ਹੀ ਉਲੰਘਣਾ ਕੀਤੀ (ਜਿਹਨਾਂ ਨੂੰ ਮੰਨਣਾ ਉਸ ਲਈ ਜ਼ਰੂਰੀ ਸੀ) ਬਲਕਿ ਕੇਂਦਰ ਦੇ ਆਦੇਸ਼ ਨੂੰ ਮੰਨਣ ਤੋਂ ਵੀ ਇਨਕਾਰ ਕਰ ਦਿੱਤਾ। ਰਾਜਨੀਤਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੇਂਦਰੀ ਸਰਕਾਰ ਨੇ ਇਸ ਕੇਸ ਵਿਚ ਕੋਈ ਕਦਮ ਨਾ ਚੁੱਕਿਆ ਜੇ ਕੇਂਦਰ ਸਰਕਾਰ ਇਸ ਮਾਮਲੇ ਨੂੰ ਤੁਲ ਦਿੰਦੀ ਤਾਂ ਲੋਕਾਂ ਦਾ ਧਿਆਨ ਹੜਤਾਲੀ ਕਰਮਚਾਰੀਆਂ ਵੱਲੋਂ ਹੱਟ ਕੇ ਕੇਂਦਰੀ ਸਰਕਾਰ ਵੱਲ ਹੋ ਜਾਣਾ ਸੀ। ਉਸ ਸਮੇਂ ਦੇ ਗ੍ਰਹਿ ਮੰਤਰੀ ਨੇ ਆਪਣੇ ਲੋਕ ਸਭਾ ਵਿੱਚ ਦਿੱਤੇ ਬਿਆਨ ਵਿੱਚ ਕਿਹਾ ਕਿ ਕਿਉਂਕਿ ਕੇਰਲਾ ਸਰਕਾਰ ਨੇ ਪ੍ਰਸ਼ਾਸਨ ਚਲਾਉਣ ਲਈ ਲੋੜੀਂਦੇ ਇੰਤਜ਼ਾਮ ਕਰ ਲਏ ਸਨ ਇਸ ਲਈ ਕੇਂਦਰੀ ਸਰਕਾਰ ਨੇ ਇਸ ਮਾਮਲੇ ਨੂੰ ਬਹੁਤਾ ਤੂਲ ਦੇਣ ਦੀ ਜ਼ਰੂਰਤ ਨਹੀਂ ਸਮਝੀ।

ਜਿਵੇਂ ਉਪਰ ਦਿੱਤੇ ਲਗਭਗ ਦੋ ਸਮਾਨ ਉਦਾਹਰਣਾਂ ਤੋਂ ਸਪੱਸ਼ਟ ਹੀ ਹੈ ਕਿ ਕੇਂਦਰ ਤੇ ਰਾਜਾਂ ਵਿੱਚ ਸੰਬੰਧ ਰਾਜਨੀਤਿਕ ਕਾਰਨਾ (Political consideration) ਤੇ ਹਿੱਤਾਂ ਦੁਆਰਾ ਨਿਰਧਾਰਿਤ ਹੁੰਦੇ ਹਨ ਸਿਰਫ਼ ਸੰਵਿਧਾਨ ਦੇ ਕਾਨੂੰਨੀ ਉਪਬੰਧਾਂ ਦੁਆਰਾ ਨਹੀਂ। ਰਾਜਨੀਤਿਕ ਕਾਰਨਾਂ ਕਰਕੇ ਹੀ ਕੇਂਦਰੀ ਸਰਕਾਰ ਇਹਨਾਂ ਖੱਬੇ ਪੱਖੀ ਸਰਕਾਰਾਂ ਪ੍ਰਤੀ ਕੋਈ ਸਖ਼ਤ ਰਵੱਈਆਂ ਅਪਨਾਉਣ ਵਿੱਚ ਅਸਫਲ ਰਹੀ। ਇਹੋ ਜਿਹੇ ਹਾਲਾਤ ਕਦੇ ਵੀ ਕਿਸੇ ਰਾਜ ਵਿੱਚ ਆ ਸਕਦੇ ਹਨ ਜੇਕਰ ਕੇਂਦਰ ਤੇ ਰਾਜਾਂ ਵਿੱਚ ਦੋ ਵੱਖ-ਵੱਖ ਦਲਾਂ ਦੀ ਸਰਕਾਰ ਹੋਵੇ। ਇਹੋ ਜਿਹੇ ਹਾਲਾਤ ਪੈਦਾ ਹੋਣ ਤੇ ਕੇਂਦਰੀ ਸਰਕਾਰ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਅਖਿਲ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ (I.A.S.) ਤੇ ਨਿਰਭਰ ਕਰ ਸਕਦੀ ਹੈ। ਅਜਿਹੇ ਸਮੇਂ ਸੰਬੰਧ ਕੁਸ਼ਲ, ਕੂਟਨੀਤਿਕ ਅਤੇ ਸਨਮਾਨਜਨਕ ਹੋਣਾ ਚਾਹੀਦਾ ਹੈ।

1971 ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਕਾਂਗਰਸ ਦਲ ਨੇ ਤਾਮਿਲਨਾਡੂ ਨੂੰ ਛੱਡ ਕੇ ਸਾਰੇ ਰਾਜਾਂ ਵਿੱਚ ਬਹੁਮਤ ਪ੍ਰਾਪਤ ਕਰਕੇ ਦੂਜੀਆਂ ਰਾਜਨੀਤਿਕ ਪਾਰਟੀਆਂ ਨੂੰ ਹਰਾ ਦਿੱਤਾ। ਇਸ ਤਰ੍ਹਾਂ ਕੇਂਦਰ ਅਤੇ ਰਾਜਾਂ ਵਿਚਕਾਰ ਸੰਬੰਧਾਂ ਪ੍ਰਤੀ ਤਣਾਉ ਘੱਟ ਗਿਆ। 1977 ਵਿੱਚ ਕੇਂਦਰ ਅਤੇ ਕੁਝ ਰਾਜਾਂ ਵਿਚਕਾਰ ਜਨਤਾ ਦਲ ਦੇ ਸ਼ਾਸਨ ਦੌਰਾਨ ਵੀ ਕੇਂਦਰ ਅਤੇ ਰਾਜਾਂ ਵਿਚਕਾਰ ਸੰਘਰਸ਼ ਢਿੱਲਾ ਹੀ ਸੀ ਫਿਰ ਵੀ ਕੁਝ ਰਾਜ ਜਿਵੇਂ ਕਿ ਪੰਜਾਬ, ਜੰਮੂ-ਕਸ਼ਮੀਰ, ਤਾਮਿਲਨਾਡੂ, ਪੱਛਮੀ ਬੰਗਾਲ ਦੀਆਂ ਸਰਕਾਰਾਂ ਰਾਜਾਂ ਨੂੰ ਵੱਧ ਤੋਂ ਵੱਧ ਸਵਾਧੀਨਤਾ ਦੇਣ ਦੀ ਮੰਗ ਕਰਦੇ ਹਨ। ਜਦੋਂ ਕਾਂਗਰਸ ਦਲ ਨੇ ਕਈ ਰਾਜਾਂ ਵਿੱਚ ਫਿਰ ਬਹੁਮੱਤ ਪ੍ਰਾਪਤ ਕੀਤਾ (1980 ਅਤੇ 1985) ਤਾਂ ਕੇਂਦਰ ਅਤੇ ਰਾਜਾਂ ਵਿਚਕਾਰ ਸੰਬੰਧਾਂ ਉੱਤੇ ਕੇਂਦਰੀਕਰਣ ਦੀ ਵਿਚਾਰਧਾਰਾ ਦਾ ਪ੍ਰਭਾਵ ਪੈ ਗਿਆ ਕਿਉਂਕਿ ਕੇਂਦਰ ਤੇ ਰਾਜਾਂ ਦੇ ਆਪਸੀ ਸੰਬੰਧਾਂ ਦਾ ਆਧਾਰ ਫਿਰ ਦਲ ਦੇ ਹਿੱਤ ਹੀ ਸਨ। ਇਕ ਵਾਰ ਫੇਰ 1989 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਕੇਂਦਰ ਅਤੇ ਰਾਜਾਂ ਵਿੱਚ ਬਹੁਮਤ ਕਾਇਮ ਨਹੀਂ ਕਰ ਸਕੀ। 11 ਮਹੀਨੇ ਤੱਕ ਕੇਂਦਰ ਵਿੱਚ ਨੈਸ਼ਨਲ ਫਰੰਟ ਦੀ ਸਰਕਾਰ ਦੇ ਬਾਅਦ ਵਿੱਚ JD (Secular) ਦੀ ਅਲਪਸਤ ਸਰਕਾਰ ਕਮਜ਼ੋਰ ਸਰਕਾਰਾਂ ਦਾ ਉਦਾਹਰਣ ਰਹੀਆਂ। 1991 ਤੋਂ ਇਕ ਵਾਰ ਫਿਰ ਕਾਂਗਰਸ (ਆਈ) ਕੇਂਦਰ ਵਿੱਚ ਸੱਤਾ ਵਿੱਚ ਆਈ ਪਰੰਤੂ ਬਹੁਤ ਸਾਰੇ ਰਾਜਾਂ ਵਿੱਚ ਗੈਰ-ਕਾਂਗਰਸੀ ਸਰਕਾਰਾਂ ਸਨ ਅਤੇ ਵੱਖ-ਵੱਖ ਰਾਜਾਂ ਦੀਆਂ ਕੁਝ ਗੈਰ ਕਾਂਗਰਸੀ ਸਰਕਾਰਾਂ ਨੇ ਸੰਘ ਦੇ ਕੇਂਦਰੀਕਰਣ ਦੇ ਪੱਖ ਵਿੱਚ ਆਵਾਜ਼ਾਂ ਉਠਾਈਆਂ ਹਨ। ਗੈਰ ਕਾਂਗਰਸੀ ਸਰਕਾਰਾਂ ਦਾ ਕੇਂਦਰੀ ਸਰਕਾਰ ਨਾਲ ਕੋਈ ਬਹੁਤਾ ਚੰਗਾ ਤਾਲਮੇਲ ਵੀ ਨਹੀਂ ਸੀ ਅਤੇ ਉਹਨਾਂ ਦੁਆਰਾ ਕੇਂਦਰ ਦੀ ਦਖਲ-ਅੰਦਾਜ਼ੀ ਦਾ ਆਰੋਪ ਵੀ ਲਗਾਇਆ ਜਾਂਦਾ ਰਿਹਾ। ਪਰੰਤੂ ਕੇਂਦਰ ਵਿੱਚ ਮਿਲੀਆਂ ਜੁਲੀਆਂ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਕੇਂਦਰੀਕਰਣ ਦੀ ਪ੍ਰਵਿਰਤੀ ਕੁਝ ਘੱਟ ਗਈ ਹੈ। ਇਸ ਦਾ ਇੱਕ ਕਾਰਣ ਕੇਂਦਰ ਵਿੱਚ ਖੇਤਰੀ ਪਾਰਟੀਆਂ ਦੀ ਵਧਦੀ ਹੋਈ ਭੂਮਿਕਾ। ਅੱਜ ਕੇਂਦਰ ਵਿੱਚ ਕੋਈ ਵੀ ਸਰਕਾਰ (ਭਾਵੇਂ ਉਹ NDA ਦੀ ਸਰਕਾਰ ਰਹੀ ਹੋਵੇ ਜਾ UPA ਦੀ) ਖੇਤਰੀ ਪਾਰਟੀਆਂ ਦੇ ਸਹਿਯੋਗ ਤੋਂ ਬਗੈਰ ਨਹੀਂ ਚਲ ਸਕਦੀ ਇਸ ਨਾਲ ਸੰਘੀ ਢਾਂਚੇ ਦੇ ਵਿਚ ਇੱਕ ਸਕਾਰਾਤਮਕ ਬਦਲਾਵ ਆਇਆ ਹੈ।

1.5.8 ਭਾਰਤੀ ਸੰਘੀ-ਢਾਂਚਾ ਅਤੇ ਸੰਕਟਕਾਲੀਨ ਵਿਵਸਥਾਵਾਂ :

ਸੰਵਿਧਾਨ ਵਿੱਚ ਸੰਕਟਕਾਲੀਨ ਪ੍ਰਸਥਿਤੀ ਨੂੰ ਨਜਿੱਠਣ ਲਈ ਸਾਧਾਰਨ ਹਾਲਤ ਨੂੰ ਬਣਾਈ ਰੱਖਣ ਲਈ ਉਪਬੰਧ ਦੀ ਵਿਵਸਥਾ ਹੈ। ਭਾਰਤੀ ਸੰਵਿਧਾਨ ਵਿੱਚ ਖਾਸ ਕਿਸਮ ਦੇ ਉਪਬੰਧਾਂ ਨੂੰ ਸੰਕਟਕਾਲੀਨ ਦੀ ਪ੍ਰਸਥਿਤੀ ਨੂੰ ਯੁੱਧ ਬਾਹਰੀ ਹਮਲਾ ਜਾਂ ਅੰਦਰੂਨੀ ਗੜਬੜ ਦੀ ਹਾਲਾਤ ਨੂੰ ਨਜਿੱਠਣ ਲਈ ਸੰਕਟਕਾਲ ਦੀ ਘੋਸ਼ਣਾ ਕਰਨ ਦੀ ਵਿਵਸਥਾ ਕੀਤੀ ਗਈ ਹੈ। ਆਜ਼ਾਦੀ ਮਿਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਵਾਪਰੀਆਂ ਘਟਨਾਵਾਂ ਨੂੰ ਦੇਖਦੇ ਹੋਏ ਸਾਡੇ ਸੰਵਿਧਾਨ ਨਿਰਮਾਤਾਵਾਂ ਨੂੰ ਆਪਣਾ ਧਿਆਨ ਸੰਕਟਕਾਲੀਨ ਉਪਬੰਧਾਂ ਵੱਲ ਦੇਣਾ ਪਿਆ। ਸੰਵਿਧਾਨ ਦਾ ਪੂਰਾ ਇਕ ਭਾਗ ਭਾਵ ਭਾਗ XVIII ਇਹਨਾਂ ਉਪਬੰਧਾਂ ਨਾਲ ਸੰਬੰਧਿਤ ਹੈ।

ਦੇਸ਼ ਦੀ ਵੰਡ ਕਾਰਨ ਤੋੜ ਫੋੜ, ਲੁੱਟ ਮਾਰ, ਕਤਲੇ-ਆਮ ਅਰਾਜਕਤਾ ਅਤੇ ਅਸ਼ਾਂਤੀ ਦਾ ਵਾਤਾਵਰਣ ਸੀ। ਭਾਸ਼ਾਵਾਦ, ਸੰਪਰਦਾਇਕਤਾ, ਖੇਤਰੀਵਾਦ ਤੇ ਜਾਤੀਵਾਦ ਜਿਹੀਆਂ ਫੁੱਟ ਪਾਉ ਤਾਕਤਾਂ ਕਾਰਨ, ਅਤੇ ਭੂਗੋਲਿਕ ਜ਼ਰੂਰਤਾਂ ਕਾਰਨ ਇਹ ਲਾਜ਼ਮੀ ਹੋ ਗਿਆ ਕਿ ਅਨੁਛੇਦ 356 ਨੂੰ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਜਾਵੇ। ਸੋ ਸੰਕਟਕਾਲੀਨ ਵਿਵਸਥਾਵਾਂ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਨ ਦਾ ਮੁੱਖ ਕਾਰਨ ਉਸ ਸਮੇਂ ਤੇ ਸਾਡੇ ਦੇਸ਼ ਦੇ ਖਾਸ ਹਾਲਾਤ ਹਨ। ਸੰਵਿਧਾਨ ਨਿਰਮਾਤਾ ਨੂੰ ਇਹ ਗੱਲ ਦਾ ਪੂਰਾ ਭਰੋਸਾ ਨਹੀਂ ਕਿ ਰਾਜਾਂ ਵਿੱਚ ਸਰਕਾਰਾਂ ਸਫਲਤਾਵਾਂ ਪੂਰਵਕ ਕਾਰਜ ਕਰ ਵੀ ਸਕਣਗੀਆਂ। ਉਹਨਾਂ ਨੂੰ ਇਹ ਵੀ ਆਦੇਸ਼ ਸੀ ਕਿ ਕਿੱਧਰੇ ਰਾਜ ਸਰਕਾਰਾਂ ਕਿਸੇ ਵਿਚਾਰਧਾਰਾ ਜਾਂ ਖਾਸ ਜਾਤੀ ਦੇ ਪ੍ਰਭਾਵ ਹੇਠ ਆ ਕੇ ਸੰਘੀ ਸੰਵਿਧਾਨ ਤੇ ਕਾਨੂੰਨ ਨੂੰ ਸਹੀ ਜਾਂ ਨਕਾਰਨ ਨਾ ਬੈਠਣ। ਇਹਨਾਂ ਸਾਰੀਆਂ ਸੰਭਾਵਨਾਂ ਨੂੰ ਮੁੱਖ ਰੱਖਦੇ ਹੀ ਸੰਵਿਧਾਨ ਵਿੱਚ 356 ਅਨੁਛੇਦ ਸ਼ਾਮਿਲ ਕੀਤਾ ਗਿਆ ਜਿਸ ਦਾ ਮੰਤਵ ਰਾਜ ਦੀ ਸੰਵਿਧਾਨਿਕ ਮਸ਼ੀਨ ਫੇਲ ਹੋਣ ਤੇ ਸੰਕਟ ਤੇ ਕਾਬੂ ਪਾਉਣਾ ਹੈ।

ਇਹ ਸਪਸ਼ਟ ਹੀ ਹੈ ਕਿ ਸਾਡੇ ਢਾਂਚੇ ਵਿੱਚ ਕੇਂਦਰ ਰਾਜਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸ਼ਕਤੀਸ਼ਾਲੀ

ਹੈ। ਯੋਜਨਾ-ਬੰਦੀ ਦਾ ਸਾਰਾ ਸਿਧਾਂਤਕ ਤੇ ਵਿਹਾਰਕ ਢਾਂਚਾ ਤੇ ਇਸਦੇ ਨਾਲ ਹੀ ਰਾਜਾਂ ਦੀ ਕੇਂਦਰ ਉੱਤੇ ਵਿੱਤੀ ਨਿਰਭਰਤਾ ਨੇ ਰਾਜਾਂ ਉੱਤੇ ਕੇਂਦਰ ਦੇ ਕੰਟਰੋਲ ਨੂੰ ਵਧਾ ਦਿੱਤਾ ਅਤੇ ਰਾਜਾਂ ਦੇ ਮੁਕਾਬਲੇ ਕੇਂਦਰ ਦੀ ਸਥਿਤੀ ਵਧੇਰੇ ਸ਼ਕਤੀਸ਼ਾਲੀ ਬਣਾ ਦਿੱਤੀ ਹੈ। ਇਥੇ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਵਿਕਾਸ ਦਾ ਸਾਰਾ ਪੈਸਾ ਰਾਸ਼ਟਰੀ ਪੱਧਰ ਤੇ ਭਾਵ ਕੇਂਦਰ ਦੁਆਰਾ ਵੰਡਿਆ ਜਾਂਦਾ ਹੈ ਜਿਸ ਕਾਰਨ ਵਿੱਤੀ ਖੇਤਰ ਵਿੱਚ ਕੇਂਦਰੀਕਰਣ ਤੇ ਏਕੀਕਰਣ ਹੋ ਜਾਣਾ ਸੁਭਾਵਿਕ ਹੈ। ਇਹ ਸੱਚਾਈ ਹੈ ਕਿ ਸਾਡੇ ਦੇਸ਼ ਵਿੱਚ ਰਾਜ ਸਰਕਾਰਾਂ ਕੇਂਦਰੀ ਸਰਕਾਰ ਤੇ ਇੰਨੀਆਂ ਜ਼ਿਆਦਾ ਨਿਰਭਰ ਹਨ ਕਿ ਇਹੋ ਕਾਰਨ ਹੈ ਕਿ ਰਾਜ ਦੁਆਰਾ ਵਧੇਰੇ ਸਵਾਧੀਨਤਾ ਲਈ ਮੰਗ ਅਕਸਰ ਉਠਾਈ ਜਾਂਦੀ ਹੈ ਤੇ ਤਾਮਿਲਨਾਡੂ, ਕੇਰਲਾ, ਜੰਮੂ ਕਸ਼ਮੀਰ ਤੇ ਪੰਜਾਬ ਵਰਗੇ ਅਨੇਕਾਂ ਰਾਜ ਵਧੇਰੇ ਸ਼ਕਤੀਆਂ ਤੇ ਸਵਾਧੀਨਤਾ ਲਈ ਸਮੇਂ ਸਮੇਂ ਤੇ ਆਵਾਜ਼ ਉਠਾਉਂਦੇ ਰਹਿੰਦੇ ਹਨ।

ਬਦਲਵੇਂ ਹਾਲਾਤਾਂ ਕਾਰਨ ਇਹ ਜ਼ਰੂਰੀ ਹੈ ਕਿ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਦਾ ਆਧਾਰ ਸਹਿਯੋਗ ਅਤੇ ਆਪਸੀ ਤਾਲਮੇਲ ਦੀ ਭਾਵਨਾ ਹੋਵੇ ? ਦੇਸ਼ ਦੀ ਅਖੰਡਤਾ ਤੇ ਏਕਤਾ ਨੂੰ ਬਰਕਰਾਰ ਰੱਖਣ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਸ਼ਕਤੀਆਂ ਦੀ ਵੰਡ ਧਿਆਨ ਪੂਰਵਕ ਕੀਤੀ ਜਾਏ ਤੇ ਹਰ ਤਰ੍ਹਾਂ ਦੇ ਖਤਰੇ ਤੋਂ ਇਸ ਨੂੰ ਬਚਾ ਕੇ ਰੱਖਿਆ ਜਾ ਸਕੇ। ਅਸੀਂ ਇਸ ਤੱਥ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਦੇਸ਼ ਦੇ ਵਿਕਾਸ ਤੇ ਉੱਨਤੀ ਲਈ ਤੋੜ, ਫੋੜ, ਭਾਸ਼ਾਵਾਦ, ਜਾਤੀਵਾਦ, ਕੱਟੜਵਾਦ ਅਤੇ ਅਜਿਹੀਆਂ ਹੀ ਹੋਰ ਵੰਡ ਪਾਊ ਸ਼ਕਤੀਆਂ ਨੂੰ ਕੁਚਲਣ ਲਈ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਹੈ। ਇਹਨਾਂ ਹੀ ਕਾਰਨਾਂ ਨੂੰ ਮੁੱਖ ਰੱਖ ਕੇ ਐਮ. ਸੀ. ਸੀਤਲਾਦ ਨੇ ਇਹ ਮੱਤ ਦਿੱਤਾ ਹੈ ਕਿ ਦੇਸ਼ ਵਿੱਚ ਅਜਿਹੇ ਲੋਕਾਂ ਦੀ ਕਮੀ ਨਹੀਂ ਜੋ ਮਹਿਸੂਸ ਕਰਦੇ ਹਨ ਕਿ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਵਿੱਚ ਪ੍ਰੀਵਰਤਨ ਕਰਨ ਲਈ ਸੰਵਿਧਾਨ ਵਿੱਚ ਸੰਸ਼ੋਧਨ ਕਰਨ ਦੀ ਲੋੜ ਨਹੀਂ ਹੈ।

ਲੋਕ ਸਭਾ ਦੀਆਂ ਛੇਵੀਆਂ ਆਮ ਚੋਣਾਂ ਵਿੱਚ ਕੇਂਦਰ ਵਿੱਚ ਜਨਤਾ ਪਾਰਟੀ ਦੀ ਜਿੱਤ ਹੋਈ ਅਤੇ ਇਹਨਾਂ ਚੋਣਾਂ ਵਿੱਚ ਕਾਂਗਰਸ ਸ਼ਾਸਨ ਦਲ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਤਰ੍ਹਾਂ ਜਨਤਾ ਪਾਰਟੀ ਨੂੰ ਬਹੁਮਤ ਪ੍ਰਾਪਤ ਹੋਇਆ ਸੀ। ਕਾਂਗਰਸ ਦੀ ਇਹ ਹਾਰ ਅਤੇ ਪ੍ਰਸਥਿਤੀ ਨੂੰ ਰਾਜਨੀਤਿਕ ਭੂਚਾਲ ਦਾ ਨਾਮ ਦਿੱਤਾ ਗਿਆ। ਕਾਂਗਰਸ ਨੂੰ ਵਿਰੋਧੀ ਦਲ ਦੇ ਰੂਪ ਵਿੱਚ ਲੋਕ ਸਭਾ ਵਿੱਚ ਬੈਠਣਾ ਪਿਆ ਜਦੋਂ ਕਿ ਜਨਤਾ ਪਾਰਟੀ ਨੇ ਸਰਕਾਰ ਬਣਾਈ। ਜੰਮੂ ਅਤੇ ਕਸ਼ਮੀਰ ਵਿੱਚ ਸ਼ੇਖ ਫਾਰੂਖ ਅਬਦੁੱਲਾ ਦੀ (National Conference) ਅਤੇ ਪੱਛਮੀ ਬੰਗਾਲ ਵਿਚ ਜਯੋਤੀ ਬਾਸੂ (Jyoti Basu) ਦੀ ਸਾਮਵਾਦੀ ਦਲ (ਮਾਰਕਸਵਾਦ) ਦੇ ਬਹੁਮਤ ਪ੍ਰਾਪਤ ਕਰਨ ਤੋਂ ਇਲਾਵਾ ਸਾਰੇ ਉਤਰੀ ਰਾਜਾਂ ਵਿੱਚ ਜਨਤਾ ਪਾਰਟੀ ਨੂੰ ਬਹੁਮਤ ਪ੍ਰਾਪਤ ਹੋਇਆ। ਪ੍ਰੰਤੂ ਜਨਤਾ ਪਾਰਟੀ ਦੇ ਨੇਤਾਵਾਂ ਵਿੱਚ ਵੱਖ-ਵੱਖ ਵਿਚਾਰਾਂ ਉੱਤੇ ਅਸਹਿਮਤੀ ਦੇ ਕਾਰਣ ਸਰਕਾਰ ਦਾ ਚੱਲਣਾ ਕਠਿਣ ਹੋ ਗਿਆ। ਪੱਛਮੀ ਬੰਗਾਲ ਅਤੇ ਜੰਮੂ ਕਸ਼ਮੀਰ ਰਾਜਾਂ ਨੇ ਪ੍ਰਾਂਤਿਕ ਸਵਾਧੀਨਤਾ ਦੀ ਮੰਗ ਦੀ ਪੇਸ਼ਕਸ਼ ਕੀਤੀ। ਤਾਮਿਲਨਾਡੂ ਦੇ ਸ਼ਾਸਕ ਦਲ ਅੰਨਾ ਡੀ.ਐਮ.ਕੇ. (Anna D.M.K.) ਨੇ ਤਾਮਿਲਨਾਡੂ ਵਿਚ ਪ੍ਰਾਂਤਿਕ ਸਵਾਧੀਨਤਾ ਦਾ ਮਾਮਲਾ ਉਠਾਇਆ ਜਦੋਂ ਕਿ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ੍ਰੀ ਬਾਸੂ ਦੇ ਸ਼ਬਦਾਂ ਵਿੱਚ ''ਸੰਘ ਦੇ ਵਿਚਾਰ ਨੇ ਕੋਈ ਵੀ ਭਾਰਤ ਵਿੱਚ ਸੰਤੋਖਜਨਕ ਕੰਮ ਨਹੀਂ ਕੀਤਾ। ਕਾਂਗਰਸ ਦੇ ਤਿੰਨ ਦਹਾਕਿਆਂ ਦੇ ਸ਼ਾਸਨ ਵਿੱਚ ਸੰਘੀ ਸਿਧਾਂਤ ਹੌਲੀ-ਹੌਲੀ ਖ਼ਤਮ ਹੁੰਦੇ ਗਏ। ਪੰਜਾਬ ਵਿੱਚ ਅਕਾਲੀਆਂ ਨੇ ਵੀ ਪ੍ਰਾਂਤਿਕ ਸਵਾਧੀਨਤਾ ਦੀ ਮੰਗ ਖਾਸ ਕਰਕੇ ਵਿੱਤੀ ਸਵਾਧੀਨਤਾ ਦੀ ਮੰਗ ਕਰਨੀ ਸ਼ੁਰੂ ਕੀਤੀ। 1973 ਦਾ ਆਨੰਦਪੁਰ ਸਾਹਿਬ ਦਾ ਮਤਾ ਇਸ ਮੰਗ ਦਾ ਹੀ ਪ੍ਰਗਟਾਵਾ ਸੀ ਜੋ ਕਿ ਵੱਧਦੇ ਪੂਰਨ ਸਵਾਧੀਨਤਾ ਦੀ ਮੰਗ ਵਿੱਚ ਬਦਲਦਾ ਨਜ਼ਰ ਆਉਣ ਲੱਗ ਪਿਆ।''

ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ੍ਰੀ ਜਯੋਤੀ ਬਾਸੂ ਨੇ ਸੰਵਿਧਾਨ ਦੇ ਅਨੁਛੇਦ 248 ਵਿੱਚ ਤਰਮੀਮ ਕਰਨ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਅਨੁਸਾਰ ਰਾਜ ਵਿਧਾਨ ਮੰਡਲ ਨੂੰ ਸੰਘ ਅਤੇ ਸਮਵਰਤੀ ਸੂਚੀ ਦੇ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਦਿੱਤਾ ਜਾਵੇ। ਉਨ੍ਹਾਂ ਨੇ ਸਲਾਹ ਦਿੱਤੀ ਕਿ ਬਚੀਆਂ ਖੁਚੀਆਂ ਸ਼ਕਤੀਆਂ ਕੇਂਦਰ ਦੀ ਬਜਾਏ ਰਾਜਾਂ ਨੂੰ ਦਿੱਤੀਆਂ ਜਾਣ। ਪ੍ਰਾਂਤਿਕ ਸਵਾਧੀਨਤਾ ਦੀ ਸੁਰੱਖਿਆ ਲਈ ਉਨ੍ਹਾਂ ਨੇ ਸੰਵਿਧਾਨ

ਦੇ ਅਨੁਛੇਦ 240, ਜੋ ਸੰਸਦ ਨੂੰ ਰਾਜ ਸੂਚੀ ਵਿੱਚ ਅੰਕਿਤ ਵਿਸ਼ਿਆਂ ਤੇ ਕਾਨੂੰਨ ਦੀ ਸ਼ਕਤੀ ਰਾਸ਼ਟਰੀ-ਹਿੱਤਾਂ ਨੂੰ ਮੁੱਖ ਰੱਖ ਕੇ ਦਿੰਦਾ ਹੈ, ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ। ਜੋ ਵਿਗਿਆਪਨ ਪੱਤਰ (Memorandum) ਉਨ੍ਹਾਂ ਨੇ ਭੇਜਿਆ ਉਸ ਵਿਚ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਤਰਮੀਮ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਦੇ ਵਿਚਾਰ ਅਨੁਸਾਰ ਭਾਰਤੀ ਗਣਤੰਤਰ ਦੇ ਨਾਲ ਸੰਘੀ ਸ਼ਬਦ ਨੂੰ ਸ਼ਾਮਿਲ ਕੀਤਾ ਜਾਵੇ ਅਤੇ ਕੇਂਦਰ (Union) ਸ਼ਬਦ ਦੀ ਜਗ੍ਹਾ ਸੰਘ (Federation) ਸ਼ਬਦ ਦੀ ਵਰਤੋਂ ਕੀਤੀ ਜਾਵੇ। ਰਾਜ ਸਭਾ ਦੇ ਮੈਂਬਰ ਦੀ ਚੋਣ ਸਿੱਧੇ ਤਰੀਕੇ ਨਾਲ ਕੀਤੀ ਜਾਵੇ। ਉਦਯੋਗ ਦੇ ਮਾਮਲੇ ਸੰਬੰਧੀ ਰਾਜਾਂ ਦੀਆਂ ਖਾਸ ਕਿਸਮਾਂ ਦੀਆਂ ਸਾਰੀਆਂ ਸ਼ਕਤੀਆਂ ਲਈ 7ਵੀਂ ਅਨੁਸੂਚੀ ਨੂੰ ਦੁਬਾਰਾ ਤਿਆਰ ਕਰਨ ਦੀ ਸਲਾਹ ਦਿੱਤੀ। ਦੂਜੀ ਸਲਾਹ ਉਨ੍ਹਾਂ ਨੇ ਅਖਿਲ ਭਾਰਤੀ ਸੇਵਾਵਾਂ ਦੇ ਸੰਬੰਧ ਵਿੱਚ ਦਿੱਤੀ। ਇਨ੍ਹਾਂ ਸਾਰੀਆਂ ਸੇਵਾਵਾਂ ਦੇ ਕਰਮਚਾਰੀ ਕੇਂਦਰ ਦੁਆਰਾ ਰਾਜਾਂ ਵਿੱਚ ਲਗਾਏ ਜਾਂਦੇ ਹਨ। ਪ੍ਰੰਤੂ ਇਨ੍ਹਾਂ ਸਭ ਕਰਮਚਾਰੀਆਂ ਉੱਤੇ ਕੇਂਦਰੀ ਸਰਕਾਰ ਦਾ ਨਿਯੰਤਰਣ ਰਹਿੰਦਾ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਸਿਰਫ ਲੋਕ ਸੇਵਾ ਆਯੋਗ ਅਤੇ ਰਾਜ ਸੇਵਾ ਆਯੋਗ ਹੋਣ ਅਤੇ ਸੰਬੰਧਿਤ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਆਪਣੇ-ਆਪਣੇ ਸੰਬੰਧਿਤ ਖੇਤਰਾਂ ਵਿੱਚ ਆਪਣੇ ਆਪ ਉਨ੍ਹਾਂ ਦੀ ਨਿਯੁਕਤੀ ਕਰਨ। ਕੇਂਦਰ ਸਰਕਾਰ ਨੂੰ ਰਾਜ ਸੇਵਾਵਾਂ ਵਿਚ ਭਰਤੀ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਇਹ ਵੀ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਮਹੱਤਵਪੂਰਨ ਆਰਥਿਕ ਅਤੇ ਰਾਸ਼ਟਰੀ ਪੱਧਰ ਦੇ ਮਾਮਲਿਆਂ ਉੱਤੇ ਆਪਣੇ ਫੈਸਲੇ ਤੇ ਬਹਿਸ ਦੀ ਸ਼ੁਰੂਆਤ ਕਰੇਗੀ।

ਆਪਣੇ ਵਿਚਾਰਾਂ ਦੁਆਰਾ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੇ 2500 ਸ਼ਬਦਾਂ ਦੇ ਵਿਗਿਆਪਨ-ਪੱਤਰ ਦੁਆਰਾ ਸੰਵਿਧਾਨ ਵਿੱਚ ਸੋਧ ਕਰਨ ਦੀ ਸਲਾਹ ਦਿੱਤੀ। ਪੱਛਮੀ ਬੰਗਾਲ ਦੀ ਸਰਕਾਰ ਨੇ ਰਾਸ਼ਟਰਪਤੀ ਨੂੰ ਅਨੁਛੇਦ 356 ਅਤੇ 357 ਨੂੰ ਰੱਦ ਕਰਨ ਲਈ ਵੀ ਕਿਹਾ ਕਿਉਂਕਿ ਇਹ ਦੋਨੋਂ ਅਨੁਛੇਦ ਰਾਸ਼ਟਰਪਤੀ ਨੂੰ ਰਾਜ ਸਰਕਾਰ ਜਾਂ ਇਸ ਦੀ ਅਸੈਂਬਲੀ ਜਾਂ ਦੋਨਾਂ ਨੂੰ ਭੰਗ ਕਰਨ ਦੀ ਸ਼ਕਤੀ ਦਿੰਦੇ ਹਨ। ਮੰਤਰੀ ਮੰਡਲ ਨੂੰ ਸੰਵਿਧਾਨ ਦੇ ਅਨੁਛੇਦ 259 ਨੂੰ ਖਾਰਿਜ ਕਰਨ ਦੀ ਸਲਾਹ ਦਿੱਤੀ ਕਿਉਂਕਿ ਇਹ ਅਨੁਛੇਦ ਰਾਸ਼ਟਰਪਤੀ ਨੂੰ ਰਾਜ ਦੀ ਵਿੱਤੀ ਸਥਿਰਤਾ ਦੇ ਪ੍ਰਸ਼ਾਸ਼ਨ ਵਿੱਚ ਦਖਲ-ਅੰਦਾਜ਼ੀ ਕਰਨ ਦੀ ਸ਼ਕਤੀ ਦਿੰਦਾ ਹੈ। ਸ੍ਰੀ ਬਾਸੂ ਨੇ ਕੇਂਦਰ ਅਤੇ ਰਾਜਾਂ ਵਿਚਕਾਰ ਸੰਬੰਧਾਂ ਬਾਰੇ ਤਬਦੀਲੀਆਂ ਨੂੰ ਮੁੱਖ ਰੱਖਦੇ ਹੋਏ ਰਾਸ਼ਟਰਵਾਦ-ਵਿਵਾਦ ਦੀ ਸ਼ੁਰੂਆਤ ਕਰਨ ਦੀ ਸਲਾਹ ਦਿੱਤੀ। ਰਾਜਾਂ ਦੀ ਦੁਰਦਸ਼ਾ ਨੂੰ ਦੇਖਦੇ ਹੋਏ ਰਾਜਾਂ ਨੂੰ ਮਾਮਲਿਆਂ ਦੀ ਵੰਡ ਦਾ 75% ਹਿੱਸਾ ਦੇਣ ਦੀ ਮੰਗ ਕੀਤੀ।

ਅੰਤ ਵਿੱਚ ਸਾਡਾ ਵਿਚਾਰ ਹੈ ਕਿ ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਵਿਚ ਤਾਲਮੇਲ ਰੱਖਣ ਦੀ ਇੱਛਾ ਨੂੰ ਆਪਸੀ ਸੂਝ ਬੂਝ ਦੁਆਰਾ ਵਧਾਇਆ ਜਾ ਸਕਦਾ ਹੈ। ਭਾਰਤੀ ਸੰਘੀ ਪ੍ਰਣਾਲੀ ਵਿਚ ਕੇਂਦਰ ਦੀ ਸਥਿਤੀ ਰਾਜਾਂ ਦੇ ਮੁਕਾਬਲੇ ਵਧੇਰੇ ਸ਼ਕਤੀਸ਼ਾਲੀ ਹੈ। ਸਾਡੇ ਦੇਸ਼ ਵਿਚ ਕੇਂਦਰਿਤ ਯੋਜਨਾਬੰਦੀ ਹੋਣ ਕਰਕੇ ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਵੰਡ ਵਿਚ ਅਸੰਤੁਲਨ ਪੈਦਾ ਹੋ ਗਿਆ ਹੈ। ਸਿੱਟੇ ਵਜੋਂ ਸੰਘੀ ਸਰਕਾਰ ਕਾਨੂੰਨ ਬਣਾਉਣ, ਪ੍ਰਸ਼ਾਸ਼ਨ (ਆਦੇਸ਼ ਦੇਣ, ਪਾਲਣਾ ਕਰਨ ਅਤੇ ਰਾਜਾਂ ਉਤੇ ਨਿਯੰਤਰਣ) ਅਤੇ ਵਿੱਤੀ ਖੇਤਰਾਂ ਵਿਚ (ਸੰਕਟਕਾਲੀਨ ਵਿਵਸਥਾਵਾਂ ਤੋਂ ਇਲਾਵਾ) ਰਾਜਾਂ, ਉੱਪਰ ਪ੍ਰਭਾਵ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਇਹ ਸਭ ਕੁਝ ਅੰਤਰ-ਰਾਜੀ ਅਖੰਡਤਾ ਅਤੇ ਰਾਜ ਦੇ ਹਰ ਵਿਭਾਗ ਦੇ ਕੰਮਾਂ ਵਿੱਚ ਕੇਂਦਰੀਕਰਣ ਨੂੰ ਦਰਸਾਉਂਦਾ ਹੈ। ਤਾਮਿਲਨਾਡੂ ਡੀ.ਐਮ.ਕੇ. ਦਲ ਦੁਆਰਾ ਰਾਜਮਿਨਾਰ ਕਮੇਟੀ ਦੀ ਨਿਯੁਕਤੀ ਕੀਤੀ ਗਈ ਅਤੇ ਉਨ੍ਹਾਂ ਨੇ ਸਰਕਾਰ ਵਿਚ ਕੇਂਦਰੀਕਰਣ ਦੇ ਵਿਰੁੱਧ ਆਵਾਜ਼ ਉਠਾਈ। ਇਸ ਤੋਂ ਇਲਾਵਾ ਰਾਜਾਂ ਨੂੰ ਵੱਧ ਤੋਂ ਵੱਧ ਸਵਾਧੀਨਤਾ ਪ੍ਰਦਾਨ ਕਰਨ ਦਾ ਮਸਲਾ ਉਠਾਇਆ। ਫਿਰ ਵੀ ਸਮੇਂ ਦੀ ਮੰਗ ਰਾਸ਼ਟਰੀ ਅਖੰਡਤਾ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੀ ਹੈ। ਉਸ ਕਮੇਟੀ ਦੀਆਂ ਸੰਵਿਧਾਨ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਨ ਦੀਆਂ ਸਿਫਾਰਸ਼ਾਂ ਦੇਸ਼ ਦੀ ਅਸਲੀ ਹਾਲਤ ਨੂੰ ਅੱਖੋਂ ਉਹਲੇ ਕਰਦੀਆਂ ਹਨ। ਵੰਡ ਪਾਉਣ ਅਤੇ ਤੋੜ-ਫੋੜ ਦੀਆਂ ਸ਼ਕਤੀਆਂ ਨੇ ਭਾਸ਼ਾਈ, ਸੰਪਰਦਾਇਕ, ਪ੍ਰਾਂਤਿਕ ਅਤੇ ਖੇਤਰੀ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਕੇਂਦਰ ਸਰਕਾਰ ਦੀਆਂ ਸ਼ਕਤੀਆਂ ਨੂੰ ਘੱਟ ਕਰਨ ਦੀ ਮੰਗ ਦੀ ਬਜਾਏ ਅਸੀਂ ਮਹਿਸੂਸ ਕਰਦੇ ਹਾਂ ਕਿ ਸਿੱਖਿਆ,

ਖੇਤੀ ਉਤਪਾਦਨ ਖੇਤਰ ਨੂੰ ਆਮ ਆਦਮੀ ਦੀ ਜ਼ਰੂਰਤ ਨੂੰ ਦੇਖਦੇ ਹੋਏ ਉੱਨਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਜਨਤਾ ਪਾਰਟੀ ਦੇ ਅੰਦਰੂਨੀ ਝਗੜਿਆਂ ਤੇ ਕਮਜ਼ੋਰੀ ਕਾਰਣ ਇਹ ਆਵਾਜ਼ ਹੋਰ ਜ਼ਿਆਦਾ ਉੱਠੀ ਕਿ ਸੰਵਿਧਾਨ ਬਾਰੇ ਪੁਨਰ-ਵਿਚਾਰ ਕੀਤਾ ਜਾਵੇ ਅਤੇ ਰਾਜਾਂ ਨੂੰ ਵੱਧ ਤੋਂ ਵੱਧ ਸਵਾਧੀਨਤਾ ਦੇਣ ਦੇ ਰਸਤੇ ਨੂੰ ਅਪਨਾਇਆ ਜਾਵੇ। ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਉੱਤੇ ਪੁਨਰ-ਵਿਚਾਰ ਕਰਨ ਲਈ ਗਠਿਤ ਸਰਕਾਰੀਆ ਕਮਿਸ਼ਨ ਨੇ ਸਰਕਾਰ ਨੂੰ ਆਪਣੀ ਰਿਪੋਰਟ 1987 ਵਿਚ ਪੇਸ਼ ਕੀਤੀ। ਪ੍ਰੰਤੂ ਕਮਿਸ਼ਨ ਨੇ ਕਈ ਮਹੱਤਵਪੂਰਨ ਪਰਿਵਰਤਨ ਸੁਝਾਏ ਪਰੰਤੂ ਇਹਨਾਂ ਸੁਝਾਵਾਂ ਨੂੰ ਲਾਗੂ ਕਰਨ ਲਈ ਹਾਲੇ ਤੱਕ ਸੰਵਿਧਾਨ ਵਿਚ ਕੋਈ ਸੋਧ ਹੋਈ ਹੈ।

1.5.9 ਸਿੱਟਾ :

ਸਾਡੇ ਸੰਵਿਧਾਨ ਦੀ ਵਿਸ਼ੇਸ਼ਤਾ ਹੈ ਕਿ ਇਹ ਬਦਲ ਰਹੀਆਂ ਪ੍ਰਸਥਿਤੀਆਂ ਦੇ ਅਨੁਸਾਰ ਹੈ। ਭਾਵੇਂ ਸਾਡਾ ਸੰਵਿਧਾਨ ਲੰਬਾ ਅਤੇ ਵਿਸਤਰਿਤ ਹੈ, ਫਿਰ ਵੀ ਇਹ ਏਨਾ ਲਚਕੀਲਾ ਹੈ ਕਿ ਬਦਲਦੀਆਂ ਹਾਲਤਾਂ ਦੇ ਅਨੁਸਾਰ ਢਾਲਿਆ ਜਾ ਸਕਦਾ ਹੈ। ਡਾ. ਕੇ. ਐਮ. ਮੁਨਸ਼ੀ ਨੇ ਕਿਹਾ ਹੈ, ''ਸਾਡੀ ਸੰਘੀ ਪ੍ਰਣਾਲੀ ਤਬਦੀਲ ਹੋਣ ਦੇ ਯੋਗ ਹੈ।'' ਭਾਰਤੀ ਸੰਘ ਦੀ ਵਿਲੱਖਣਤਾ ਇਹ ਹੈ ਕਿ ਇਹ ਕਿਸੇ ਖਾਸ ਨਮੂਨੇ ਅਨੁਸਾਰ ਨਹੀਂ ਢਾਲਿਆ ਗਿਆ ਜਿਵੇਂ ਕਿ ਅਸੀਂ ਅਮਰੀਕਾ, ਸਵਿਟਰਜ਼ਲੈਂਡ, ਆਸਟਰੇਲੀਆਂ ਆਦਿ ਦੇਸ਼ਾਂ ਦੇ ਸੰਘਵਾਦ ਨੂੰ ਇਕ ਵਿਸ਼ੇਸ਼ ਨਮੂਨੇ ਅਨੁਸਾਰ ਢਾਲਿਆ ਕਹਿ ਸਕਦੇ ਹਾਂ। ਭਾਰਤੀ ਸੰਘ ਇਕਾਤਮਕ ਤੇ ਸੰਘਾਤਮਕ ਪ੍ਰਣਾਲੀ ਦਾ ਸੁਮੇਲ ਹੈ।

1.5.10 ਸਵੈ-ਪਰਖ ਅਭਿਆਸ

ਖਾਲੀ ਥਾਵਾਂ ਭਰੋ :

(1) ਸੰਘ ਸੂਚੀ............. ਰਾਜ ਸੂਚੀ .... ਸਮਵਰਤੀ ਸੂਚੀ ਤੇ ਕਰਮਵਾਰ ਵਿਸ਼ੇ ਲਿਖੋ।

(2) ਭਾਰਤੀ ਸੰਘਾਤਮਕ ਪ੍ਰਣਾਲੀ ਦੇ ਦੋ ਪ੍ਰਮੁੱਖ ਲੱਛਣ .... ਲਿਖੋ।

(3) ਭਾਰਤੀ ਸਵਿਧਾਨ ਵਿਚ ਕੁਲ ਕਿੰਨੇ 395/406 .... ਅਨੁਛੇਦ ਅਤੇ ਅਨੁਸੂਚੀਆਂ 8/12 .... ਹਨ ? ਚੈਪਟਰ .... 22......

(4) ਦੋਹਰੀ ਸਾਸਨ ਪ੍ਰਣਾਲੀ ਭਾਵ..................... ਹੈ ?

ਉੱਤਰ : (1) 98, 62, 52 (2) ਦੋਹਰੀ ਸ਼ਾਸਨ ਪ੍ਰਣਾਲੀ, ਸੰਘ ਵੱਲ ਝੁਕਾਅ (3) 395/12/22 (4) ਸੰਘ ਵੱਲ ਝੁਕਾਅ

1.5.10.1 ਹੋਰ ਪੜ੍ਹਨਯੋਗ ਪੁਸਤਕਾਂ

(i) ਕੇਂਦਰ-ਰਾਜ ਸੰਬੰਧ ਇਕ ਸਰਵੇਖਣ	:	ਕੇ. ਕੇ. ਪੁਰੀ, ਅਮਰਜੀਤ ਸਿੰਘ ਵਿੱਲੋਂ
(ii) Misra, B.R.	:	Economic Aspects of India Constitution
(iii) D.D. Basu	:	Indian Constitution
(iv) Banerji	:	Some Aspects of Indian Coinstutrotion
(v) Sansar Singh Janjua	:	Finance Commission & Centre-State Financial Relations in India.

ਅਭਿਆਸ ਪ੍ਰਸ਼ਨ

ੳ) 1. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਉੱਤੇ ਨੋਟ ਲਿਖੋ।

2. ਭਾਰਤੀ ਸੰਘ ਦੇ ਵਿਵਹਾਰਕ ਪੱਖ ਦੀ ਵਿਆਖਿਆ ਕਰੋ। 1967 ਤੋਂ ਬਾਅਦ ਸੰਘ ਦੇ ਸਵਰੂਪ ਵਿਚ ਆਈ ਤਬਦੀਲੀ ਦੀ ਚਰਚਾ ਕਰੋ।

ੲ) 1. ਮੌਲਿਕ ਅਧਿਕਾਰਾਂ ਅਤੇ ਨੀਤੀ ਨਿਰਦੇਸ਼ਕ ਤੱਤਾਂ ਵਿੱਚੋਂ ਦੋ ਮੌਲਿਕ ਅੰਤਰ ਦੱਸੋ।

2. 1996 ਦੀਆਂ ਚੋਣਾਂ ਤੋਂ ਬਾਅਦ ਭਾਰਤੀ ਸੰਘ ਵਿਚ ''ਸ਼ਕਤੀਆਂ ਦੇ ਵਿਕੇਂਦਰੀਕਰਣ'' ਨਾਲ ਸੰਬੰਧਿਤ ਤਬਦੀਲੀਆ ਦਾ ਵਰਣਨ ਕਰੋ।

3. ਭਾਰਤ ਵਿੱਚ ਸੰਸਦੀ ਕਾਰਜਪ੍ਰਣਾਲੀ ਕਿਵੇਂ ਹੈ?

4. ਧਾਰਾ 356 ਕਿਸ ਤਰ੍ਹਾਂ ਸੰਘੀ ਢਾਂਚੇ ਨੂੰ ਪ੍ਰਭਾਵਿਤ ਕਰਦੀ ਹੈ?

5. ਅੰਤਰ-ਰਾਜੀ ਪਰਿਸ਼ਦ ਕੀ ਹੈ?

ਪਾਠ ਨੰਬਰ : 1.6　　　　　　　　　　　　　　　　　　　　ਲੇਖਕ : ਡਾ. ਐਸ.ਐਸ. ਜੰਜੂਆ

ਮੌਲਿਕ ਅਧਿਕਾਰ
(FUNDAMENTAL RIGHTS)

ਪਾਠ ਦਾ ਵਿਸ਼ਾ-ਵਸਤੂ

1.6.0 ਪਾਠ ਦਾ ਉਦੇਸ਼
1.6.1 ਜਾਣ-ਪਛਾਣ
1.6.2 ਮੌਲਿਕ ਅਧਿਕਾਰ ਅਤੇ ਨਿਰਦੇਸ਼ਕ ਸਿਧਾਂਤ
1.6.3 ਮੌਲਿਕ ਅਧਿਕਾਰਾਂ ਦਾ ਵਰਗੀਕਰਣ
1.6.4 ਸਵੈ-ਪਰਖ ਅਭਿਆਸ
1.6.5 ਮੌਲਿਕ ਅਧਿਕਾਰਾਂ ਉਪਰ ਰੋਕਾਂ
1.6.6 ਮੌਲਿਕ ਅਧਿਕਾਰਾਂ ਅਤੇ ਕਰਤਵਾਂ ਉੱਪਰ 42ਵੀਂ ਸੰਵਿਧਾਨਕ ਸੋਧ ਦਾ ਪ੍ਰਭਾਵ
1.6.7 43ਵੀਂ ਸੋਧ ਅਤੇ ਜੀਵਨ ਤੇ ਸੁਤੰਤਰਤਾ ਦੇ ਮੌਲਿਕ ਅਧਿਕਾਰਾਂ ਦੀ ਬਹਾਲੀ
1.6.8 ਮੌਲਿਕ ਅਧਿਕਾਰਾਂ ਉਪਰ 44ਵੀਂ ਸੋਧ ਦਾ ਪ੍ਰਭਾਵ
1.6.9 ਸਿੱਟਾ
1.6.10 ਸਵੈ-ਪਰਖ ਅਭਿਆਸ
1.6.11 ਜਰੂਰੀ ਪੁਸਤਕਾਂ

1.6.0 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਮੌਲਿਕ ਅਧਿਕਾਰਾਂ ਦਾ ਅਰਥ ਮੌਲਿਕ ਅਧਿਕਾਰਾਂ ਦਾ ਵਰਗੀਕਰਣ ਅਤੇ ਰੋਕਾਂ, 42ਵੀਂ ਤੇ 44 ਸੋਧ ਦਾ ਮੌਲਿਕ ਅਧਿਕਾਰਾਂ ਉਪਰ ਪ੍ਰਭਾਵ ਆਦਿ ਦਾ ਅਧਿਐਨ ਅਤੇ ਮੁਲਾਂਕਣ ਕਰਨਾ ਹੈ। ਮੌਲਿਕ ਅਧਿਕਾਰਾਂ ਰਾਹੀਂ ਭਾਰਤ ਵਿਚ ਰਾਜਨੀਤਿਕ ਤੇ ਸਮਾਜਿਕ ਲੋਕਤੰਤਰ ਦੀ ਸਥਾਪਨਾ ਕਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਮੌਲਿਕ ਅਧਿਕਾਰਾਂ ਦੀ ਇਕ ਵੱਡੀ ਮਹੱਤਤਾ ਇਹ ਹੈ ਕਿ ਭਾਰਤ ਵਿਚ ਸਦੀਆਂ ਤੋਂ ਚਲੀ ਆ ਰਹੀ ਛੂਤ-ਛਾਤ ਦੀ ਸਮਾਜਿਕ ਬੁਰਾਈ ਨੂੰ ਗ਼ੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਮੂਲ ਅਧਿਕਾਰਾਂ ਰਾਹੀਂ ਧਾਰਮਿਕ ਸੁਤੰਤਰਤਾ ਪ੍ਰਦਾਨ ਕਰ ਕੇ ਧਰਮ-ਨਿਰਪੱਖ ਰਾਜ ਦੇ ਸੁਪਨੇ ਨੂੰ ਸਾਕਾਰ ਬਣਾਇਆ ਗਿਆ ਹੈ। ਸੰਵਿਧਾਨ ਵਿਚ ਸਮਾਨਤਾ ਦੇ ਅਧਿਕਾਰ ਨੂੰ ਅੰਕਿਤ ਕਰਕੇ ਵਿਅਕਤੀਆਂ ਅੰਦਰੋਂ ਜਾਤ, ਧਰਮ, ਰੰਗ, ਨਸਲ, ਜਨਮ ਆਦਿ ਦੇ ਆਧਾਰ ਤੇ ਭੇਦ-ਭਾਵ ਨੂੰ ਸਮਾਪਤ ਕਰਨ ਦਾ ਇਕ ਤਕੜਾ ਯਤਨ ਕੀਤਾ ਗਿਆ ਹੈ ਪਛੜੀਆਂ ਜਾਤੀਆਂ ਤੇ ਕਬੀਲਿਆਂ ਲਈ ਵਿਸ਼ੇਸ਼ ਅਧਿਕਾਰਾਂ ਦਾ ਪ੍ਰਬੰਧ ਕਰ ਕੇ ਮਨੁੱਖਤਾ ਦੇ ਇਕ ਵੱਡੇ ਭਾਗ ਨੂੰ ਆਮ ਨਾਗਰਿਕਾਂ ਦੇ ਸਮਾਨ ਉੱਠਣ ਲਈ ਉਤਸ਼ਾਹ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਮਾਨਤਾ ਅਤੇ ਸੁਤੰਤਰਤਾ ਦੇ ਅਧਿਕਾਰ ਦ੍ਰਿੜ੍ਹ ਲੋਕਤੰਤਰੀ ਭਾਵਨਾ ਨੂੰ ਉਤਪੰਨ ਕਰਦੇ ਹਨ। ਸੰਖੇਪ ਵਿੱਚ ਮੌਲਿਕ ਅਧਿਕਾਰ ਭਾਰਤੀ ਲੋਕਤੰਤਰ ਦੇ ਮੂਲ ਆਧਾਰ ਹਨ। ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕਰਨ ਦਾ ਉਦੇਸ਼ ਭਾਰਤੀ ਲੋਕਾਂ ਨੂੰ ਕੇਵਲ ਸੁਰੱਖਿਆ ਅਤੇ ਨਾਗਰਿਕਤਾ ਦੀ ਸਮਾਨਤਾ ਹੀ ਪ੍ਰਦਾਨ ਕਰਨਾ ਹੀਂ ਨਹੀਂ ਸੀ ਸਗੋਂ ਨਾਗਰਿਕਤਾ, ਨਿਆਂ ਤੇ ਉੱਚਿਤ ਗਤੀਵਿਧੀ ਦੇ ਵਿਹਾਰ ਨੂੰ ਆਦਰਸ਼ਕ ਬਣਾਉਣਾ ਸੀ।

1.6.1 ਜਾਣਕਾਰੀ

ਭਾਰਤੀ ਸੰਵਿਧਾਨ ਦੇ ਤੀਸਰੇ ਭਾਗ ਵਿਚ ਅਨੁਛੇਦ 12 ਤੋਂ 35 ਦੁਆਰਾ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਵਿੱਚ ਦਿੱਤੇ ਗਏ ਅਧਿਕਾਰ ਕਈ ਪੱਖਾਂ ਤੋਂ ਵਿਸ਼ਵ ਦੇ ਹੋਰ

ਦੇਸ਼ਾਂ ਵਿੱਚ ਦਿੱਤੇ ਗਏ ਅਧਿਕਾਰਾਂ ਨਾਲੋ ਵੱਖਰੇ ਹਨ। ਜਦੋਂ 26 ਜਨਵਰੀ, 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋਇਆ ਸੀ ਤਾਂ ਉਸ ਸਮੇਂ ਸੰਵਿਧਾਨ ਵਿਚ 7 ਮੌਲਿਕ ਅਧਿਕਾਰ ਅੰਕਿਤ ਸਨ। ਦਸੰਬਰ, 1978 ਵਿਚ ਸੰਸਦ ਨੇ 44ਵੀਂ ਸੰਵਿਧਾਨ ਸੋਧ ਪਾਸ ਕਰਕੇ ਸੰਪਤੀ ਦਾ ਅਧਿਕਾਰ (Right to Property) ਮੌਲਿਕ ਅਧਿਕਾਰਾਂ ਵਾਲੇ ਅਧਿਆਇ ਵਿਚੋਂ ਖਾਰਿਜ ਕਰ ਦਿੱਤਾ ਸੀ। 44ਵੀਂ ਸੰਵਿਧਾਨਕ ਸੋਧ 20 ਜੂਨ, 1979 ਨੂੰ ਲਾਗੂ ਹੋਈ ਸੀ ਤੇ ਇਸ ਮਿਤੀ ਤੋਂ ਭਾਰਤੀ ਸੰਵਿਧਾਨ ਵਿਚ ਅੰਕਿਤ ਮੌਲਿਕ ਅਧਿਕਾਰਾਂ ਦੀ ਗਿਣਤੀ ਛੇ ਹੈ। ਇਹ ਮੌਲਿਕ ਅਧਿਕਾਰ ਅਨੁਛੇਦ 14 ਤੋਂ 30 ਅਤੇ ਅਨੁਛੇਦ 32 ਅਧੀਨ ਅੰਕਿਤ ਹਨ। ਭਾਰਤੀ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦਾ ਘੋਸ਼ਣਾ-ਪੱਤਰ ਸ਼ਾਮਿਲ ਕਰਨਾ ਰਸਮੀ ਮਹੱਤਤਾ ਨਾਲੋਂ ਕਿਤੇ ਜ਼ਿਆਦਾ ਆਵੱਸ਼ਕ ਸੀ। ਇਸ ਨਾਲ ਭਾਰਤੀ ਸੰਵਿਧਾਨ, ਬਰਤਾਨੀਆਂ ਦੇ ਸੰਵਿਧਾਨ ਜੋ ਕਿ ''ਸੰਸਦ ਦੀ ਪ੍ਰਭੁਸਤਾ ਦੇ ਸਿਧਾਂਤ'' ਉਪਰ ਆਧਾਰਿਤ ਹੈ, ਦੀ ਮੂਲਕ ਧਾਰਨਾ ਤੋਂ ਬਿਲਕੁਲ ਵੱਖਰਾ ਹੋ ਜਾਂਦਾ ਹੈ। ਇਹ ਜਨਤਕ ਕਾਨੂੰਨ ਦੇ ਬੁਨਿਆਦੀ ਸਿਧਾਂਤ ਹਨ ਜਿਨ੍ਹਾਂ ਦਾ ਵਰਣਨ ਘੋਸ਼ਣਾ-ਪੱਤਰ ਵਿੱਚ ਕੀਤਾ ਗਿਆ ਹੈ ਅਤੇ ਇਸਨੂੰ ਉਸ ਪੱਧਰ ਤੇ ਸੱਤਾ ਪ੍ਰਦਾਨ ਕਰਦੇ ਹਨ। ਲਾਸਕੀ ਦੇ ਕਥਨ ਅਨੁਸਾਰ, ''ਹਰੇਕ ਰਾਜ ਉਸ ਦੇ ਨਾਗਰਿਕਾਂ ਨੂੰ ਦਿੱਤੇ ਗਏ ਅਧਿਕਾਰਾਂ ਤੋਂ ਜਾਣਿਆ ਜਾਂਦਾ ਹੈ।''[1] ਇਹ ਉਹ ਗੁਣਾਤਮਕ ਤੱਤ ਹਨ ਜੋ ਰਾਜ ਦੀ ਸੱਤਾ ਦੇ ਪ੍ਰਯੋਗ ਨੂੰ ਨੈਤਿਕ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ। ਹਰੇਕ ਲੋਕਤੰਤਰੀ ਪ੍ਰਣਾਲੀ ਵਿਚ ਕੁਝ ਅਜਿਹੇ ਅਧਿਕਾਰ ਹੁੰਦੇ ਹਨ ਜਿਨ੍ਹਾਂ ਨੂੰ ਮੌਲਿਕ ਮੰਨਿਆ ਜਾਦਾ ਹੈ। ਇਨ੍ਹਾਂ ਨੂੰ ਇਸ ਲਈ ਮੌਲਿਕ ਮੰਨਿਆ ਜਾਂਦਾ ਹੈ ਕਿ ਇਹ ਵਿਅਕਤੀ ਦੇ ਪੂਰਨ ਨੈਤਿਕ ਤੇ ਅਧਿਆਤਮਕ ਮਿਆਰ ਨੂੰ ਹਾਸਲ ਕਰਨ ਲਈ ਜ਼ਰੂਰੀ ਹੁੰਦੇ ਹਨ। ਉਹ ਉਸ ਦੇ ਵਿਕਾਸ ਲਈ ਮੌਲਿਕ ਹੁੰਦੇ ਹਨ। ਰਾਜ ਦੇ ਅੰਦਰ ਮੌਲਿਕ ਕਾਨੂੰਨ ਦੀ ਜੋ ਵੀ ਭੂਮਿਕਾ ਹੁੰਦੀ ਹੈ, ਉਹ ਵੀ ਮੌਲਿਕ ਹੁੰਦੀ ਹੈ। ਕਾਨੂੰਨੀ ਅਧਿਕਾਰ ਇਕ ਵੱਡਮੁੱਲਾ ਅਧਿਕਾਰ ਹੈ ਜਿਸ ਦੀ ਕਾਨੂੰਨ ਦੁਆਰਾ ਰੱਖਿਆ ਕੀਤੀ ਜਾਂਦੀ ਹੈ ਅਤੇ ਕਾਨੂੰਨੀ ਅਦਾਲਤਾਂ ਦੁਆਰਾ ਲਾਗੂ ਕੀਤਾ ਜਾਂਦਾ ਹੈ। ਇਕ ਸਾਧਾਰਨ ਕਾਨੂੰਨ ਅਧਿਕਾਰ ਦੀ ਰੱਖਿਆ ਕਰਦਾ ਹੈ। ਰਾਜ ਦਾ ਲਿਖਤੀ ਸੰਵਿਧਾਨ ਮੌਲਿਕ ਅਧਿਕਾਰ ਦੀ ਰੱਖਿਆ ਅਤੇ ਗਰੰਟੀ ਕਰਦਾ ਹੈ। ਇਕ ਸਾਧਾਰਨ ਅਧਿਕਾਰ ਨੂੰ ਵਿਧਾਨਪਾਲਿਕਾ ਸਾਧਾਰਣ ਵਿਧੀ ਰਾਹੀਂ ਸੋਧ ਸਕਦੀ ਹੈ। ਪਰੰਤੂ ਇਕ ਮੌਲਿਕ ਅਧਿਕਾਰ ਨੂੰ ਸੋਧ ਵਿਧੀ ਤੋਂ ਬਿਨਾਂ ਨਾ ਤਾਂ ਇਸ ਨੂੰ ਮੁਲਤਵੀ ਕੀਤਾ ਜਾ ਸਕਦਾ ਹੈ ਨਾ ਹੀ ਘਟਾਇਆ ਜਾ ਸਕਦਾ ਹੈ। ਸਰਕਾਰ ਦਾ ਕੋਈ ਵੀ ਅੰਗ ਕਾਰਜਪਾਲਿਕਾ, ਵਿਧਾਨ ਪਾਲਿਕਾ ਜਾਂ ਨਿਆਂ ਪਾਲਿਕਾ ਇਨ੍ਹਾਂ ਅਧਿਕਾਰਾਂ ਦੇ ਵਿਪਰੀਤ ਹੈ ਉਹ ਅਵੈਧ ਹੈ। ਸੰਵਿਧਾਨ ਨੂੰ ਦੇਸ਼ ਦਾ ਸਰਵ ਉੱਚ ਕਾਨੂੰਨ ਮੰਨ ਲਿਆ ਹੈ ਅਤੇ ਸਰਕਾਰ ਦੇ ਸਾਰੇ ਅੰਗ ਇਸ ਦੇ ਅਨੁਛੇਦਾਂ ਦੇ ਉਲਟ ਕਾਰਜ ਨਹੀਂ ਕਰ ਸਕਦੇ ਅਸਲ ਵਿਚ ਮੌਲਿਕ ਅਧਿਕਾਰਾਂ ਦੀ ਗਰੰਟੀ ਘੱਟੋ-ਘੱਟ ਆਮ ਪ੍ਰਸਥਿਤੀਆਂ ਵਿੱਚ ਸੰਸਦ, ਸਰਕਾਰ ਦੇ ਬਹੁਗਿਣਤੀ ਤੇ ਕੱਟੜਪਣ, ਹਠਧਰਮੀ ਅਤੇ ਜ਼ਬਰ ਵਿਰੁੱਧ ਇਕ ਕਾਰਗਰ ਢਾਲ ਮੰਨੀ ਜਾਂਦੀ ਹੈ।

ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕਰਨ ਦਾ ਉਦੇਸ਼ ਭਾਰਤੀ ਲੋਕਾਂ ਨੂੰ ਕੇਵਲ ਸੁਰੱਖਿਆ ਅਤੇ ਨਾਗਰਿਕਤਾ ਦੀ ਸਮਾਨਤਾ ਹੀ ਪ੍ਰਦਾਨ ਕਰਨਾ ਨਹੀਂ ਸੀ ਸਗੋਂ ਨਾਗਰਿਕਤਾ, ਨਿਆਂ ਤੇ ਉਚਿੱਤ ਗਤੀਵਿਧੀ ਦੇ ਵਿਹਾਰ ਨੂੰ ਆਦਰਸ਼ਕ ਬਣਾਉਣਾ ਸੀ। ਇਨ੍ਹਾਂ ਦੁਆਰਾ ਇਹ ਨਿਯਤ ਕੀਤਾ ਗਿਆ ਕਿ ਭਾਰਤੀ ਇਸ ਗੱਲ ਦੀ ਸ਼ਲਾਘਾ ਕਰਨ ਕਿ ਦੇਸ਼ ਦੇ ਸਰਬੋਤਮ ਕਾਨੂੰਨ ਨੇ ਵਿਸ਼ੇਸ਼ ਅਧਿਕਾਰਾਂ ਨੂੰ ਸਮਾਪਤ ਕਰ ਦਿੱਤਾ ਹੈ ਅਤੇ ਉਨ੍ਹਾਂ ਅਧਿਕਾਰਾਂ ਦੇ ਸੰਬੰਧ ਵਿਚ ਜੋ ਮਨੁੱਖ ਦੀ ਭੌਤਿਕ ਤੇ ਨੈਤਿਕ ਪੂਰਣਤਾ ਲਈ ਆਵੱਸ਼ਕ ਹਨ, ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਸਮਾਨਤਾ ਦੀ ਵਿਵਸਥਾ ਕੀਤੀ ਹੈ। ਇਹ ਅਜਿਹੇ ਸਮਾਜ ਦੀ ਸਥਾਪਨਾ ਕਰਦਾ ਹੈ ਜੋ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ, ਵਿਚਾਰ ਪ੍ਰਗਟਾਉਣ, ਵਿਸ਼ਵਾਸ, ਉਪਸਾਨਾ ਤੇ ਪੂਜਾ ਦੀ ਸੁਤੰਤਰਤਾ, ਰੁਤਬੇ ਤੇ ਅਵਸਰ ਦੀ ਸਮਾਨਤਾ ਅਤੇ ਵਿਅਕਤੀ ਤੇ ਸਤਿਕਾਰ ਅਤੇ ਰਾਸ਼ਟਰੀ ਏਕਤਾ ਭਰਾਤਨੀ ਭਾਵ ਉਪਰ ਆਧਾਰਿਤ ਹੈ।

1.6.2 ਮੌਲਿਕ ਅਧਿਕਾਰ ਅਤੇ ਨਿਰਦੇਸ਼ਕ ਸਿਧਾਂਤ

ਇਹ ਸਪੱਸ਼ਟ ਹੈ ਕਿ ਮੌਲਿਕ ਅਧਿਕਾਰਾਂ ਪਿਛੇ ਕਾਨੂੰਨੀ ਸ਼ਕਤੀ ਹੈ ਕਿਉਂਕਿ ਉਹ ਨਿਆਂ ਯੋਗ ਹਨ ਅਤੇ ਅਦਾਲਤਾਂ ਦੁਆਰਾ ਲਾਗੂ ਕੀਤੇ ਜਾ ਸਕਦੇ ਹਨ ਪਰ ਨਿਰਦੇਸ਼ਕ ਸਿਧਾਂਤ ਇੰਜ ਨਹੀਂ ਹਨ। ਫਿਰ ਵੀ

ਜਿਵੇਂ ਐਸ.ਸ. ਸੀਤਲਵਾਜ ਨੇ ਕਿਹਾ ਹੈ, ''ਭਾਵੇਂ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਨਾ ਹੀ ਕੋਈ ਕਾਨੂੰਨੀ ਅਧਿਕਾਰ ਪ੍ਰਦਾਨ ਕਰਦੇ ਹਨ ਤੇ ਨਾ ਹੀ ਕੋਈ ਕਾਨੂੰਨੀ ਉਪਚਾਰ ਸਥਾਪਤ ਕਰਦੇ ਹਨ ਫਿਰ ਵੀ ਉਹ ਹਦਾਇਤ ਪੱਤਰ ਜਾਂ ਸੰਘ ਵਿਚ ਸਾਰੇ ਸਤਾ ਅਧਿਕਾਰੀਆਂ ਨੂੰ ਕੀਤੀ ਗਈਆਂ ਆਮ ਸਿਫਾਰਸ਼ਾਂ ਵਾਂਗ ਹਨ ਜੋ ਸਮਾਜਿਕ ਅਤੇ ਆਰਥਿਕ ਵਿਵਸਥਾ ਦੇ ਉਨ੍ਹਾਂ ਬੁਨਿਆਦੀ ਸਿਧਾਂਤਾਂ ਨੇ ਭਾਵੇਂ ਕਾਨੂੰਨੀ ਪੱਖ ਤੋਂ ਕਾਰਗਰ ਨਹੀਂ ਪਰੰਤੂ ਅਦਾਲਤਾਂ ਦੇ ਲਈ ਇਕ ਚਾਨਣ ਮੁਨਾਰੇ ਦਾ ਕੰਮ ਕੀਤਾ ਹੈ।'' ਇਸ ਲਈ ਇਨ੍ਹਾਂ ਲਈ ਇਨ੍ਹਾਂ ਸਿਧਾਂਤਾਂ ਦੀ ਆਪਣੀ ਉਪਯੋਗਤਾ ਹੈ। ਇਹ ਉਹ ਸਾਰਥਿਕ ਹਦਾਇਤਾਂ ਹਨ ਜੋ ਰਾਜ ਨੂੰ ਭਾਰਤ ਵਿੱਚ ਕਲਿਆਣਕਾਰੀ ਰਾਜ ਸਥਾਪਤ ਕਰਨ ਲਈ ਜ਼ਰੂਰ ਅਪਨਾਉਣੀਆਂ ਚਾਹੀਦੀਆਂ ਹਨ। ਗਲੈਡਿਹਲ ਦੇ ਕਥਨ ਅਨੁਸਾਰ, ''ਮੌਲਿਕ ਅਧਿਕਾਰ ਉਹ ਆਦੇਸ਼ ਹਨ ਜੋ ਸਰਕਾਰ ਨੂੰ ਕੁਝ ਕਰਨ ਲਈ ਪ੍ਰੇਰਦੀਆਂ ਹਨ। ਇੰਜ ਆਪਣੀਆਂ-ਆਪਣੀਆਂ ਥਾਵਾਂ ਤੇ ਦੋਨੋਂ ਹੀ ਮਹੱਤਵਪੂਰਨ ਹਨ। ਦੋਨੋਂ ਇਕ ਦੂਜੇ ਦੇ ਪੂਰਕ ਹਨ। ਰਾਜਨੀਤਿਕ ਲੋਕਰਾਜ ਲੋਕਾਂ ਲਈ ਉਨ੍ਹਾਂ ਹੀ ਉਦੇਸ਼ਪੂਰਨ ਤੇ ਆਵਸ਼ਕ ਹੈ ਜਿੰਨਾ ਆਰਥਿਕ ਲੋਕਰਾਜ। ਇਹ ਸਿਧਾਂਤ ਮੌਲਿਕ ਅਧਿਕਾਰਾਂ ਨੂੰ ਸ਼ਸ਼ੋਭਿਤ ਕਰਦੇ ਹਨ ਅਤੇ ਭਾਰਤ ਵਿੱਚ ਨਿਆਂ ਪੂਰਨ ਸਮਾਜ ਦੀ ਸਥਾਪਨਾ ਕਰਦੇ ਹਨ।''

ਡੀ.ਡੀ. ਬਾਸੂ ਨੇ ''ਇਕਸੁਰਤਾ ਪੂਰਣ ਉਸਾਰੀ'' ਦੇ ਸਿਧਾਂਤ (Principle of Harmonious Construction) ਨੂੰ ਅਪਨਾਉਣ ਵੱਲ ਸੰਕੇਤ ਕੀਤਾ ਹੈ ਜੋ ਜਿੱਥੇ ਤੱਕ ਸੰਭਵ ਹੋਵੇ, ਦੋਨਾਂ ਨੂੰ ਵਿਵਹਾਰਕ ਰੂਪ ਦਿੱਤਾ ਜਾ ਸਕੇ। ਅਦਾਲਤਾ ਕਿਸੇ ਨੂੰ ਵੀ ਅੱਖੋਂ ਉਹਲੇ ਨਹੀਂ ਕਰ ਸਕਦੀਆਂ ਦੋਨੋਂ ਹੀ ਜ਼ਰੂਰੀ ਤੇ ਪ੍ਰਭਾਵਸ਼ਾਲੀ ਹਨ। ਨਿਰਦੇਸ਼ਕ ਸਿਧਾਂਤ ਜੋ ਨਿਆਂਯੋਗ ਨਹੀਂ, ਮੌਲਿਕ ਅਧਿਕਾਰ ਜਿਨ੍ਹਾਂ ਨੂੰ ਅਨੁਛੇਦ 32 ਦੇ ਅਧੀਨ ਉਚਿਤ ਰਿੱਟਾਂ ਦੁਆਰਾ ਲਾਗੂ ਕਰਵਾਇਆ ਜਾ ਸਕਦਾ ਹੈ ਨੂੰ ਕੁਚਲ ਨਹੀਂ ਸਕਦੇ। ਜਨਤਕ ਹਿੱਤਾਂ ਲਈ ਮੌਲਿਕ ਅਧਿਕਾਰਾਂ ਨੂੰ ਸੀਮਤ ਕਰਨ ਸਬੰਧੀ ਵਿਧਾਨਕਾਰੀ ਤਰਕਸ਼ੀਲਤਾ ਨੂੰ ਪਰਖਣ ਲਈ ਅਦਾਲਤਾਂ ਆਮ ਕਰਕੇ ਨਿਰਦੇਸ਼ਕ ਸਿਧਾਂਤਾਂ ਨੂੰ ਧਿਆਨ ਵਿਚ ਰੱਖਦੀਆਂ ਹਨ।

ਫਿਰ ਵੀ ਇਹ ਗੱਲ ਧਿਆਨ ਯੋਗ ਹੈ ਕਿ ਦੋਹਾਂ ਵਿੱਚ ਵਿਰੋਧ ਸਮੇਂ ਮੌਲਿਕ ਅਧਿਕਾਰਾਂ ਨੂੰ ਨਿਰਦੇਸ਼ਕ ਸਿਧਾਂਤ ਦੇ ਵਿਪਰੀਤ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਸਰਵ-ਉੱਚ ਅਦਾਲਤ ਨਿਰਦੇਸ਼ਕ ਸਿਧਾਂਤਾਂ ਦੇ ਵਿਪਰੀਤ ਮੌਲਿਕ ਅਧਿਕਾਰਾਂ ਨੂੰ ਲਾਗੂ ਕਰੇਗੀ। ਇਹ ਕਹਿਣਾ ਉਚਿਤ ਨਹੀਂ ਹੋਵੇਗਾ ਕਿ ਸਰਵ-ਉੱਚ ਅਦਾਲਤਾਂ ਨੇ ਨਿਰਦੇਸ਼ਕ ਸਿਧਾਂਤਾਂ ਨੂੰ ਬਿਲਕੁਲ ਹੀ ਅੱਖੋਂ ਉਹਲੇ ਕਰ ਦਿੱਤਾ ਹੈ। ਜਿਥੋਂ ਤੱਕ ਸੰਭਵ ਹੈ ਇਸ ਨੂੰ ਪਰਖਣ ਲਈ ਇਸ ਨੇ ਨਿਰਦੇਸ਼ਕ ਸਿਧਾਂਤਾਂ ਦੀ ਸਹਾਇਤਾ ਲਈ ਹੈ।

1.6.3 ਮੌਲਿਕ ਅਧਿਕਾਰਾਂ ਦਾ ਵਰਗੀਕਰਣ (Classification of Fundamental Rights)

ਅਮਰੀਕਾ ਤੇ ਫਰਾਂਸ ਦੇ ਘੋਸ਼ਣਾ-ਪੱਤਰ ਦੀ ਤਰ੍ਹਾਂ ਭਾਰਤੀ ਸੰਵਿਧਾਨ ਵਿੱਚ ਕੇਵਲ ਵਿਅਕਤੀਗਤ ਸੁਤੰਤਰਤਾ ਦੇ ਲਈ ਪ੍ਰਮਾਣਿਕ ਗਰੰਟੀਆਂ ਦਾ ਵਰਣਨ ਨਹੀਂ, ਸਗੋਂ ਰਾਜ ਦੇ ਰਾਜਨੀਤਿਕ ਬੁਨਿਆਦੀ ਨਿਯਮਾਂ ਸਬੰਧੀ ਇਕ ਵਿਆਪਕ ਕਥਨ ਵੀ ਸ਼ਾਮਿਲ ਹਨ। ਇਸ ਸਮੱਸਿਆ ਦੀ ਮਹੱਤਤਾ ਨੂੰ ਅਨੁਭਵ ਕਰਦਿਆਂ ਭਾਰਤੀ ਸੰਵਿਧਾਨ ਨੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਪੁਸ਼ਟੀ ਅਤੇ ਗਰੰਟੀ ਵੀ ਕੀਤੀ ਹੈ। ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਰਾਜ ਦੇ ਵਿਅਕਤੀ ਦੇ ਪੱਖ ਵਿਚ ਆਤਮ ਕਾਰਜ ਹੈ। ਸੰਵਿਧਾਨ ਵਿੱਚ ਹੇਠ ਲਿਖੇ 6 ਅਧਿਕਾਰ ਅੰਕਿਤ ਹਨ। ਸੰਪਤੀ ਦਾ ਅਧਿਕਾਰ 44ਵੀਂ ਸੋਧ ਦੁਆਰਾ ਇਸ ਸੂਚੀ ਵਿਚੋਂ ਕੱਢ ਦਿੱਤਾ ਗਿਆ ਹੈ।

(i) ਸਮਾਨਤਾ ਦਾ ਅਧਿਕਾਰ (Right of Equality) (ਅਨੁਛੇਦ 14, 15, 16, 17 ਅਤੇ 18)

ਸੰਵਿਧਾਨ ਇਸ ਗੱਲ ਦੀ ਵਿਵਸਥਾ ਕਰਦਾ ਹੈ ਕਿ ਭਾਰਤ ਵਿੱਚ ਰਾਜ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਸਾਹਮਣੇ ਸਮਾਨਤਾ ਅਤੇ ਕਾਨੂੰਨ ਦੀ ਸੁਰੱਖਿਆ ਤੋਂ ਵਾਂਝਾ ਨਹੀਂ ਕਰੇਗਾ। ਇਸ ਸਮਾਨਤਾ ਤੋਂ ਇਹ ਸਪੱਸ਼ਟ ਹੈ ਕਿ ਜਨਮ, ਲਿੰਗ, ਨਸਲ ਜਾਂ ਧਰਮ ਦੇ ਆਧਾਰ ਤੇ ਕਿਸੇ ਵਿਅਕਤੀ ਨੂੰ ਅਧਿਕਾਰ ਨਹੀਂ ਦਿੱਤੇ ਜਾਣਗੇ । ਪਰੰਤੂ ਸਰਵ-ਉੱਚ ਅਦਾਲਤ ਵਿਧਾਨ ਕਾਰਜ ਦੀ ਸੰਵਿਧਾਨਿਕਤਾ ਦਾ ਪੁਨਰ-ਨਿਰੀਖਣ ਕਰ ਸਕਦੀ ਹੈ।''ਕਾਨੂੰਨ ਦੇ ਸਾਹਮਣੇ ਸਮਾਨਤਾ'' ਬਰਤਾਨੀਆਂ ਦੇ ਆਮ ਕਾਨੂੰਨ ਦਾ ਪ੍ਰਗਟਾਵਾ ਹੈ ਜਦੋਂ ਕਿ ਕਾਨੂੰਨ ਵੀ

ਸਮਾਜ ਸੁਰੱਖਿਆ ਅਮਰੀਕਾ ਦੇ ਸੰਵਿਧਾਨ ਦੀ ਦੇਣ ਹੈ। ਇਨ੍ਹਾਂ ਦੋਨੋਂ ਵਰਣਨਾ ਦਾ ਉਦੇਸ਼ 'ਰੁਤਬੇ ਅਤੇ ਅਵਸਰ ਦੀ ਸਮਾਨਤਾ' ਸਥਾਪਤ ਕਰਨਾ ਹੈ।'ਕਾਨੂੰਨ ਦੇ ਸਾਹਮਣੇ ਸਮਾਨਤਾ' ਇਕ ਇਹੋ ਜਿਹੀ ਧਾਰਨਾ ਹੈ ਜੋ ਕਿਸੇ ਵਿਅਕਤੀ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਸੌਂਪਦੀ ਅਤੇ ਸਾਰੀਆਂ ਸ਼੍ਰੇਣੀਆਂ ਹੀ ਸਾਧਾਰਣ ਕਾਨੂੰਨ ਦੇ ਅਧੀਨ ਆਉਂਦੀਆਂ ਹਨ। ਕਾਨੂੰਨ ਦੀ ਸਮਾਨ ਸੁਰੱਖਿਆ ਵਧੇਰੇ ਸਾਰਥਕ ਹੈ ਜੋ ਸਮਾਨ ਪ੍ਰਸਥਿਤੀਆਂ ਅਧੀਨ ਸਮਾਨ ਵਿਵਹਾਰ ਦਾ ਭਰੋਸਾ ਦਿਵਾਉਂਦੀ ਹੈ। ਪਟਨਾ ਹਾਈ ਕੋਰਟ ਨੇ 'ਸਮਾਨ ਸੁਰੱਖਿਆ' ਦੀ ਧਾਰਾ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ। ''ਕਾਨੂੰਨ ਦੇ ਸਾਹਮਣੇ ਸਮਾਨਤਾ'' ਬਰਤਾਨੀਆ ਦੇ ਆਮ ਕਾਨੂੰਨ ਦਾ ਪ੍ਰਗਟਾਵਾ ਹੈ ਜਦੋਂ ਕਿ 'ਕਾਨੂੰਨ ਦੀ ਸਮਾਨ ਸੁਰੱਖਿਆ ਅਮਰੀਕਾ ਦੇ ਸੰਵਿਧਾਨ ਦੀ ਦੇਣ ਹੈ। ਇਨ੍ਹਾਂ ਦੋਨੋਂ ਵਰਣਨਾਂ ਦਾ ਉਦੇਸ਼' 'ਰੁਤਬੇ ਅਤੇ ਅਵਸਰ ਦੀ ਸਮਾਨਤਾ' ਸਥਾਪਿਤ ਕਰਨਾ ਹੈ। 'ਕਾਨੂੰਨ ਦੇ ਸਾਹਮਣੇ ਸਮਾਨਤਾ' ਇਕ ਇਹੋ ਜਿਹੀ ਧਾਰਨਾ ਹੈ ਜੋ ਕਿਸੇ ਵਿਅਕਤੀ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਸੌਂਪਦੀ ਅਤੇ ਸਾਰੀਆਂ ਸ਼੍ਰੇਣੀਆਂ ਹੀ ਸਾਧਾਰਨ ਕਾਨੂੰਨ ਦੇ ਸਮਾਨ ਵਿਵਹਾਰ ਦਾ ਭਰੋਸਾ ਦਿਵਾਉਂਦੀ ਹੈ। ਪਟਨਾ ਹਾਈ ਕੋਰਟ ਨੇ 'ਸਮਾਨ ਸੁਰੱਖਿਆ' ਦੀ ਧਾਰਾ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ। ਕਾਨੂੰਨਾਂ ਦੀ ਸਮਾਨ ਸੁਰੱਖਿਆ ਦੀ ਗਰੰਟੀ ਦਾ ਅਰਥ ਹੈ ਸਮਾਨ ਕਾਨੂੰਨਾਂ ਦੀ ਸੁਰੱਖਿਆ। ਇਹ ਸ਼੍ਰੇਣੀ ਕਾਨੂੰਨਸਾਜੀ ਨੂੰ ਵਰਜਿਤ ਕਰਦੀ ਹੈ ਪਰੰਤੂ ਵਰਗੀਕਰਣ ਜੋ ਵਿਭਿੰਨਤਾ ਦੇ ਤਰਕਪੂਰਨ ਕਾਰਨਾਂ ਉਪਰ ਆਧਾਰਿਤ ਹੈ ਨੂੰ ਵਰਜਿਤ ਨਹੀਂ ਕਰਦੀ। ਇਹ ਇਸ ਗੱਲ ਦੀ ਆਵਸ਼ਕਤਾ ਤੇ ਜ਼ੋਰ ਦਿੰਦਾ ਹੈ ਕਿ ਸਾਰੇ ਵਿਅਕਤੀਆਂ ਜੋ ਅਜਿਹੀ ਕਾਨੂੰਨਸਾਜ਼ੀ ਦੇ ਅਧੀਨ ਹਨ ਨਾਲ ਉਨ੍ਹਾਂ ਨੂੰ ਸੌਂਪੇ ਗਏ ਵਿਸ਼ੇਸ਼ ਅਧਿਕਾਰ ਅਤੇ ਲਾਈਆਂ ਗਈਆਂ ਜ਼ਿੰਮੇਵਾਰੀਆਂ ਸਬੰਧੀ ਇਕੋ ਜਿਹੀਆਂ ਪ੍ਰਸਥਿਤੀਆਂ ਤੇ ਹਾਲਤਾਂ ਵਿਚ ਸਮਾਨ ਵਿਹਾਰ ਕੀਤਾ ਜਾਵੇਗਾ। ਇਸ ਸੰਬੰਧ ਵਿੱਚ ਗਣਿਤਕ ਸੂਖਮਤਾ ਅਤੇ ਪੂਰਨ ਸਮਾਨਤਾ ਦੀ ਆਵੱਸ਼ਕਤਾ ਨਹੀਂ। ਜਿਹੜੇ ਲੋਕ ਵਰਗੀਕਰਣ ਦੀ ਆਲੋਚਨਾ ਕਰਦੇ ਹਨ ਉਹ ਇਹ ਦਸਣ ਦੀ ਜ਼ਿੰਮੇਵਾਰੀ ਵੀ ਲੈਣ ਕਿ ਇਹ ਤਰਕਪੂਰਨ ਆਧਾਰ ਉਪਰ ਨਿਰਭਰ ਨਹੀਂ ਹੈ। ਇਸੇ ਤਰ੍ਹਾਂ ਹੈਦਰਾਬਾਦ ਹਾਈ ਕੋਰਟ ਨੇ ਇਨ੍ਹਾਂ ਧਾਰਾਵਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :-

''ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕਾਨੂੰਨ ਦੀ ਸਮਾਨ ਸੁਰੱਖਿਆ ਦੀ ਗਰੰਟੀ ਦਾ ਅਰਥ ਹੈ ਕਾਨੂੰਨਾਂ ਅਧੀਨ ਕੀਤੇ ਗਏ ਵਿਹਾਰ ਵਿੱਚ ਵਾਸਤਵਿਕ ਸਮਾਨਤਾ ਹੋਵੇ। ਅਸਮਾਨ ਪ੍ਰਸਥਿਤੀਆਂ ਵਿੱਚ ਇਕੋ ਜਿਹਾ ਵਿਹਾਰ ਅਸਮਾਨਤਾ ਦੇ ਬਰਾਬਰ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਵੱਖ-ਵੱਖ ਪ੍ਰਸਥਿਤੀਆਂ ਦੇ ਕਾਰਣ ਕਾਨੂੰਨੀ ਕਾਰਵਾਈ ਵਿੱਚ ਅੰਤਰ ਕਿਸੇ ਵੀ ਤਰ੍ਹਾਂ ਅਸਮਾਨਤਾ ਲਈ ਸਾਧਾਰਨ ਪ੍ਰਕ੍ਰਿਆ ਵਿੱਚ ਅਜਿਹੇ ਵਿਵਹਾਰ ਦੀ ਆਗਿਆ ਨਹੀ ਹੋ ਸਕਦੀ ਜੋ ਆਵਸ਼ਕ ਰਾਖਵੀਆਂ ਦੀ ਕਟੌਤੀ ਕਰੇ। ਸਾਧਾਰਨ ਸਮੇਂ ਤੇ ਸਾਧਾਰਨ ਕੇ ਸਾਂ ਵਿੱਚ ਵਿਸਥਾਰ ਪੂਰਵਕ ਪ੍ਰਕ੍ਰਿਆ ਸਾਧਾਰਨ ਸਮੇਂ ਦਾ ਅਸਾਧਾਰਣ ਅਤੇ ਵਿਸ਼ੇਸ਼ ਕੇਸਾਂ ਵਿੱਚ ਹਾਨੀਕਾਰਕ ਹੋ ਸਕਦੀ ਹੈ।

ਚਰਨਜੀਤ ਲਾਲ ਚੌਧਰੀ ਬਨਾਮ ਭਾਰਤੀ ਸੰਘ ਵਿੱਚ ਸਰਵ-ਉੱਚ ਅਦਾਲਤ ਨੇ ਇਹ ਵਿਚਾਰ ਦੱਸੇ ਕਿ ਸਮਾਜ ਸੁਰੱਖਿਆ ਦਾ ਅਰਥ ਹੈ ਸਮਾਨ ਪ੍ਰਸਥਿਤੀਆਂ ਵਿੱਚ ਸਮਾਜ ਸੁਰੱਖਿਆਂ। ਅਨੁਛੇਦ 15, ਧਰਮ, ਨਸਲ ਜਾਤ, ਲਿੰਗ, ਜਨਮ-ਸਥਾਨ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਹੈ। ਦੁਕਾਨਾਂ ਹੋਟਲਾਂ, ਜਨਤਕ ਰੈਸਟੋਰੈਂਟਾਂ, ਮਨ-ਪ੍ਰਚਾਵੇ ਦੀਆਂ ਥਾਵਾਂ ਤੇ ਜਾਣ ਜਾਂ ਖੂਹ, ਤਲਾਬ, ਇਸ਼ਨਾਨ ਘਾਟ, ਸੜਕਾਂ ਆਦਿ ਜੋ ਸਰਕਾਰ ਦੁਆਰਾ ਜਾਂ ਸਰਕਾਰ ਦੀ ਸਹਾਇਤਾ ਦੁਆਰਾ ਸਥਾਪਤ ਕੀਤੇ ਗਏ ਜਾਂ ਆਮ ਜਨਤਾ ਦੀ ਵਰਤੋਂ ਲਈ ਸਰਪਰਸਤ ਕੀਤੇ ਗਏ ਹਨ, ਦੀ ਵਰਤੋਂ ਦੇ ਸੰਬੰਧ ਵਿੱਚ ਕਿਸੇ ਵਿਅਕਤੀ ਨਾਲ ਇਨ੍ਹਾਂ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਅਨੁਛੇਦ 16 ਜਨਤਕ ਰੋਜ਼ਗਾਰ ਸਬੰਧੀ ਸਮਾਨ ਅਵਸਰ ਦੀ ਵਿਵਸਥਾ ਕਰਦਾ ਹੈ। ਅਨੁਛੇਦ 17 ਨੇ ਛੂਤ-ਛਾਤ ਨੂੰ ਸਮਾਪਤ ਕਰ ਦਿੱਤਾ ਹੈ। ਅਨੁਛੇਦ 18 ਇਹੋ ਵਿਵਸਥਾ ਕਰਦਾ ਹੈ ਕਿ ਸੈਨਿਕ ਜਾਂ ਵਿਦਿਅਕ ਖਿਤਾਬਾਂ ਤੋਂ ਇਲਾਵਾ ਰਾਜ ਦੁਆਰਾ ਕੋਈ ਖਿਤਾਬ ਨਹੀਂ ਦਿੱਤਾ ਜਾਵੇਗਾ।

(ii) ਸੁਤੰਤਰਤਾ ਦਾ ਅਧਿਕਾਰ (Right to Freedom) (ਅਨੁਛੇਦ 19, 20, 21 ਅਤੇ 22)

ਅਨੁਛੇਦ 19 ਦੁਆਰਾ ਸਾਰੇ ਨਾਗਰਿਕਾਂ ਨੂੰ ਭਾਸ਼ਣ ਦੇਣ ਤੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ ਪ੍ਰਦਾਨ

ਕੀਤੀ ਗਈ ਹੈ। ਭਾਸ਼ਣ ਦੇਣ ਤੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ, ਬਿਨਾਂ ਹਥਿਆਰਾਂ ਤੇ ਸ਼ਾਂਤੀ-ਪੂਰਵਕ ਢੰਗ ਨਾਲ ਇਕੱਤਰ ਹੋਣ ਦੀ ਸੁਤੰਤਰਤਾ, ਸਮੁਦਾਇ ਜਾਂ ਸੰਘ ਬਣਾਉਣ ਦੀ ਸੁਤੰਤਰਤਾ, ਸਮੁੱਚੇ ਭਾਰਤੀ ਇਲਾਕੇ ਵਿੱਚ ਫਿਰਨ ਤੁਰਨ ਦੀ ਸੁਤੰਤਰਤਾ, ਦੇਸ਼ ਦੇ ਕਿਸੇ ਵੀ ਭਾਗ ਵਿੱਚ ਰਹਿਣ ਅਤੇ ਨਿਵਾਸ ਸਥਾਨ ਬਣਾਉਣ ਦੀ ਸੁਤੰਤਰਤਾ, ਕੋਈ ਰੋਜ਼ਗਾਰ, ਧੰਦਾ ਜਾਂ ਕਾਰੋਬਾਰ ਕਰਨ ਦੀ ਸੁਤੰਤਰਤਾ ਇਸੇ ਅਨੁਛੇਦ ਵਿੱਚ ਅੰਕਿਤ ਹਨ। ਮੌਲਿਕ ਅਧਿਕਾਰਾਂ ਵਿਚੋਂ ਵਧੇਰੇ ਮਹੱਤਵਪੂਰਨ ਅਧਿਕਾਰ ਅਨੁਛੇਦ 19-22 ਤਕ ਏ.ਕੇ. ਗੋਪਾਲਨ ਬਨਾਮ ਮਦਰਾਸ ਰਾਜ ਵਿੱਚ ਵਰਣਨ ਕੀਤੇ ਗਏ ਹਨ। ਇਹ ਚਾਰ ਅਨੁਛੇਦ ਨਿਜੀ ਸੁਤੰਤਰਤਾ ਦਾ ਰਾਜ ਪੱਤਰ ਹਨ। ਮੁਕੱਦਮੇ ਵਿੱਚ ਮਨੋਭਾਵ ਤੋਂ ਬਿਨਾਂ ਹੀ ਵਾਚਣਾ ਚਾਹੀਦਾ ਹੈ'' ਅਨੁਛੇਦ 19 ਦੇ ਅਧੀਨ ਰਾਜ ਨੂੰ ਇਹ ਆਗਿਆ ਹੈ ਕਿ ਉਹ ਇਨ੍ਹਾਂ ਸੁਤੰਤਰਤਾ ਉਪਰ ਰੋਕਾਂ ਲਗਾ ਸਕਦੀ ਹੈ।

ਅਨੁਛੇਦ 19 ਅਧੀਨ ਦੇਸ਼ ਦੀ ਅਖੰਡਤਾ ਤੇ ਪ੍ਰਭੂਸਤਾ ਦੇ ਲਈ ਇਨ੍ਹਾਂ ਸੁਤੰਤਰਤਾਵਾਂ ਉਪਰ ਤਰਕਪੂਰਨ ਰੋਕਾਂ ਵੀ ਲਾਈਆਂ ਜਾ ਸਕਦੀਆਂ ਹਨ। ਅਜਿਹੀਆਂ ਰੋਕਾਂ, ਜੋ ਸਰਕਾਰ ਰਾਜ ਦੀ ਸੁਰੱਖਿਆ ਵਿਦੇਸ਼ਾਂ ਨਾਲ ਮਿੱਤਰਤਾ ਵਾਲੇ ਸੰਬੰਧ, ਜਨਤਕ ਵਿਵਸਥਾ ਸਦਾਚਾਰ ਅਤੇ ਨੈਤਿਕਤਾ, ਅਦਾਲਤ ਦਾ ਅਪਮਾਨ, ਨਿਰਾਦਰੀ ਜਾਂ ਅਪਰਾਧ ਲਈ ਉਕਸਾਹਟ ਸਬੰਧੀ ਉਚਿਤ ਸਮਝੇ ਲਗਾ ਸਕਦੀ ਹੈ।

ਇਸ ਤਰ੍ਹਾਂ ਮੌਲਿਕ ਅਧਿਕਾਰਾਂ ਉੱਪਰ ਉਚਿਤ ਕੁਝ ਰੋਕਾਂ ਵੀ ਲਾਈਆਂ ਜਾ ਸਕਦੀਆਂ ਹਨ।''ਉਚਿਤ ਰੋਕਾਂ'' ਦੇ ਵਰਨਣ ਤੋਂ ਸਪਸ਼ਟ ਹੈ ਕਿ ਵਿਅਕਤੀ ਦੇ ਅਧਿਕਾਰ ਮਾਨਣ ਉੱਪਰ ਰੋਕਾਂ ਆਪ-ਹੁਦਰੀਆਂ ਜਾਂ ਅਸੀਮ (ਜਨਤਕ ਕਾਨੂੰਨਸਾਜੀ ਤੋਂ ਬਾਹਰ) ਨਹੀਂ ਹੋਣੀਆਂ ਚਾਹੀਦੀਆਂ। ਵਿਅਕਤੀ ਦੇ ਅਧਿਕਾਰਾਂ ਉਪਰ ਲਗਾਈਆਂ ਆਪ-ਹੁੰਦਰੀਆਂ ਜਾਂ ਅਸੀਮ ਰੋਕਾਂ ਨੂੰ ਤਰਕਪੂਰਨ ਨਹੀਂ ਕਿਹਾ ਜਾ ਸਕਦਾ ਜਿੰਨੀ ਦੇਰ ਇਹ ਅਨੁਛੇਦ 19 ਅਧੀਨ ਪ੍ਰਦਾਨ ਕੀਤੀਆਂ ਗਈਆਂ ਸੁਤੰਤਰਤਾ ਅਤੇ ਪ੍ਰਵਾਣਿਤ ਕੰਟਰੋਲ ਵਿਚਕਾਰ ਸੰਤੁਲਨ ਪੈਦਾ ਨਹੀਂ ਕਰਦੀਆਂ। ਅਜਿਹੀਆਂ ਰੋਕਾਂ ਜ਼ਰੂਰ ਹੀ ਆਂਤਰਿਕ ਪੂਰਨ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਤੁਰਨ ਫਿਰਨ ਤੇ ਰਹਿਣ ਦੀ ਸੁਤੰਤਰਤਾ ਤੋਂ ਇਲਾਵਾ ਇਕੱਤਰਤਾ ਤੇ ਸਮਦਾਇ ਵੀ ਦਿੱਤੀ ਗਈ ਹੈ। ਰਾਜ ਦੀਆਂ ਕੋਈ ਹੱਦਾਂ ਲਈ ਅਤੇ ਵਿਅਕਤੀ ਨੌਕਰੀ ਦੀ ਭਾਲ ਲਈ ਆਪਣੇ ਮੰਤਰੀ ਰਾਜ ਤੋਂ ਦੂਜੇ ਰਾਜਾਂ ਵਿੱਚ ਵੀ ਜਾ ਸਕਦਾ ਹੈ। ਰੁਜ਼ਗਾਰ, ਧੰਦਾ ਜਾਂ ਕਾਰੋਬਾਰ ਕਰਨ ਦੀ ਸੁਤੰਤਰਤਾ ਦਿੱਤੀ ਗਈ ਹੈ।

ਅਨੁਛੇਦ 21 ਇਹ ਘੋਸ਼ਣਾ ਕਰਦਾ ਹੈ ਕਿ ਕਿਸੇ ਵਿਅਕਤੀ ਨੂੰ 'ਕਾਨੂੰਨ ਦੁਆਰਾ ਸਥਾਪਿਤ ਵਿਧੀ ਤੋਂ ਇਲਾਵਾ ਜੀਵਨ ਜਾਂ ਵਿਅਕਤੀਗਤ ਸੁਤੰਤਰਤਾ ਤੋਂ ਵੰਚਿਤ ਨਹੀਂ ਕੀਤਾ ਜਾ ਸਕਦਾ। ਅਨੁਛੇਦ 22 ਮਨ-ਮਾਨੀ ਨਾਲ ਗ੍ਰਿਫਤਾਰ ਕਰਨ ਜਾਂ ਪਕੜਨ ਵਿਰੁੱਧ ਗਰੰਟੀ ਦਿੰਦਾ ਹੈ। ਕਿਸੇ ਪਕੜੇ ਹੋਏ ਵਿਅਕਤੀ ਨੂੰ ਉਸ ਦੀ ਗ੍ਰਿਫਤਾਰੀ ਦੇ ਕਾਰਨ ਦੱਸੇ ਜਾਣਗੇ ਤੇ ਉਸ ਨੂੰ ਆਪਣੀ ਰੱਖਿਆ ਲਈ ਵਕੀਲ ਕਰਨ ਦਾ ਅਧਿਕਾਰ ਵੀ ਹੋਵੇਗਾ। ਅਪਰਾਧੀ ਨੂੰ ਕੈਦ ਕਰਨ ਤੋਂ 24 ਘੰਟਿਆਂ ਦੇ ਅੰਦਰ-ਅੰਦਰ ਕਿਸੇ ਨਜ਼ਦੀਕੀ ਮੈਜਿਸਟ੍ਰੇਟ ਕੋਲ ਪੇਸ਼ ਕੀਤਾ ਜਾਵੇਗਾ। ਅਦਾਲਤ ਦੀ ਆਗਿਆ ਤੋਂ ਬਿਨਾਂ ਕਿਸੇ ਦੋਸ਼ੀ ਨੂੰ 24 ਘੰਟਿਆਂ ਤੋਂ ਵੱਧ ਕੈਦ ਵਿੱਚ ਨਹੀਂ ਰੱਖਿਆ ਜਾਵੇਗਾ। ਇਹ ਅਨੁਛੇਦ 'ਨਿਵਾਰਕ ਨਜ਼ਰਬੰਦੀ ਦੀ ਵਿਵਸਥਾ ਵੀ ਕਰਦਾ ਹੈ। ਇਹ ਨਿਵਾਰਕ ਨਜ਼ਰਬੰਦੀ ਕਾਨੂੰਨ' ਕੇਂਦਰ ਜਾਂ ਰਾਜ ਸਰਕਾਰਾਂ ਸਮੇਂ ਸਮੇਂ ਸਿਰ ਬਣਾ ਸਕਦੀਆਂ ਹਨ। ਅਧਿਕਾਰਾਂ ਉਪਰ ਰੋਕਾਂ ਨੂੰ ਉਚਿਤ ਠਹਿਰਾਉਣ ਸਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਅਧਿਕਾਰ ਬੰਦਿਸ਼ਾਂ ਨਾਲ ਹੀ ਹੋਂਦ ਵਿੱਚ ਰਹਿਣੇ ਚਾਹੀਦੇ ਹਨ। ਏ.ਕੇ. ਗੋਪਾਲਨ ਬਨਾਮ ਮਦਰਾਸ ਰਾਜ ਦੇ ਮਹੱਤਵਪੂਰਨ ਮੁਕੱਦਮੇ ਵਿੱਚ ਸਰਵ-ਉੱਚ ਅਦਾਲਤ ਤੇ ਨਿਵਾਰਕ ਬੰਦੀਕਰਨ ਵਾਲੇ ਉਪਾਅ ਨੂੰ ਉਚਿਤ ਠਹਿਰਾਇਆ।

ਸੰਵਿਧਾਨ ਦੀ 86ਵੀਂ ਸੋਧ (2003) ਦੁਆਰਾ 21 ਏ.,ਵਿੱਚ ਸਿੱਖਿਆ ਦੇ ਅਧਿਕਾਰ ਨੂੰ ਇੱਕ ਮੌਲਿਕ ਅਧਿਕਾਰ ਵਜੋਂ ਸ਼ਾਮਿਲ ਕੀਤਾ ਗਿਆ ਹੈ।6 ਸਾਲ ਤੋਂ 14 ਸਾਲ ਤਕ ਦੀ ਉਮਰ ਦੇ ਬੱਚਿਆਂ ਲਈ ਮੁਫ਼ਤ ਅਤੇ ਜਰੂਰੀ ਸਿੱਖਿਆ ਦਾ ਉਪਬੰਧ ਇਸ ਨਾਲ ਕੀਤਾ ਗਿਆ ਹੈ। ਇਸ ਨੂੰ ਲਾਗੂ ਕਰਨ ਵਾਸਤੇ ਭਾਰਤੀ ਸੰਸਦ ਨੇ Right to Education Act, 2009 ਵੀ ਪਾਸ ਕਰ ਦਿੱਤਾ ਹੈ।

19 ਮਹੀਨਿਆਂ ਦੇ ਸੰਕਟਕਾਲੀ ਸ਼ਾਸਨ ਦਾ ਦੁਖਦਾਈ ਤਜਰਬਾ 25 ਜੂਨ, 1975 ਨੂੰ ਸ਼ੁਰੂ ਹੋਇਆ। 27 ਜੂਨ, 1975 ਨੂੰ ਰਾਸ਼ਟਰਪਤੀ ਦੇ ਆਦੇਸ਼ ਨਾਲ ਮੌਲਿਕ ਅਧਿਕਾਰ ਮੁਲਤਵੀ ਕੀਤੇ ਗਏ ਸਨ। 1976 ਵਿੱਚ ਸਾਡੀ ਸਰਵ-ਉੱਚ ਅਦਾਲਤ ਨੇ ਇਹ ਫੈਸਲਾ ਕੀਤਾ ਕਿ ਸੰਕਟਕਾਲ ਵਿੱਚ ਮੌਲਿਕ ਅਧਿਕਾਰ ਮੁਲਤਵੀ ਰਹਿੰਦੇ ਹਨ ਤੇ ਦੋਸ਼ੀ ਨੂੰ ਪ੍ਰਤੱਖੀਕਰਨ ਲੇਖ ਦਾ ਅਧਿਕਾਰ ਵੀ ਨਹੀਂ ਭਾਵੇਂ ਉਹ ਸਿੱਧ ਵੀ ਨਾ ਕਰ ਸਕਦਾ ਹੋਵੇ ਕਿ ਉਸ ਨੂੰ ਖੋਟੀ ਭਾਵਨਾ ਅਤੇ ਬਿਨਾਂ ਸੱਤਾਂ ਦੇ ਕੈਦ ਕੀਤਾ ਗਿਆ ਹੈ। ਇਸ ਤੋਂ ਕੁਝ ਮਹੀਨੇ ਬਾਅਦ ਸਰਵ-ਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਅਦਾਲਤ ਨਜ਼ਰਬੰਦੀ ਦੀਆਂ ਪ੍ਰਸਥਿਤੀਆਂ ਨੂੰ ਦੂਰ ਨਹੀਂ ਕਰ ਸਕਦੀ ਭਾਵੇਂ ਇਹ ਅਤਰਕਪੂਰਨ ਤੇ ਬਿਨਾਂ ਸੱਤਾ ਹੋਣ। ਇਸ ਨਾਲ ਦੂਸਰੇ ਖਤਰੇ ਦੀ ਸੰਭਾਵਨਾ ਹੋ ਸਕਦੀ ਹੈ। ਜਸਟਿਸ ਐਚ.ਆਰ. ਖੰਨਾ ਨੇ ਕਿਹਾ ਸੀ ਕਿ ਬੰਦੀ ਪ੍ਰਤੱਖੀਕਰਣ ਲੇਖ ਮੁਲਤਵੀ ਨਹੀਂ ਕੀਤਾ ਜਾ ਸਕਦਾ ਭਾਵੇ ਸੰਕਟਕਾਲ ਹੋਵੇ ਜਾਂ ਨਾ ਹੋਵੇ ਨਿਵਾਰਕ ਨਜ਼ਰਬੰਦੀ ਦਾ ਕਾਨੂੰਨ ਨਿੱਜੀ ਸੁਤੰਤਰਤਾ ਦੇ ਪ੍ਰੇਮੀਆਂ ਲਈ ਇਕ ਲਾਹਨਤ ਹੈ। ਰਾਜ ਨੂੰ ਕੋਈ ਅਜਿਹੀ ਸ਼ਕਤੀ ਪ੍ਰਾਪਤ ਨਹੀਂ ਕਿ ਉਹ ਕਿਸੇ ਵਿਅਕਤੀ ਨੂੰ ਬਿਨਾਂ ਕਾਨੂੰਨੀ ਸੱਤਾ ਦੇ ਉਸ ਦੇ ਜੀਵਨ ਜਾਂ ਨਿੱਜੀ ਸੁਤੰਤਰਤਾ ਤੋਂ ਵੰਚਿਤ ਕਰ ਦੇਵੇ।

1977 ਵਿੱਚ ਜਨਤਾ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ ਲੋਕਤੰਤਰੀ ਕਦਰਾਂ ਨੂੰ ਬਣਾਈ ਰੱਖਣ ਦੇ ਵਿਸ਼ਵਾਸ ਦੀ ਪੁਸ਼ਟੀ ਕੀਤੀ। ਸਰਕਾਰ ਅਤੇ ਵਿਰੋਧੀ ਦਲ ਵਿੱਚ ਇਹ ਸਹਿਮਤੀ ਹੋ ਗਈ ਕਿ ਜੀਵਨ ਅਤੇ ਸੁਤੰਤਰਤਾ ਦੇ ਮੋਲਿਕ ਅਧਿਕਾਰ ਅੰਦਰਲੇ ਜਾਂ ਬਾਹਰਲੇ ਕਿਸੇ ਵੀ ਸੰਕਟਕਾਲ ਸਮੇਂ ਮੁਲਤਵੀਂ ਨਹੀਂ ਕੀਤੇ ਜਾਣਗੇ। 38ਵੀਂ ਅਤੇ 42ਵੀਂ ਸੋਧ ਕਾਨੂੰਨਾਂ ਦੁਆਰਾ ਸਰਕਾਰ ਨੇ ਸੰਵਿਧਾਨ ਵਿੱਚ ਕੀਤੇ ਮਰੋੜ-ਤਰੋੜ ਨੂੰ ਖਤਮ ਕਰਨ ਲਈ ਇਹਨਾਂ ਸੋਧਾਂ ਦੇ ਉਹਨਾਂ ਹਿੱਸਿਆਂ ਨੂੰ ਰੱਦ ਕੀਤਾ ਜੋ ਮੌਲਿਕ ਅਧਿਕਾਰਾਂ ਵਿਰੁੱਧ ਸਨ। ਫੌਜਦਾਰੀ ਕਾਨੂੰਨੀ ਜਾਬਤੇ ਵਿੱਚ ਨਿਵਾਰਕ ਨਜ਼ਰਬੰਦੀ ਦੀ ਵਿਵਸਥਾ ਕਰਨ ਦੀ ਸੋਧ ਤਜਵੀਜ਼ ਕੀਤੀ ਗਈ ਤਾਂ ਜੋ ਤੋੜ ਫੋੜ ਉਸਾਰੀ ਤੇ ਹਲਚਲ ਕਰਨ ਵਾਲੀਆਂ ਤਾਕਤਾਂ ਵਿਰੁੱਧ ਤਰਕਪੂਰਨ ਕਾਨੂੰਨੀ ਪ੍ਰਤਿਬੰਧ ਲਗਾਇਆ ਜਾ ਸਕੇ। ਇਸ ਤਜਵੀਜ਼ ਸੋਧ ਨੂੰ ਉਚਿਤ ਠਹਿਰਾਉਂਦਿਆਂ ਗ੍ਰਹਿ ਮੰਤਰੀ ਨੇ ਵਿਸ਼ਵਾਸ ਦੁਆਇਆ ਕਿ ਸ਼ਕਤੀ ਨੂੰ ਮਨਮਰਜ਼ੀ ਨਾਲ ਨਹੀਂ ਵਰਤਿਆ ਜਾਵੇਗਾ।[3] ਪਰ MISA ਖਤਮ ਕਰਕੇ ਉਸ ਦੀ ਥਾਂ NSA ਸ਼ੁਰੂ ਕੀਤਾ। ਇਹਨਾਂ ਕਾਲੇ ਕਾਨੂੰਨਾਂ ਦੇ ਵਿਰੋਧ ਦੇ ਬਾਵਜੂਦ ਇਹ ਕਿਸੇ ਨਾ ਕਿਸੇ ਰੂਪ ਵਿੱਚ ਹਾਲੇ ਵੀ ਮੌਜੂਦ ਹਨ। TADA ਕਾਨੂੰਨ 23 ਮਈ 1995 ਨੂੰ ਸਰਕਾਰ ਨੇ ਖਤਮ ਕਰ ਦਿੱਤਾ। NDA ਸਰਕਾਰ ਦੇ ਦੌਰਾਨ POTA (Prevention of Terrorisam Act) ਪਾਸ ਕੀਤਾ ਗਿਆ ਸੀ ਜਿਹੜਾ 2004 ਵਿੱਚ UPA (T) ਦੀ ਸਰਕਾਰ ਦੇ ਆਉਣ ਤੇ ਖਤਮ ਕਰ ਦਿੱਤਾ ਗਿਆ।

(iii) ਸ਼ੋਸ਼ਣ ਵਿਰੁੱਧ ਅਧਿਕਾਰ (Right against Exploitation) (ਅਨੁਛੇਦ 23 ਅਤੇ 24)

ਅਨੁਛੇਦ 23 ਅਤੇ 24 ਇਸ ਅਧਿਕਾਰ ਦਾ ਵਰਣਨ ਕਰਦੇ ਹਨ। ਅਨੁਛੇਦ 23 ਮਨੁੱਖਾਂ ਦਾ ਵਪਾਰ, ਬਿਨਾਂ ਵੇਤਨ ਦਿੱਤੇ ਜਬਰਦਸਤੀ ਕੰਮ ਕਰਾਉਣ ਦੀ ਮਨਾਹੀ ਕਰਦਾ ਹੈ। ਅਨੁਛੇਦ 24, ਬੱਚਿਆਂ ਨੂੰ ਕਾਰਖਾਨਿਆਂ ਤੇ ਖਾਣਾਂ ਵਿੱਚ ਨੌਕਰੀ ਤੇ ਲਾਉਣ ਦੀ ਮਨਾਹੀ ਕਰਦਾ ਹੈ। ਰਾਜ ਇਨ੍ਹਾਂ ਅਧਿਕਾਰਾਂ ਉੱਪਰ ਪਾਬੰਦੀਆਂ ਵੀ ਲਾ ਸਕਦਾ ਹੈ। ਇਨ੍ਹਾਂ ਅਨੁਛੇਦਾਂ ਦੇ ਅਧੀਨ ਕਈ ਕਾਨੂੰਨ ਪਾਸ ਕੀਤੇ ਗਏ ਜਿਨ੍ਹਾਂ ਪਿਛੇ ਸੰਵਿਧਾਨਕ ਸ਼ਕਤੀ ਹੈ ਜਿਵੇ ਬੱਚਿਆਂ ਦਾ ਰੋਜ਼ਗਾਰ ਕਾਨੂੰਨ 1938, ਜਿਸ ਵਿੱਚ ਸਮੇਂ ਸਮੇਂ ਤੇ ਸੋਧ ਕੀਤੀ ਗਈ। ਫੈਕਟਰੀ ਕਾਨੂੰਨ 1943 ਅਤੇ ਖਾਣਾਂ ਸਬੰਧੀ ਕਾਨੂੰਨ 1952 ਹੁਣ ਸਰਕਾਰ ਨੇ ਬੰਧੇਜ-ਮਜ਼ਦੂਰੀ ਵੀ ਖਤਮ ਕੀਤੀ ਹੈ।

(iv) ਧਰਮ ਦਾ ਅਧਿਕਾਰ (Right to Religious Freedom) (ਅਨੁਛੇਦ 25, 26, 27 ਅਤੇ28)

ਅਨੁਛੇਦ 25 ਦੇ ਅਧੀਨ ਸਾਰਿਆਂ ਨੇ ਆਤਮਿਕ ਸੋਚ ਧਰਮ ਨੂੰ ਮੰਨਣ ਅਪਨਾਉਣ ਅਤੇ ਉਸ ਦੇ ਪ੍ਰਚਾਰ ਦੀ ਸੁਤੰਤਰਤਾ ਪ੍ਰਦਾਨ ਕੀਤੀ ਗਈ। ਅਨੁਛੇਦ 26 ਜਨ-ਸੰਖਿਆ ਦੇ ਹਰੇਕ ਵਰਗ ਨੂੰ ਧਾਰਮਿਕ ਖੈਰਾਤੀ ਮੰਤਵਾਂ ਲਈ ਅਤੇ ਆਪਣੇ ਧਾਰਮਿਕ ਕੰਮਾਂ ਦਾ ਪ੍ਰਬੰਧ ਕਰਨ ਲਈ ਸੰਸਥਾਵਾਂ ਨੂੰ ਸਥਾਪਿਤ ਕਰਨ ਤੇ ਚਲਾਉਣ ਦਾ ਅਧਿਕਾਰ ਵੀ ਦਿੱਤਾ ਹੈ। ਅਨੁਛੇਦ 27 ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਵਿਅਕਤੀ ਨੂੰ ਕੋਈ ਅਜਿਹਾ ਟੈਕਸ ਦੇਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ ਜਿਸ ਦੁਆਰਾ ਇਕੱਠਾ ਕੀਤਾ ਧਨ ਕਿਸੇ

ਵਿਸ਼ੇਸ਼ ਧਰਮ ਜਾਂ ਧਾਰਮਿਕ ਸੰਪਰਦਾਇ ਦੀ ਉੱਨਤੀ ਲਈ ਖਰਚ ਕੀਤਾ ਜਾਣਾ ਹੋਵੇ। ਅਨੁਛੇਦ 28 ਅਧੀਨ ਮਾਨਤਾ ਪ੍ਰਾਪਤ ਅਜਿਹੀਆਂ ਸੰਸਥਾਵਾਂ ਜਿਨ੍ਹਾਂ ਨੂੰ ਸਰਕਾਰ ਨੇ ਪੂਰਵ ਜਾਂ ਅੰਸ਼ਕ ਰੂਪ ਨਾਲ ਸਹਾਇਤਾ ਦਿੱਤੀ ਹੈ ਵਿੱਚ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਇਹ ਵੀ ਇਕ ਸੀਮਤ ਅਧਿਕਾਰ ਹੈ ਕਿਉਂਕਿ ਧਰਮ ਜਨਤਕ ਵਿਵਸਥਾ ਨੈਤਿਕਤਾ ਅਤੇ ਸਿਹਤ ਦੇ ਨਿਯਮਾਂ ਦੇ ਉਲਟ ਨਹੀ ਹੋਣਾ ਚਾਹੀਦਾ।

(v) ਸਭਿਆਚਾਰ ਅਤੇ ਵਿਦਿਅਕ ਅਧਿਕਾਰ (Cultural & Educational Rights) (ਅਨੁਛੇਦ 29 ਅਤੇ 30)

ਅਨੁਛੇਦ 29 ਅਤੇ 30 ਇਨ੍ਹਾਂ ਅਧਿਕਾਰਾਂ ਦੇ ਸਰੂਪ ਅਤੇ ਮੁੱਖ ਧਾਰਾਵਾਂ ਦਾ ਵਰਣਨ ਕਰਦੇ ਹਨ। ਅਨੁਛੇਦ 29 ਇਹ ਵਿਵਸਥਾ ਕਰਦਾ ਹੈ ਕਿ ਸਾਰੇ ਘੱਟ ਗਿਣਤੀ ਲੋਕਾਂ ਨੂੰ ਆਪਣੀ ਭਾਸ਼ਾ ਲਿਪੀ ਜਾਂ ਸਭਿਆਚਾਰ ਰੱਖਣ ਦਾ ਅਧਿਕਾਰ ਹੈ। ਰਾਜ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਕਿਸੇ ਨਾਗਰਿਕ ਨੂੰ ਧਰਮ, ਨਸਲ, ਜਾਤ ਤੇ ਭਾਸ਼ਾ ਦੇ ਆਧਾਰ ਤੇ ਦਾਖਲਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਨੁਛੇਦ 30 ਅਧੀਨ ਧਰਮ ਜਾਂ ਭਾਸ਼ਾ ਉਤੇ ਆਧਾਰਿਤ ਘੱਟ ਗਿਣਤੀਆਂ ਨੂੰ ਆਪਣੀ ਇੱਛਾਂ ਅਨੁਸਾਰ ਵਿਦਿਅਕ ਸੰਸਥਾਵਾਂ ਨੂੰ ਸਥਾਪਿਤ ਕਰਨ ਅਤੇ ਉਨ੍ਹਾਂ ਦਾ ਪ੍ਰਬੰਧ ਕਰਨ ਦਾ ਅਧਿਕਾਰ ਹੈ ਅਤੇ ਵਿਦਿਅਕ ਸੰਸਥਾਵਾਂ ਨੂੰ ਸਹਾਇਤਾ ਦੇਣ ਸਮੇਂ ਰਾਜ ਕਿਸੇ ਵਿਦਿਅਕ ਸੰਸਥਾ ਨਾਲ ਇਸ ਆਧਾਰ ਤੇ ਵਿਤਕਰਾ ਨਹੀਂ ਕਰੇਗਾ। ਆਪਣੀ ਭਾਸ਼ਾ ਨੂੰ ਬਚਾਈ ਰੱਖਣ ਦੇ ਅਧਿਕਾਰ ਵਿੱਚ ਭਾਸ਼ਾ ਦੀ ਰੱਖਿਆ ਲਈ ਅੰਦੋਲਨ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ।

ਜਗਦੇਵ ਸਿੰਘ ਬਨਾਮ ਪ੍ਰਤਾਪ ਸਿੰਘ ਮੁਕੱਦਮੇ ਵਿੱਚ ਸਰਵ-ਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਭਾਸ਼ਾ ਨੂੰ ਬਚਾਈ ਰੱਖਣ ਦੇ ਅਧਿਕਾਰ ਵਿੱਚ ਭਾਸ਼ਾ ਦੀ ਰੱਖਿਆ ਲਈ ਅੰਦੋਲਨ-ਸਵੈ-ਰਾਜਨੀਤਿਕ ਅੰਦੋਲਨ ਕਰਨ ਦਾ ਅਧਿਕਾਰ ਵੀ ਸ਼ਾਮਿਲ ਹੈ। ਇਹ ਇਕ ਅਧਿਕਾਰ ਹੈ ਜਿਸ ਉਪਰ ਅਨੁਛੇਦ 19(1) ਦੇ ਅਧਿਕਾਰ ਵਾਂਗ ਰੋਕਾਂ ਨਹੀਂ ਲਗਾਈਆਂ ਜਾ ਸਕਦੀਆਂ। ਸਰਵ-ਉੱਚ ਅਦਾਲਤ ਨੇ ਘੱਟ ਗਿਣਤੀ ਲੋਕਾਂ ਦੇ ਵਿਦਿਅਕ ਅਧਿਕਾਰਾਂ ਨੂੰ ਉਚਿਤ ਠਹਿਰਾਇਆ ਅਹਿਮਦਾਬਾਦ ਸੈਂਟ ਜੇਵੀਅਰ ਕਾਲਜ ਸਭਾ ਅਤੇ ਦੂਜੀਆਂ ਘੱਟ ਗਿਣਤੀ ਵਿਦਿਅਕ ਸੰਸਥਾਵਾਂ ਦੇ ਗੁਜਰਾਤ ਵਿਸ਼ਵ -ਵਿਦਿਆਲਾ ਨਾਲ ਸਬੰਧਿਤ ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਕੁਝ ਅਧਿਕਾਰਾਂ ਨੂੰ ਨਿਯੰਤਰਣ ਤੇ ਸੀਮਤ ਕਰਦੀਆਂ ਹਨ ਉਨ੍ਹਾਂ ਸੰਸਥਾਵਾਂ ਤੇ ਲਾਗੂ ਨਹੀਂ ਹੁੰਦੀਆਂ ਜੋ ਭਾਸ਼ਾਈ ਤੇ ਧਾਰਮਿਕ ਘੱਟ ਗਿਣਤੀਆਂ ਦੁਆਰਾ ਸਥਾਪਿਤ ਕੀਤੀਆਂ ਗਈਆਂ ਹਨ।

(vi) ਸੰਵਿਧਾਨਕ ਉਪਚਾਰਾਂ ਦਾ ਅਧਿਕਾਰ (Right to Constitutional Remedies) (ਅਨੁਛੇਦ 32)

ਸੰਵਿਧਾਨਕ ਉਪਚਾਰਾਂ ਦੇ ਰੂਪ ਵਿੱਚ ਸੰਵਿਧਾਨ ਵਿਸਥਾਰ ਪੂਰਵਕ ਉਪਾਵਾਂ ਦੀ ਵਿਵਸਥਾ ਕਰਦਾ ਹੈ। ਹਰੇਕ ਵਿਅਕਤੀ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਉਚਿਤ ਪ੍ਰਕ੍ਰਿਆ ਰਾਹੀਂ ਅਦਾਲਤ ਨੂੰ ਪ੍ਰਾਰਥਨਾ ਕਰ ਸਕਦਾ ਹੈ। ਸਰਵ-ਉੱਚ ਅਦਾਲਤ ਕੋਲ ਅਧਿਕਾਰ ਨੂੰ ਲਾਗੂ ਕਰਾਉਣ ਲਈ ਹਦਾਇਤਾਂ, ਆਦੇਸ਼ ਜਾਂ ਬੰਦੀ ਪ੍ਰਤੱਖੀਕਰਣ, ਫੁਰਮਾਨ, ਵਰਜਨ, ਉਪਤਪਰੇਖਣ ਜਾਂ ਅਧਿਕਾਰ ਪਰਿਛਾ ਲੇਖਾ ਵਿੱਚੋਂ ਉਚਿਤ ਲੇਖ ਨੂੰ ਜਾਰੀ ਕਰਨ ਦੀ ਸ਼ਕਤੀ ਹੈ।ਬੰਦੀ ਪ੍ਰਤੱਖੀਕਰਣ (Writ of Habeas Corpus) ਉਦੋਂ ਲਾਗੂ ਕੀਤਾ ਜਾਂਦਾ ਹੈ ਜਦੋਂ ਕਿਸੇ ਵਿਅਕਤੀ ਨੂੰ ਗੈਰ ਕਾਨੂੰਨੀ ਢੰਗ ਨਾਲ ਬੰਦੀ ਬਣਾ ਰੱਖਿਆ ਹੋਵੇ।ਇਸ ਸਥਿਤੀ ਵਿੱਚ ਸਰਵਉਚ ਅਦਾਲਤ ਇਹ ਆਦੇਸ਼ ਦੇ ਸਕਦੀ ਹੈ ਕਿ ਕੈਦੀ ਨੂੰ ਅਦਾਲਤ ਵਿੱਚ ਹਾਜ਼ਰ ਕੀਤਾ ਜਾਵੇ। ਫੁਰਮਾਨ (Mandamus) ਅਤਿ ਉਪਚਾਰਕ ਸਰੂਪ ਵਾਲਾ ਵਧੇਰੇ ਪ੍ਰਭਾਵਸ਼ਾਲੀ ਅਧਿਕਾਰ ਹੈ। ਇਸ ਲੇਖ ਰਾਹੀਂ ਅਦਾਲਤ ਕਿਸੇ ਜਨਤਕ ਅਧਿਕਾਰੀ ਨੂੰ ਜਨਤਕ ਕਰਤੱਵ ਨਿਭਾਉਣ ਲਈ ਮਜ਼ਬੂਰ ਕਰ ਸਕਦੀ ਹੈ। ਵਰਜਣ (Prohibition) ਇਕ ਨਿਆਂਇਕ ਲੇਖ ਹੈ ਜਿਸ ਰਾਹੀਂ ਉੱਚ ਅਧਿਕਾਰ ਖੇਤਰ ਵਾਲੀ ਅਦਾਲਤ ਹੇਠਲੀ ਅਦਾਲਤ ਨੂੰ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਕੰਮ ਕਰਨ ਰੋਕ ਸਕਦੀ ਹੈ। ਉਤਰਪਰੇਖਣ ਲੇਖ (Certiorari) ਉਚੇਰੀ ਅਦਾਲਤ ਦੁਆਰਾ ਜਾਰੀ ਕੀਤਾ ਜਾਂਦਾ ਹੈ ਤੇ ਇਸ ਰਾਹੀਂ ਉਚੇ ਰੀ ਅਦਾਲਤ ਹੇਠਲੀ ਅਦਾਲਤ ਤੋਂ ਮੁਕੱਦਮਾ ਆਪਣੇ ਕੋਲ ਮੰਗਵਾ ਸਕਦੀ ਹੈ। ਅਧਿਕਾਰ ਪਰਿਛਾ (Quo-

Warranto) ਅਜਿਹਾ ਲੇਖ ਹੈ ਜਿਸ ਰਾਹੀਂ ਅਦਾਲਤ ਕਿਸੇ ਅਜਿਹੇ ਵਿਅਕਤੀ ਨੂੰ ਜਿਸ ਦੀ ਨਿਯੁਕਤੀ ਜਾਂ ਚੋਣ ਕਾਨੂੰਨ ਅਨੁਸਾਰ ਨਾ ਹੋਵੇ, ਆਪਣੇ ਸਰਕਾਰੀ ਕੰਮ ਕਰਨ ਤੋਂ ਰੋਕ ਸਕਦੀ ਹੈ।

ਮੌਲਿਕ ਅਧਿਕਾਰਾਂ ਦੇ ਰੱਖਿਅਕ ਦੇ ਰੂਪ ਵਿੱਚ ਸਰਵ-ਉੱਚ ਅਦਾਲਤ ਦੇ ਦੋ ਤਰ੍ਹਾਂ ਦੇ ਅਧਿਕਾਰ ਖੇਤਰ ਹਨ। ਪ੍ਰਾਰੰਭਿਕ ਅਤੇ ਅਪੀਲੀ ਪ੍ਰਾਰੰਭਿਕ ਖੇਤਰ ਅਧੀਨ ਭਾਰਤ ਵਿੱਚ ਰਹਿਣ ਵਾਲੇ ਕੋਈ ਵੀ ਵਿਅਕਤੀ ਜੋ ਇਹ ਅਨੁਭਵ ਕਰੇ ਕਿ ਉਸ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਤਾਂ ਉਹ ਧਾਰਾ 32 ਦੇ ਅਧੀਨ ਉਪਚਾਰ ਲਈ ਸਿੱਧਾ ਹੀ ਸਰਵ-ਉੱਚ ਅਦਾਲਤ ਕੋਲ ਜਾ ਸਕਦੇ ਹਨ। ਪਰੰਤੂ ਜੇ ਸਿੱਧੇ ਜਾਣ ਦੇ ਬਹੁਤ ਠੋਸ ਕਾਰਣ ਨਾ ਹੋਣ ਤਾਂ ਅਜਿਹੇ ਵਿਚਾਰ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਸ ਨਾਲ ਅਦਾਲਤ ਦਾ ਕੰਮ ਬਹੁਤ ਵਧ ਜਾਵੇਗਾ। ਅਨੁਛੇਦ 32 ਸਬੰਧੀ ਚਾਰ ਨੁਕਤੇ ਵਧੇਰੇ ਪ੍ਰਤੱਖ ਹਨ : (i) ਅਨੁਛੇਦ 32 ਦਾ ਇਕੋ-ਇਕ ਉਦੇਸ਼ ਸੰਵਿਧਾਨ ਦੁਆਰਾ ਸੌਂਪੇ ਗਏ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਦਾ ਹੈ। (ii) ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਦਾ ਟੀਚਾ ਮਿਥਿਆ ਗਿਆ ਹੈ। ਭਾਵੇਂ ਇਸ ਨੂੰ ਲਾਗੂ ਕਰਨ ਦੀ ਆਵਸ਼ਕਤਾ ਕਾਰਜਪਾਲਿਕਾ ਜਾਂ ਵਿਧਾਨਪਾਲਿਕਾ ਦੇ ਕਾਰਜਾਂ ਕਰਕੇ ਹੋਵੇ। (iii) ਕਿਸੇ ਵੀ ਵਿਅਕਤੀ, ਜੋ ਸੰਵਿਧਾਨ ਦੁਆਰਾ ਸੌਂਪੇ ਗਏ ਮੌਲਿਕ ਅਧਿਕਾਰਾਂ ਦੀ ਉਲੰਘਣਾ ਦੀ ਸ਼ਿਕਾਇਤ ਕਰਦਾ ਹੈ, ਨੂੰ ਸਰਵ-ਉੱਚ ਅਦਾਲਤ ਦੀ ਸ਼ਰਨ ਲੈਣ ਦੀ ਸੁਤੰਤਰਤਾ ਹੈ। (iv) ਅਨੁਛੇਦ 32 ਵਿੱਚ ਕਿਸੇ ਵਿਸ਼ੇਸ਼ ਕੇਸ ਦੀ ਲੋੜ ਅਨੁਸਾਰ ਅਦਾਲਤ ਉਚਿਤ ਲੇਖ ਦਾ ਪ੍ਰਯੋਗ ਕਰ ਸਕਦੀ ਹੈ। ਪ੍ਰਾਰਥਕ ਦੇ ਪ੍ਰਾਰਥਨਾ ਪੱਤਰ ਨੂੰ ਇਸ ਕਰਕੇ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਉਸ ਵਿੱਚ ਕਿਸੇ ਵਿਸ਼ੇਸ਼ ਲੇਖ ਦੇ ਲਈ ਪ੍ਰਾਰਥਨਾ ਨਹੀਂ ਕੀਤੀ ਗਈ। ਹੁਣ ਤੱਕ ਅਦਾਲਤਾਂ ਨੂੰ ਕਈ ਅਵਸਰ ਮਿਲੇ ਹਨ ਜਦੋਂ ਅਦਾਲਤਾਂ ਨੇ ਸੰਵਿਧਾਨ ਵਿੱਚ ਸੌਂਪੇ ਗਏ ਮੌਲਿਕ ਅਧਿਕਾਰਾਂ ਦੀ ਰੱਖਿਆ (ਸਰਵ-ਉੱਚ ਅਦਾਲਤਾਂ ਅਤੇ ਹਾਈ ਕੋਰਟ) ਲਈ ਆਦੇਸ਼ ਹਦਾਇਤਾਂ ਜਾਂ ਲੇਖਾਂ ਨੂੰ ਜਾਰੀ ਕਰਨ ਦੀ ਸ਼ਕਤੀ ਦਾ ਪ੍ਰਯੋਗ ਕੀਤਾ ਹੋਵੇ।

ਇਸ ਲਈ ਅਸੀਂ ਇਹ ਨਤੀਜਾ ਕੱਢ ਸਕਦੇ ਹਾਂ ਕਿ ਸਰਵ-ਉੱਚ ਅਦਾਲਤ ਸਾਡੀਆਂ ਸੁਤੰਤਰਤਾਵਾਂ ਦੀ ਰੱਖਿਅਕ ਹੈ। ਆਸਟਿਨ ਨੇ ਠੀਕ ਹੀ ਟਿੱਪਣੀ ਕੀਤੀ ਹੈ, ''ਹੁਣ ਤਕ ਹੋਈਆਂ ਸੰਵਿਧਾਨਤਕ ਸੋਧਾਂ ਨੇ ਜਾਇਦਾਦਾਂ ਦੇ ਸਬੰਧੀ ਅਦਾਲਤ ਦੀ ਸੱਤਾਂ ਨੂੰ ਸੀਮਤ ਕੀਤਾ ਹੈ ਤਾਂ ਵਿਧਾਨ ਪਾਲਿਕਾਵਾਂ ਨੇ ਨਿਵਾਰਕ ਨਜ਼ਰਬੰਦੀ ਕੇਸਾਂ ਸਬੰਧੀ ਕਾਰਜਪਾਲਿਕਾਂ ਦੀ ਛਾਣਬੀਣ ਕਰਨ ਦੀ ਉਹਨਾਂ ਦੀ (ਨਿਆਂਪਾਲਿਕਾ ਦੀ) ਸ਼ਕਤੀ ਨੂੰ ਵਧਾਇਆ ਹੈ।'' ਇਸ ਤੋਂ ਇਲਾਵਾ ਭਾਰਤ ਦੇ ਮੁੱਖ ਜੱਜ ਸਵਰਗਵਾਸੀ ਕੇ. ਸੂਬਾ ਰਾਓ ਨੇ ਇਹ ਨਿਰੀਖਣ ਕੀਤਾ ਹੈ, ''ਇਸ ਸਰਵ-ਉੱਚ ਅਦਾਲਤ ਨੇ ਪਹਿਲਾਂ ਹੀ ਸੁਤੰਤਰਤਾ ਦੀ ਰੱਖਿਆ ਕੀਤੀ ਹੈ ਅਤੇ ਮੈਨੂੰ ਉਮੀਦ ਅਤੇ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਵੀ ਇਹ ਇਸ ਦਿਸ਼ਾ ਵਿਚ ਹੋਰ ਮਹੱਤਵਪੂਰਨ ਕਾਰਜ ਕਰੇਗੀ।''

(vii) ਸੰਪਤੀ ਦਾ ਅਧਿਕਾਰ ਇਕ ਕਾਨੂੰਨੀ ਅਧਿਕਾਰ (Right to Property is a Legal Right)

44ਵੀਂ ਸੰਵਿਧਾਨ ਸੋਧ ਦੇ ਨਤੀਜੇ ਵਜੋਂ ਸੰਪਤੀ ਦਾ ਅਧਿਕਾਰ ਮੌਲਿਕ ਅਧਿਕਾਰ ਨਹੀਂ ਰਿਹਾ। ਇਸ ਨੂੰ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਾਲੇ ਭਾਗ ਤਿੰਨ ਵਿੱਚੋਂ ਕੱਢ ਦਿੱਤਾ ਗਿਆ ਹੈ। ਹੁਣ ਇਹ ਇਕ ਕਾਨੂੰਨੀ ਅਧਿਕਾਰ ਹੀ ਰਹਿ ਗਿਆ ਹੈ ਜਿਸ ਨੂੰ ਸੰਸਦ ਜਾਂ ਰਾਜ ਵਿਧਾਨ ਮੰਡਲ ਸਾਧਾਰਨ ਕਾਨੂੰਨ ਰਾਹੀਂ ਸੋਧ ਕਰ ਸਕਦੀ ਹੈ। ਜਾਇਦਾਦ ਦਾ ਅਧਿਕਾਰ ਸਭ ਤੋਂ ਵੱਧ ਵਿਵਾਦ ਪੂਰਨ ਰਿਹਾ ਹੈ ਅਤੇ ਇਸ ਵਿਚ ਕਈ ਵਾਰੀ ਸੋਧ ਕਰਨੀ ਪਈ। ਨਿਰਸੰਦੇਹ ਅਨੁਛੇਦ 31 ਵਿਚ ਇਹ ਵਿਵਸਥਾ ਕੀਤੀ ਸੀ ਕਿ ਰਾਜ ਮੁਆਵਜ਼ਾ ਦੇਣ ਮਗਰੋਂ ਜਨਤਕ ਉਦੇਸ਼ਾਂ ਲਈ ਨਿਜੀ ਜਾਇਦਾਦ ਲੈ ਸਕਦਾ ਹੈ। 20ਵੀਂ ਸੰਵਿਧਾਨਕ ਸੋਧ ਕਾਨੂੰਨ ਦੁਆਰਾ ''ਮੁਆਵਜ਼ੇ'' (compensation) ਸ਼ਬਦ ਦੀ ਥਾਂ 'ਰਕਮ' (amount) ਸ਼ਬਦ ਦਰਜ ਕੀਤਾ ਗਿਆ ਤਾਂ ਜੋ ਅਦਾਲਤ ਦੇ ਬੇਲੋੜੇ ਦਖਲ ਨੂੰ ਰੋਕਿਆ ਜਾ ਸਕੇ। ਇਸ ਸੋਧ ਅਧੀਨ ਸੰਵਿਧਾਨ ਵਿੱਚ ਇਕ ਨਵੀਂ ਧਾਰਾ ਅਨੁਛੇਦ (31 C) ਦਰਜ ਕੀਤੀ ਗਈ ਤਾਂ ਜੋ ਅਨੁਛੇਦ 39 (B) ਅਤੇ (C) ਵਿੱਚ ਅੰਕਿਤ ਨਿਰਦੇਸ਼ਕ ਸਿਧਾਂਤਾਂ ਨੂੰ ਵਿਵਹਾਰਕ ਰੂਪ ਦਿੱਤਾ ਜਾ ਸਕੇ। ਇਹ ਸਪੱਸ਼ਟ ਕੀਤਾ ਗਿਆ ਕਿ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਲਈ ਬਣਾਇਆ

ਗਿਆ ਕਾਨੂੰਨ ਇਸ ਆਧਾਰ ਤੇ ਰੱਦ ਨਹੀਂ ਕੀਤਾ ਜਾ ਸਕਦਾ ਕਿ ਉਹ ਅਨੁਛੇਦ 14, 19, ਜਾਂ 31 ਅਧੀਨ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। 42ਵੀਂ ਸੋਧ ਦੁਆਰਾ ਰਾਜ ਨੂੰ ਇਹ ਸ਼ਕਤੀ ਪ੍ਰਦਾਨ ਕੀਤੀ ਗਈ ਕਿ ਭਾਗ IV ਵਿੱਚ ਦਰਜ ਸਾਰੇ ਨਿਰਦੇਸ਼ਕ ਸਿਧਾਂਤਾਂ ਨੂੰ ਵਿਵਹਾਰਿਕ ਰੂਪ ਵਿੱਚ ਦੇਣ ਲਈ ਉਹ ਮੌਲਿਕ ਅਧਿਕਾਰਾਂ ਵਾਲੇ ਭਾਗ ਵਿੱਚ ਤਬਦੀਲੀ ਕਰ ਲਵੇ। ਜਦੋਂ ਜਨਤਾ ਦਲ ਦੀ ਸਰਕਾਰ ਨੇ ਸ਼ਕਤੀ ਸੰਭਾਲੀ ਤਾਂ ਲੋਕਾਂ ਨਾਲ ਕੀਤੇ ਚੋਣ ਵਾਇਦੇ ਜਿਹਨਾਂ ਵਿਚ ਜਾਇਦਾਦ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਦੀ ਸੂਚੀ ਵਿਚੋਂ ਖਾਰਜ ਕਰਨਾ ਵੀ ਸ਼ਾਮਿਲ ਸੀ ਨੂੰ ਵਿਵਹਾਰਕ ਰੂਪ ਦੇਣ ਲਈ 44ਵੀਂ ਸੋਧ ਕੀਤੀ ਅਤੇ ਇਕ ਨਵਾਂ ਅਨੁਛੇਦ 300A ਅੰਕਿਤ ਕੀਤਾ ਗਿਆ ਜੋ ਇਹ ਘੋਸ਼ਣਾ ਕਰਦਾ ਹੈ ਕਿ ''ਕਾਨੂੰਨੀ ਸਤਾ ਬਿਨਾਂ ਕਿਸੇ ਵਿਅਕਤੀ ਨੂੰ ਉਸ ਦੀ ਜਾਇਦਾਦ ਤੋਂ ਵੰਚਿਤ ਨਹੀਂ ਕੀਤਾ ਜਾਵੇਗਾ।'' ਦੂਜੇ ਸ਼ਬਦਾਂ ਵਿਚ ਜਾਇਦਾਦ ਦੇ ਅਧਿਕਾਰ ਦਾ ਨਿਯੰਤਰਣ ਸਾਧਾਰਣ ਕਾਨੂੰਨ ਦੁਆਰਾ ਕੀਤਾ ਜਾਂਦਾ ਹੈ ਅਤੇ ਇਸ ਵਿਚ ਅਦਲਾ ਬਦਲੀ ਕਰਨ ਲਈ ਹੁਣ ਸੰਵਿਧਾਨਕ ਸੋਧ ਦੀ ਲੋੜ ਨਹੀਂ। ਅਦਾਲਤ, ਜਾਇਦਾਦ ਦੀ ਪ੍ਰਾਪਤੀ ਨੂੰ ਹੁਣ ਇਸ ਆਧਾਰ ਤੇ ਅਵੈਧ ਘੋਸ਼ਤ ਨਹੀਂ ਕਰ ਸਕਦੀ ਕਿ ਇਸ ਦੇ ਬਦਲੇ ਦਿੱਤਾ ਗਿਆ ਮੁਆਵਜ਼ਾ ਉਚਿਤ ਨਹੀਂ।

1.6.4 ਸਵੈ-ਪਰਖ ਅਭਿਆਸ

(i) ਮੌਲਿਕ ਅਧਿਕਾਰਾਂ ਦਾ ਅਰਥ ਸਪਸ਼ਟ ਕਰੋ?

(ii) ਮੌਲਿਕ ਅਧਿਕਾਰਾਂ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਸਬੰਧਾਂ ਬਾਰੇ ਵਰਨਣ ਕਰੋ?

(iii) ਕੀ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਨਿਆਂਯੋਗ (Justicieeable) ਹਨ?

(iv) ਮੌਲਿਕ ਅਧਿਕਾਰਾਂ ਦਾ ਵਰਗੀਕਰਣ ਸਪਸ਼ਟ ਕਰੋ?

ਉੱਤਰ :

(i) ਮੌਲਿਕ ਅਧਿਕਾਰ ਸਮਾਜਿਕ ਜੀਵਨ ਦੀਆਂ ਉਹ ਬੁਨਿਆਦੀ ਜ਼ਿੰਮੇਵਾਰੀਆਂ ਹਨ ਜਿਨ੍ਹਾਂ ਤੋਂ ਬਗੈਰ ਕੋਈ ਵੀ ਵਿਅਕਤੀ ਆਪਣੀ ਜ਼ਿੰਦਗੀ ਬਹੁ-ਪੱਖੀ ਵਿਕਾਸ ਨਹੀਂ ਕਰ ਸਕਦਾ।

(ii) ਮੌਲਿਕ ਅਧਿਕਾਰਾਂ ਪਿੱਛੇ ਕਾਨੂੰਨੀ ਸ਼ਕਤੀ ਹੈ ਪਰ ਨਿਰਦੇਸ਼ਕ ਸਿਧਾਂਤਾਂ ਪਿੱਛੇ ਨੈਤਿਕਤਾ ਕੰਮ ਕਰਦੀ ਹੈ।

(iii) ਨਿਰਦੇਸ਼ਕ ਸਿਧਾਂਤ ਭਾਰਤੀ ਸੰਵਿਧਾਨ ਦੇ ਭਾਗ ਚੌਥੇ ਵਿੱਚ ਦਰਜ ਹਨ। ਨਿਰਦੇਸ਼ਕ ਸਿਧਾਂਤ ਸਿਰਫ ਨਾਗਰਿਕਾਂ ਲਈ ਗੈਡਲਾਈਨਜ਼ ਹੀ ਹਨ ਜਦ ਕਿ ਮੌਲਿਕ ਸਿਧਾਂਤਾਂ ਪਿੱਛੇ ਕਾਨੂੰਨੀ ਸ਼ਕਤੀ ਹੈ। ਨਿਰਦੇ ਸ਼ਕ ਸਿਧਾਂਤ ਨਿਆਂਯੋਗ (Justiceeable) ਨਹੀਂ ਹਨ।

(iv) ਮੌਲਿਕ ਅਧਿਕਾਰ ਭਾਰਤੀ ਸੰਵਿਧਾਨ ਦੇ ਆਰਟੀਕਲ 12 ਤੋਂ 35 ਤੱਕ ਹਨ।

1.6.5 ਮੌਲਿਕ ਅਧਿਕਾਰਾਂ ਉਪਰ ਰੋਕਾਂ (Restrictions upon Fundamental Rights)

ਅਨੁਛੇਦ 19 ਅਧੀਨ ਸੌਂਪੇ ਗਏ ਮੌਲਿਕ ਅਧਿਕਾਰ ਕਾਰਜ ਪਾਲਿਕਾ ਅਤੇ ਵਿਧਾਨਪਾਲਿਕਾ ਦੋਨਾਂ ਉਪਰ ਆਮ ਬੰਦਸ਼ਾਂ ਲਾਉਂਦੇ ਹਨ। ਪ੍ਰੰਤੂ ਇਹਨਾਂ ਦੋਵੇਂ ਸੰਸਥਾਵਾਂ ਨੂੰ ਸ਼ਕਤੀ ਵੀ ਪ੍ਰਾਪਤ ਹੈ ਕਿ ਸੰਵਿਧਾਨਕ ਸੀਮਾਵਾਂ ਦੇ ਅੰਦਰ ਅੰਦਰ ਇਹ ਇਹਨਾਂ ਅਧਿਕਾਰਾਂ ਪ੍ਰਤੀ ਉਚਿਤ ਅਪਵਾਦ ਵੀ ਬਣਾ ਸਕਦਾ ਹੈ ਜਿਵੇਂ ਰਾਜ ਦੀ ਸੁਰੱਖਿਆ, ਜਨਤਕ ਵਿਵਸਥਾ, ਜਨਤਕ ਨੈਤਿਕਤਾ ਆਦਿ। ਸਮੇਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤੀ ਸੰਸਦ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਨੂੰ ਸੀਮਿਤ ਕਰਨ ਲਈ ਕਾਨੂੰਨ ਬਣਾ ਸਕਦੀ ਹੈ। ਰਾਸ਼ਟਰੀ ਅਖੰਡਤਾ ਦੇ ਹਿੱਤ ਵਿਚ ਰਾਜ ਇਹਨਾਂ ਵਿੱਚ ਕੁੱਝ ਅਧਿਕਾਰ ਪੁਲਿਸ ਤੇ ਹਥਿਆਰਬੰਦ ਫੌਜਾਂ ਨੂੰ ਦੇਣ ਤੋਂ ਇਨਕਾਰ ਕਰ ਸਕਦੀ ਹੈ।

ਇਸ ਤੋਂ ਇਲਾਵਾ, ਰਾਸ਼ਟਰੀ ਸੰਕਟਕਾਲ ਵਿੱਚ ਰਾਸ਼ਟਰਪਤੀ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਾਉਣ ਦੇ ਅਧਿਕਾਰ ਨੂੰ ਮੁਲਤਵੀ ਕਰ ਸਕਦਾ ਹੈ।ਇਹ ਗੱਲ ਧਿਆਨ ਗੋਚਰੇ ਹੈ ਕਿ ਰਾਸ਼ਟਰੀ ਸੰਕਟਕਾਲ ਵਿੱਚ ਵੀ ਰਾਸ਼ਟਰੀ ਅਨੁਛੇਦ 20 ਅਤੇ 21 ਨੂੰ ਮੁਲਤਵੀ ਨਹੀਂ ਕਰ ਸਕਦਾ। ਇਹ ਰੋਕ 44ਵੀਂ ਸੰਵਿਧਾਨਕ ਸੋਧ ਦੁਆਰਾ

ਲਾਈ ਗਈ ਹੈ। ਇਹ ਅਧਿਕਾਰ ਨਿਰੰਕੁਸ਼ ਵੀ ਨਹੀਂ ਹਨ। ਸੰਵਿਧਾਨ ਇਹਨਾਂ ਉਪਰ ਰੋਕਾਂ ਲਾਉਣ ਦੀ ਸ਼ਕਤੀ ਪ੍ਰਤੱਖ ਰੂਪ ਵਿਚ ਰਾਜ ਨੂੰ ਦਿੰਦਾ ਹੈ। ਇਸ ਲਈ ਇਹਨਾਂ ਦੇ ਨਤੀਜਿਆਂ ਵਿਚ ਕੋਈ ਅੰਤਰ ਨਹੀਂ। ਜਿਹੜਾ ਕੰਮ ਇਕ ਪ੍ਰਤੱਖ ਢੰਗ ਨਾਲ ਕੀਤਾ ਜਾ ਸਕਦਾ ਹੈ ਇਸ ਨੂੰ ਅਪ੍ਰਤੱਖ ਢੰਗ ਨਾਲ ਵੀ ਕੀਤਾ ਜਾ ਸਕਦਾ ਹੈ। ਦੋਨੋਂ ਪ੍ਰਸਥਿਤੀਆਂ ਵਿਚ ਮੌਲਿਕ ਅਧਿਕਾਰ ਨਿਰੰਕੁਸ਼ ਨਹੀਂ ਹਨ। ਇਸ ਸੰਬੰਧ ਵਿੱਚ ਜਸਟਿਸ ਮੁਕਰਜੀ ਦੇ ਨਿਰੀਖਣ ਪਰਖਣਯੋਗ ਹਨ। ਗੋਪਾਲਨ ਬਨਾਮ ਮਦਰਾਸ ਰਾਜ ਮੁਕੱਦਮੇ ਵਿਚ ਆਪ ਨੇ ਇਹ ਵਿਚਾਰ ਪ੍ਰਗਟ ਕੀਤੇ ਕਿ, ''ਨਿਰੰਕੁਸ਼ ਜਾਂ ਸੀਮਾਵਾਂ ਤੋਂ ਮੁਕਤ ਸੁਤੰਤਰਤਾ ਵਰਗੀ ਕੋਈ ਚੀਜ਼ ਨਹੀਂ ਹੋ ਸਕਦੀ ਕਿਉਂਕਿ ਇਸ ਨਾਲ ਅਰਾਜਕਤਾ ਜਾਂ ਹਲਚਲ ਮੱਚ ਜਾਵੇਗੀ।'' ਜਨਤਾ ਸਰਕਾਰ ਨੇ ਇਹ ਗੱਲ ਸਪੱਸ਼ਟ ਕੀਤੀ ਕਿ ਇਹ ਕਾਨੂੰਨ ਅਤੇ ਵਿਵਸਥਾ ਬਣਾਈ ਰੱਖੇਗੀ ਤੇ ਇਹ ਲੋਕਤੰਤਰ ਦੇ ਨਾਮ ਤੇ ਹੀ ਲੋਕਤੰਤਰ ਦੀ ਹੱਤਿਆ ਨਹੀਂ ਹੋਣ ਦੇਵੇਗੀ। ਤੋੜ ਫੋੜ ਤੇ ਅਵਿਵਸਥਾ ਦੇ ਵਿਰੁੱਧ ਕਿਸੇ ਵਿਅਕਤੀ ਨੂੰ ਬੰਦੀ ਬਣਾਉਣ ਦੀ ਸ਼ਕਤੀ ਤਾ ਸਰਕਾਰ ਨੇ ਆਪਣੇ ਕੋਲ ਰੱਖ ਲਈ ਪ੍ਰੰਤੂ ਸ਼ਕਤੀ ਨੂੰ ਮਨ-ਮਾਨੀ ਨਾਲ ਵਰਤੋਂ ਦੀ ਕੋਈ ਗੁੰਜਾਇਸ਼ ਨਾ ਛੱਡੀ। ਇਸ ਤੋਂ ਇਲਾਵਾ ਗ੍ਰਹਿ ਮੰਤਰੀ ਨੇ ਇਹ ਗੱਲ ਸਪਸ਼ਟ ਕੀਤੀ ਸਲਾਹਕਾਰੀ ਬੋਰਡ ਸਬੰਧੀ ਅਜਿਹੀ ਵਿਵਸਥਾ ਕੀਤੀ ਗਈ ਹੈ ਕਿ ਦੋਸ਼ੀ ਨੂੰ ਬੰਦੀ ਰੱਖਣ ਵਾਲੇ ਆਧਾਰ ਦਾ ਬਾਹਰਮੁੱਖੀ ਅਤੇ ਨਿਰਪੱਖ ਨਿਰੀਖਣ ਕੀਤਾ ਜਾ ਸਕੇ। ਸਲਾਹਕਾਰੀ ਬੋਰਡ ਵਿਚ ਸਬੰਧਤ ਰਾਜ ਦੇ ਮੁੱਖ ਜੱਜ ਦੁਆਰਾ ਨਾਮਜ਼ਦ ਕੀਤੇ ਉੱਚ ਅਦਾਲਤ ਦੇ ਜੱਜ ਜਾਂ ਸੇਵਾ ਮੁਕਤ ਹੋ ਚੁੱਕੇ ਜੱਜ ਸ਼ਾਮਿਲ ਹੋਣਗੇ ਅਤੇ ਨਜ਼ਰਬੰਦੀ ਦੇ ਸਾਰੇ ਮੁਕੱਦਮੇ 4 ਹਫਤਿਆਂ ਦੇ ਅੰਦਰ-ਅੰਦਰ ਇਸ ਬੋਰਡ ਨੂੰ ਸੌਂਪੇ ਜਾਣਗੇ। ਸਲਾਹਕਾਰੀ ਬੋਰਡ ਇਹ ਰਿਪੋਰਟ ਦੇਵੇਗਾ ਕਿ ਉਸਦੇ ਵਿਚਾਰ ਵਿਚ ਵਿਅਕਤੀ ਨੂੰ ਵਧੇਰੇ ਸਮੇਂ ਲਈ ਨਜ਼ਰਬੰਦ ਰੱਖਣ ਲਈ ਉਚਿਤ ਕਾਰਨ ਮੌਜੂਦ ਹਨ ਤਾਂ ਹੀ ਉਸ ਨੂੰ 8 ਹਫਤਿਆਂ ਤੋਂ ਵੱਧ ਸਮੇਂ ਲਈ ਨਿਵਾਰਕ ਨਜ਼ਰਬੰਦੀ ਅਧੀਨ ਰੱਖਿਆ ਜਾ ਸਕਦਾ ਹੈ। ਅਜਿਹੀਆਂ ਕਾਨੂੰਨੀ ਸੁਰੱਖਿਆਵਾਂ ਕਿਸੇ ਵੀ ਸ਼ਕਤੀ ਜਾਂ ਅਧਿਕਾਰੀ ਦੁਆਰਾ ਆਪ-ਹੁਦਰੀ ਨਜ਼ਰਬੰਦੀ ਨੂੰ ਰੋਕਣ ਵਿਚ ਸਹਾਇਕ ਹੋਣਗੀਆਂ। ਰੌਚਕ ਗੱਲ ਇਹ ਕਿ ਕਾਨੂੰਨੀ ਵਿਵਸਥਾਵਾਂ ਸਰਕਾਰ ਨੂੰ ਸੰਸਦ ਸਾਹਮਣੇ ਅਤੇ ਰਾਜ ਦੀਆਂ ਸਰਕਾਰਾਂ ਨੂੰ ਆਪਣੇ ਵਿਧਾਨ ਮੰਡਲਾਂ ਸਾਹਮਣੇ ਕਾਨੂੰਨ ਦੀ ਵਿਵਹਾਰਕਤਾ ਸਬੰਧੀ ਰਿਪੋਰਟ ਰੱਖਣ ਲਈ ਮਜ਼ਬੂਰ ਕਰਦੀਆਂ ਹਨ। ਹੁਣ ਤੱਕ ਇਹ ਦੇਖਣ ਵਿੱਚ ਆਉਂਦਾ ਰਿਹਾ ਹੈ ਕਿ ਸਰਕਾਰ ਭਾਵੇਂ ਕਿਸੇ ਵੀ ਦਲ ਦੀ ਰਹੀ ਹੋਵੇ ਪਰ ਨਿਵਾਰਕ ਨਜ਼ਰਬੰਦੀ ਕਾਨੂੰਨ ਬਦਲ ਬਦਲ ਕੇ ਹਮੇਸ਼ਾਂ ਹੀ ਲੋਕਾਂ ਦੀ ਸੁਤੰਤਰਤਾ ਦਾ ਗਲਾ ਘੁੱਟਣ ਵਾਲੇ ਕਾਨੂੰਨ ਦੇ ਰੂਪ ਵਿੱਚ ਮੌਜੂਦ ਰਹੇ ਹਨ। (Preventive Detention Act) ਅਤੇ ਫਿਰ TADA (Terrorist and Disruptive Activities Prevention Act) ਕਾਨੂੰਨ ਬਿਨਾਂ ਮੁਕੱਦਮਾ ਚਲਾਏ ਕਥਿਤ ਗੰਭੀਰ ਮੁਜ਼ਰਿਮਾਂ ਨੂੰ ਜੇਲ ਵਿੱਚ ਬੰਦ ਰੱਖ ਸਕਦੇ ਸਨ। ਇਹ ਇਕ ਸੁਖਦ ਗੱਲ ਹੈ ਕਿ 11 ਸਾਲ ਤਕ (1985-1995 ਇਸ ਕਠੋਰ ਕਾਨੂੰਨ ਦੇ ਰੂਪ ਵਿੱਚ ਦੁਰਉਪਯੋਗ ਕੀਤੇ ਜਾਣ ਤੋਂ ਬਾਦ ਆਖਿਰਕਾਰ ਸਰਕਾਰ ਨੇ ''ਟਾਡਾ'' ਨੂੰ ਹੋਰ ਅੱਗੇ ਨਹੀਂ ਵਧਾਇਆ ਅਤੇ ਇਹ ਕਾਨੂੰਨ 1995 ਰੱਦ ਹੋ ਗਿਆ।

ਸੰਵਿਧਾਨ ਵਿਅਕਤੀਗਤ ਸੁਤੰਤਰਤਾ ਅਤੇ ਸਮਾਜਿਕ ਕੰਟਰੋਲ ਵਿਚਕਾਰ ਇਕ ਸਮਝੌਤਾ ਅਪਣਾਉਂਦਾ ਹੈ। ਰਾਜ ਕਿਸੇ ਵੀ ਵਿਅਕਤੀ ਨੂੰ ''ਕਾਨੂੰਨ ਦੇ ਸਾਹਮਣੇ ਸਮਾਨਤਾ'' ਅਤੇ ਕਾਨੂੰਨ ਦੀ ਸੁਰੱਖਿਆ ਤੋਂ ਇਨਕਾਰ ਨਹੀਂ ਕਰਦਾ ਜਾਂ ਸੈਨਾ ਤੇ ਵਿਦਿਅਕ ਖੇਤਰਾਂ ਨੂੰ ਛੱਡ ਕੇ ਵਿਅਕਤੀ ਨੂੰ ਕੋਈ ਉਪਾਧੀ ਪ੍ਰਦਾਨ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਕੁਝ ਸਾਰਥਿਕ ਅਧਿਕਾਰ ਵੀ ਹਨ ਜਿਨ੍ਹਾਂ ਨੂੰ ਨਾਗਰਿਕ ਬਿਨਾਂ ਰੋਕ-ਟੋਕ ਮਾਣ ਸਕਦੇ ਹਨ। ਸੰਵਿਧਾਨ ਨੇ ਇਹ ਗੱਲ ਅਦਾਲਤ ਤੇ ਛੱਡ ਦਿੱਤੀ ਹੈ ਕਿ ਉਹ ਨਿਰਧਾਰਤ ਕਰੇ ਕਿ ਇਹ ਉਚਿਤ ਹਨ ਜਾਂ ਅਣਉਚਿਤ।

ਕੀ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ? 1967 ਦੇ ਗੋਲਕ ਨਾਥ ਮੁਕੱਦਮੇ ਸਬੰਧੀ ਸਰਵ ਉੱਚ ਅਦਾਲਤ ਦੇ ਫੈਸਲੇ ਨੇ ਇਕ ਸ਼ੰਕਾ ਪੈਦਾ ਕਰ ਦਿੱਤੀ ਕਿ ਸੰਸਦ ਕੋਲ ਸੰਵਿਧਾਨ ਵਿਚ ਦਿੱਤੇ ਅਧਿਕਾਰਾਂ ਵਿੱਚ ਸੋਧ ਕਰਨ ਦੀ ਸ਼ਕਤੀ ਹੈ ਜਾਂ ਨਹੀਂ? ਇਸ ਤੋਂ ਪਹਿਲਾਂ ਵੀ ਸਰਵ ਉੱਚ ਅਦਾਲਤ ਵਿੱਚ ਇਹ ਪ੍ਰਸ਼ਨ ਉਠਾਇਆ ਗਿਆ ਸੀ ਪਰ ਗੋਲਕ ਨਾਥ ਮੁਕੱਦਮੇ ਵਿੱਚ ਇਸ ਨੁਕਤੇ ਉਪਰ ਵਿਸ਼ੇਸ਼ ਤਾਕੀਦ ਕੀਤੀ ਗਈ।

ਇਸ ਸੰਬੰਧ ਵਿੱਚ ਵੱਖ-ਵੱਖ ਵਿਚਾਰ ਪ੍ਰਗਟ ਕੀਤੇ ਗਏ। ਪਹਿਲਾ ਵਿਚਾਰ ਇਹ ਸੀ ਕਿ ਅਨੁਛੇਦ 368 ਕੇਵਲ ਸੋਧ ਪ੍ਰਕਿਰਿਆ ਦਾ ਵਰਣਨ ਹੀ ਨਹੀਂ ਅਨੁਛੇਦ, ਸੰਵਿਧਾਨ ਨੂੰ ਵਿਸ਼ੇਸ਼ ਤੌਰ ਤੇ ਮੌਲਿਕ ਅਧਿਕਾਰਾਂ ਨੂੰ ਧਣ ਦੀ ਸ਼ਕਤੀ ਨਹੀਂ ਦਿੰਦਾ ਹੈ ਇਹ ਤਾਂ ਕੇਵਲ ਸੋਧ ਪ੍ਰਕਿਰਿਆ ਦਾ ਵਰਣਨ ਕਰਦਾ ਹੈ। 2) ਤੀਜਾ ਵਿਚਾਰ ਇਹ ਸੀ ਕਿ ਅਨੁਛੇਦ 368 ਕੇਵਲ ਸੋਧ ਪ੍ਰਕ੍ਰਿਆ ਦੀ ਵਿਵਸਥਾ ਕਰਦਾ ਹੈ ਅਤੇ ਇਸ ਨੂੰ ਸੰਵਿਧਾਨ ਵਿਚ ਸੋਧ ਕਰਨ ਦੇ ਯੋਗ ਬਣਾਉਣ ਲਈ ਸੰਵਿਧਾਨਕ ਸ਼ਕਤੀ ਵਿੱਚ ਸੋਧ ਕੀਤੀ ਜਾ ਸਕਦੀ ਹੈ ਭਾਵ 368 ਅਨੁਛੇਦ ਵਿਚ ਵੀ ਸੋਧ ਕੀਤੀ ਜਾ ਸਕਦੀ ਹੈ। ਇਸ ਮੁਕਦਮੇ ਵਿਚ ਸਰਵ ਉੱਚ ਅਦਾਲਤ ਦੇ ਫੈਸਲੇ ਉਪਰੰਤ ਇਹ ਅਨੁਭਵ ਕੀਤਾ ਕਿ ਸੰਸਦ ਸੰਵਿਧਾਨ ਵਿੱਚ ਤੇ ਵਿਸ਼ੇਸ਼ ਤੌਰ ਤੇ ਮੌਲਿਕ ਅਧਿਕਾਰਾਂ ਵਿਚ ਸੋਧ ਨਹੀਂ ਕਰ ਸਕਦੀ। ਪਰ 24ਵੀਂ ਸੋਧ ਨੇ ਇਸ ਕਠਿਨਤਾ ਨੂੰ ਦੂਰ ਕਰ ਦਿੱਤਾ। ਇਸ ਸੋਧ ਦੁਆਰਾ ਸੰਵਿਧਾਨ ਵਿਚ ਸੋਧ ਕਰਨ ਦੀ ਸ਼ਕਤੀ ਸੰਸਦ ਨੂੰ ਦਿੱਤੀ ਗਈ। 24ਵੀਂ ਅਤੇ 25ਵੀਂ ਸ਼ੋਧ ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ 1973 ਵਿਚ ਕੇਸ਼ਵਾ ਨੰਦ ਭਾਰਤੀ ਮੁਕੱਦਮੇ ਵਿਚ ਚੁਣੌਤੀ ਦਿੱਤੀ ਗਈ। ਪਰ ਇਸ ਵਾਰ ਸਰਵ ਉੱਚ ਅਦਾਲਤ ਨੇ ਇਸ ਦੀ ਪੁਸ਼ਟੀ ਕਰ ਦਿੱਤੀ। ਇਸ ਦੇ ਫਲਸਰੂਪ ਹੁਣ ਸੰਸਦ ਸੰਵਿਧਾਨ ਨੂੰ ਮੌਲਿਕ ਅਧਿਕਾਰਾਂ ਸਮੇਤ ਸੋਧਣ ਦੀ ਸ਼ਕਤੀ ਮਾਣਦੀ ਹੈ। ਪ੍ਰੰਤੂ ਸਰਵ ਉੱਚ ਅਦਾਲਤ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਸੋਧ ਦੇ ਰੂਪ ਵਿੱਚ ਸੰਵਿਧਾਨ ਦੀਆਂ ਬੁਨਿਆਦੀ ਵਿਸ਼ੇਸ਼ਤਾਈਆਂ ਜਾਂ ਸਰੂਪ ਨੂੰ ਬਦਲਿਆ ਨਹੀਂ ਜਾ ਸਕਦਾ। 9 ਮਈ 1980 ਮਿਨਰਵਾ ਮਿਲਜ਼ ਕੇਸ ਦੇ ਫੈਸਲੇ ਵਿਚ ਸਰਵ ਉੱਚ ਅਦਾਲਤ ਨੇ 42ਵੇਂ ਸੰਵਿਧਾਨਕ ਸੋਧ ਕਾਨੂੰਨ ਦੀ ਸੈਕਸ਼ਨ 51 ਨੂੰ ਜੋ ਸੰਸਦ ਨੂੰ ਸੰਵਿਧਾਨ ਵਿਚ ਸੋਧ ਕਰਨ ਦੀਆਂ ਅਸੀਮਿਤ ਸ਼ਕਤੀਆਂ ਪ੍ਰਦਾਨ ਕਰਦਾ ਸੀ ਰੱਦ ਕਰ ਦਿੱਤਾ ਹੈ। ਇਸੇ ਸੰਵਿਧਾਨਕ ਸੋਧ ਦੀ ਸੈਕਸ਼ਨ 4 ਨੂੰ ਵੀ ਜੋ ਨਿਰਦੇਸ਼ਕ ਸਿਧਾਂਤਾਂ ਨੂੰ ਮੌਲਿਕ ਅਧਿਕਾਰਾਂ ਤੋਂ ਪ੍ਰਮੁੱਖਤਾ ਪ੍ਰਦਾਨ ਕਰਦਾ ਸੀ ਰੱਦ ਕਰ ਦਿੱਤਾ ਗਿਆ ਕਿਉਂਕਿ ਇਹ ਸੰਵਿਧਾਨ ਦੀ ਬੁਨਿਆਦੀ ਢਾਂਚੇ ਦੀ ਉਲੰਘਣਾ ਸੀ। ਇਸ ਲਈ ਵਰਤਮਾਨ ਸਥਿਤੀ ਇਹ ਹੈ ਕਿ ਸੰਸਦ ਮੌਲਿਕ ਅਧਿਕਾਰਾਂ ਵਿਚ ਸੋਧ ਕਰ ਸਕਦੀ ਹੈ ਜਦੋਂ ਤੱਕ ਉਹ ਸੰਵਿਧਾਨ ਦੇ ਬੁਨਿਆਦੀ ਢਾਂਚੇ ਜਾਂ ਸਰੂਪ ਨੂੰ ਨਹੀਂ ਬਦਲਦੀ।

ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ 1967 ਦੇ ਗੋਲਕਨਾਥ ਮੁਕੱਦਮੇ ਵਿਚ ਬਹੁਤ ਗਿਣਤੀ ਰਾਇ ਇਸ ਉਪਰੋਂ ਆਧਾਰਿਤ ਸੀ ਕਿ ਅਨੁਛੇਦ 13 ਸਪੱਸ਼ਟ ਰੂਪ ਵਿਚ ਰਾਜ ਨੂੰ ਮੌਲਿਕ ਅਧਿਕਾਰਾਂ ਨੂੰ ਸੀਮਿਤ ਕਰਨ ਤੋਂ ਰੋਕਦਾ ਹੈ। ਸਰਵ ਉੱਚ ਅਦਾਲਤ ਨੇ ਕਾਨੂੰਨ ਦੀ ਦੋ ਤਰ੍ਹਾਂ ਨਾਲ ਵਿਆਖਿਆ ਕੀਤੀ ਹੈ। ਪਹਿਲਾਂ ਵਿਚਾਰ ਸ਼ੰਕਰੀ ਪ੍ਰਸ਼ਾਦ ਬਨਾਮ ਭਾਰਤੀ ਸੰਘ ਅਤੇ ਸੱਜਣ ਸਿੰਘ ਬਨਾਮ ਰਾਜਸਥਾਨ ਰਾਜ ਮੁਕੱਦਮਿਆਂ ਵਿਚ ਵਰਣਨ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਮੁਕੱਦਮਿਆਂ ਵਿਚ ਕਾਨੂੰਨ ਸ਼ਬਦ ਦਾ ਅਰਥ ਸੰਸਦ ਦੁਆਰਾ ਬਣਾਏ ਗਏ ਸਾਧਾਰਨ ਕਾਨੂੰਨ ਤੋਂ ਲਿਆ ਗਿਆ। 'ਸੰਵਿਧਾਨ ਕਾਨੂੰਨ' ਇਸ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ। ਇਸ ਲਈ ਸੰਵਿਧਾਨਕ ਸੋਧ ਕਾਨੂੰਨ ਅਨੁਛੇਦ 13 ਦੁਆਰਾ ਲਾਈ ਗਈ ਪਾਬੰਦੀ ਤੋਂ ਬਾਹਰ ਰੱਖਿਆ ਗਿਆ। ਪਰੰਤੂ ਗੋਲਕ ਨਾਥ ਮੁਕੱਦਮੇ ਵਿਚ ਬਹੁ-ਗਿਣਤੀ ਜੱਜਾਂ ਨੇ ਵਿਪਰੀਤ ਰਾਇ ਪ੍ਰਗਟ ਕੀਤੀ ਹੈ। ਇਸ ਰਾਇ ਅਨੁਸਾਰ 'ਸੰਵਿਧਾਨ ਕਾਨੂੰਨ' ਅਨੁਛੇਦ 13 ਵਿੱਚ ਦਿੱਤੇ ਕਾਨੂੰਨ ਦੇ ਘੇਰੇ ਵਿੱਚ ਆਉਂਦਾ ਹੈ ਜਿਸ ਲਈ ਸੰਸਦ ਮੌਲਿਕ ਅਧਿਕਾਰਾਂ ਦੀ ਸੋਧ ਨਹੀਂ ਕਰ ਸਕਦੀ। ਕੇਵਲ ਸੰਵਿਧਾਨ ਸਭਾ ਅਜਿਹਾ ਕਰ ਸਕਦੀ ਹੈ। ਬਹੁਗਿਣਤੀ ਜੱਜਾਂ ਵਿਚ ਇਕ ਜੱਜ ਦੀ ਰਾਇ ਇਹ ਸੀ ਕਿ ਸੰਵਿਧਾਨ ਸੋਧ ਦੁਆਰਾ ਸੰਸਦ ਮੌਲਿਕ ਅਧਿਕਾਰਾਂ ਨੂੰ ਨਾ ਘਟਾ ਸਕਦੀ ਸੀ ਅਤੇ ਨਾ ਹੀ ਸੰਖੇਪਤ ਕਰ ਸਕਦੀ ਸੀ ਪਰ ਇਹ ਉਨ੍ਹਾਂ ਦੇ ਖੇਤਰ ਨੂੰ ਵਿਸ਼ਾਲ ਕਰਕੇ ਉਨ੍ਹਾਂ ਨੂੰ ਉਦਾਰਚਿਤ ਬਣਾ ਸਕਦੀ ਸੀ ਅਤੇ ਨਾ ਹੀ ਸੰਖੇਪਤ ਕਰ ਸਕਦੀ ਸੀ। 24ਵੀਂ ਸੋਧ ਨੇ ਇਸ ਵਾਦ-ਵਿਵਾਦ ਨੂੰ ਖਤਮ ਕਰ ਦਿੱਤਾ ਹੈ ਕਿ ਅਨੁਛੇਦ 368 ਅਧੀਨ ਕੀਤੀ ਗਈ ਸੋਧ ਅਨੁਛੇਦ 13 ਦੇ ਘੇਰੇ ਵਿੱਚ ਆਉਂਦੀ ਹੈ।

1973 ਵਿੱਚ ਸਰਵ-ਉੱਚ ਅਦਾਲਤ ਨੇ ਕੇਸ਼ਵਾ ਨੰਦ ਭਾਰਤੀ ਮੁਕੱਦਮੇ ਵਿੱਚ ਬੁਨਿਆਦੀ ਢਾਂਚੇ ਦਾ ਸਿਧਾਂਤ ਦਿੱਤਾ। ਇਸ ਦੇ ਫਲਸਰੂਪ ਇਸ ਨੇ ਸੰਵਿਧਾਨ ਦੀ 39ਵੀਂ ਸੋਧ ਦੀ ਸੰਵਿਧਾਨਕ ਬੋਧਤਾ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਮੁੱਖ ਜੱਜ ਨੇ ਕੇਸ਼ਵਾ ਨੰਦ ਭਾਰਤੀ ਫੈਸਲੇ ਦਾ ਮੁੜ ਨਿਰੀਖਣ ਕਰਨ ਲਈ ਜੱਜਾਂ ਦਾ ਇਕ ਵਿਸ਼ੇਸ਼ ਪੁਨਰ ਬੈਂਚ ਸਥਾਪਿਤ ਕੀਤਾ। ਪਰ ਪ੍ਰਾਰੰਭਿਕ ਸੁਣਵਾਈ ਤੋਂ ਬਾਅਦ ਹੀ ਉਸ ਦੇ ਬੈਚ ਨੂੰ ਭੰਗ ਕਰ ਦਿੱਤਾ।

1.6.6 ਮੌਲਿਕ ਅਧਿਕਾਰਾਂ ਤੇ ਕਰਤੱਵਾਂ ਉਪਰ 42ਵੀਂ ਸੰਵਿਧਾਨਕ ਸੋਧ ਦਾ ਪ੍ਰਭਾਵ

42ਵੀਂ ਸੋਧ ਨੇ ਸਾਡੇ ਮੌਲਿਕ ਅਧਿਕਾਰਾਂ ਦੀ ਪਵਿੱਤਰਤਾ ਨੂੰ ਨਸ਼ਟ ਕਰ ਦਿੱਤਾ ਸੀ। ਸੰਸਦ ਨੂੰ ਇਹ ਸ਼ਕਤੀ ਦਿੱਤੀ ਗਈ ਕਿ ਰਾਸ਼ਟਰ ਵਿਰੋਧੀ ਕਾਰਵਾਈਆਂ ਨੂੰ ਰੋਕਣ ਜਾਂ ਰਾਸ਼ਟਰ-ਵਿਰੋਧੀ ਸਮੁਦਾਵਾਂ ਦੇ ਨਿਰਮਾਣ ਦੇ ਲਈ ਇਹ ਅਧਿਕਾਰਾਂ ਨੂੰ ਕਿਸੇ ਦੀ ਹੱਦ ਤੱਕ ਸੀਮਤ ਕਰ ਸਕਦੀ ਹੈ। ਅਨੁਛੇਦਾਂ 14, 19 ਅਤੇ 30 ਵਿੱਚ ਵਰਨਣ ਕਿਸੇ ਵੀ ਮੌਲਿਕ ਅਧਿਕਾਰ ਨੂੰ ਸੰਸਦ ਖਤਮ ਜਾਂ ਸੰਖੇਪਤ ਕਰ ਸਕਦੀ ਹੈ। ਇੰਝ ਨਾਗਰਿਕਾਂ ਨੂੰ ਬਹੁ-ਗਿਣਤੀ ਵਾਲੇ ਦਲ ਦੇ ਅਨਿਆਇ ਪੂਰਣ ਤੇ ਨਿਰੰਕੁਸ਼ ਸ਼ਾਸ਼ਨ ਨੂੰ ਬਰਦਾਸ਼ਤ ਕਰਨ ਲਈ ਮਜ਼ਬੂਰ ਕਰ ਦਿੱਤਾ ਗਿਆ ਸੀ। ਮੌਲਿਕ ਅਧਿਕਾਰਾਂ ਤੇ ਨਿਰਦੇਸ਼ਕ ਸਿਧਾਂਤਾਂ ਦੀ ਟੱਕਰ ਵਿੱਚ ਨਿਰਦੇਸ਼ਕ ਸਿਧਾਂਤਾਂ ਨੂੰ ਹਾਵੀ ਕਰ ਦਿੱਤਾ ਗਿਆ ਸੀ। ਸਰਵ-ਉੱਚ ਅਦਾਲਤਾਂ ਤੇ ਉੱਚ ਅਦਾਲਤਾਂ ਦੇ ਅਧਿਕਾਰ ਖੇਤਰ ਨੂੰ ਕਾਫੀ ਸੀਮਤ ਕਰ ਦਿੱਤਾ ਗਿਆ ਸੀ। ਸੰਵਿਧਾਨ ਵਿਚ ਇੱਕ ਨਵਾਂ ਭਾਗ XIV A(ਅਨੁਛੇਦ 323A ਅਤੇ 323B) ਸ਼ਾਮਲ ਕਰਕੇ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਬਹੁਤ ਸਾਰੀਆਂ ਮਦਾਂ ਨੂੰ ਅਦਾਲਤਾਂ ਦੇ ਅਧਿਕਾਰ ਖੇ ਤਰ ਵਿੱਚੋਂ ਕੱਢ ਦਿੱਤਾ ਗਿਆ ਸੀ। ਸਪਸ਼ਟ ਸੀ ਕਿ ਕਾਰਜਪਾਲਿਕਾ ਜਾਂ ਵਿਧਾਨਪਾਲਿਕਾ ਦੁਆਰਾ ਸ਼ਕਤੀ ਦੇ ਮਨ-ਮਾਨੀ ਪ੍ਰਯੋਗ ਉਪਰ ਨਿਆਇਕ ਨਿਰੀਖਣ ਦੇ ਰੂਪ ਵਿਚ ਨਿਆਇਕ ਰੋਕ ਨੂੰ ਕਾਫੀ ਹੱਦ ਤੱਕ ਖਤਮ ਕਰ ਦਿੱਤਾ ਜਾਂ ਘੱਟੋ ਘੱਟ ਸੀਮਿਤ ਕਰ ਦਿੱਤਾ ਗਿਆ। ਮੌਲਿਕ ਅਧਿਕਾਰ ਸਹੀ ਅਰਥਾਂ ਵਿੱਚ ਮੌਲਿਕ ਨਾ ਰਹੇ ਕਿਉਂਕਿ ਸੰਸਦ ਕਿਸੇ ਵੀ ਹੱਦ ਤੱਕ ਨਾਗਰਿਕਾਂ ਨੂੰ ਉਨ੍ਹਾਂ ਤੋਂ ਵੰਚਿਤ ਕਰ ਸਕਦੀ ਸੀ। ਇਸ ਸੰਵਿਧਾਨਕ ਸੋਧ ਨੂੰ ਕਾਲਾ ਕਾਨੂੰਨ ਕਿਹਾ ਗਿਆ ਕਿਉਂਕਿ ਇਸ ਨੇ ਲੋਕਾਂ ਨੂੰ ਉਨ੍ਹਾਂ ਦੇ ਉੱਚਿਤ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਸੀ। ਇਸ ਤੋਂ ਇਲਾਵਾ ਲੋਕਾਂ ਉੱਪਰ ਕਈ ਕਰਤੱਵ ਠੋਸ ਦਿੱਤੇ ਗਏ।

1.6.7 43ਵੀਂ ਸੋਧ ਅਤੇ ਜੀਵਨ ਤੇ ਸੁਤੰਤਰਤਾ ਦੇ ਮੌਲਿਕ ਅਧਿਕਾਰਾਂ ਦੀ ਬਹਾਲੀ

ਅਧਿਕਾਰਾਂ ਨੂੰ ਬਹਾਲ ਕਰਨ ਲਈ ਕੇਂਦਰ ਵਿਚ ਜਨਤਾ ਦਲ ਦੀ ਸਰਕਾਰ ਨੇ 23 ਦਸੰਬਰ, 1977 ਵਿਚ 43ਵਾਂ ਸੰਵਿਧਾਨਕ (ਸੋਧ) ਕਾਨੂੰਨ ਪਾਸ ਕੀਤਾ। ਇਸ ਕਾਨੂੰਨ ਨੇ ਉੱਚ ਅਦਾਲਤ ਤੇ ਸਰਵ ਉੱਚ ਅਦਾਲਤ ਨੂੰ ਕੇਂਦਰ ਜਾਂ ਰਾਜ ਦੇ ਕਾਨੂੰਨ ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਜਾਂਚਣ ਦਾ ਅਧਿਕਾਰ ਦੇ ਦਿੱਤਾ। ਸੰਕਟਕਾਲ ਦੀ ਵਿਵਸਥਾ ਕਰਨ ਵਾਲੇ ਅਨੁਛੇਦ 358 ਅਤੇ 359 ਵਿੱਚ ਸੰਕਟ ਕਾਲ ਦੇ ਦੌਰਾਨ ਕੀਤੇ ਪਰਿਵਰਤਨ ਖਤਮ ਕਰ ਦਿੱਤੇ।

1.6.8 ਮੌਲਿਕ ਅਧਿਕਾਰਾਂ ਉੱਪਰ 44ਵੀਂ ਸੋਧ ਦਾ ਪ੍ਰਭਾਵ

44ਵੀਂ ਸੋਧ ਨੇ ਉਨ੍ਹਾਂ ਸੀਮਾਵਾਂ ਤੇ ਰੋਕਾਂ ਨੂੰ ਜੋ 42ਵੀਂ ਸੋਧ ਅਧੀਨ ਮੌਲਿਕ ਅਧਿਕਾਰਾਂ ਤੇ ਲਾਈਆਂ ਸਨ ਦੂਰ ਨਹੀਂ ਕੀਤਾ ਸਗੋਂ ਅਦਾਲਤਾਂ ਨੂੰ ਮੌਲਿਕ ਅਧਿਕਾਰਾਂ ਦੇ ਰਖਿਅਕ ਹੋਣ ਦੀ ਸ਼ਕਤੀ ਨੂੰ ਮੁੜ ਵਾਪਸ ਕਰਕੇ ਦੇਸ਼ ਵਿਚ ਕਾਨੂੰਨ ਦੇ ਸ਼ਾਸਨ ਨੂੰ ਮੁੜ ਸਥਾਪਤ ਕਰ ਦਿੱਤਾ। ਅਨੁਛੇਦ 20 ਅਤੇ 21 ਦੁਆਰਾ ਦਿੱਤੇ ਗਏ ਜੀਵਨ ਤੇ ਸੁਤੰਤਰਤਾ ਦੇ ਅਧਿਕਾਰਾਂ ਨੂੰ ਸੰਕਟਕਾਲ ਵਿਚ ਵੀ ਰਾਸ਼ਟਰਪਤੀ ਮੁਲਤਵੀ ਨਹੀਂ ਕਰ ਸਕਦਾ। ਜੋ 19 ਮਹੀਨੇ (25 ਜੂਨ, 1975 ਤੋਂ ਮਾਰਚ 1977) ਤੱਕ ਰਿਹਾ, ਦੌਰਾਨ ਕੀਤਾ ਗਿਆ ਸੀ। ਇਹ ਸੰਕਟਕਾਲੀ ਉਪਬੰਧਾਂ ਉਪਰ ਰੋਕਾਂ ਲਾਉਣ ਲਈ ਕਿਹਾ ਗਿਆ।

42ਵੀਂ ਸੋਧ ਦਾ ਉਪਬੰਧ ਜੋ ਉੱਚ ਅਦਾਲਤਾਂ ਦਾ ਅਧਿਕਾਰ ਖੇਤਰਾਂ ਨੂੰ ਘਟਾਉਣਾ ਸੀ, ਰੱਦ ਕਰ ਦਿੱਤਾ ਗਿਆ। 44ਵੀਂ ਸੋਧ ਤੋਂ ਬਾਅਦ ਪਹਿਲਾਂ ਵਾਂਗ ਹੀ ਉੱਚ ਅਦਾਲਤਾਂ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਲਈ ਅਤੇ ਦੂਜੇ ਉਦੇਸ਼ਾਂ ਲਈ ਲੇਖ ਜਾਰੀ ਕਰ ਸਕਦੀਆਂ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਰਾਸ਼ਟਰੀ ਸੰਕਟਕਾਲ ਦੌਰਾਨ ਉੱਚ ਅਦਾਲਤ ਦੀ ਬੰਦੀ ਪ੍ਰਤੱਖੀਕਰਣ ਲੇਖ ਜਾਰੀ ਕਰਨ ਦੀ ਸ਼ਕਤੀ ਮੁਲਤਵੀ ਨਹੀਂ ਕੀਤੀ ਜਾ ਸਕਦੀ। ਘੱਟ ਗਿਣਤੀ ਦੇ ਲੋਕਾਂ ਦੇ ਹਿਤਾਂ ਦੀ ਪੁਸ਼ਟੀ ਦੇ ਲਈ 44ਵੀਂ ਸੋਧ ਵਿਚ ਵਿਸ਼ੇਸ਼ ਸੁਰੱਖਿਆਵਾਂ ਦੀ ਵਿਵਸਥਾ ਕੀਤੀ ਗਈ ਹੈ ਅਤੇ ਰਾਜ ਇਹ ਗੱਲ ਯਕੀਨੀ ਬਣਾਵੇਗਾ ਕਿ ਜਾਇਦਾਦ ਨੂੰ ਪ੍ਰਾਪਤ ਕਰਨ ਸਮੇਂ ਘੱਟ ਗਿਣਤੀ ਦੇ ਲੋਕਾਂ ਦੇ ਅਧਿਕਾਰਾਂ ਨੂੰ ਸੀਮਤ ਜਾਂ ਸੰਖਿਪਤ ਨਹੀਂ ਕੀਤਾ ਜਾਵੇਗਾ। ਉਸਾਰੂ ਸਮਾਜ ਦੀ ਸਥਾਪਨਾ ਲਈ ਇੱਛਤ ਸਮਾਜਵਾਦੀ ਉਦੇਸ਼ਾਂ ਦੀ ਗਤੀ ਨੂੰ ਵਧਾਉਣ ਲਈ ਮੌਲਿਕ ਅਧਿਕਾਰਾਂ ਦੇ ਅਧਿਆਇ

ਵਿਚੋਂ ਜਾਇਦਾਦ ਦੇ ਅਧਿਕਾਰ ਨੂੰ ਖਾਰਜ ਕਰ ਦਿੱਤਾ ਗਿਆ। ਵਿਅਕਤੀਗਤ ਸੁਤੰਤਰਤਾ ਦੀ ਰੱਖਿਆ ਲਈ ਅਤੇ ਸਮਾਜ ਦੇ ਨਿਆਂ ਦੇ ਉਦਾਰਵਾਦੀ ਨਿਯਮਾਂ ਉਪਰ ਅਧਾਰਤ ਲੋਕਤੰਤਰੀ ਢੰਗ ਦੇ ਜੀਵਨ ਨੂੰ ਸਥਾਪਿਤ ਕਰਨ ਲਈ ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੀ ਇਕ ਵਿਸਤਰਿਤ ਸੂਚੀ ਅੰਕਿਤ ਕੀਤੀ ਗਈ ਹੈ। ਆਸਟਿਨ ਨੇ ਮੌਲਿਕ ਅਧਿਕਾਰਾਂ ਦੀ ਮਹੱਤਤਾ ਦਾ ਬੜੇ ਸੋਹਣੇ ਢੰਗ ਨਾਲ ਬਿਆਨ ਕੀਤਾ ਹੈ। ਉਸ ਦੀ ਰਾਇ ਹੈ ਕਿ ਮੌਲਿਕ ਅਧਿਕਾਰਾਂ ਨੇ ਇਕ ਨਵੀਂ ਸੁਤੰਤਰਤਾ ਨੂੰ ਜਿਹੜੀ ਪ੍ਰੰਪਰਾਵਾਦੀ ਭਾਰਤੀ ਸਮਾਜ ਵਿਸ਼ੇਸ਼ ਤੌਰ ਤੇ ਹਿੰਦੂ ਸਮਾਜ ਵਿਚ ਨਹੀਂ ਸੀ ਸਥਾਪਿਤ ਕੀਤਾ ਹੈ ਅਤੇ ਇਹ ਵਿਅਕਤੀਗਤ ਸੁਤੰਤਰਤਾ ਨੂੰ ਕਾਇਮ ਰੱਖਣ ਵਿਚ ਸਹਾਇਕ ਹੋਏ ਹਨ। ਮੌਲਿਕ ਅਧਿਕਾਰਾਂ ਦੀ ਮਹੱਤਤਾ ਸਬੰਧੀ ਨਿਆਂਪਾਲਿਕਾ ਤੇ ਸੰਸਦ ਦੀ ਭੂਮਿਕਾ ਮੌਲਿਕ ਅਧਿਕਾਰਾਂ ਦੀ ਮਹੱਤਤਾ ਬਾਰੇ ਕੋਈ ਸ਼ੰਸਾ ਨਹੀਂ ਰਹਿਣ ਦਿੱਤਾ। ਸਵਰਗਵਾਸੀ ਕੇ.ਐਮ. ਪਾਨੀਕਰ ਦੇ ਕਥਨ ਅਨੁਸਾਰ ਮੌਲਿਕ ਅਧਿਕਾਰਾਂ ਨੇ ਸੁਧਾਰ ਸਬੰਧੀ ਕਾਨੂੰਨ ਬਣਾਉਣ ਨੂੰ ਉਤਸ਼ਾਹ ਦਿੱਤਾ ਹੈ ਅਤੇ ਭਾਰਤੀ ਸੰਸਦ ਸਮਾਜਿਕ ਕਾਨੂੰਨਸਾਜੀ ਦੇ ਸੰਬੰਧ ਵਿਚ ਫੁਰਤੀ ਨਾਲ ਕੰਮ ਕਰ ਰਹੀ ਹੈ।

ਅਧਿਕਾਰਾਂ ਦੇ ਕਠੋਰ ਆਲੋਚਕ ਵੀ ਹਨ ਅਤੇ ਸਮਰਥਕ ਵੀ ਹਨ। ਆਲੋਚਕਾਂ ਦਾ ਕਹਿਣਾ ਹੈ ਕਿ (a) ਇਹ ਅਧਿਕਾਰ ਯਥਾਰਥਕ ਨਹੀਂ ਹਨ ਅਤੇ ਠੋਸ ਆਧਾਰਾਂ ਤੋਂ ਵਾਂਝੇ ਹਨ। ਇਹਨਾਂ ਦੀ ਬਹੁਤ ਸਾਰੀ ਸਮੱਗਰੀ ਨਿਵਾਰਕ ਨਜ਼ਰਬੰਦੀ ਵਰਗੇ ਅਸਾਧਾਰਨ ਉਪਬੰਧਾਂ ਨੇ ਨਸ਼ਟ ਕਰ ਦਿੱਤੀ ਹੈ। ''ਉਚਿਤ ਸੀਮਾਵਾਂ'' ਇਕ ਸ਼ਾਬਦਿਕ ਜਾਲ ਜਿਹਾ ਹੀ ਹੈ। (b) ਅਧਿਕਾਰਾਂ ਨੂੰ ਅਪਵਾਦਾਂ, ਸਪਸ਼ਟੀਕਰਣ ਤੇ ਰੋਕ ਨਾਲ ਸੀਮਤ ਕੀਤਾ ਗਿਆ ਹੈ। ਇਸ ਕਰਕੇ ਇਹ ਜਾਣਨਾ ਬੜਾ ਕਠਿਨ ਹੋ ਗਿਆ ਕਿ ਮੌਲਿਕ ਅਧਿਕਾਰ ਦੇ ਰੂਪ ਵਿਚ ਲੋਕਾਂ ਨੂੰ ਕੀ ਪ੍ਰਾਪਤ ਹੈ। (c) ਕੁਝ ਅਧਿਕਾਰ ਜਿਵੇਂ ਕੰਮ ਕਰਨ ਦਾ ਅਧਿਕਾਰ ਤੇ ਵਿਦਿਆ ਦਾ ਅਧਿਕਾਰ, ਸੰਵਿਧਾਨ ਵਿੱਚ ਸ਼ਾਮਿਲ ਨਹੀਂ ਕੀਤੇ ਗਏ। ਇਹ ਅਨੁਭਵ ਕੀਤਾ ਗਿਆ ਹੈ ਕਿ ਉਹ ਉਪਬੰਧ, ਜਿਹਨਾਂ ਦਾ ਸੰਬੰਧ ਨਿਵਾਰਕ ਨਜ਼ਰਬੰਦੀ ਨਾਲ ਹੈ ਦਾ ਸਮਰਥਨ ਕਰਨਾ ਕਠਿਨ ਹੈ। ਪ੍ਰੰਤੂ ਭਾਰਤ ਵਿਚ ਅਸਾਧਾਰਨ ਪ੍ਰਸਥਿਤੀਆਂ ਦੇ ਹਾਵੀ ਹੋਣ ਕਾਰਨ ਅਜਿਹੇ ਨਿਵਾਰਕ ਉਪਬੰਧ ਨੂੰ ਸੰਵਿਧਾਨ ਦੇ ਅਨੁਛੇਦ 352 ਅਤੇ 356 ਵਿਚ ਅੰਕਿਤ ਕੀਤਾ ਜਾਣਾ ਪ੍ਰਦੇਸ਼ਕ ਅਖੰਡਤਾ ਅਤੇ ਦੇਸ਼ ਦੀ ਏਕਤਾ ਲਈ ਆਵੱਸ਼ਕ ਸਮਝਿਆ ਗਿਆ ਹੈ।

1.6.9 ਸਿੱਟਾ

ਉੱਪਰ ਵਰਣਿਤ ਦਲੀਲਾਂ ਤੋਂ ਇਹ ਸਪੱਸ਼ਟ ਹੈ ਕਿ 1973 ਵਿੱਚ ਸਰਵ-ਉੱਚ ਅਦਾਲਤ ਨੇ ਇਕ ਨਿਰਣੇ ਦੁਆਰਾ ਇਹ ਘੋਸ਼ਿਤ ਕੀਤਾ ਸੀ ਕਿ ਸੰਸਦ ਸੰਵਿਧਾਨ ਵਿੱਚ ਕੋਈ ਅਜਿਹੀ ਤਰਮੀਮ ਨਹੀਂ ਕਰ ਸਕਦੀ ਜੋ ਸੰਵਿਧਾਨ ਦੇ ਮੌਲਿਕ ਢਾਂਚੇ (Basic Structure) ਜਾਂ ਜ਼ਰੂਰੀ ਵਿਸ਼ੇਸ਼ਤਾਵਾਂ (Essential Features) ਨੂੰ ਨਸ਼ਟ ਕਰਦੀ ਹੋਵੇ। ਮੌਲਿਕ ਅਧਿਕਾਰਾਂ ਦੀ ਵਿਵਸਥਾ ਭਾਰਤੀ ਸੰਵਿਧਾਨ ਦੀ ਇਕ ਜ਼ਰੂਰੀ ਵਿਸ਼ੇਸ਼ਤਾ ਹੈ। ਇਹ ਸੰਵਿਧਾਨ ਦੇ ਮੌਲਿਕ ਢਾਂਚੇ (Basic Structure) ਦਾ ਹਿੱਸਾ ਹੈ। ਇਸ ਲਈ ਸੰਸਦ ਮੌਲਿਕ ਅਧਿਕਾਰਾਂ ਦੀ ਸਮੁੱਚੀ ਵਿਵਸਥਾ ਨੂੰ ਸੰਵਿਧਾਨਿਕ ਤਰਮੀਮ ਦੁਆਰਾ ਖ਼ਤਮ ਨਹੀਂ ਕਰ ਸਕਦੀ ਪਰ ਉਹਨਾਂ ਵਿੱਚ ਸੰਵਿਧਾਨਿਕ ਸ਼ੋਧ ਕਰ ਸਕਦੀ ਹੈ। ਡਾ. ਅੰਬੇਦਕਰ ਨੇ ਵੀ ਭਾਰਤੀ ਸੰਵਿਧਾਨ ਵਿਚ ਅੰਕਿਤ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਦਾ ਦਿਲ ਅਤੇ ਆਤਮਾ (Heart and Soul of Constitution) ਦੱਸਿਆ ਸੀ। ਸੰਖੇਪ ਵਿਚ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦਾ ਅਧਿਆਇ ਸਾਡੇ ਲੋਕਤੰਤਰ ਦਾ ਸਾਰ ਹੈ। ਸਮੂਹਕ ਰੂਪ ਵਿੱਚ ਮੌਲਿਕ ਅਧਿਕਾਰ ਜਨਤਕ ਆਚਰਣ ਲਈ ਕੋਡ ਨੂੰ ਪ੍ਰਸਤੁੱਤ ਕਰਦੇ ਹਨ ਅਤੇ ਲੋਕਤੰਤਰ ਦੇ ਲਈ ਸ਼ਕਤੀਸ਼ਾਲੀ ਆਧਾਰ ਹਨ।

1.6.10 ਸਵੈ-ਪਰਖ ਅਭਿਆਸ

(i) ਉਹ ਦੋ ਸ਼ਰਤਾਂ ਦੱਸੋ ਜੋ ਮੌਲਿਕ ਅਧਿਕਾਰਾਂ ਨੂੰ ਸੀਮਤ ਕਰ ਸਕਦੀਆਂ ਹਨ?

(ii) ਇਹ ਫ਼ੈਸਲਾ ਕੌਣ ਕਰਦਾ ਹੈ ਕਿ ਕਿਸੇ ਮੌਲਿਕ ਅਧਿਕਾਰ ਉੱਤੇ ਲਗਾਏ ਬੰਧਨ ਉਚਿਤ ਹਨ ਜਾਂ ਨਹੀਂ?

(iii) ਦੋ ਮੌਲਿਕ ਅਧਿਕਾਰਾਂ ਦਾ ਵਰਣਨ ਕਰੋ ਜੋ ਰਾਜ ਦੇ ਧਰਮ ਨਿਰਪੱਖ ਸਰੂਪ ਨੂੰ ਵਿਅਕਤ ਕਰਦੇ ਹਨ?

(iv) ਵਿਤਕਰੇ ਦੀ ਮਨਾਹੀ ਕਿਹੜਾ ਅਨੁਛੇਦ ਦਰਸਾਉਂਦਾ ਹੈ?

ਉੱਤਰ :

(i) ਸੰਵਿਧਾਨ ਦੇ ਮੌਲਿਕ ਢਾਂਚੇ (Basic Structure) ਰਾਸ਼ਟਰੀ ਹਿੱਤ (National Interest)

(ii) ਸਰਵ-ਉੱਚ ਅਦਾਲਤ

(iii) ਸਮਾਨਤਾ ਅਤੇ ਸੁਤੰਤਰਤਾ ਦਾ ਅਧਿਕਾਰ

(iv) ਅਨੁਛੇਦ 15

1.6.11 ਜ਼ਰੂਰੀ ਪੁਸਤਕਾਂ

1. D.D. Basu : Introduction to the Indian Constitution, Calcutta.
2. M.P. Jain : Constitution Law of India.
3. T.K. Tope : Constitution of India.
4. D.D. Basu : Commentary on the Constitution of India, Volume II, Calcutta.
5. M.P. Jain : Constitution Law of India.
6. T.K. Tope : Constitution of India.
7. M.V. Pylee : Constitutional Government of India.

ਇਹ ਪਾਠ ਡੀ.ਈ.ਸੀ. ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰਬਰ : 1.7 ਲੇਖਕ : ਡਾ. ਐਸ.ਐਸ.ਜੰਜੂਆ

ਮੌਲਿਕ ਕਰਤੱਵ
(**Fundamental Duties**)

ਪਾਠ ਦਾ ਵਿਸ਼ਾ–ਵਸਤੂ

1.7.0 ਪਾਠ ਦਾ ਉਦੇਸ਼

1.7.1 ਜਾਣ–ਪਛਾਣ

1.7.2 ਸੰਵਿਧਾਨ ਦੀ ਪਾਲਣਾ ਕਰਨਾ, ਉਸ ਦੇ ਆਦਰਸ਼ਾਂ, ਸੰਸਥਾਵਾਂ ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਤਿਕਾਰ ਕਰਨਾ

1.7.3 ਸੁਤੰਤਰਤਾ, ਸੰਘਰਸ਼ ਨੂੰ ਪ੍ਰੇਰਿਤ ਕਰਨ ਵਾਲੇ ਉੱਚ ਆਦਰਸ਼ਾਂ ਦੀ ਪਾਲਣਾ ਕਰਨਾ ਤੇ ਆਦਰ ਕਰਨਾ

1.7.4 ਭਾਰਤ ਦੀ ਪ੍ਰਭੂੱਸਤਾ, ਏਕਤਾ ਅਤੇ ਅਖੰਡਤਾ ਦਾ ਸਮਰਥਨ ਅਤੇ ਰੱਖਿਆ ਕਰਨੀ

1.7.5 ਦੇਸ਼ ਦੀ ਰੱਖਿਆ ਅਤੇ ਜ਼ਰੂਰਤ ਪੈਣ ਤੇ ਰਾਸ਼ਟਰੀ ਸੇਵਾ ਕਰਨੀ

1.7.6 ਭਾਰਤ ਦੇ ਸਾਰੇ ਲੋਕਾਂ ਵਿਚ ਮੇਲ–ਮਿਲਾਪ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਕਰਨਾ ਅਤੇ ਇਸਤਰੀਆਂ ਦੇ ਗੌਰਵ ਦੀ ਨਿਰਾਦਰੀ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗ ਕਰਨਾ

1.7.7 ਮਿਲੀ–ਜੁਲੀ ਸੰਸਕ੍ਰਿਤੀ ਦੇ ਸੰਪੰਨ ਵਿਰਸੇ ਦਾ ਆਦਰ ਕਰਨਾ ਅਤੇ ਇਸ ਨੂੰ ਕਾਇਮ ਰੱਖਣਾ

1.7.8 ਕੁਦਰਤੀ ਵਾਤਾਵਰਣ ਨੂੰ ਸੁਰੱਖਿਅਤ ਰਖਣਾ ਅਤੇ ਉਸ ਨੂੰ ਬੇਹਤਰ ਬਣਾਉਣਾ

1.7.9 ਵਿਗਿਆਨਕ ਸੁਭਾਅ, ਮਨੁੱਖਤਾ–ਵਾਦ ਦੀ ਜਾਂਚ ਕਰਨਾ ਅਤੇ ਸੁਧਾਰ ਕਰਨ ਦੀ ਭਾਵਨਾ ਵਿਕਸਿਤ ਕਰਨੀ

1.7.10 ਜਨਤਕ ਸੰਪਤੀ ਦੀ ਰੱਖਿਆ ਕਰਨਾ ਅਤੇ ਹਿੰਸਾ ਦਾ ਤਿਆਗ ਕਰਨਾ

1.7.10.1 ਵਿਅਕਤੀਗਤ ਅਤੇ ਸਮੂਹਿਕ ਗਤੀਵਿਧੀਆਂ ਦੇ ਹਰੇਕ ਖੇਤਰ ਵਿਚ ਉਤਮਤਾ ਪ੍ਰਾਪਤ ਕਰਨ ਦਾ ਯਤਨ ਕਰਨ ਤਾਂ ਜੋ ਰਾਸ਼ਟਰ ਯਤਨਾਂ ਅਤੇ ਪ੍ਰਾਪਤੀਆਂ ਦੇ ਉੱਚ ਪੱਧਰਾਂ ਵੱਲ ਲਗਾਤਾਰ ਵਧਦਾ ਰਹੇ।

1.7.10.2 ਸਵੈ–ਪਰਖ ਅਭਿਆਸ

1.7.10.3 ਮੌਲਿਕ ਕਰਤੱਵਾਂ ਦੀ ਆਲੋਚਨਾ

1.7.10.4 ਮੌਲਿਕ ਕਰਤੱਵਾਂ ਦੀ ਮਹੱਤਤਾ

1.7.10.5 ਅਧਿਕਾਰ ਅਤੇ ਕਰਤੱਵਾਂ ਵਿਚ ਸੰਬੰਧ

1.7.10.6 ਸਿੱਟਾ

1.7.10.7 ਸਵੈ–ਪਰਖ ਅਭਿਆਸ

1.7.10.8 ਜ਼ਰੂਰੀ ਪੁਸਤਕਾਂ ਸਬੰਧੀ ਜਾਣਕਾਰੀ

1.7.0 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਮੌਲਿਕ ਕਰਤਵਾਂ ਦੇ ਅਧਿਐਨ ਦਾ ਮੁਲਾਂਕਣ ਕਰਨਾ ਹੈ। ਸੰਵਿਧਾਨ ਵਿਚ ਅੰਕਿਤ ਮੌਲਿਕ ਕਰਤੱਵ ਨਿਰਸੰਦੇਹ ਭਾਰਤੀ ਰਾਸ਼ਟਰ ਦੇ ਹਿੱਤ ਵਿੱਚ ਹਨ ਅਤੇ ਅਜਿਹੇ ਕਰਤੱਵਾਂ ਦੀ ਪਾਲਣਾ ਭਾਰਤੀ ਸਮਾਜ ਦੀ ਨਵ–ਉਸਾਰੀ ਵਿਚ ਕਾਫ਼ੀ ਜ਼ਿਆਦਾ ਸਹਾਇਕ ਸਿੱਧ ਹੋਵੇਗੀ ਪਰ ਇਹਨਾਂ ਮੌਲਿਕ ਕਰਤੱਵਾਂ ਨੂੰ ਵਿਵਹਾਰਿਕ ਪੱਖ ਤੋਂ ਉਪਯੋਗੀ ਬਣਾਉਣ ਲਈ ਕੁਝ ਪ੍ਰਭਾਵਸ਼ਾਲੀ ਕਾਰਵਾਈਆਂ ਜ਼ਰੂਰੀ ਹਨ। 1976 ਵਿੱਚ ਸੰਵਿਧਾਨ ਦੀ 42ਵੀਂ ਸੋਧ ਦੁਆਰਾ ਭਾਰਤੀ ਸੰਵਿਧਾਨ ਵਿਚ ਇਕ ਨਵਾਂ ਭਾਗ ''**IV A** ਮੌਲਿਕ ਕਰਤੱਵ'' (Part IV-A Fundamental Duties) ਅੰਕਿਤ ਕੀਤਾ ਗਿਆ।

1.7.1 ਜਾਣ-ਪਛਾਣ

ਕਈ ਦੇਸ਼ਾਂ ਦੇ ਸੰਵਿਧਾਨਾਂ ਵਿਚ ਮੌਲਿਕ ਅਧਿਕਾਰਾਂ ਦੇ ਨਾਲ ਮੌਲਿਕ ਕਰਤੱਵ ਵੀ ਅੰਕਿਤ ਕੀਤੇ ਗਏ ਹਨ। ਪਰ ਜਦੋਂ ਭਾਰਤੀ ਸੰਵਿਧਾਨ ਦਾ ਨਿਰਮਾਣ ਹੋਇਆ ਤਾਂ ਇਸ ਵਿਚ ਅੰਕਿਤ ਅਧਿਕਾਰ ਤਾਂ ਅੰਕਿਤ ਕੀਤੇ ਗਏ, ਪਰ ਅਧਿਕਾਰਾਂ ਦੇ ਨਾਲ ਕਰਤੱਵਾਂ ਦੀ ਕੋਈ ਵਿਵਸਥਾ ਨਾ ਕੀਤੀ ਗਈ। 1976 ਵਿੱਚ ਸੰਵਿਧਾਨ ਦੀ 42ਵੀਂ ਸੋਧ ਦੁਆਰਾ ਭਾਰਤੀ ਸੰਵਿਧਾਨ ਵਿਚ ਇਕ ਨਵਾਂ ਭਾਗ ''**IV A** ਮੌਲਿਕ ਕਰਤੱਵ'' (Part IV-A Fundamental Duties) ਅੰਕਿਤ ਕੀਤਾ ਗਿਆ। ਆਧੁਨਿਕ ਰਾਜਾਂ ਵਿੱਚ ਬੁਨਿਆਦੀ ਅਧਿਕਾਰਾਂ ਦੇ ਨਾਲ-ਨਾਲ ਮੌਲਿਕ ਕਰਤੱਵਾਂ ਨੂੰ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਮੌਲਿਕ ਕਰਤੱਵ ਉਹ ਲਾਜ਼ਮੀ ਜ਼ਿੰਮੇਵਾਰੀਆਂ ਹੁੰਦੀਆਂ ਹਨ ਜਿਹੜੀਆਂ ਕਿਸੇ ਵਿਅਕਤੀ ਨੂੰ ਦੂਜੇ ਵਿਅਕਤੀਆਂ, ਰਾਜ, ਰਾਸ਼ਟਰ ਅਤੇ ਸਮਾਜ ਵੱਲ ਨਿਭਾਉਣੀਆਂ ਪੈਂਦੀਆਂ ਹਨ। ਜਦੋਂ ਵਿਅਕਤੀ ਆਪਣੇ ਬਹੁ-ਮੁੱਖੀ ਵਿਕਾਸ ਦੇ ਲਈ ਲੋੜੀਂਦੀਆਂ ਸਹੂਲਤਾਂ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਹੋਰ ਵਿਅਕਤੀਆਂ, ਸਮਾਜ, ਰਾਜ ਤੇ ਰਾਸ਼ਟਰ ਦੇ ਵਿਕਾਸ ਦੇ ਲਈ ਕੁਝ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ। ਇਹ ਲਾਜ਼ਮੀ ਸ਼ਰਤਾਂ ਜਾਂ ਜ਼ੁੰਮੇਵਾਰੀਆਂ ਹੀ ਉਸ ਦੇ ਮੌਲਿਕ ਕਰਤੱਵ ਹਨ।

ਕਈ ਦੇਸ਼ਾਂ ਦੇ ਸੰਵਧਾਨ ਜਿਹਾ ਕਿ ਇਟਲੀ, ਜਾਪਾਨ, ਚੀਨ, ਹੰਗਰੀ, ਬੁਲਗਾਰੀਆ, ਸੋਵੀਅਤ ਸੰਘ, ਕੋਰੀਆ, ਲੋਕਤੰਤਰੀ ਗਣਰਾਜ ਆਦਿ ਵਿਚ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਮੌਲਿਕ ਕਰਤੱਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਜਦੋਂ ਸੁਤੰਤਰ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਸੀ ਤਦ ਉਸ ਵਿਚ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਤਾਂ ਵਰਨਣ ਕੀਤਾ ਗਿਆ ਸੀ ਪਰ ਮੌਲਿਕ ਕਰਤੱਵਾਂ ਦਾ ਸਪੱਸ਼ਟ ਰੂਪ ਵਿਚ ਕਿਧਰੇ ਵੀ ਜ਼ਿਕਰ ਨਹੀਂ ਸੀ ਕੀਤਾ ਗਿਆ। ਪਰ 1976 ਵਿਚ ਸੰਵਿਧਾਨ ਦੀ 42ਵੀ ਸੋਧ ਰਾਹੀਂ ਭਾਰਤੀ ਸੰਵਿਧਾਨ ਵਿਚ ਇਕ ਨਵਾਂ ਭਾਗ IV-A ਅਨੁਛੇਦ 51-A ਅੰਕਿਤ ਕੀਤਾ ਗਿਆ। ਇਸ ਨਵੇਂ ਭਾਗ ਵਿਚ ਭਾਰਤੀ ਨਾਗਰਿਕਾਂ ਦੇ ਲਈ 10 ਕਿਸਮ ਦੇ ਕਰਤੱਵ ਦਰਜ ਕੀਤੇ ਗਏ ਹਨ। ਇਕ ਬਾਅਦ ਵਿੱਚ ਸੰਵਿਧਾਨ ਦੀ 86ਵੀਂ ਸੋਧ (2002) ਰਾਹੀਂ ਇਕ ਹੋਰ ਮੌਲਿਕ ਕਰਤੱਵ ਜੋੜ ਦਿੱਤਾ ਗਿਆ। ਇਸ ਤਰ੍ਹਾਂ ਹੁਣ ਇਨ੍ਹਾਂ ਦੀ ਗਿਣਤੀ 7 ਹੋ ਗਈ ਹੈ। ਇਹ ਮੌਲਿਕ ਕਰਤੱਵ ਸੰਵਿਧਾਨਕ ਸੁਧਾਰਾਂ ਦੇ ਲਈ ਨਿਯੁੱਕਤ ਕੀਤੀ ਗਈ ਸਵਰਨ ਸਿੰਘ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਅੰਕਿਤ ਕੀਤੇ ਗਏ ਹਨ। ਇਹ ਮੌਲਿਕ ਕਰਤੱਵ ਹੇਠ ਲਿਖੇ ਅਨੁਸਾਰ ਹਨ :

ਕਰਤੱਵ ਕੀ ਹੈ? (What is Duty?) :- ਵਿਅਕਤੀ ਆਪਣੇ ਹਿੱਤਾਂ ਲਈ ਆਪਣੀ ਇੱਛਾ ਅਨੁਸਾਰ ਕੰਮ ਕਰਦਾ ਹੈ ਤੇ ਅਨੇਕਾਂ ਕੰਮ ਨਹੀਂ ਕਰਦਾ। ਆਪਣੀ ਇੱਛਾ ਅਨੁਸਾਰ ਕੰਮ ਕਰਨ ਜਾਂ ਨਾ ਕਰਨ ਨੂੰ ਕਰਤੱਵ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਜਿਹਾ ਕਰਨ ਨਾਲ ਸਮਾਜ ਵਿੱਚ ਅਰਾਜਕਤਾ (Anarchy) ਫੈਲ ਜਾਵੇਗੀ। ਕਰਤੱਵ ਤੋਂ ਭਾਵ ਉਹਨਾਂ ਕੰਮਾਂ ਤੋਂ ਹੈ ਜੋ ਵਿਅਕਤੀ ਆਪਣੇ ਹਿੱਤ ਲਈ ਆਪਣੀ ਇੱਛਾ ਅਨੁਸਾਰ ਨਹੀਂ, ਸਗੋਂ ਨਿਸ਼ਚਿਤ ਨੈਤਿਕ ਸਿਧਾਂਤਾਂ (Moral Principles) ਅਤੇ ਕਾਨੂੰਨਾਂ ਦੇ ਆਧਾਰ ਤੇ ਕਰਦਾ ਹੈ। ਸਮਾਜ ਦੇ ਨੈਤਿਕ ਸਿਧਾਂਤ ਅਤੇ ਰਾਜ ਦੇ ਕਾਨੂੰਨ ਵਿਅਕਤੀ ਲਈ ਕੁਝ ਕੰਮ ਕਰਨ ਲਈ ਅਤੇ ਕੁਝ ਨਾ ਕਰਨ ਲਈ ਨਿਸ਼ਚਿਤ ਕਰਦੇ ਹਨ। ਇਹਨਾਂ ਨਿਸ਼ਚਿਤ ਕੰਮਾਂ ਦੀ ਪਾਲਣਾ ਨੂੰ ਹੀ ਕਰਤੱਵ ਕਿਹਾ ਜਾਂਦਾ ਹੈ। ਇਹ ਗੱਲ ਵਰਣਨਯੋਗ ਹੈ ਕਿ ਅਜਿਹੇ ਨਿਸ਼ਚਿਤ ਕੰਮਾਂ ਦੀ ਪਾਲਣਾ ਵਿਅਕਤੀ ਦੀ ਇੱਛਾ ਤੇ ਨਿਰਭਰ ਨਹੀਂ ਹੁੰਦੀ, ਸਗੋਂ ਇਹਨਾਂ ਕੰਮਾਂ ਦੀ ਪਾਲਣਾ ਕਰਨੀ ਵਿਅਕਤੀ ਲਈ ਲਾਜ਼ਮੀ ਹੁੰਦੀ ਹੈ। ਸਾਡੇ ਸਵਰਗਵਾਸੀ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਦੇ ਸ਼ਬਦਾਂ ਵਿਚ, ''ਕਰਤੱਵ ਆਗਿਆ ਦਾ ਅੰਧਾ-ਧੁੰਦ ਪਾਲਣ ਨਹੀਂ ਹੈ, ਸਗੋਂ ਇਹ ਆਪਣੀਆਂ ਬੰਦਿਸ਼ਾਂ ਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਤੀਬਰ ਇੱਛਾ ਹੈ।

1.7.2 ਸੰਵਿਧਾਨ ਦੀ ਪਾਲਣਾ ਕਰਨਾ ਉਸ ਦੇ ਆਦਰਸ਼ਾਂ, ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਤਿਕਾਰ ਕਰਨਾ (To abide by the Constitution and respect its Ideals and Institutions, National Flag and National Anthem) :

ਸੰਵਿਧਾਨ ਵਿਚ ਹਰੇਕ ਵਿਅਕਤੀ ਨੂੰ ਵਿਸ਼ਵਾਸ ਰੱਖਣਾ ਚਾਹੀਦਾ ਹੈ ਅਤੇ ਇਸ ਦਾ ਸਤਿਕਾਰ ਕਰਨਾ ਚਾਹੀਦਾ

ਹੈ ਕਿਉਂ ਜੋ ਇਹ ਦੇਸ਼ ਦਾ ਸਰਵਉੱਚ ਕਾਨੂੰਨ ਹੁੰਦਾ ਹੈ। ਧਰਮ ਨਿਰਪੱਖਤਾ, ਰਾਸ਼ਟਰੀ ਏਕਤਾ ਅਤੇ ਅਖੰਡਤਾ ਲੋਕਤੰਤਰ ਸਮਾਜਵਾਦ, ਰਾਸ਼ਟਰੀ ਪ੍ਰਭੂਸੱਤਾ, ਆਦਿ ਕੁਝ ਅਜਿਹੇ ਪਵਿੱਤਰ ਆਦਰਸ਼ ਹਨ ਜੋ ਕਿ ਭਾਰਤੀ ਸੰਵਿਧਾਨ ਆਧਾਰਸ਼ਿਲਾ ਹਨ ਜਿਨ੍ਹਾਂ ਦਾ ਆਦਰ ਕਰਨਾ ਹਰੇਕ ਭਾਰਤੀ ਨਾਗਰਿਕ ਦਾ ਮੌਲਿਕ ਫਰਜ਼ ਬਣ ਜਾਂਦਾ ਹੈ। ਰਾਸ਼ਟਰ ਦੇ ਪ੍ਰਤੀਕ ਰਾਸ਼ਟਰੀ ਗੀਤ ਰਾਸ਼ਟਰੀ ਝੰਡੇ ਦਾ ਸਤਿਕਾਰ ਕਰਨਾ ਵੀ ਹਰੇਕ ਨਾਗਰਿਕ ਦਾ ਕਰਤੱਵ ਹੈ। ਇਸ ਕਰਕੇ ਸੰਵਿਧਾਨ ਵਿੱਚ ਭਾਰਤੀ ਨਾਗਰਿਕਾਂ ਦਾ ਇਹ ਮੌਲਿਕ ਕਰਤੱਵ ਸ਼ਾਮਿਲ ਕੀਤਾ ਗਿਆ ਹੈ ਤਾਂ ਕਿ ਉਹ ਸੰਵਿਧਾਨ ਦੀ ਪਾਲਣਾ ਕਰਨ, ਇਸ ਦੇ ਆਦਰਸ਼ਾਂ, ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਆਦਰ ਕਰਨਾ।

1.7.3 ਸੁਤੰਤਰਤਾ, ਸੰਘਰਸ਼ ਨੂੰ ਪ੍ਰੇਰਿਤ ਕਰਨ ਵਾਲੇ ਉੱਚ ਆਦਰਸ਼ਾਂ ਦੀ ਪਾਲਣਾ ਕਰਨਾ ਤੇ ਆਦਰ ਕਰਨਾ (To cherish and follow the noble ideals which inspired our national struggle for freedom)

ਕਾਫੀ ਲੰਬੇ ਸਮੇਂ ਦੀ ਜਦੋਂ ਜਹਿਦ ਤੋਂ ਬਾਅਦ ਭਾਰਤੀਆਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੀ ਪੰਜਾਲੀ ਤੋਂ ਮੁਕਤੀ ਪ੍ਰਾਪਤ ਹੋਈ। ਇਸ ਸੰਘਰਸ਼ ਵਿਚ ਹਜ਼ਾਰਾਂ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਦੇਸ਼ ਤੋਂ ਕੁਰਬਾਨ ਕੀਤੀਆਂ। ਲੱਖਾਂ ਲੋਕ ਜੇਲਾਂ ਵਿੱਚ ਗਏ ਅਤੇ ਅਨੇਕਾਂ ਤਸੀਹੇ ਸਹਿਣ ਕੀਤੇ। ਸੁਤੰਤਰਤਾ ਅੰਦੋਲਨ ਕੁਝ ਆਦਰਸ਼ਾਂ ਉੱਤੇ ਆਧਾਰਿਤ ਹੋਣ ਕਰਕੇ ਹੀ ਆਮ ਜਨਤਾ ਵਿਚ ਹਰਮਨ-ਪਿਆਰਾ ਹੋਇਆ ਸੀ। ਇਹ ਆਦਰਸ਼ ਸਨ-ਅਹਿੰਸਾ, ਸੰਵਿਧਾਨਕ ਸਾਧਨਾਂ ਤੇ ਵਿਸ਼ਵਾਸ, ਧਰਮ ਨਿਰਪੱਖਤਾ, ਸਾਂਝੀਵਾਲਤਾ, ਰਾਸ਼ਟਰੀਏਕਤਾ ਤੇ ਭੇਦਭਾਵ ਵਿਰੁੱਧ ਸੰਘਰਸ਼, ਦੇਸ਼ ਪਿਆਰ ਆਦਿ। ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਭਾਰਤ ਦਾ ਇਹਨਾਂ ਮਹਾਨ ਆਦਰਸ਼ਾਂ ਦੇ ਆਧਾਰ ਤੇ ਪੁਨਰ ਨਿਰਮਾਣ ਕੀਤਾ ਜਾ ਸਕਦਾ ਹੈ। ਇਸ ਲਈ ਮੌਲਿਕ ਕਰਤੱਵਾਂ ਵਿਚ ਇਹ ਅੰਕਿਤ ਕੀਤਾ ਗਿਆ ਹੈ ਕਿ, ''ਹਰੇਕ ਭਾਰਤੀ ਨਾਗਰਿਕ ਦਾ ਇਹ ਕਰਤੱਵ ਹੈ ਕਿ ਉਹ ਸੁਤੰਤਰਤਾ ਦੀ ਪ੍ਰਾਪਤੀ ਲਈ ਕੀਤੇ ਗਏ ਰਾਸ਼ਟਰੀ ਸੰਘਰਸ਼ ਨੂੰ ਉਤਸ਼ਾਹਿਤ ਕਰਨ ਵਾਲੇ ਆਦਰਸ਼ਾਂ ਦਾ ਸਨਮਾਨ ਅਤੇ ਪਾਲਣਾ ਕਰੇ।'' ਇਹਨਾਂ ਉੱਚ ਆਦਰਸ਼ਾਂ ਦੀ ਪਾਲਣਾ ਕਰਕੇ ਹੀ ਦੇਸ਼ ਵਿੱਚ ਆਰਥਿਕ-ਸਮਾਜਿਕ ਕਰਾਂਤੀ ਲਿਆਂਦੀ ਜਾ ਸਕਦੀ ਹੈ।

1.7.4 ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਦਾ ਸਮਰਥਨ ਅਤੇ ਰੱਖਿਆ ਕਰਨੀ (To uphold and protect the sovereignty and integrity of India)

26 ਜਨਵਰੀ 1950 ਤੋਂ ਭਾਰਤ ਨੇ ਪੂਰਨ ਰੂਪ ਵਿੱਚ ਪ੍ਰਭੂਤਾਸ਼ਾਲੀ ਰਾਜ ਦਾ ਰੁਤਬਾ ਗ੍ਰਹਿਣ ਕਰ ਲਿਆ। ਕੁਝ ਸਵਾਰਥੀ ਲੋਕ ਭਾਰਤੀਆਂ ਦੇ ਏਕੇ ਨੂੰ ਭੰਗ ਕਰਨ ਦੇ ਕੋਝੇ ਯਤਨਾਂ ਵਿਚ ਲੱਗੇ ਰਹਿੰਦੇ ਹਨ। ਉਹਨਾਂ ਦੀਆਂ ਵੱਖਵਾਦੀ ਪ੍ਰਵਿਰਤੀਆਂ ਨੂੰ ਰੋਕਣ ਦੇ ਲਈ ਮੌਲਿਕ ਕਰਤੱਵਾਂ ਵਿਚ ਇਹ ਅੰਕਿਤਾ ਕੀਤਾ ਗਿਆ ਹੈ ਕਿ ਹਰੇਕ ਭਾਰਤੀ ਨਾਗਰਿਕ ਦਾ ਇਹ ਕਰਤੱਵ ਹੈ ਕਿ ਉਹ ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਦਾ ਸਮਰਥਨ ਅਤੇ ਰੱਖਿਆ ਕਰੇ।

1.7.5 ਦੇਸ਼ ਦੀ ਰੱਖਿਆ ਅਤੇ ਜ਼ਰੂਰਤ ਪੈਣ ਤੇ ਰਾਸ਼ਟਰੀ ਸੇਵਾ ਕਰਨੀ (To defend the country and render national service when called upon to do so)

ਹਰੇਕ ਭਾਰਤੀ ਨਾਗਰਿਕ ਦਾ ਇਹ ਪਹਿਲਾ ਕਰਤੱਵ ਹੈ ਕਿ ਉਹ ਆਪਣੇ ਦੇਸ਼ ਦੀ ਰੱਖਿਆ ਦੇ ਲਈ ਤਨ ਮਨ ਧਨ ਸਭ ਕੁਝ ਨਿਛਾਵਰ ਕਰ ਦੇਵੇ : ਚੀਨ, ਰੂਸ, ਅਮਰੀਕਾ ਜਿਹੇ ਦੇਸ਼ਾਂ ਵਿਚ ਸਰੀਰਕ ਅਤੇ ਦਿਮਾਗੀ ਤੌਰ ਤੇ ਹਰੇਕ ਸਿਹਤਮੰਦ ਨਾਗਰਿਕ ਨੂੰ ਕੁਝ ਸਮੇਂ ਲਈ ਲਾਜ਼ਮੀ ਸੈਨਿਕ ਸੇਵਾ ਕਰਨੀ ਪੈਂਦੀ ਹੈ। ਕਈ ਦੇਸ਼ਾਂ ਵਿਚ ਯੁੱਧ ਕਾਲ ਦੌਰਾਨ ਜਾਂ ਸੰਕਟ ਕਾਲ ਦੌਰਾਨ ਜਾਂ ਸੰਕਟ ਕਾਲ ਸਮੇਂ ਲਾਜ਼ਮੀ ਸੈਨਿਕ ਭਰਤੀ ਕੀਤੀ ਜਾਂਦੀ ਹੈ। ਭਾਰਤ ਵਿਚ ਅਜਿਹਾ ਕਰਨ ਦੀ ਕੋਈ ਵਿਵਸਥਾ ਨਹੀਂ। ਇਸ ਕਰਕੇ ਮੌਲਿਕ ਕਰਤੱਵਾਂ ਵਿਚ ਇਹ ਅੰਕਿਤ ਕੀਤਾ ਗਿਆ ਹੈ ਕਿ ਹਰੇਕ ਭਾਰਤੀ ਨਾਗਰਿਕ ਦਾ ਇਹ ਫਰਜ਼ ਹੈ ਕਿ ਉਹ ਦੇਸ਼ ਦੀ ਰੱਖਿਆ ਕਰੇ ਜਦੋਂ ਜ਼ਰੂਰਤ ਹੋਵੇ ਉਹ ਰਾਸ਼ਟਰੀ ਸੇਵਾ ਕਰਨ ਲਈ ਤਿਆਰ ਕਰੇ।

1.7.6 ਭਾਰਤ ਦੇ ਸਾਰੇ ਲੋਕਾਂ ਵਿਚ ਮੇਲ-ਮਿਲਾਪ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਦਾ

ਵਿਕਾਸ ਕਰਨਾ ਅਤੇ ਇਸਤਰੀਆਂ ਦੇ ਗੌਰਵ ਦੀ ਨਿਰਾਦਰੀ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗ ਕਰਨਾ (To promote harmony and spirit of common brotherhood amongst all the people of India and to renounce practices derogatory to the dignity of women)

ਭਾਰਤ 29 ਰਾਜਾਂ ਤੇ 7 ਸੰਘ ਖੇਤਰਾਂ ਦਾ ਵਿਸ਼ਾਲ ਦੇਸ਼ ਹੈ। ਇਸ ਵਿਚ ਅਨੇਕਾਂ ਧਰਮਾਂ, ਭਾਸ਼ਾਵਾਂ ਖੇਤਰਾਂ ਅਤੇ ਸੰਸਕ੍ਰਿਤੀਆਂ ਨਾਲ ਸੰਬੰਧ ਰੱਖਣ ਵਾਲੇ ਲੋਕ ਰਹਿੰਦੇ ਹਨ। ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਣਾਈ ਰੱਖਣ ਦੇ ਲਈ ਇਹਨਾਂ ਲੋਕਾਂ ਦੇ ਵਿਚ ਮੇਲ ਮਿਲਾਪ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਕਰਨਾ ਅਤਿ ਜ਼ਰੂਰੀ ਹੈ। ਅੰਗਰੇਜ਼ਾਂ ਦੀ ''ਫੁੱਟ ਪਾਓ ਤੇ ਰਾਜ ਕਰੋ'' ਦੀ ਨੀਤੀ ਕਰਕੇ ਭਾਰਤ ਵਿਚ ਰਹਿ ਰਹੇ ਵੱਖ ਵੱਖ ਫਿਰਕਿਆਂ ਜਾਤੀਆਂ ਅਤੇ ਧਰਮਾਂ ਦੇ ਲੋਕਾਂ ਵਿਚ ਨਫਰਤ ਦੀ ਭਾਵਨਾ ਪੈਦਾ ਹੋਈ ਅਤੇ ਆਖਿਰ ਵਿਚ ਸੰਪਰਦਾਇਕਤਾ ਦੇ ਆਧਾਰ ਤੇ ਦੇਸ਼ ਦੀ ਵੰਡ ਹੋਈ। ਰਾਸ਼ਟਰੀ ਏਕੀਕਰਨ ਦੇ ਰਾਹ ਵਿਚੋਂ ਜਾਤੀਵਾਦ, ਖੇਤਰੀਵਾਦ, ਭਾਸ਼ਾਵਾਦ, ਧਰਮਵਾਦ ਜਾਂ ਸੰਪਰਦਾਇਕਤਾ ਜਿਹੀਆਂ ਰੁਕਾਵਟਾਂ ਨੂੰ ਦੂਰ ਕਰਨ ਦੇ ਲਈ ਮੌਲਿਕ ਕਰਤੱਵਾਂ ਵਿਚ ਇਹ ਵਿਵਸਥਾ ਕੀਤੀ ਗਈ ਕਿ, ''ਹਰੇਕ ਭਾਰਤੀ ਨਾਗਰਿਕ ਦਾ ਕਰਤੱਵ ਹੈ ਕਿ ਉਹ ਧਾਰਮਿਕ, ਭਾਸ਼ਾਈ ਅਤੇ ਖੇਤਰੀ ਵਰਗੀਆਂ ਭਿੰਨਤਾਵਾਂ ਤੋਂ ਉਪਰ ਉੱਠ ਕੇ ਭਾਰਤ ਦੇ ਲੋਕਾਂ ਵਿਚ ਸੁਮੇਲਤਾ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਵਿਕਸਿਤ ਕਰੇ।''

ਭਾਰਤੀ ਸਮਾਜ ਵਿੱਚ ਅਜੇ ਵੀ ਔਰਤ ਦੀ ਸਥਿਤੀ ਗੌਰਵਮਈ ਨਹੀਂ ਹੈ, ਉਹ ਪੱਛੜੀ ਹੋਈ ਹੈ। ਔਰਤਾਂ ਦੀ ਸਮਾਜਿਕ ਤੇ ਆਰਥਿਕ ਹਾਲਤ ਸੁਧਾਰਨ ਅਤੇ ਉਹਨਾਂ ਦੇ ਸ਼ੋਸ਼ਣ ਤੇ ਨੈਤਿਕ ਪਤਨ ਰੋਕਣ ਦੇ ਲਈ ਇਹ ਜ਼ਰੂਰੀ ਹੈ ਕਿ ਅਜਿਹੇ ਸਾਰੇ ਵਿਹਾਰਾਂ ਨੂੰ ਤਿਆਗ ਦਿੱਤਾ ਜਾਵੇ ਜਿਹੜੇ ਕਿਸੇ ਵੀ ਤਰ੍ਹਾਂ ਉਹਨਾਂ ਦੇ ਮਾਨ ਆਦਰ ਵਿਰੁੱਧ ਹਨ। ਭਾਰਤੀ ਨਾਗਰਿਕਾਂ ਨੂੰ ਔਰਤਾਂ ਦੀ ਸਥਿਤੀ ਸੁਧਾਰਣ ਦੇ ਲਈ ਪ੍ਰੇਰਨਾ ਦੇਣ ਦੇ ਮੰਤਵ ਨਾਲ ਮੌਲਿਕ ਕਰਤੱਵਾਂ ਵਿਚ ਇਹ ਦਰਸਾਇਆ ਗਿਆ ਹੈ ਕਿ , ''ਹਰੇਕ ਭਾਰਤੀ ਨਾਗਰਿਕ ਦਾ ਇਹ ਕਰਤੱਵ ਹੈ ਕਿ ਉਹ ਇਸਤਰੀਆਂ ਦੇ ਗੌਰਵ ਦੀ ਨਿਰਾਦਰੀ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗ ਕਰੇ।''

1.7.7 ਮਿਲੀ-ਜੁਲੀ ਸੰਸਕ੍ਰਿਤੀ ਦੇ ਸੰਪੰਨ ਵਿਰਸੇ ਦਾ ਆਦਰ ਕਰਨਾ ਅਤੇ ਇਸ ਨੂੰ ਕਾਇਮ ਰੱਖਣਾ (To value and preserve the rich heritage of our composite culture)

ਭਾਰਤ ਤੇ ਗੌਰਵਮਈ ਵਿਰਸੇ ਵਿਚ ਅਨੇਕਾਂ ਸੰਸਕ੍ਰਿਤੀਆਂ ਦਾ ਮਿਸ਼ਰਣ ਹੈ। ਭਾਰਤ ਦੀ ਮਿਲੀ-ਜੁਲੀ ਸੰਸਕ੍ਰਿਤੀ ਕਈ ਸੋ ਵਰ੍ਹਿਆ ਦੇ ਵਿਕਾਸ ਦਾ ਸਿੱਟਾ ਹੈ ਅਤੇ ਕਈ ਉੱਚ-ਮੁੱਲਾਂ ਤੇ ਆਦਰਸ਼ਾਂ ਨਾਲ ਭਰਪੂਰ ਹੈ। ਪਰ ਅੱਜ ਦੀ ਮੌਜੂਦਾ ਪੀੜ੍ਹੀ ਵਿਦੇਸ਼ੀ ਸਭਿਅਤਾ ਅਤੇ ਵਿਸ਼ੇਸ਼ ਕਰਕੇ ਪੱਛਮੀ ਸਭਿਅਤਾ ਦੇ ਪ੍ਰਭਾਵਾਂ ਹੇਠ ਏਨੀ ਜ਼ਿਆਦਾ ਆ ਚੁੱਕੀ ਹੈ ਕਿ ਉਹ ਆਪਣੇ ਸੱਭਿਆਚਾਰ ਨੂੰ ਹੀ ਭੁੱਲ ਬੈਠੇ ਹਨ। ਭਾਰਤੀ ਸੱਭਿਆਚਾਰ ਦਾ ਵਿਰਸਾ ਸੰਪੰਨ ਹੈ ਅਤੇ ਉਹ ਪੱਛਮੀ ਸੱਭਿਅਤਾ ਨਾਲੋਂ ਹਰੇਕ ਪੱਖੋਂ ਸ੍ਰੇਸ਼ਠ ਹੈ। ਸਾਡੇ ਸੱਭਿਆਚਾਰ ਬਾਰੇ ਖੋਜ ਕਰਕੇ ਨੌਜਵਾਨਾਂ ਨੂੰ ਜਾਣੂੰ ਕਰਵਾਇਆ ਜਾਵੇ। ਇਸ ਮੰਤਵ ਨੂੰ ਮੁੱਖ ਰੱਖਦਿਆਂ ਹੀ ਭਾਰਤ ਸਰਕਾਰ ਨੇ ਮੌਲਿਕ ਕਰਤੱਵਾਂ ਵਾਲੇ ਅਧਿਆਇ ਵਿੱਚ ਅੰਕਿਤ ਕੀਤਾ ਹੈ ਕਿ, ''ਹਰੇਕ ਭਾਰਤੀ ਨਾਗਰਿਕ ਦਾ ਇਹ ਕਰਤੱਵ ਹੈ ਕਿ ਉਹ ਮਿਲੇ-ਜੁਲੇ ਸੱਭਿਆਚਾਰ ਦਾ ਆਦਰ ਕਰੇ ਅਤੇ ਇਸ ਨੂੰ ਕਾਇਮ ਰੱਖੇ।''

1.7.8 ਕੁਦਰਤੀ ਵਾਤਾਵਰਣ ਨੂੰ ਸੁਰੱਖਿਅਤ ਰਖਣਾ ਅਤੇ ਉਸ ਨੂੰ ਬੇਹਤਰ ਬਣਾਉਣਾ (To Protect and improve natural environment)

ਮੌਲਿਕ ਕਰਤੱਵਾਂ ਵਿੱਚ ਇਸ ਗੱਲ ਦੀ ਵਿਵਸਥਾ ਕੀਤੀ ਗਈ ਹੈ ਕਿ ਜੰਗਲ, ਝੀਲ, ਨਦੀ ਅਤੇ ਜੰਗਲੀ ਜੀਵਨ ਜਿਹੇ ਕੁਦਰਤੀ ਵਾਤਾਵਰਣ ਨੂੰ ਸੁਰੱਖਿਅਤ ਰੱਖਿਆ ਜਾਵੇ, ਉਹਨਾਂ ਨੂੰ ਉੱਨਤ ਕੀਤਾ ਜਾਵੇ। ਜੀਵ, ਜੰਤੂਆਂ ਵੱਲ ਦਿਆ-ਭਾਵ ਰੱਖਵਾਲੀ ਕੀਤੀ ਜਾਵੇ। ਇਹਨਾਂ ਦੀ ਰੱਖਿਆ ਕਰਨੀ ਅਤੇ ਇਹਨਾਂ ਨੂੰ ਬੇਹਤਰ ਬਣਾਉਣਾ ਇਕ ਤਰ੍ਹਾਂ ਨਾਲ ਦੇਸ਼ ਦੀ ਖੁਸ਼ਹਾਲੀ ਵਿਚ ਵਾਧਾ ਕਰਨਾ ਹੈ। ਜੀਵ-ਜੰਤੂਆਂ ਪ੍ਰਤੀ ਦਿਆ ਭਾਵਨਾ ਦਾ ਪ੍ਰਗਟਾਵਾ ਕਰਨਾ ਸਾਡੀ ਸੰਸਕ੍ਰਿਤੀ ਦਾ ਅਭਿੰਨ ਅੰਗ ਹੈ। ਇਸ ਲਈ ''ਹਰੇਕ ਨਾਗਰਿਕ ਦਾ ਇਹ ਫਰਜ਼

ਹੈ ਕਿ ਉਹ ਜੰਗਲਾਂ, ਝੀਲਾਂ, ਦਰਿਆਵਾਂ ਅਤੇ ਜੰਗਲੀ ਜੀਵਨ ਸਮੇਤ ਕੁਦਰਤੀ ਵਾਤਾਵਰਣ ਦੀ ਰੱਖਿਆ ਤੇ ਸੁਧਾਰ ਕਰੇ ਅਤੇ ਜੀਵ ਜੰਤੂਆਂ ਵੱਲ ਦਿਆ ਕਰੇ।''

1.7.9 ਵਿਗਿਆਨਕ ਸੁਭਾਅ, ਮਨੁੱਖਤਾ-ਵਾਦ ਦੀ ਜਾਂਚ ਕਰਨਾ ਅਤੇ ਸੁਧਾਰ ਕਰਨ ਦੀ ਭਾਵਨਾ ਵਿਕਸਿਤ ਕਰਨੀ (To develop the scientific temper, humanism and the spirit of inquity and reform)

ਭਾਰਤ ਦੀ ਆਬਾਦੀ ਦਾ ਬਹੁਤ ਵੱਡਾ ਹਿੱਸਾ ਅਗਿਆਨਤਾ ਅਤੇ ਅੰਧ-ਵਿਸ਼ਵਾਸਾਂ ਨਾਲ ਗ੍ਰਸਤ ਹੈ। ਉਹ ਫਜ਼ੂਲ ਦੀਆਂ ਰਸਮਾਂ-ਰੀਤਾਂ ਨੂੰ ਮੰਨਦੇ ਹਨ ਅਤੇ ਵਹਿਮਾਂ ਦਾ ਸ਼ਿਕਾਰ ਹਨ। ਉਹਨਾਂ ਅੰਦਰ ਵਿਗਿਆਨਕ ਸੋਚ ਦੀ ਘਾਟ ਹੈ। ਉਹਨਾਂ ਅੰਦਰ ਤਰਕਸ਼ੀਲਤਾ ਦੀ ਘਾਟ ਹੈ। ਇਸ ਕਰਕੇ ਨਾ ਤਾਂ ਉਹਨਾਂ ਦਾ ਆਪਣਾ ਹੀ ਵਿਕਾਸ ਹੁੰਦਾ ਹੈ ਬਲਕਿ ਸਮਾਜ ਵੀ ਪੱਛੜਿਆਂ ਹੀ ਰਹਿੰਦਾ ਹੈ। ਮੌਲਿਕ ਕਰਤੱਵਾਂ ਵਿਚ ਨਾਗਰਿਕ ਦਾ ਇਕ ਮਹੱਤਵਪੂਰਨ ਫਰਜ਼ ਇਹ ਵੀ ਨਿਸ਼ਚਿਤ ਕੀਤਾ ਗਿਆ ਹੈ ਕਿ ਉਹ ਆਪਣੇ ਜੀਵਨ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਏ ਮਨੁੱਖਤਾਵਾਦ ਦਾ ਵਿਕਾਸ ਕਰੇ, ਖੋਜ ਕਰਨ ਦੀ ਆਦਤ ਪਾਏ ਅਤੇ ਸੁਧਾਰ ਸਬੰਧੀ ਕਾਰਜਾਂ ਵਿੱਚ ਹਿੱਸਾ ਲਵੇ।

1.7.10 ਜਨਤਕ ਸੰਪਤੀ ਦੀ ਰੱਖਿਆ ਕਰਨਾ ਅਤੇ ਹਿੰਸਾ ਦਾ ਤਿਆਗ ਕਰਨਾ To safeguard public property and to abjure violence).

ਜਨਤਕ ਸੰਪਤੀ ਦੇਸ਼ ਦਾ ਧਨ, ਸ਼ਕਤੀ ਅਤੇ ਖੁਸ਼ਹਾਲੀ ਦਾ ਸੋਮਾ ਹੁੰਦੀ ਹੈ। ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦਾ ਅਰਥ ਹੁੰਦਾ ਹੈ ਆਪਣਾ ਨੁਕਸਾਨ ਕਰਨਾ। ਪਰ ਰਾਸ਼ਟਰੀ ਚਰਿੱਤਰ ਦੀ ਘਾਟ ਹੋਣ ਕਰਕੇ ਕਈ ਵਾਰੀ ਸਵਾਰਥੀ ਹਿੱਤ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਆਮ ਜਨਤਾ, ਜਨਤਕ ਸੰਪਤੀ ਦੀ ਸੁਰੱਖਿਆ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦੇ। ਆਮ ਵੇਖਣ ਵਿਚ ਆਇਆ ਹੈ ਕਿ ਰਾਜਨੀਤਕ ਦਲ ਅਤੇ ਸਮਾਜ ਵਿਰੋਧੀ ਅਨਸਰ ਆਪਣੇ ਹਿੱਤਾਂ ਦੀ ਪੂਰਤੀ ਦੇ ਲਈ ਹਿੰਸਕ ਕਾਰਵਾਈਆਂ ਦਾ ਸਹਾਰਾ ਲੈਂਦੇ ਹਨ।ਅਜਿਹੀਆਂ ਹਿੰਸਕ ਕਾਰਵਾਈਆਂ ਸਮਾਜ ਦੇ ਸ਼ਾਂਤਮਈ ਮਹੌਲ ਨੂੰ ਅਸੁਖਾਵਾਂ ਬਣਾ ਦਿੰਦੀਆਂ ਹਨ ਅਤੇ ਰਾਸ਼ਟਰ ਦੀ ਪ੍ਰਗਤੀ ਦੇ ਰਾਹ ਵਿਚ ਰੁਕਾਵਟ ਬਣ ਜਾਂਦੀਆਂ ਹਨ। ਇਸ ਪਿਛੋਕੜ ਵਿਚ ਹੀ ਭਾਰਤੀ ਸੰਵਿਧਾਨ ਦੇ ਮੌਲਿਕ ਕਰਤੱਵਾਂ ਦੇ ਭਾਗ ਵਿਚ ਅੰਕਿਤ ਕੀਤਾ ਗਿਆ ਹੈ, ''ਹਰੇਕ ਭਾਰਤੀ ਨਾਗਰਿਕ ਦਾ ਕਰਤੱਵ ਹੈ ਕਿ ਉਹ ਜਨਤਕ ਸੰਪਤੀ ਦੀ ਰੱਖਿਆ ਕਰੇ ਅਤੇ ਹਿੰਸਾ ਦਾ ਤਿਆਗ ਕਰੇ।''

1.7.10.1 ਵਿਅਕਤੀਗਤ ਅਤੇ ਸਮੂਹਿਕ ਗਤੀਵਿਧੀਆਂ ਦੇ ਹਰੇਕ ਖੇਤਰ ਵਿਚ ਉਤਮਤਾ ਪ੍ਰਾਪਤ ਕਰਨ ਦਾ ਯਤਨ ਕਰਨ ਤਾਂ ਜੋ ਰਾਸ਼ਟਰ ਯਤਨਾਂ ਅਤੇ ਪ੍ਰਾਪਤੀਆਂ ਦੇ ਉੱਚ ਪੱਧਰਾਂ ਵੱਲ ਲਗਾਤਾਰ ਵਧਦਾ ਰਹੇ। (To strive towards excellence in all spheres of individual and collective activities so that the nation constantly rises to higher levels of endeavour and achievements.)

ਭਾਰਤੀ ਸੰਵਿਧਾਨ ਦੇ ਮੌਲਿਕ ਕਰਤੱਵਾਂ ਵਾਲੇ ਭਾਗ ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ, ''ਹਰੇਕ ਭਾਰਤੀ ਨਾਗਰਿਕ ਦਾ ਇਹ ਫਰਜ਼ ਹੈ ਕਿ ਉਹ ਵਿਅਕਤੀਗਤ ਅਤੇ ਸਮੂਹਕ ਗਤੀ ਵਿਧੀ ਦੇ ਹਰੇਕ ਖੇਤਰ ਵਿਚ ਉੱਤਮਤਾ ਪ੍ਰਾਪਤ ਕਰਨ ਦਾ ਯਤਨ ਕਰੇ ਤਾਂ ਜੋ ਰਾਸ਼ਟਰ ਯਤਨ ਅਤੇ ਪ੍ਰਾਪਤੀ ਦੇ ਉਚੇਰੇ ਪੱਧਰਾਂ ਪ੍ਰਤੀ ਨਿਰੰਤਰ ਵਧਦਾ ਰਹੇ।'' ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਕੋਈ ਵੀ ਰਾਸ਼ਟਰ ਤਦ ਹੀ ਉੱਨਤੀ ਕਰ ਸਕਦਾ ਹੈ ਜਦੋਂ ਉਸ ਦੇ ਨਾਗਰਿਕ ਮਿਹਨਤੀ, ਹੌਸਲੇ ਵਾਲੇ, ਸੱਚੇ ਅਤੇ ਨਿਡਰ ਹੋਣ ਅਤੇ ਵਿਅਕਤੀਗਤ ਤੇ ਜਨਤਕ ਜੀਵਨ ਵਿਚ ਉੱਚਾ ਉੱਠਣ ਲਈ ਨਿਰੰਤਰ ਯਤਨਸ਼ੀਲ ਹੋਣ, ਲਗਨ, ਮਿਹਨਤ ਤੇ ਉੱਤਮਤਾ ਭਰਪੂਰ ਕਾਰਜ ਹੀ ਹਰੇਕ ਵਿਅਕਤੀ ਰਾਸ਼ਟਰ ਦੇ ਪੁਨਰ-ਨਿਰਮਾਣ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ।

1.7.10.1A ਮਾਪਿਆਂ ਦਾ ਇਹ ਕਰਤੱਵ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਿਆ ਮੁਹਈਆ ਕਰਵਾਉਣ : 2002 ਵਿੱਚ ਸੰਵਿਧਾਨ ਦੀ 86ਵੀਂ ਸੋਧ ਰਾਹੀਂ ਇਹ ਵਿਵਸਥਾ ਕੀਤੀ ਗਈ

ਕਿ ਮਾਪੇ ਆਪਣੇ 6 ਤੋਂ 14 ਸਾਲ ਦੇ ਬੱਚਿਆਂ ਨੂੰ ਮੁਫਲੀ ਸਿੱਖਿਆ ਮੁਹੱਈਆ ਕਰਵਾਉਣ ਦਾ ਵਸੀਲੇ ਮੁਹੱਈਆ ਕਰਵਾਉਣਾ ਹੈ।

1.7.10.2 ਸਵੈ-ਪਰਖ ਅਭਿਆਸ

(i) ਕਿਹੜੀ ਸੋਧ ਰਾਹੀਂ ਤੇ ਕਦੋਂ ਮੌਲਿਕ ਕਰਤੱਵ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਗਏ ਹਨ?

(ii) ਮੌਲਿਕ ਕਰਤੱਵਾਂ ਪਿੱਛੇ ਕਾਨੂੰਨੀ ਸ਼ਕਤੀ ਕਿਹੜੀ ਹੈ?

(iii) ਕੋਈ ਦੋ ਮੌਲਿਕ ਕਰਤੱਵ ਬਿਆਨ ਕਰੋ।

(iv) ਮੌਲਿਕ ਕਰਤੱਵ ਸੰਵਿਧਾਨਕ ਸੁਧਾਰਾਂ ਦੇ ਲਈ ਕਿਹੜੀ ਨਿਯੁਕਤ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਅੰਕਿਤ ਕੀਤੇ ਗਏ ਹਨ।

ਉੱਤਰ :

(i) 1976 ਵਿੱਚ ਸੰਵਿਧਾਨ ਦੀ 42ਵੀਂ ਸੋਧ ਰਾਹੀਂ ਭਾਰਤੀ ਸੰਵਿਧਾਨ ਵਿੱਚ ਇਕ ਨਵਾਂ ਭਾਗ IV-A ਅਨੁਛੇਦ 51-A ਅੰਕਿਤ ਕੀਤਾ ਗਿਆ। ਇਸ ਨਵੇਂ ਭਾਗ ਵਿੱਚ ਭਾਰਤੀ ਨਾਗਰਿਕਾਂ ਲਈ 10 ਕਿਸਮ ਦੇ ਕਰਤੱਵ ਦਰਜ ਕੀਤੇ ਗਏ ਹਨ।

(ii) ਵਿਅਕਤੀ ਦੀਆਂ ਲਾਜ਼ਮੀ ਸ਼ਰਤਾਂ ਜਾਂ ਜ਼ੁੰਮੇਵਾਰੀਆਂ ਹੀ ਉਸ ਦੇ ਮੌਲਿਕ ਕਰਤੱਵ ਹਨ। ਮੌਲਿਕ ਕਰਤੱਵ ਤਾਂ ਦਿਸ਼ਾ ਨਿਰਦੇਸ਼ ਹਨ।

(iii) ਸੰਵਿਧਾਨ ਦੀ ਪਾਲਣਾ ਕਰਨਾ ਅਤੇ ਉਸ ਦੇ ਆਦਰਸ਼ਾਂ, ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਤਿਕਾਰ ਕਰਨਾ ਅਤੇ ਸੁਤੰਤਰਤਾ, ਸੰਘਰਸ਼ ਨੂੰ ਪ੍ਰੇਰਿਤ ਕਰਨ ਵਾਲੇ ਉੱਚ ਆਦਰਸ਼ਾਂ ਦੀ ਪਾਲਣਾ ਕਰਨਾ ਤੇ ਆਦਰ ਕਰਨਾ।

(iv) ਸਵਰਨ ਸਿੰਘ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਅੰਕਿਤ ਕੀਤੇ ਗਏ ਹਨ।

1.7.10.3 ਮੌਲਿਕ ਕਰਤੱਵ ਦੀ ਆਲੋਚਨਾ (Criticism of Fundamental Duties)

ਮੌਲਿਕ ਕਰਤੱਵਾਂ ਦੀ ਆਲੋਚਨਾ ਹੇਠ ਲਿਖੇ ਆਧਾਰਾਂ ਉੱਤੇ ਕੀਤੀ ਜਾ ਸਕਦੀ ਹੈ :

1. ਇਹ ਅਸਪੱਸ਼ਟ ਹਨ (These are Vague)

ਮੌਲਿਕ ਕਰਤੱਵਾਂ ਵਿੱਚ ਸ਼ਾਮਿਲ ਕੀਤੇ ਗਏ ਕੁਝ ਕਰਤੱਵ ਏਨੇ ਅਸਪਸ਼ਟ ਤੇ ਗੁੰਝਲਦਾਰ ਹਨ ਕਿ ਇਹਨਾਂ ਅਰਥਾਂ ਨੂੰ ਸਮਝਣਾ ਆਮ ਵਿਅਕਤੀ ਦੇ ਲਈ ਬਹੁਤ ਕਠਿਨ ਹੈ। ਉਦਾਹਰਣ ਵਜੋਂ ਸੰਵਿਧਾਨ ਦੇ ਆਦਰਸ਼ਾਂ ਦਾ ਸਨਮਾਨ, ਮਿਲੀ-ਜੁਲੀ ਸੰਸਕ੍ਰਿਤੀ ਦਾ ਸੰਪੰਨ ਵਿਰਸਾ, ਦ੍ਰਿਸ਼ਟੀਕੋਣ ਵਿਚ ਵਿਗਿਆਨਕਤਾ, ਮਨੁੱਖਤਾਵਾਦ ਸੁਤੰਤਰਤਾ ਸੰਘਰਸ਼ ਨੂੰ ਉਤਸ਼ਾਹਿਤ ਕਰਨ ਵਾਲੇ ਆਦਰਸ਼ ਅਜਿਹੇ ਸ਼ਬਦ ਹਨ ਜਿਹਨਾਂ ਦਾ ਸਹੀ ਅਰਥ ਸਮਝਣਾ ਮੁਸ਼ਕਿਲ ਹੈ ਅਤੇ ਲੋਕਾਂ ਦੀ ਜਾਣਕਾਰੀ ਦੇ ਲਈ ਇਹਨਾਂ ਸ਼ਬਦਾਂ ਦਾ ਕਿਧਰੇ ਵੀ ਸਪੱਸ਼ਟੀਕਰਨ ਨਹੀਂ ਕੀਤਾ ਗਿਆ ਹੈ।

2. ਸਿਰਫ ਪਵਿੱਤਰ ਇੱਛਾਵਾਂ ਹਨ (Mere Pious Wishes)

ਮੌਲਿਕ ਕਰਤੱਵ ਸਿਰਫ ਪਵਿੱਤਰ ਇੱਛਾਵਾਂ ਹਨ, ਇਨ੍ਹਾਂ ਨੂੰ ਲਾਗੂ ਕਰਨ ਜਾਂ ਲੋਕਾਂ ਨੂੰ ਇਹਨਾਂ ਬਾਰੇ ਸੁਚੇਤ ਕਰਨ ਦੀ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ।ਸਵਰਨ ਸਿੰਘ ਕਮੇਟੀ ਨੇ ਮੌਲਿਕ ਕਰਤੱਵਾਂ ਨੂੰ ਲਾਗੂ ਕਰਨ ਦੇ ਲਈ ਸੰਸਦ ਵਲੋਂ ਲੋੜੀਂਦੇ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਪਰ 42ਵੇਂ ਸੰਸ਼ੋਧਨ ਵਿਚ ਸਰਕਾਰ ਨੇ ਇਹਨਾਂ ਨੂੰ ਵਿਹਾਰਕ ਰੂਪ ਦੇਣ ਦੀ ਕੋਈ ਵਿਵਸਥਾ ਨਹੀਂ ਕੀਤੀ।

3. ਕਰਤੱਵਾਂ ਪਿੱਛੇ ਕੋਈ ਕਾਨੂੰਨੀ ਸ਼ਕਤੀ ਨਹੀਂ (No legal force behind the duties)

ਭਾਵੇਂ ਕਰਤੱਵਾਂ ਨੂੰ ਸੰਵਿਧਾਨ ਵਿਚ ਅੰਕਿਤ ਕੀਤਾ ਗਿਆ ਹੈ ਪਰ ਇਹਨਾਂ ਨੂੰ ਕਾਨੂੰਨੀ ਕਰਤੱਵਾਂ ਦੇ ਰੂਪ ਵਿੱਚ ਮਾਨਤਾ ਨਹੀਂ ਦਿੱਤੀ ਜਾ ਸਕਦੀ। ਇਹਨਾਂ ਕਰਤੱਵਾਂ ਦੀ ਪਾਲਣਾ ਕਰਨੀ ਜਾਂ ਨਾ ਕਰਨੀ ਲੋਕਾਂ ਦੀ ਇੱਛਾ ਉੱਤੇ ਨਿਰਭਰ ਕਰਦੀ ਹੈ ਕਿਉਂਕਿ ਇਹਨਾਂ ਕਰਤੱਵਾਂ ਦੇ ਪਿੱਛੇ ਕੋਈ ਕਾਨੂੰਨੀ ਸ਼ਕਤੀ ਨਹੀਂ ਹੈ ਚਾਹੀਦਾ ਤਾਂ ਇਹ ਸੀ ਕਿ ਇਹਨਾਂ ਕਰਤੱਵਾਂ ਦੀ ਪਾਲਣਾ ਨਾ ਕਰਨ ਵਾਲੇ ਨੂੰ ਦੰਡ ਮਿਲਦਾ।

4. ਕੁਝ ਕਰਤੱਵ ਫਜ਼ੂਲ ਹਨ (Some duties are superfluous)

ਸੰਵਿਧਾਨ ਵਿਚ ਸ਼ਾਮਿਲ ਕੀਤੇ ਗਏ ਕੁਝ ਕਰਤੱਵ ਫਜ਼ੂਲ ਹਨ ਕਿਉਂਕਿ ਉਹਨਾਂ ਦੀ ਪਹਿਲਾਂ ਹੀ ਵੱਖ-ਵੱਖ ਕਾਨੂੰਨਾਂ ਅਧੀਨ ਵਿਵਸਥਾ ਕੀਤੀ ਜਾ ਚੁੱਕੀ ਹੈ ਜਿਵੇਂ ਕਿ 1971 ਦਾ ਰਾਸ਼ਟਰੀ ਸਨਮਾਨ ਨੂੰ ਬੇਇੱਜ਼ਤ ਕਰਨ ਤੋਂ ਬਚਾਉ ਕਾਨੂੰਨ (Prevention of Insult to National Honours Act) ਜਿਸ ਅਧੀਨ ਰਾਸ਼ਟਰੀ ਗੀਤ, ਝੰਡੇ ਤੇ ਸੰਵਿਧਾਨ ਦੀ ਬੇਇੱਜ਼ਤੀ ਕਰਨ ਤੇ ਤਿੰਨ ਸਾਲ ਕੈਦ, ਜੁਰਮਾਨਾਂ ਜਾਂ ਦੋਨੋਂ ਦੰਡ ਦਿੱਤੇ ਜਾ ਸਕਦੇ ਹਨ। ਇਸੇ ਤਰ੍ਹਾਂ ਜੰਗਲੀ ਜੀਵਾਂ ਦੀ ਸੁਰੱਖਿਆ ਲਈ (Wild Life Protection Act, 1972) ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੇ ਲਈ (The Water Pollution Control Prevention Act 1974) ਜਾਂ ਔਰਤਾਂ ਦੀ ਮਾਨ ਇੱਜ਼ਤ ਦੀ ਸੁਰੱਖਿਆ ਲਈ (The supperssion of Immoral Traffic in Women and Girls Act 1956) ਪਾਸ ਕੀਤੇ ਹਨ।

5. ਕੁਝ ਕਰਤੱਵ ਦੋਹਰਾਏ ਗਏ ਹਨ (Repetition of Some Duties)

ਸੰਵਿਧਾਨ ਵਿੱਚ ਦਰਸਾਏ ਗਏ ਕੁੱਝ ਕਰਤੱਵ ਦੋਹਰਾਏ ਗਏ ਹਨ ਜਿਵੇਂ ਸਤਵਾਂ ਕਰਤੱਵ ਨਾਗਰਿਕਾਂ ਤੋਂ ਇਹ ਮੰਗ ਕਰਦਾ ਹੈ ਕਿ ਉਹ ਜੰਗਲਾਂ, ਝੀਲਾਂ, ਨਦੀਆਂ ਤੇ ਜੰਗਲੀ ਜੀਵਨ ਦੀ ਰੱਖਿਆ ਕਰੇ। ਨੌਵਾ ਕਰਤੱਵ ਵੀ ਇਹੋ ਮੰਗ ਕਰਦਾ ਹੈ ਕਿ ਸਰਵਜਨਕ ਸੰਪਤੀ ਦੀ ਰੱਖਿਆ ਕੀਤੀ ਜਾਵੇ। ਇਹ ਦੋਨੋਂ ਕਰਤੱਵ ਇਕ ਦੂਜੇ ਦੇ ਪੂਰਕ ਹਨ। ਇਹਨਾਂ ਨੂੰ ਵੱਖਰਿਆ ਦਰਸਾਉਣ ਦੀ ਕੋਈ ਜ਼ਰੂਰਤ ਨਹੀਂ ਸੀ।

1.7.10.4 ਮੌਲਿਕ ਕਰਤੱਵ ਦੀ ਮਹੱਤਤਾ (Importance of Fundamental Duties)

ਉਪਰ ਦਰਸਾਈ ਗਈ ਆਲੋਚਨਾ ਦੇ ਬਾਵਜੂਦ ਮੌਲਿਕ ਕਰਤੱਵਾਂ ਦੀ ਆਪਣੀ ਹੀ ਮਹੱਤਤਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ :

1. ਘਾਟ ਨੂੰ ਪੂਰਾ ਕਰਦੇ ਹਨ (Remove Constitutional Lacuna)

ਮੌਲਿਕ ਕਰਤੱਵਾਂ ਨੂੰ ਸੰਵਿਧਾਨ ਨਿਰਮਾਨ ਕਰਨ ਵੇਲੇ ਸ਼ਾਮਲ ਨਾ ਕੀਤੇ ਜਾਣਾ ਇਕ ਸੰਵਿਧਾਨ ਘਾਟ ਮੰਨਿਆ ਗਿਆ ਹੈ। ਜਿਥੇ ਵਿਅਕਤੀ ਆਪਣੇ ਅਧਿਕਾਰਾਂ ਦੀ ਮੰਗ ਕਰਦਾ ਹੈ ਉਥੇ ਉਸ ਦੇ ਦੂਜੇ ਵਿਅਕਤੀਆਂ, ਰਾਜ, ਸਰਕਾਰ ਤੇ ਸਮਾਜ ਵੱਲ ਕੁਝ ਫਰਜ ਜਾਂ ਜਿੰਮੇਵਾਰੀਆਂ ਵੀ ਹਨ ਜਿਹਨਾਂ ਨੂੰ ਨਿਭਾਉਣਾ ਉਸ ਲਈ ਜ਼ਰੂਰੀ ਹੋ ਜਾਂਦਾ ਹੈ। ਮੌਲਿਕ ਕਰਤੱਵਾਂ ਦਾ ਅਧਿਆਇ ਅੰਕਿਤ ਕਰਕੇ ਸੰਵਿਧਾਨ ਦੀ ਇਸ ਘਾਟ ਦੀ ਪੂਰਤੀ ਕਰ ਦਿੱਤੀ ਗਈ ਹੈ।

2. ਵਿਵਾਦਹੀਣ ਸਿਧਾਂਤ ਹਨ (Non-Controversial)

ਮੌਲਿਕ ਕਰਤੱਵ ਅਜਿਹੇ ਸਿਧਾਂਤ ਹਨ ਜਿਹਨਾਂ ਉੱਤੇ ਸਾਰੇ ਨਾਗਰਿਕਾਂ, ਰਾਜਨੀਤਕ ਦਲਾਂ ਅਤੇ ਵਿਦਵਾਨਾਂ ਵਿਚ ਕੋਈ ਮਤਭੇਦ ਨਹੀਂ ਹੈ। ਇਹ ਕਰਤੱਵ ਭਾਰਤੀ ਸੰਸਕ੍ਰਿਤੀ ਤੇ ਵਿਰਸੇ ਦੇ ਅਨੁਰੂਪ ਹਨ। ਇਹ ਕਰਤੱਵ ਭਾਰਤ ਵਾਸੀਆਂ ਲਈ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ।

3. ਮਨੋਵਿਗਿਆਨਕ ਮਹੱਤਤਾ (Psychological Significance)

ਮੌਲਿਕ ਕਰਤੱਵਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕਰਨਾ ਨਾਗਰਿਕਾਂ ਦੀ ਮਨੋਵਿਰਤੀ ਵਿਚ ਬਦਲਾਉ ਲਿਆਉਣਾ ਹੈ।ਇਸ ਨਾਲ ਲੋਕਾਂ ਦੇ ਮਨਾਂ ਵਿਚ ਰਾਸ਼ਟਰੀ ਜ਼ੁੰਮੇਵਾਰੀਆਂ ਪ੍ਰਤੀ ਜਾਗ੍ਰਤੀ ਪੈਦਾ ਹੋਈ ਹੈ। ਇਹਨਾਂ ਨਾਲ ਲੋਕਾਂ ਦੀ ਚਿੰਤਨ ਸ਼ਕਤੀ ਵਿਚ ਤਬਦੀਲੀ ਆਈ ਹੈ।

4. ਨੈਤਿਕ ਸਰੂਪ (Ethical Character)

ਇਕ ਅਹਿਮ ਗੱਲ ਇਹ ਹੈ ਕਿ ਇਸ ਤੱਥ ਦੇ ਬਾਵਜੂਦ ਕਿ ਮੌਲਿਕ ਕਰਤੱਵਾਂ ਨੂੰ ਸੰਵਿਧਾਨ ਵਿਚ ਅੰਕਿਤ ਕੀਤਾ ਗਿਆ ਹੈ। ਇਸ ਪਿੱਛੇ ਕੋਈ ਕਾਨੂੰਨੀ ਸ਼ਕਤੀ ਨਹੀਂ ਹੈ ਬਲਕਿ ਇਹਨਾਂ ਦਾ ਸਰੂਪ ਨੈਤਿਕ ਹੈ।ਕਿਉਂਕਿ ਇਹਨਾਂ ਦੀ ਪਾਲਣਾ ਨਾ ਕਰਨ ਵਾਲੇ ਵਿਅਕਤੀ ਨੂੰ ਸੰਵਿਧਾਨਕ ਵਿਵਸਥਾ ਅਨੁਸਾਰ ਕੋਈ ਕਾਨੂੰਨੀ ਦੰਡ ਨਹੀਂ ਦਿੱਤਾ ਜਾ ਸਕਦਾ, ਬਲਕਿ ਦੇਸ਼ ਦੇ ਵੱਖ ਵੱਖ ਕਾਨੂੰਨਾਂ ਅਧੀਨ ਹੀ ਖੰਡਿਤ ਕੀਤਾ ਜਾ ਸਕਦਾ ਹੈ। ਅਸਲ ਵਿਚ ਮੌਲਿਕ ਕਰਤੱਵ ਨਾਗਰਿਕਾਂ ਨੂੰ ਨੈਤਿਕ ਪ੍ਰੇਰਣਾ ਹੀ ਦਿੰਦੇ ਹਨ।

5. ਆਧੁਨਿਕ ਧਾਰਨਾ ਦੇ ਅਨੁਕੂਲ ਹਨ (In conformity with the modern concept of duties)

ਆਧੁਨਿਕ ਵਿਚਾਰਧਾਰਾ ਅਨੁਸਾਰ ਅਧਿਕਾਰਾਂ ਦੇ ਨਾਲ ਨਾਲ ਫਰਜਾਂ ਦਾ ਵਰਨਣ ਕਰਨਾ ਵੀ ਅਤਿ ਜ਼ਰੂਰੀ ਹੈ ਕਿਉਂਕਿ ਅਧਿਕਾਰ ਕਰਤੱਵਾਂ ਦੀ ਪਾਲਣਾ ਤੋਂ ਪ੍ਰਾਪਤ ਹੁੰਦੇ ਹਨ। ਜਿਹੜਾ ਇਕ ਵਿਅਕਤੀ ਦਾ ਅਧਿਕਾਰ ਹੈ ਦੂਜੇ ਦਾ ਕਰਤੱਵ ਬਣ ਜਾਂਦਾ ਹੈ।ਅਧਿਕਾਰ ਤੇ ਕਰਤੱਵ ਇਕ ਸਿੱਕੇ ਦੇ ਦੋ ਪਹਿਲੂ ਹਨ। ਅੱਜ ਵਿਸ਼ਵ ਦੇ ਕਰੀਬ 40 ਤੋਂ ਵੱਧ ਦੇਸ਼ਾਂ ਦੇ ਸੰਵਿਧਾਨਾਂ ਵਿਚ ਨਾਗਰਿਕਾਂ ਦੇ ਮੌਲਿਕ ਕਰਤੱਵਾਂ ਦੀ ਵਿਵਸਥਾ ਕੀਤੀ ਹੋਈ ਹੈ। ਭਾਰਤੀ ਸੰਵਿਧਾਨ ਵਿਚ ਇਹਨਾਂ ਨੂੰ ਸ਼ਾਮਿਲ ਕਰਨਾ ਆਧੁਨਿਕ ਧਾਰਨਾ ਦੇ ਅਨੁਕੂਲ ਹੀ ਹੈ।

1.7.10.5 ਅਧਿਕਾਰ ਅਤੇ ਕਰਤੱਵਾਂ ਵਿਚ ਸੰਬੰਧ (Relations Between Rights and Duties) ਜਾਂ ਅਧਿਕਾਰ ਅਤੇ ਕਰਤੱਵ ਇਕ ਹੀ ਸਿੱਕੇ ਦੇ ਦੋ ਪਾਸੇ ਹਨ (Rights And Duties are the two sides of the same coin) ਜਾਂ ਅਧਿਕਾਰ ਅਤੇ ਕਰਤੱਵ ਆਪਸ ਵਿਚ ਸਬੰਧਿਤ ਹਨ (Rights and Duties are Co-Related) ਜਾਂ ਅਧਿਕਾਰ ਵਿਚ ਕਰਤੱਵ ਨਿਹਿਤ ਹਨ (Rights Imply Duties)

ਅਧਿਕਾਰ ਅਤੇ ਕਰਤੱਵ ਪਰਸਪਰ ਸੰਬੰਧਿਤ ਹਨ। ਜਿੱਥੇ ਵਿਅਕਤੀ ਦੇ ਵਿਕਾਸ ਲਈ ਰਾਜ ਅਤੇ ਸਮਾਜ ਉਸ ਨੂੰ ਅਨੇਕਾਂ ਅਧਿਕਾਰ ਦਿੰਦੇ ਹਨ ਉੱਥੇ ਵਿਅਕਤੀ ਕੋਲੋਂ ਸਮਾਜ ਅਤੇ ਰਾਜ ਕੁਝ ਕਰਤੱਵਾਂ ਦੀ ਆਸ ਵੀ ਰੱਖਦੇ ਹਨ। ਕਰਤੱਵਾਂ ਦਾ ਪਾਲਣ ਕੀਤੇ ਬਿਨਾਂ ਵਿਅਕਤੀ ਅਧਿਕਾਰਾਂ ਦਾ ਹੱਕਦਾਰ ਨਹੀਂ ਬਣ ਸਕਦਾ। ਅਧਿਕਾਰ ਉਸ ਫਲ ਸਮਾਨ ਹਨ, ਜਿਸ ਫਲ ਦੀ ਪ੍ਰਾਪਤੀ ਕਰਤੱਵਾਂ ਦੇ ਬੀਜ ਬੀਜਣ ਤੋਂ ਬਗੈਰ ਨਹੀਂ ਹੋ ਸਕਦੀ। ਮਨੁੱਖ ਆਪਣੇ ਅਧਿਕਾਰ ਦੀ ਵਰਤੋਂ ਤਾਂ ਹੀ ਕਰ ਸਕਦਾ ਹੈ ਜੇਕਰ ਉਹ ਆਪਣੇ ਕਰਤੱਵਾਂ ਪ੍ਰਤੀ ਸੱਚਾ ਹੋਵੇ। ਅਧਿਕਾਰਾਂ ਤੇ ਕਰਤੱਵਾਂ ਦਾ ਇੰਨਾਂ ਗੂੜ੍ਹਾ ਸੰਬੰਧ ਹੈ ਕਿ ਇਹਨਾਂ ਨੂੰ ਵੱਖ ਕਰਨਾ ਸੰਭਵ ਨਹੀਂ ਹੈ ਕਿਉਂਕਿ ਇਕ ਤੋਂ ਬਗੈਰ ਦੂਜੇ ਦੀ ਮਹਾਨਤਾ ਘੱਟ ਜਾਂਦੀ ਹੈ।

1.7.10.6 ਸਿੱਟਾ

ਭਾਰਤੀ ਸੰਵਿਧਾਨ ਵਿਚ ਮੌਲਿਕ ਕਰਤੱਵਾਂ ਦੇ ਰੂਪ ਵਿੱਚ ਅੰਕਿਤ ਕੀਤੇ ਗਏ ਆਦਰਸ਼ ਅਜਿਹੇ ਹਨ ਜਿਨ੍ਹਾਂ ਸੰਬੰਧੀ ਵਿਅਕਤੀਆਂ ਦੇ ਵੱਖ-ਵੱਖ ਜਾਂ ਵਿਰੋਧੀ ਵਿਚਾਰ ਨਹੀਂ ਹੋ ਸਕਦੇ ਹਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਹੈ ਕਿ ਇਹਨਾਂ ਆਦਰਸ਼ਾਂ ਦੀ ਪਾਲਣਾ ਭਾਰਤ ਦੇ ਸਰਬ-ਪੱਖੀ ਵਿਕਾਸ ਲਈ ਅਵੱਸ਼ ਹੀ ਸਹਾਇਕ ਸਿੱਧ ਹੋਵੇਗੀ। ਇਸ ਮੌਲਿਕ ਕਰਤੱਵਾਂ ਵਾਲੇ ਭਾਗ ਵਿੱਚ ਕੁਝ ਅਤਿ ਮਹੱਤਵਪੂਜ਼ਰਨ ਹੋਰ ਕਰਤੱਵ ਅੰਕਿਤ ਕੀਤੇ ਜਾਣੇ ਚਾਹੀਦੇ ਸਨ। ਸਾਡੇ ਦੇਸ਼ ਵਿਚ ਕਰਾਂ ਦੀ ਚੋਰੀ ਵਿਸ਼ਾਲ ਪੱਧਰ ਤੇ ਹੁੰਦੀ ਹੈ। ਇਸ ਤਰ੍ਹਾਂ ਕਰਾਂ ਦੀ ਠੀਕ ਅਦਾਇਗੀ ਸਬੰਧੀ ਕਰਤੱਵ ਜਰੂਰ ਅੰਕਿਤ ਕੀਤਾ ਜਾਣਾ ਚਾਹੀਦਾ ਹੈ। ਇਸ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਜ਼ਰੂਰੀ ਹੈ ਅਤੇ ਇਹ ਪ੍ਰੇਰਣਾ ਮੌਲਿਕ ਕਰਤੱਵ ਦੇ ਰੂਪ ਵਿਚ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੋਈ ਸੀ। ਭਾਰਤੀ ਲੋਕਤੰਤਰ ਨੂੰ ਸਫਲ ਬਣਾਉਣ ਲਈ ਮਤ ਅਧਿਕਾਰ (Right to Vote) ਦੀ ਠੀਕ ਵਰਤੋਂ ਕੀਤੀ ਜਾਣੀ ਵਧੇਰੇ ਜ਼ਰੂਰੀ ਹੈ। ਇਸ ਲਈ ਮਤ ਅਧਿਕਾਰ ਦੀ ਉੱਚਿਤ ਵਰਤੋਂ ਸਬੰਧੀ ਵੀ ਮੌਲਿਕ ਕਰਤੱਵ ਸੰਵਿਧਾਨ ਵਿਚ ਅੰਕਿਤ ਕੀਤਾ ਜਾਣਾ ਚਾਹੀਦਾ ਸੀ। ਭਾਰਤ ਵਿਚ ਜਾਤ-ਪਾਤ ਦਾ ਪ੍ਰਭਾਵ ਇੰਨਾ ਜ਼ਿਆਦਾ ਵਧ ਰਿਹਾ ਹੈ ਕਿ ਭਾਰਤੀ ਰਾਜਨੀਤੀ ਜਾਤ-ਪਾਤ ਦੇ ਆਲੇ-ਦੁਆਲੇ ਹੀ ਘੁੰਮਦੀ ਪ੍ਰਤੀਤ ਹੁੰਦੀ ਹੈ ਪਰ ਜਾਤ-ਪਾਤ ਦੀ ਪ੍ਰਥਾ ਜਾਂ ਜਾਤੀ-ਭਾਵਨਾ ਨੂੰ ਤਿਆਗਣ ਸਬੰਧੀ ਕੋਈ ਵਿਸ਼ੇਸ਼ ਮੌਲਿਕ ਕਰਤੱਵ ਅੰਕਿਤ ਨਹੀਂ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਕਈ ਮਹੱਤਵਪੂਰਨ ਕਰਤੱਵਾਂ ਦੀ ਅਣਹੋਂਦ ਭਾਰਤੀ ਸੰਵਿਧਾਨ ਵਿਚ ਅੰਕਿਤ ਮੌਲਿਕ ਕਰਤੱਵਾਂ ਦੀ ਅਪੂਰਨਤਾ ਨੂੰ ਪ੍ਰਗਟਾਉਂਦੀ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੌਲਿਕ ਕਰਤੱਵ ਭਾਰਤੀ ਸਮਾਜ ਦੇ ਨਿਰਮਾਣ ਵਿਚ ਸਹਾਈ ਸਿੱਧ ਹੋਣਗੇ। ਇਹਨਾਂ ਰਾਸ਼ਟਰੀ ਕਰਤੱਵਾਂ ਦੀ ਪਾਲਣਾ ਕਰਨ ਨਾਲ ਹੀ ਦੇਸ਼ ਵਿਚ ਸੰਪੂਰਨ, ਸਮਾਜਿਕ ਅਤੇ ਆਰਥਿਕ ਕ੍ਰਾਂਤੀ ਲਿਆਈ ਜਾ ਸਕਦੀ ਹੈ। ਲੋਕਾਂ ਨੂੰ ਆਪਣੇ ਕਰਤੱਵਾਂ ਪ੍ਰਤੀ ਸੁਚੇਤ ਕਰਨ ਲਈ ਸਰਕਾਰ ਤੇ ਸਵੈ-ਸੇਵੀ ਸੰਸਥਾਵਾਂ ਨੂੰ ਪ੍ਰਚਾਰ ਕਰਨਾ ਚਾਹੀਦਾ ਹੈ ਜਿਸ ਲਈ

ਪ੍ਰਸਾਰਨ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸੰਵਿਧਾਨ ਵਿਚ ਅੰਕਿਤ ਮੌਲਿਕ ਕਰਤੱਵ ਨਿਰਸੰਦੇਹ ਭਾਰਤੀ ਰਾਸ਼ਟਰ ਦੇ ਹਿੱਤ ਹਨ ਅਤੇ ਅਜਿਹੇ ਕਰਤੱਵਾਂ ਦੀ ਪਾਲਣਾ ਭਾਰਤੀ ਸਮਾਜ ਦੀ ਨਵ-ਉਸਾਰੀ ਵਿਚ ਕਾਫ਼ੀ ਜ਼ਿਆਦਾ ਸਹਾਇਕ ਸਿੱਧ ਹੋਵੇਗੀ। ਪਰ ਇਹਨਾਂ ਮੌਲਿਕ ਕਰਤੱਵਾਂ ਨੂੰ ਵਿਵਹਾਰਿਕ ਪੱਖ ਤੋਂ ਉਪਯੋਗੀ ਬਣਾਉਣ ਲਈ ਕੁਝ ਪ੍ਰਭਾਵਸ਼ਾਲੀ ਕਾਰਵਾਈਆਂ ਜ਼ਰੂਰੀ ਹਨ।

1.7.10.7 ਸਵੈ-ਪਰਖ ਅਭਿਆਸ

1. ਭਾਰਤੀ ਸੰਵਿਧਾਨ ਵਿਚ ਦਰਸਾਏ ਗਏ ਮੌਲਿਕ ਕਰਤੱਵਾਂ ਦਾ ਵਰਨਣ ਕਰੋ।
2. ਮੌਲਿਕ ਕਰਤੱਵਾਂ ਦੀ ਮਹੱਤਤਾ ਦੱਸੋ।
3. ਮੌਲਿਕ ਕਰਤੱਵ ਕੀ ਹੁੰਦੇ ਹਨ?
4. ਕਿਹੜੀ ਸੋਧ ਰਾਹੀਂ ਤੇ ਕਦੋਂ ਮੌਲਿਕ ਕਰਤੱਵ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਗਏ ਹਨ?
5. ਮੌਲਿਕ ਕਰਤੱਵਾਂ ਦੀ ਨੈਤਿਕ ਮਹੱਤਤਾ ਕੀ ਹੈ?
6. ਮੌਲਿਕ ਕਰਤੱਵਾਂ ਪਿੱਛੇ ਕਾਨੂੰਨੀ ਸ਼ਕਤੀ ਕਿਹੜੀ ਹੈ?
7. ਕੋਈ ਦੋ ਮੌਲਿਕ ਕਰਤੱਵ ਬਿਆਨ ਕਰੋ।
8. ਮੌਲਿਕ ਕਰਤੱਵਾਂ ਦੀ ਆਲੋਚਨਾ ਕਰੋ।
9. ਕਿਹੜੀ ਸੋਧ ਰਾਹੀਂ ਤੇ ਕਦੋਂ ਮੋਲਿਕ ਕਰੱਤਵਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਅਤੇ ਕਿਹੜਾ ਕਰਤਵ ਸ਼ਾਮਿਲ ਕੀਤਾ ਗਿਆ?

1.7.10.8 ਜ਼ਰੂਰੀ ਪੁਸਤਕਾਂ ਸਬੰਧੀ ਜਾਣਕਾਰੀ

1. D.D. Basu : Introduction to the Indian Constitution, Calcutta.
2. M.P. Jain : Constitution Law of India.
3. T.K. Tope : Constitution of Inida.
4. M.V. Pylee : Constitutional Government of India.